TAJ
INSURANCE SERVICES
*Local or Long Haul Trucking (48 States) *Personal or Commercial Lines *Standard or Non Satandard Market *Auto and Home package Available

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available
Gurdawar S. Mann
Lic#0F34231

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
□ਨੌਂਵੀਂ ਸਰਕਟ ਕੋਰਟ □ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
□ਇਮੀਗ੍ਰੇਸ਼ਨ ਕੋਰਟ ਦੇ ਕੇਸ □ਫੈਮਿਲੀ ਪਟੀਸ਼ਨਾਂ □ਲੇਬਰ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 11, Issue 32, August 7, 2010 20451 N Plum Grove Rd. Palatine, IL 60074 Ph:847-359-0746, Fax:847-705-9388

## ਕਸ਼ਮੀਰ ਵਾਦੀ ਫਿਰ ਹਿੰਸਾ ਦੀ ਪਕੜ 'ਚ

**ਬਿੰਦਰ ਬਸਰਾ**

ਕਈ ਦਿਨਾਂ ਦੀ ਸ਼ਾਂਤੀ ਪਿੱਛੋਂ ਕਸ਼ਮੀਰ ਵਾਦੀ 'ਚ ਮੁੜ ਫੁੱਟੀ ਹਿੰਸਾ ਕਾਰਨ ਹਾਲਾਤ ਹੋਰ ਵਿਗੜ ਗਏ ਹਨ। ਹਿੰਸਕ ਮੁਜਾਹਰਾਕਾਰੀਆਂ ਅਤੇ ਸੁਰੱਖਿਆ ਜਵਾਨਾਂ ਵਿਚਾਲੇ ਹੋਈਆਂ ਤਾਜ਼ਾ ਝੜਪਾਂ ਪਿੱਛੋਂ ਪੂਰੀ ਵਾਦੀ ਤਣਾਓ ਦੀ ਲਪੇਟ ਵਿਚ ਹੈ। ਸਥਿਤੀ ਨਾਲ ਨਜਿੱਠਣ ਲਈ ਸੂਬਾ ਸਰਕਾਰ ਹੀ ਨਹੀਂ, ਕੇਂਦਰ ਵੀ ਪਹਿਲ ਦੇ ਆਧਾਰ ਤੇ ਯਤਨਸ਼ੀਲ ਹੈ। ਕੈਬਨਿਟ ਦੀ ਸੁਰੱਖਿਆ ਸਬੰਧੀ ਕਮੇਟੀ ਦੀ ਕਸ਼ਮੀਰ ਵਾਦੀ ਦੀ ਤਾਜ਼ਾ ਸਥਿਤੀ ਨੂੰ ਕਾਬੂ ਹੇਠ ਲਿਆਉਣ ਲਈ ਇਕ ਮਹੀਨੇ ਵਿਚ ਦੂਜੀ ਵਾਰ ਹੋਈ ਮੀਟਿੰਗ ਇਸ ਗੱਲ ਦਾ ਸੰਕੇਤ ਹੈ ਕਿ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਇਸ ਮਾਮਲੇ ਨੂੰ ਸਿਆਸੀ ਪੱਧਰ 'ਤੇ ਨਜਿੱਠਣ ਲਈ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਕਸ਼ਮੀਰ ਅੰਦਰਲੀਆਂ ਸਾਰੀਆਂ ਧਿਰਾਂ ਨਾਲ ਗੱਲਬਾਤ ਲਈ ਕੇਂਦਰ ਵਲੋਂ ਹਰੀ ਝੰਡੀ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਜਿਹੀ ਪੇਸ਼ਕਸ਼ ਪਹਿਲਾਂ ਹੀ ਕਰ ਚੁੱਕੇ ਹਨ, ਪਰ ਇਸ ਦੇ ਕੋਈ ਸਾਰਥਿਕ ਸਿੱਟੇ ਸਾਹਮਣੇ ਨਹੀਂ ਆਏ। ਇਸ ਤੋਂ ਇਲਾਵਾ ਕੇਂਦਰ ਨੇ

*(ਬਾਕੀ ਸਫਾ 6 'ਤੇ)*



*ਮਹਾਨ ਸ਼ਾਇਰ ਸ਼ਿਵ ਬਟਾਲਵੀ ਦੀ 75ਵੇਂ ਜਨਮ ਦਿਨ ਮੌਕੇ ਪੰਜਾਬ ਸਰਕਾਰ ਵਲੋਂ ਬਟਾਲਾ ਵਿਚ ਕਰਵਾਏ ਗਏ ਸਮਾਗਮ ਦੌਰਾਨ ਸ. ਸੁਖਬੀਰ ਸਿੰਘ ਬਾਦਲ ਮਰਹੂਮ ਸ਼ਾਇਰ ਦੀ ਧਰਮਪਤਨੀ ਸ੍ਰੀਮਤੀ ਅਰੁਣਾ ਸ਼ਿਵ ਬਟਾਲਵੀ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ (ਰਿਪੋਰਟ ਅੰਦਰ ਸਫਾ 8 'ਤੇ)*

## ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਨੂੰ ਲੈ ਕੇ ਸ਼ਿਕਾਗੋ ਦੀ ਸਿੱਖ ਸੰਗਤ 'ਚ ਕਸ਼ਮਕਸ਼

**ਸ਼ਿਕਾਗੋ:** ਅਕਾਲੀ ਦਲ (ਅੰਮ੍ਰਿਤਸਰ) ਨਾਲ ਸਬੰਧਤ ਗਰਮਖਿਆਲੀ ਸਮਝੇ ਜਾਂਦੇ ਕੁਝ ਵਿਅਕਤੀਆਂ ਅਤੇ ਗੁਰਦੁਆਰਾ ਪੈਲਾਟਾਈਨ ਦੀ ਪੰਥਕ ਸਲੇਟ ਦੇ ਇਕ ਹਿੱਸੇ ਦੀ ਅਗਵਾਈ ਹੇਠ ਇਕ ਧੜੇ ਵਲੋਂ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਦੀ ਕੋਸ਼ਿਸ਼ ਪਿਛੋਂ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਨੂੰ ਲੈ ਕੇ ਸ਼ਿਕਾਗੋ ਦੇ ਸਿੱਖ ਹਲਕਿਆਂ ਵਿਚ ਇਕ ਅਜੀਬ ਕਿਸਮ ਦੀ ਕਸ਼ਮਕਸ਼ ਬਣੀ ਹੋਈ ਹੈ। ਹੋਰ ਵੀ ਦਿਲਚਸਪ ਗੱਲ ਇਹ ਹੈ ਕਿ ਗੁਰਦੁਆਰਾ ਪੈਲਾਟਾਈਨ ਦਾ ਪ੍ਰਬੰਧ ਚਲਾਉਂਦੀ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੀਆਂ ਅਪਰੈਲ ਮਹੀਨੇ ਹੋਈਆਂ ਚੋਣਾਂ ਵਿਚ ਜਿੱਤੀ ਪੰਥਕ ਸਲੇਟ ਵਿਚ ਵੀ ਇਸ ਮਾਮਲੇ ਨੂੰ ਲੈ ਕੇ ਵਿਵਾਦ ਛਿੜ ਗਿਆ ਹੈ ਅਤੇ ਪੰਥਕ ਸਲੇਟ ਵਿਚ ਫੁਟ ਪੈਣ ਦੇ ਆਸਾਰ ਬਣ ਗਏ ਹਨ। ਗੁਰਦੁਆਰਾ ਪੈਲਾਟਾਈਨ ਨਾਲ ਬਹੁਤ ਲੰਬੇ ਸਮੇਂ ਤੋਂ ਜੁੜੇ ਬਹੁਤੇ ਆਗੂਆਂ ਨੇ ਉਪਰੋਕਤ ਕਾਰਵਾਈ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਹੈ ਕਿ ਬਾਬਾ ਦਲਜੀਤ ਸਿੰਘ ਕੁਝ ਵੀ ਹੋਵੇ, ਇਸ ਤਰ੍ਹਾਂ ਕਿਸੇ ਗੁਰੂਘਰ ਉਤੇ ਜਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਕ ਆਗੂ ਨੇ ਤਾਂ ਇਸ ਨੂੰ ਗੁੰਡਾ-ਗਰਦੀ ਨਾਲ



*ਬਾਬਾ ਦਲਜੀਤ ਸਿੰਘ*

*(ਬਾਕੀ ਸਫਾ 12 'ਤੇ)*

## ਪੰਜਾਬ ਪੁਲਿਸ ਦਾ ਮਲੇਸ਼ੀਆ 'ਚ ਖਾੜਕੂਆਂ ਦੇ ਅੱਡੇ ਹੋਣ ਦਾ ਦਾਅਵਾ

### ਮਲੇਸ਼ੀਆ ਵਲੋਂ ਅਜਿਹੀ ਕਿਸੇ ਵੀ ਸੰਭਾਵਨਾ ਤੋਂ ਇਨਕਾਰ

**ਕੰਵਰਜੀਤ ਸਿੰਘ**

ਮਲੇਸ਼ੀਆ ਵਿਚ ਟਿਕਾਣਾ ਬਣਾ ਕੇ ਸਿੱਖ ਖਾੜਕੂਆਂ ਵਲੋਂ ਆਪਣੀਆਂ ਗਤੀਵਿਧੀਆਂ ਚਲਾਉਣ ਦੇ ਪੰਜਾਬ ਪੁਲਿਸ ਦੇ ਦੋਸ਼ਾਂ ਦੇ ਜਵਾਬ ਵਿਚ ਮਲੇਸ਼ੀਆ ਵਲੋਂ ਪ੍ਰਤੀਕਰਮ ਪ੍ਰਗਟ ਕਰਨ ਬਾਅਦ ਇਸ ਮਾਮਲੇ 'ਚ ਪੰਜਾਬ ਪੁਲਿਸ ਦੇ ਅਧਿਕਾਰੀਆਂ ਅਤੇ ਮਲੇਸ਼ੀਆ ਸਰਕਾਰ ਵਿਚਾਲੇ ਬਹਿਸ ਚਲ ਪਈ ਹੈ। ਪੰਜਾਬ ਪੁਲਿਸ ਨੇ ਖਾਲਿਸਤਾਨੀ ਖਾੜਕੂਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਭਾਰਤ 'ਤੇ ਹਮਲੇ ਕਰਨ ਜਾਂ ਨਵੀਂ ਦਿੱਲੀ ਵਿਚ ਹੋਣ ਵਾਲੀਆਂ ਰਾਸ਼ਟਰ ਮੰਡਲ ਖੇਡਾਂ ਮੌਕੇ ਗੜਬੜ ਫੈਲਾਉਣ ਲਈ ਮਲੇਸ਼ੀਆ ਦੀ ਇਕ ਅੱਡੇ ਦੇ ਤੌਰ 'ਤੇ ਵਰਤੋਂ ਨਾ ਕਰਨ।

ਕੁਝ ਦਿਨ ਪਹਿਲਾਂ ਮਲੇਸ਼ੀਆ ਦੇ ਇਕ ਅਖਬਾਰ 'ਨਿਊ ਸਟ੍ਰੇਟ ਟਾਈਮਜ਼' ਨੇ ਪਟਿਆਲਾ ਦੇ ਐਸ.ਐਸ.ਪੀ. ਰਣਬੀਰ ਸਿੰਘ ਖਟੜਾ ਦਾ ਇਹ ਬਿਆਨ ਛਾਪਿਆ ਸੀ ਜਿਸ ਵਿਚ ਉਨ੍ਹਾਂ ਕਿਹਾ ਸੀ, "ਉਹ (ਖਾੜਕੂ) ਮਲੇਸ਼ੀਆ ਤੋਂ ਰੀਮੋਟ ਕੰਟਰੋਲ ਨਾਲ ਜੰਗ ਨਹੀਂ ਚਲਾ ਸਕਦੇ। ਅਸੀਂ ਉਨ੍ਹਾਂ ਬਾਰੇ ਲਗਾਤਾਰ ਜਾਣਕਾਰੀ ਇਕੱਤਰ ਕਰ ਰਹੇ ਹਾਂ। ਅਸੀਂ ਲਗਾਤਾਰ ਚੌਕਸੀ ਰੱਖੀ ਹੋਈ ਹੈ ਅਤੇ ਕੋਈ ਢਿੱਲ ਨਹੀਂ ਵਰਤੀ ਜਾ ਰਹੀ।"

ਸ੍ਰੀ ਖੱਟੜਾ ਨੇ ਕਿਹਾ ਸੀ, "ਅਸੀਂ ਘੱਟੋ-ਘੱਟ ਚਾਰ ਸ਼ੱਕੀ ਖਾਲਿਸਤਾਨੀ ਅਤਿਵਾਦੀਆਂ ਨੂੰ ਹਿਰਾਸਤ ਵਿਚ ਲੈਣ ਲਈ ਆਪਣੇ ਕੂਟਨੀਤਕ ਚੈਨਲਾਂ ਦੀ ਵਰਤੋਂ ਕਰਾਂਗੇ। ਅਸੀਂ ਮਲੇਸ਼ੀਆ ਸਰਕਾਰ ਦਾ ਧੰਨਵਾਦ ਕਰਦੇ ਹਾਂ। ਮਲੇਸ਼ੀਆ ਦਾ

*(ਬਾਕੀ ਸਫਾ 6 'ਤੇ)*

**ਗੁਰਦਾਸ ਮਾਨ ਦਾ ਬੇਕਰਜ਼ਫੀਲਡ ਵਿਚ ਸ਼ੋਅ 7 ਅਗਸਤ ਨੂੰ**

*(ਵੇਰਵੇ ਲਈ ਸਫਾ 19 'ਤੇ ਇਸ਼ਤਿਹਾਰ ਦੇਖੋ)*

ਇੰਡੀਆ ਕਾਲ ਕਰੋ
$100
125 ਘੰਟੇ

ਬਿਨਾ ਪਿਨ ਤੋਂ ਗੱਲ ਕਰੋ
ਵਧੀਆ ਸਾਫ ਆਵਾਜ਼
Great Rates For
UK, Canada & other countries
ਰੇਟ ਲੋਕਲ ਨੰਬਰ 'ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ
1-800-914-1013
WWW.1EZPIN.COM

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE
1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of
Manpreet S. Gahra

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਹਾਕੀ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਦਾ ਨਿੱਘਾ ਸਵਾਗਤ

**ਯੂਨੀਅਨ ਸਿਟੀ (ਗੁਰਦਾਵਰ ਸਿੰਘ ਮਹੇੜੂ):** ਹਾਕੀ ਓਲੰਪੀਅਨ ਅਤੇ ਅਰਜਨ ਅਵਾਰਡੀ ਐਸ ਐਸ ਪੀ ਸ.



ਸੁਰਿੰਦਰ ਸਿੰਘ ਸੋਢੀ ਦਾ ਮੰਗਲਵਾਰ ਇਥੇ ਪਹੁੰਚਣ ਉਤੇ ਯੂਨਾਈਟਡ ਸਪੋਰਟਸ ਕਲੱਬ ਦੇ ਮੈਂਬਰਾਂ ਅਮੋਲਕ ਸਿੰਘ ਗਾਖਲ (ਚੇਅਰਮੈਨ), ਬਲਬੀਰ ਸਿੰਘ ਭਾਟੀਆ (ਪ੍ਰਧਾਨ), ਪਰਮਜੀਤ ਸਿੰਘ ਸੰਧੂ (ਕੋਚ), ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ ਅਤੇ ਹੋਰਨਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਸ੍ਰੀ ਸੋਢੀ ਜੋ ਕਿ ਇਨ੍ਹੀ ਦਿਨੀ ਅਮਰੀਕਾ ਦੌਰੇ ਤੇ ਹਨ, ਨਿਊ ਯਾਰਕ ਤੋਂ ਹੁੰਦੇ ਹੋਏ ਸੈਨ ਫਰਾਂਸਿਸਕੋ ਤੋਂ ਸਿੱਧੇ ਆਪਣੇ ਖਾਸ ਮਿੱਤਰ ਰਾਜਾ ਸਵੀਟਸ ਵਾਲੇ ਮੱਖਣ ਸਿੰਘ ਬੈਂਸ ਨੂੰ ਉਚੇਚਾ ਮਿਲਣ ਲਈ ਯੂਨੀਅਨ ਸਿਟੀ ਪਹੁੰਚੇ।

ਯੂਨਾਈਟਡ ਸਪੋਰਟਸ ਕਲੱਬ ਵਲੋਂ ਸ੍ਰੀ ਸੋਢੀ ਨੂੰ ਕਲੱਬ ਵਲੋਂ ਆਉਂਦੀ 25 ਸਤੰਬਰ ਨੂੰ ਕਰਵਾਏ ਜਾ ਰਹੇ ਕਬੱਡੀ ਕੱਪ ਵਿਚ ਸ਼ਾਮਲ ਹੋਣ ਲਈ ਸੱਦਾ ਦਿਤਾ ਜਿਸ 'ਤੇ ਸ੍ਰੀ ਸੋਢੀ ਨੇ ਕਬੱਡੀ ਕੱਪ ਲਈ ਸ਼ੁਭ ਇਛਾਵਾਂ ਦਿੰਦਿਆਂ ਹਾਜਰ ਹੋਣ ਪ੍ਰਤੀ ਹੁੰਗਾਰਾ ਭਰਿਆ।

ਇਥੇ ਜ਼ਿਕਰਯੋਗ ਹੈ ਕਿ ਸ੍ਰੀ ਸੋਢੀ 1980 ਵਿਚ ਹੋਈਆਂ ਮਾਸਕੋ ਓਲੰਪਿਕਸ ਵਿਚ ਗੋਲਡ ਮੈਡਲ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੇ ਕਪਤਾਨ ਸਨ। 1982 ਦੀ ਹਾਲੈਂਡ ਵਿਚ ਹੋਈ ਚੈਂਪੀਅਨ ਟਰਾਫੀ ਵੀ ਭਾਰਤੀ ਟੀਮ ਨੇ ਉਨ੍ਹਾਂ ਦੀ ਕਪਤਾਨੀ ਥੱਲੇ ਜਿੱਤੀ। ਉਨ੍ਹਾਂ ਵੇਲਿਆਂ ਉਪਰੰਤ ਹੁਣ ਤਕ ਭਾਰਤ ਟਰਾਫੀ ਜਿੱਤਣਾ ਤਾਂ ਦੂਰ, ਕੁਆਲੀਫਾਈ ਵੀ ਨਹੀਂ ਕਰ ਸਕਿਆ। ਹਾਕੀ ਦੀਆਂ ਪ੍ਰਾਪਤੀਆਂ ਕਰ ਕੇ ਉਹ ਪੰਜਾਬ ਪੁਲਿਸ ਵਿਚ ਆਈ ਪੀ ਐਸ ਰੈਂਕ ਤਕ ਪਹੁੰਚੇ ਅਤੇ ਇਸ ਸਮੇਂ ਜਲੰਧਰ ਵਿਚ 75ਵੀਂ ਬਟਾਲੀਅਨ ਦੇ ਕਮਾਂਡਰ ਹਨ। ਇਸ ਤੋਂ ਪਹਿਲਾਂ ਉਹ ਨਵਾਂ ਸ਼ਹਿਰ, ਫਰੀਦਕੋਟ ਅਤੇ ਜਲੰਧਰ ਦੇ ਐਸ ਐਸ ਪੀ ਵੀ ਰਹਿ ਚੁਕੇ ਹਨ।




*To Advertise with Punjab Times Call: 847-359-0746*
*Visit us on the web:wwwpunjabtimesusa.com*






# ਗੁਰਦੁਆਰਾ ਸਾਹਿਬ ਸੈਨਹੋਜ਼ੇ (ਕੈਲੇਫੋਰਨੀਆ)

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਅਮਰੀਕਾ ਵਸਦੇ ਸਿੱਖਾਂ ਅਤੇ ਪੰਜਾਬੀਆਂ ਦੇ ਮਸਲਿਆਂ ਸਬੰਧੀ ਵਿਸ਼ੇਸ਼ ਮੀਟਿੰਗ

## 8 ਅਗਸਤ 2010 (ਦਿਨ ਐਤਵਾਰ)



## ਮੀਟਿੰਗ ਦੌਰਾਨ ਹੇਠ ਲਿਖੇ ਮਸਲੇ ਵਿਚਾਰੇ ਜਾਣਗੇ

1. ਐਰੀਜ਼ੋਨਾ ਸਟੇਟ ਵਲੋਂ ਬਣਾਇਆ ਗਿਆ ਸਖ਼ਤ ਇਮੀਗ੍ਰੇਸ਼ਨ ਕਾਨੂੰਨ, ਜਿਸ ਨਾਲ ਪੰਜਾਬੀ ਅਤੇ ਖਾਸ ਕਰਕੇ ਸਿੱਖ ਟਰੱਕ ਡਰਾਇਵਰਾਂ ਅਤੇ ਐਰੀਜ਼ੋਨਾ ਸਟੇਟ ਵਿਚ ਰਹਿਣ ਵਾਲੇ ਪਰਵਾਸੀਆਂ ਦੇ ਭਵਿੱਖ ‘ਤੇ ਮਾੜਾ ਅਸਰ ਪੈ ਸਕਦਾ ਹੈ।
2. ਸਮੁਚਿਤ ਇਮੀਗਰੇਸ਼ਨ ਰਿਫਾਰਮ ਕਾਨੂੰਨ ਬਣਾਉਣ ਲਈ ਯਤਨਸ਼ੀਲ ਸਿਆਸਤਦਾਨਾਂ ਅਤੇ ਸੰਸਥਾਵਾਂ ਨਾਲ ਸਹਿਯੋਗ ਕਰਨ ਦਾ ਮਾਮਲਾ
3. ਅਮਰੀਕੀ ਜੇਲ੍ਹਾਂ ਵਿਚ ਇਮੀਗ੍ਰੇਸ਼ਨ ਕੇਸਾਂ ਦੇ ਸਬੰਧ ਵਿਚ ਬੰਦ ਪੰਜਾਬੀਆਂ ਅਤੇ ਖਾਸ ਤੌਰ ‘ਤੇ ਸਿੱਖਾਂ ਦੀ ਹੋ ਰਹੀ ਦੁਰਦਸ਼ਾ ਰੋਕਣ ਸਬੰਧੀ ਉਪਰਾਲੇ।
4. ਅਮਰੀਕਾ ਵਿਚ ਭਾਰਤੀ ਕੌਂਸਲਖਾਨਿਆਂ ਅਤੇ ਦੂਤ ਘਰਾਂ ਵਲੋਂ ਅਮਰੀਕੀ ਸਿਟੀਜ਼ਨ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਵੀਜ਼ੇ ਨਾ ਦੇਣ, ਅਸਾਈਲਮ ਵਾਲੇ ਕੇਸਾਂ ਵਿਚ ਪਾਸਪੋਰਟ ਵਗੈਰਾ ਨਾ ਦੇਣ ਦੀਆਂ ਸਮੱਸਿਆਵਾਂ।
5. ਹਿਸਪੈਨਿਕ ਭਾਈਚਾਰੇ ਅਤੇ ਹੋਰ ਘਟਗਿਣਤੀਆਂ ਨਾਲ ਗਠਜੋੜ ਬਣਾਉਣ ਬਾਰੇ ਵੀ ਵਿਚਾਰ

*ਬੇਨਤੀ ਕਰਤਾ*

**ਪ੍ਰਧਾਨ ਭਾਈ ਹਰਦੇਵ ਸਿੰਘ ਤੱਖਰ, ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਅਤੇ ਸਟੇਜ ਸਕੱਤਰ ਭਾਈ ਪ੍ਰੀਤਮ ਸਿੰਘ ਗਰੇਵਾਲ, ਖਜ਼ਾਨਚੀ ਮਹਿੰਗਾ ਸਿੰਘ ਰਾਜਾਸਾਂਸੀ, ਮੀਤ ਪ੍ਰਧਾਨ ਮਹਿੰਦਰ ਸਿੰਘ ਤੱਖਰ**

## ਜਾਰੀ ਕਰਤਾ:ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਨ ਹੋਜ਼ੇ

# Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

## ਅਮੈਰਿਕਨ ਏਅਰਲਾਈਨਜ਼ ਵੱਲੋਂ ਨਵੀਂ ਦਿੱਲੀ ਦੇ ਟਰਮੀਨਲ-3 ਤੋਂ ਸੇਵਾਵਾਂ ਸ਼ੁਰੂ

**ਸ਼ਿਕਾਗੋ:** ਅਮੈਰਿਕਨ ਏਅਰਲਾਈਨਜ਼ ਨੇ ਆਪਣੇ ਗਾਹਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਨ ਦੇ ਉਪਰਾਲੇ ਤਹਿਤ ਨਵੀਂ ਦਿੱਲੀ ਵਿਚ ਨਵੇਂ ਬਣੇ ਟਰਮੀਨਲ-3 ਤੋਂ ਆਪਣੀਆਂ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਹਨ।

ਯੂ.ਐਸ.-ਇੰਡੀਆ ਸੇਲਜ਼ ਮੈਨੇਜ਼ਰ ਰਾਜ ਸਿੱਧੂ ਨੇ ਦੱਸਿਆ ਕਿ ਅਸੀਂ ਆਪਣੇ ਗਾਹਕਾਂ ਦੀ ਯਾਤਰਾ ਨੂੰ ਹੋਰ ਸੁਖਾਵਾਂ ਬਣਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹੁਣ ਯਾਤਰੀਆਂ ਨੂੰ ਵਿਸ਼ੇਸ਼ ਤਰੀਕੇ ਨਾਲ ਤਿਆਰ ਅਮਰੀਕੀ ਡਿਪਾਰਚਰ ਗੇਟ 'ਤੇ ਖਾਸ ਸਹੂਲਤ ਮਿਲੇਗੀ ਜਿਥੇ ਸੁਰੱਖਿਆ ਨਾਲ ਸਬੰਧਿਤ ਕਾਰਵਾਈ ਬੜੇ ਹੀ ਆਰਾਮਦਾਇਕ ਤੇ ਢੁਕਵੇਂ ਢੰਗ ਨਾਲ ਪੂਰੀ ਹੋਇਆ ਕਰੇਗੀ। ਉਨ੍ਹਾਂ ਦਾਅਵਾ ਕੀਤਾ ਕਿ 27 ਅਗਸਤ ਤੱਕ ਇਸ ਟਰਮੀਨਲ ਤੋਂ ਘਰੇਲੂ ਉਡਾਣਾਂ ਸ਼ੁਰੂ ਹੋ ਜਾਣਗੀਆਂ ਜਿਨ੍ਹਾਂ ਦਾ ਗਾਹਕਾਂ ਨੂੰ ਬੇਹੱਦ ਲਾਭ ਹੋਵੇਗਾ। 'ਵਨ ਵਰਲਡ ਅਲਾਇੰਸ' ਦੇ ਮੋਢੀ ਮੈਂਬਰ ਅਮੈਰਿਕਨ ਏਅਰਲਾਈਨਜ਼ ਦੇ ਬਿਜ਼ਨਸ ਕਲਾਸ, ਏਮਰਲਡ ਤੇ ਸਪਾਇਰ ਟੀਅਰ ਯਾਤਰੀ ਅਗਸਤ ਦੇ ਅੱਧ 'ਚ ਵਨ ਵਰਲਡ ਦੇ ਮੈਂਬਰ ਕਿੰਗਫਿਸ਼ਰ ਏਅਰਲਾਈਨਜ਼ ਦੇ ਲਾਊਂਜ ਦੀਆਂ ਸਹੂਲਤਾਂ ਦਾ ਵੀ ਲਾਹਾ ਲੈ ਸਕਣਗੇ। ਇਸ ਲਾਊਂਜ 'ਚ ਨਹਾਉਣ-ਧੋਣ, ਚਾਹ-ਕਾਫੀ ਤੇ ਲਜ਼ੀਜ਼ ਖਾਣਿਆਂ ਸਣੇ ਆਰਾਮ ਕਰਨ ਦੀ ਸਹੂਲਤ ਹੈ। ਇਹ ਲਾਊਂਜ ਇੰਮੀਗ੍ਰੇਸ਼ਨ ਤੇ ਸਕਿਊਰਟੀ ਏਰੀਏ ਤੋਂ ਬਾਹਰ ਹੈ ਜਿੱਥੇ ਯਾਤਰੀ ਰਵਾਨਗੀ ਤੋਂ ਪਹਿਲਾਂ ਆਪਣਾ ਵਿਹਲਾ ਸਮਾਂ ਬਿਤਾ ਸਕਣਗੇ। ਯਾਤਰੀਆਂ ਦੇ ਆਰਾਮ ਲਈ ਇਥੇ ਸਥਿਤ ਰਾਹਦਾਰੀ ਹੋਟਲ 'ਚ 60 ਕਮਰੇ ਦਿਨ ਵੇਲੇ ਮੁਹੱਈਆ ਰਹਿਣਗੇ। ਇਸ ਤੋਂ ਇਲਾਵਾ ਏਅਰਪੋਰਟ ਐਕਸਪ੍ਰੈਸ ਮੈਟਰੋ ਲਾਈਨ ਨੂੰ ਸਤੰਬਰ 'ਚ ਖੋਲ੍ਹਿਆ ਜਾ ਰਿਹਾ ਹੈ ਜਿਸ ਨਾਲ ਯਾਤਰੀ ਕੁਝ ਹੀ ਸਮੇਂ 'ਚ ਸਿੱਧਾ ਦਿੱਲੀ ਸ਼ਹਿਰ ਤੱਕ ਪੁੱਜ ਸਕਣਗੇ। ਇਸ ਤਰ੍ਹਾਂ ਏ.ਸੀ. ਸਹੂਲਤ ਦਾ ਲੁਤਫ਼ ਲੈਂਦੇ ਹੋਏ ਯਾਤਰੀ ਸਿਰਫ਼ 18 ਮਿੰਟਾਂ 'ਚ ਏਅਰਪੋਰਟ ਤੋਂ ਸ਼ਹਿਰ ਤੱਕ ਪੁੱਜ ਸਕਣਗੇ। ਅਮੈਰਿਕਨ ਏਅਰਲਾਈਨਜ਼ 40 ਦੇਸ਼ਾਂ ਦੇ 250 ਸ਼ਹਿਰਾਂ ਤੋਂ ਆਪਣੀਆਂ ਰੋਜ਼ਾਨਾ 3400 ਉਡਾਣਾਂ ਨਾਲ ਯਾਤਰੀਆਂ ਨੂੰ ਸਹੂਲਤਾਂ ਮੁਹੱਈਆ ਕਰਵਾ ਰਿਹਾ ਹੈ।

# ਮਾਂ ਨੇ ਆਪਣੇ ਦੋਵੇਂ ਹਕਲੇ ਬੱਚੇ ਹੱਥੀਂ ਮਾਰੇ

**ਡੈਲਸ, ਟੈਕਸਸ:** ਇਕ ਪਾਕਿਸਤਾਨੀ ਔਰਤ ਵਲੋਂ ਆਪਣੇ ਦੋ ਅਤੇ ਪੰਜ ਸਾਲ ਦੇ ਦੋ ਬੱਚਿਆਂ ਨੂੰ ਇਸ ਕਰਕੇ ਗਲ ਘੁੱਟ ਕੇ ਮਾਰ ਦੇਣ ਦੀ ਦਰਦਨਾਕ ਖਬਰ ਮਿਲੀ ਹੈ ਕਿ ਬੱਚੇ ਆਟੀਜ਼ਮ ਨਾਂ ਦੀ ਬਿਮਾਰੀ ਦਾ ਸ਼ਿਕਾਰ ਹੋਣ ਕਰਕੇ ਹਕਲਾਉਂਦੇ ਸਨ ਅਤੇ ਦਿਮਾਗੀ ਤੌਰ 'ਤੇ ਕਮਜ਼ੋਰ ਸਨ।


*ਸਾਇਕਾ ਅਖਤਰ*

ਪਿਛਲੇ ਹਫਤੇ ਸੋਮਵਾਰ ਦੇ ਦਿਨ ਟੁੱਟੀ ਫੁੱਟੀ ਅੰਗਰੇਜ਼ੀ ਬੋਲਦਿਆਂ ਸਾਇਕਾ ਅਖਤਰ ਨੇ 911 ਅਪਰੇਟਰ ਨੂੰ ਫੋਨ ਕਰਕੇ ਦੱਸਿਆ ਕਿ ਉਸ ਨੇ ਆਪਣੇ ਦੋਹਾਂ ਬੱਚਿਆਂ ਨੂੰ ਗਲ ਘੁੱਟ ਕੇ ਮਾਰ ਦਿੱਤਾ ਹੈ ਕਿਉਂਕਿ ਉਹ ਹਕਲਾਉਂਦੇ ਸਨ ਅਤੇ ਮੈਂ ਨਹੀਂ ਸੀ ਚਾਹੁੰਦੀ ਕਿ ਮੇਰੇ ਬੱਚੇ ਹਕਲੇ ਹੋਣ।

ਅਪਰੇਟਰ ਨੇ ਸਾਇਕਾ ਨੂੰ ਕਰੀਬ 10 ਮਿੰਟ ਗੱਲੀਂ ਲਾਈ ਰੱਖਿਆ ਜਦੋਂ ਤੱਕ ਕਿ ਪੁਲਿਸ ਇਰਵਿੰਗ ਵਿਚ ਉਨ੍ਹਾਂ ਦੇ ਅਪਾਰਟਮੈਂਟ ਵਿਚ ਨਹੀਂ ਪਹੁੰਚ ਗਈ। ਇਹ ਪੁੱਛੇ ਜਾਣ ਉਤੇ ਕਿ ਆਪਣੇ ਬੱਚਿਆਂ ਨੂੰ ਮਾਰ ਕੇ ਉਹ ਕਿਵੇਂ ਮਹਿਸੂਸ ਕਰਦੀ ਹੈ, ਉਸ ਕਿਹਾ, "ਕੁਝ ਵੀ ਨਹੀਂ।" ਉਸ ਇਹ ਵੀ ਕਿਹਾ ਕਿ ਦਰਅਸਲ ਉਸ ਨੇ ਆਪਣੇ ਪੰਜ ਸਾਲ ਦੀ ਲੜਕੀ ਜ਼ੈਨ ਅਤੇ ਦੋ ਸਾਲ ਦੇ ਲੜਕੇ ਫਰਿਆਲ ਨੂੰ ਬਾਥਰੂਮ ਕਲੀਨਰ ਪਿਆ ਕੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਪੀਤਾ ਹੀ ਨਹੀਂ। ਸੋ, ਮੈਂ ਉਥੇ ਪਈ ਇਕ ਤਾਰ ਲੈ ਕੇ ਗਲ ਦੁਆਲੇ ਲਪੇਟੀ ਅਤੇ ਗਲ ਘੁੱਟ ਦਿੱਤਾ। ਬਸ ਉਹ ਖਤਮ।

ਜਦੋਂ ਇਰਵਿੰਗ ਪੁਲਿਸ ਮੌਕੇ 'ਤੇ ਪਹੁੰਚੀ ਤਾਂ ਦੋਵੇਂ ਬੱਚੇ ਬੇਹੋਸ਼ੀ ਦੀ ਹਾਲਤ ਵਿਚ ਪਰਿਵਾਰ ਦੇ ਦੂਜੀ ਮੰਜ਼ਿਲ ਉਤੇ ਸਥਿਤ ਅਪਾਰਟਮੈਂਟ ਵਿਚ ਇਕ ਬੈਡ ਉਤੇ ਪਏ ਸਨ। ਪੁਲਿਸ ਨੇ ਐਨਟੀਨੇ ਦੀ ਉਹ ਤਾਰ ਵੀ ਬਰਾਮਦ ਕਰ ਲਈ ਜਿਸ ਨਾਲ ਕਥਿਤ ਤੌਰ 'ਤੇ ਬੱਚਿਆਂ ਦਾ ਗਲ ਘੁੱਟਿਆ ਗਿਆ ਸੀ। ਦੋਵਾਂ ਬੱਚਿਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਪਰ ਉਨ੍ਹਾਂ ਨੂੰ ਬਚਾਇਆ ਨਾ ਜਾ ਸਕਿਆ। ਜ਼ੈਨ ਦੀ ਮੌਤ ਉਸੇ ਦਿਨ ਹੀ ਹੋ ਗਈ ਜਦੋਂਕਿ ਲਾਈਫ ਸੁਪੋਰਟ ਉਤੇ ਰੱਖਿਆ ਗਿਆ ਫਰਿਆਲ ਅਗਲੇ ਦਿਨ ਮੌਤ ਦੇ ਮੂੰਹ ਜਾ ਪਿਆ।

ਸਾਇਕਾ ਅਖਤਰ ਜੇਲ੍ਹ ਵਿਚ ਹੈ ਅਤੇ ਉਸ ਉਪਰ ਕਤਲ ਦਾ ਮੁਕੱਦਮਾ ਚਲਾਏ ਜਾਣ ਦੀ ਸੰਭਾਵਨਾ ਹੈ। ਸਾਇਕਾ ਦੇ ਇਕ ਰਿਸ਼ਤੇਦਾਰ ਵਸੀਮ ਉਲ ਹੱਕ ਨੇ ਦੱਸਿਆ ਕਿ ਸਾਇਕਾ ਪਿਛਲੇ ਕੁਝ ਹਫਤਿਆਂ ਤੋਂ ਨਿਰਾਸ਼ਾ ਦੇ ਆਲਮ ਵਿਚ ਸੀ। ਉਹ ਕਿਸੇ ਮਾਨਸਿਕ ਬਿਮਾਰੀ ਦਾ ਸ਼ਿਕਾਰ ਜਾਪਦੀ ਹੈ। ਇਸ ਘਟਨਾ ਉਤੇ ਪ੍ਰਤੀਕ੍ਰਮ ਜਾਹਰ ਕਰਦਿਆਂ ਨੈਸ਼ਨਲ ਆਟੀਜ਼ਮ ਐਸੋਸੀਏਸ਼ਨ, ਨਾਰਥ ਟੈਕਸਸ ਦੀ ਪ੍ਰਧਾਨ ਨਗਲਾ ਮੂਸਾ ਨੇ ਆਖਿਆ ਕਿ ਇਸ ਦਰਦਨਾਕ ਸਾਕੇ ਦਾ ਪਤਾ ਲੱਗਣ 'ਤੇ ਮੇਰਾ ਦਿਲ ਤਾਂ ਜਿਵੇਂ ਬਸ ਡੁੱਬ ਹੀ ਗਿਆ ਸੀ। ਉਸ ਕਿਹਾ, ਲੋਕ ਇਹ ਨਹੀਂ ਸਮਝਦੇ ਕਿ ਆਟੀਜ਼ਮ ਇਕ ਇਲਾਜਯੋਗ ਬਿਮਾਰੀ ਹੈ। ਆਸ ਦੀ ਕਿਰਨ ਮੁੱਕੀ ਨਹੀਂ। ਉਂਜ ਮੂਸਾ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਅਜਿਹੇ ਬੱਚਿਆਂ ਦੇ ਮਾਂ-ਪਿਓ ਅਕਸਰ ਇਕੱਲੇ ਰਹਿ ਜਾਂਦੇ ਹਨ ਅਤੇ ਉਨ੍ਹਾਂ ਨੂੰ ਭਾਈਚਾਰੇ ਦੀ ਬਹੁਤੀ ਮਦਦ ਨਹੀਂ ਮਿਲਦੀ। ਮੂਸਾ ਨੇ ਇਹ ਵੀ ਕਿਹਾ ਕਿ ਮੇਰਾ ਖਿਆਲ ਹੈ ਕਿ ਕਿਸੇ ਨੇ ਵੀ ਇਸ ਔਰਤ ਦੀ ਮੁਸ਼ਕਿਲ ਨੂੰ ਸਮਝਿਆ ਨਹੀਂ ਅਤੇ ਮੈਂ ਸਮਝਦੀ ਹਾਂ ਕਿ ਜੋ ਉਸ ਨੇ ਕੀਤਾ ਉਹ ਮਾਫ ਕਰ ਦੇਣ ਯੋਗ ਹੈ। ਆਟੀਜ਼ਮ ਇਕ ਤਰ੍ਹਾਂ ਦੀ ਦਿਮਾਗੀ ਬਿਮਾਰੀ ਹੈ ਜਿਸ ਵਿਚ ਬੱਚੇ ਠੀਕ ਤਰ੍ਹਾਂ ਬੋਲ ਨਹੀਂ ਸਕਦੇ, ਹਕਲਾ ਕੇ ਬੋਲਦੇ ਹਨ ਅਤੇ ਉਨ੍ਹਾਂ ਦਾ ਦਿਮਾਗੀ ਪੱਧਰ ਵੀ ਬਹੁਤਾ ਉਚਾ ਨਹੀਂ ਹੁੰਦਾ। ਪ੍ਰਾਪਤ ਅੰਕੜਿਆਂ ਅਨੁਸਾਰ ਇਸ ਸਮੇਂ ਇਕ ਹਜ਼ਾਰ ਪਿਛੇ ਦੋ ਤੋਂ ਤਿੰਨ ਬੱਚੇ ਇਸ ਰੋਗ ਦਾ ਸ਼ਿਕਾਰ ਹਨ। ਬਹੁਤੇ ਮਾਮਲਿਆਂ ਵਿਚ ਵਕਤ ਨਾਲ ਬੱਚੇ ਕਾਫੀ ਹੱਦ ਤੱਕ ਠੀਕ ਹੋ ਜਾਂਦੇ ਹਨ ਪਰ ਇਸ ਰੋਗ ਦਾ ਕੋਈ ਪੱਕਾ ਇਲਾਜ ਨਹੀਂ ਹੈ।

ਸਾਇਕਾ ਅਖਤਰ ਦਾ ਪਤੀ ਕੰਪਿਊਟਰ ਟੈਕਨੀਸ਼ੀਅਨ ਹੈ ਜਦੋਂਕਿ ਸਾਇਕਾ ਘਰੇਲੂ ਸੁਆਣੀ। ਪ੍ਰਾਪਤ ਵੇਰਵਿਆਂ ਅਨੁਸਾਰ ਜਦੋਂ ਸਾਇਕਾ ਨੇ 911 ਨੂੰ ਕਾਲ ਕੀਤੀ ਤਾਂ ਉਸ ਕਿਹਾ, 'ਮੈਂ ਆਪਣੇ ਦੋਵੇਂ ਬੱਚੇ ਮਾਰ ਦਿੱਤੇ ਹਨ। ਮੈਂ ਦੋਵੇਂ ਬੱਚੇ ਮਾਰ ਦਿੱਤੇ ਹਨ।' ਸ਼ੁਰੂ ਵਿਚ ਅਪਰੇਟਰ ਉਸ ਦੀ ਮਾੜੀ ਅੰਗਰੇਜ਼ੀ ਕਾਰਨ ਉਸ ਦੀ ਗੱਲ ਨਾ ਸਮਝੀ ਅਤੇ ਉਸ ਫਿਰ ਪੁੱਛਿਆ ਕਿ ਤੂੰ ਕੀ ਕਹਿ ਰਹੀ ਹੈਂ ਅਤੇ ਉਸ ਦੁਹਰਾਇਆ, 'ਮੈਂ ਆਪਣੇ ਦੋਵੇਂ ਬੱਚੇ ਮਾਰ ਦਿੱਤੇ ਹਨ। ਉਹ ਖਤਮ ਹੋ ਗਏ ਹਨ।' ਅਪਰੇਟਰ ਨੇ ਪੁੱਛਿਆ ਤੂੰ ਆਪਣੇ ਬੱਚੇ ਮਾਰ ਦਿੱਤੇ। ਉਸ ਦਾ ਜਵਾਬ ਸੀ, 'ਹਾਂ ਹਾਂ ਮੈਂ ਆਪਣੇ ਦੋਵੇਂ ਬੱਚੇ ਮਾਰ ਦਿੱਤੇ।' ਇਹ ਪੁੱਛੇ ਜਾਣ ਉਤੇ ਕਿ ਉਸ ਨੇ ਬੱਚਿਆਂ ਨੂੰ ਮਾਰਿਆ ਕਿਵੇਂ? ਉਸ ਕਿਹਾ, 'ਪਹਿਲਾਂ ਮੈਂ ਉਨ੍ਹਾਂ ਦੇ ਮੂੰਹ ਵਿਚ ਬਾਥਰੂਮ ਕਲੀਨਰ ਪਾਇਆ ਪਰ ਉਹ ਪੀਂਦੇ ਨਹੀਂ ਸਨ, ਫਿਰ ਮੈਂ ਉਨ੍ਹਾਂ ਦਾ ਇਕ ਤਾਰ ਨਾਲ ਗਲ ਘੁੱਟ ਦਿਤਾ। ਹੁਣ ਉਹ ਦੋਵੇਂ ਬੈਡ ਉਤੇ ਪਏ ਹਨ, ਉਨ੍ਹਾਂ ਦਾ ਰੰਗ ਨੀਲਾ ਪੈ ਚੁੱਕਾ ਹੈ, ਉਨ੍ਹਾਂ ਦਾ ਸਾਹ ਬੰਦ ਹੈ, ਉਨ੍ਹਾਂ ਦੇ ਦਿਲ ਨਹੀਂ ਧੜਕ ਰਹੇ।' ਇਹ ਪੁੱਛੇ ਜਾਣ 'ਤੇ ਕਿ ਉਸ ਨੇ ਉਨ੍ਹਾਂ ਨੂੰ ਕਿਉਂ ਮਾਰਿਆ? ਤਾਂ ਉਸ ਕਿਹਾ ਕਿ ਇਹ ਬੱਚੇ ਆਮ ਬੱਚੇ ਨਹੀਂ ਸਨ। ਉਨ੍ਹਾਂ ਨੂੰ ਆਟੀਜ਼ਮ ਦੀ ਬਿਮਾਰੀ ਸੀ। ਮੈਂ ਅੱਕ ਗਈ ਸਾਂ। ਮੈਂ ਨਹੀਂ ਚਾਹੁੰਦੀ ਮੇਰੇ ਬੱਚੇ ਹਕਲੇ ਹੋਣ। ਮੈਂ ਉਨ੍ਹਾਂ ਨੂੰ ਖਤਮ ਕਰ ਦਿੱਤਾ।

# ਇਜ਼ਹਾਰ ਆਲਮ ਹੁਣ ਅਕਾਲੀ ਆਗੂ ਬਣਿਆ

**ਮਾਨਸਾ:** ਸ਼੍ਰੋਮਣੀ ਅਕਾਲੀ ਦਲ ਦੇ ਕੁਝ ਪਹਿਲੀ ਕਤਾਰ ਦੇ ਨੇਤਾਵਾਂ ਵਲੋਂ 1984 ਤੋਂ 1995 ਤਕ ਦੇ ਸਮੇਂ ਦੌਰਾਨ ਪੰਜਾਬ ਵਿਚ ਸਿੱਖਾਂ ਦੀ ਨਸਲਕੁਸ਼ੀ ਕਰਨ 'ਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਸਾਬਕਾ ਆਈ.ਪੀ.ਐਸ. ਅਫਸਰਾਂ ਨੂੰ ਰਾਜਨੀਤੀ 'ਚ ਸਥਾਪਤ ਕਰਨ ਦੇ ਜੋ ਯਤਨ ਕੀਤੇ ਜਾਣ ਲੱਗੇ ਹਨ, ਉਨ੍ਹਾਂ ਦਾ ਮੁੱਦਾ ਗਰਮਾਉਣ ਲੱਗਾ ਹੈ।

ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਗੁਰਸੇਵਕ ਸਿੰਘ ਜਵਾਹਰਕੇ ਨੇ ਦੱਸਿਆ ਕਿ 1985 ਤੋਂ ਬਾਅਦ ਪੰਜਾਬ ਦੇ ਸਿੱਖ ਨੌਜਵਾਨਾਂ ਦਾ ਕਤਲੇਆਮ ਕਰਨ ਲਈ ਇਕ ਪੁਲਿਸ ਅਫਸਰ ਵਲੋਂ ਕਾਇਮ ਕੀਤੀ ਗਈ ਅਖੌਤੀ ਆਲਮ ਸੈਨਾ (ਕਾਲੀਆ ਬਿੱਲੀਆਂ) ਨੇ ਲੱਖਾਂ ਬੇਕਸੂਰ ਨੌਜਵਾਨਾਂ ਨੂੰ ਕਤਲ ਕਰ ਕੇ ਖਪਾ ਦਿੱਤਾ। ਇਸ ਸੈਨਾ ਦੇ ਮੁਖੀ ਰਹਿ ਚੁੱਕੇ ਇਕ ਸਾਬਕਾ ਆਈ.ਪੀ.ਐਸ. ਅਫਸਰ ਇਜ਼ਹਾਰ ਆਲਮ ਨੂੰ ਹੁਣ ਜ਼ਿਲ੍ਹਾ ਸੰਗਰੂਰ ਦੇ ਮਲੇਰਕੋਟਲਾ ਹਲਕੇ ਤੋਂ ਇਕ ਪਹਿਲੀ ਕਤਾਰ ਦੇ ਅਕਾਲੀ ਆਗੂ ਵਜੋਂ ਹਲਕਾ ਇੰਚਾਰਜ ਨਿਯੁਕਤ ਕਰਵਾ ਦਿੱਤਾ ਗਿਆ ਹੈ। ਇਹ ਸਿੱਖ ਕੌਮ ਦੇ ਜ਼ਖਮਾਂ 'ਤੇ ਲੂਣ ਛਿੜਕਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਨੂੰ ਅਕਾਲ ਤਖਤ ਸਾਹਿਬ ਦੇ 'ਜਥੇਦਾਰ' ਕੋਲ ਲੈ ਕੇ ਜਾਣਗੇ ਤਾਂ ਕਿ ਸਿੱਖਾਂ ਦੀ ਨੁਸਲਕੁਸ਼ੀ ਕਰਨ ਵਾਲੇ ਅਫਸਰ ਦੀ ਮਦਦ ਕਰਨ ਵਾਲੇ ਅਕਾਲੀ ਆਗੂਆਂ ਵਿਰੁਧ ਕਾਰਵਾਈ ਹੋ ਸਕੇ।

ਜਵਾਹਰਕੇ ਨੇ ਕਿਹਾ ਕਿ ਅੱਜ ਸਾਰੇ ਸੰਗਰੂਰ ਜ਼ਿਲ੍ਹੇ ਦੇ ਉਨ੍ਹਾਂ ਸਿੱਖ ਪਰਿਵਾਰਾਂ ਨੂੰ ਆਪਣੇ ਛੋਟੇ-ਛੋਟੇ ਨਿੱਜੀ ਕੰਮ ਕਰਵਾਉਣ ਲਈ ਉਨ੍ਹਾਂ ਅਫਸਰਾਂ ਅੱਗੇ ਪੇਸ਼ ਹੋਣਾ ਪੈ ਰਿਹਾ ਹੈ ਜਿਨ੍ਹਾਂ ਨੇ 15 ਸਾਲ ਪਹਿਲਾਂ ਉਨ੍ਹਾਂ ਦੇ ਘਰਾਂ ਵਿਚੋਂ ਪਰਿਵਾਰਕ ਮੈਂਬਰਾਂ ਨੂੰ ਚੁੱਕ ਕੇ ਬਿਨਾਂ ਕਿਸੇ ਕਾਰਨ ਦਿਨ-ਦਿਹਾੜੇ ਕਤਲ ਕਰ ਕੇ ਤੇ ਅਣਪਛਾਤੇ ਕਹਿ ਕੇ ਸ਼ਮਸ਼ਾਨਘਾਟਾਂ ਵਿਚ ਸਾੜ ਦਿੱਤਾ।

ਜਵਾਹਰਕੇ ਨੇ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਮਲੇਰਟੋਕਲਾ ਹਲਕੇ ਵਿਚ ਬਾਦਲ ਦਲ ਵਲੋਂ ਨਿਯੁਕਤ ਕੀਤੇ ਗਏ ਸਾਬਕਾ ਆਈ.ਪੀ.ਐਸ. ਅਫਸਰ ਦਾ ਵਿਰੋਧ ਕਰਨ ਲਈ ਅਕਾਲ ਤਖਤ ਸਾਹਿਬ ਤੱਕ ਪਹੁੰਚ ਕਰਨ।

# ਸੈਕਰਾਮੈਂਟੋ ਦੇ ਤੀਆਂ ਦੇ ਮੇਲੇ ਲਈ ਸਭ ਤਿਆਰੀਆਂ ਮੁਕੰਮਲ

**ਸੈਕਰਾਮੈਂਟੋ:** ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਵਲੋਂ ਆਉਂਦੀ 15 ਅਗਸਤ ਨੂੰ ਇਥੇ ਐਲਕ ਗਰੂਵ ਵਿਲੇਜ ਦੇ ਐਸ ਈ ਐਸ ਹਾਲ ਵਿਚ ਕਰਵਾਏ ਜਾ ਰਹੇ ਤੀਆਂ ਦੇ ਮੇਲੇ ਲਈ ਸਭ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੀ ਮੁਖੀ ਬੀਬੀ ਮਨਦੀਪ ਕੌਰ ਫਰਵਾਲਾ ਨੇ ਦੱਸਿਆ ਕਿ ਰਸ਼ਪਾਲ ਕੌਰ ਪਰਹਾਰ ਦੀ ਪ੍ਰਧਾਨਗੀ ਹੇਠ ਸੁਸਾਇਟੀ ਦੀ ਹੋਈ ਮੀਟਿੰਗ ਵਿਚ ਮੇਲੇ ਸਬੰਧੀ ਡਿਊਟੀਆਂ ਦੀ ਵੰਡ ਕੀਤੀ ਗਈ।

ਬੀਬੀ ਮਨਦੀਪ ਕੌਰ ਫਰਵਾਲਾ ਵਲੋਂ ਜਾਰੀ ਬਿਆਨ ਅਨੁਸਾਰ ਪ੍ਰੋਗਰਾਮ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ- ਗੀਤ-ਸੰਗੀਤ, ਸਟੇਜ ਪ੍ਰੋਗਰਾਮ, ਲਾਈਵ ਬੋਲੀਆਂ ਅਤੇ ਡੀ.ਜੇ. ਡਾਂਸ। ਮੇਲੇ ਦੀ ਕੋਈ ਟਿਕਟ ਨਹੀਂ ਰੱਖੀ ਗਈ ਅਤੇ ਇਸ ਵਿਚ ਹਰ ਉਮਰ ਦੀਆਂ ਔਰਤਾਂ ਹਿੱਸਾ ਲੈ ਸਕਦੀਆਂ ਹਨ। ਮੇਲੇ ਵਿਚ ਸਟਾਲ ਵੀ ਲਾਏ ਜਾਣਗੇ ਜਿਨ੍ਹਾਂ ਵਿਚ ਭਾਰਤੀ ਖਾਣਿਆਂ ਤੋਂ




ਇਲਾਵਾ ਹਾਰ-ਸ਼ਿੰਗਾਰ ਦਾ ਸਾਮਾਨ ਵੀ ਹੋਵੇਗਾ। ਇਹ ਸੁਸਾਇਟੀ ਪਿਛਲੇ ਦੋ ਦਹਾਕਿਆਂ ਤੋਂ ਪੰਜਾਬੀ ਭਾਈਚਾਰੇ ਨੂੰ ਆਪਣੇ ਸਭਿਆਚਾਰ ਨਾਲ ਜੋੜਨ ਦਾ ਉਪਰਾਲਾ ਕਰਦੀ ਆ ਰਹੀ ਹੈ। ਉਨ੍ਹਾਂ ਸਮੂਹ ਪੰਜਾਬੀ ਭਾਈਚਾਰੇ ਨੂੰ ਸੁਸਾਇਟੀ ਦੀ ਮਦਦ ਕਰਨ ਅਤੇ ਇਸ ਮੇਲੇ ਵਿਚ ਬੀਬੀਆਂ ਨੂੰ ਹੁਮ ਹੁਮਾ ਕੇ ਪਹੁੰਚਣ ਦਾ ਸੱਦਾ ਦਿੱਤਾ।

ਇਸ ਮੀਟਿੰਗ ਵਿਚ ਸੁਸਾਇਟੀ ਦੀਆਂ ਜਿਹੜੀਆਂ ਮੈਂਬਰ ਹਾਜ਼ਰ ਸਨ ਉਨ੍ਹਾਂ ਵਿਚ ਬਲਦੇਵ ਕੌਰ, ਰਸ਼ਪਾਲ ਕੌਰ, ਅਮਨ ਰੰਗੀ, ਰਾਜਵਿੰਦਰ ਪੂਨੀ, ਕਮਲ ਢਿੱਲੋਂ, ਭਵਨਦੀਪ ਕੌਰ, ਰਾਜਵੀਰ ਕੌਰ, ਪਰਮਜੀਤ ਸੰਧੂ, ਪਰਦੀਪ ਪੂਨੀ, ਸੁਰਿੰਦਰ ਚਾਹਲ, ਗੁੰਜਨ ਔਲਖ, ਜਸਵਿੰਦਰ ਚੌਹਾਨ, ਜਸਵੀਰ ਗਿੱਲ, ਹਰਿੰਦਰ ਕੌਰ, ਬਲਵਿੰਦਰ ਗਰਚਾ, ਸੋਨੀਆ ਢਿੱਲੋਂ, ਰਾਣੀ ਸਰਹੱਦੀ, ਰੁਪਿੰਦਰ ਕੌਰ, ਤੇਜਿੰਦਰ ਕੌਰ, ਹਰਮਿੰਦਰ ਕੌਰ, ਪਰਮਜੀਤ ਕੌਰ ਅਤੇ ਬਲਬੀਰ ਪੂਨੀ ਦੇ ਨਾਂ ਸ਼ਾਮਲ ਹਨ। ਹੋਰ ਜਾਣਕਾਰੀ ਮਨਦੀਪ ਫਰਵਾਲਾ ਫੋਨ 916-682-7321, ਬਲਦੇਵ ਕੌਰ ਫੋਨ 916-996-2010 ਜਾਂ ਰਸ਼ਪਾਲ ਕੌਰ ਫੋਨ 916-730-7191 ਤੋਂ ਹਾਸਲ ਕੀਤੀ ਜਾ ਸਕਦੀ ਹੈ।


Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

RAJ SINGH
Cell:510-452-7370

RAJ SINGH
M.A., M.Ed Retd. Principal
Realtor & Financial Adviser
Lic#01776459 & OG22467

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

MISSIONPEAK
46560 Fremont Blvd.,
Suite #111 Fremont, CA 94538
singhrajpaul@yahoo.com



Wraich Transport LLC
North American Truck Stop
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 909-350-3310

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਦਿੱਲੀ ਵਿਚ ਮੰਗਤਿਆਂ ਦੀ ਇਕ ਦਿਨ ਦੀ ਕਮਾਈ ਇਕ ਕਰੋੜ 36 ਲੱਖ ਰੁਪਏ**
-ਇਹ ਤਾਂ ਪ੍ਰਾਈਵੇਟ ਮੰਗਤਿਆਂ ਦਾ ਲੇਖਾ-ਜੋਖਾ ਐ ਭਾਈ, ਸਰਕਾਰੀ ਮੰਗਤਿਆਂ ਦੀ ਕਮਾਈ ਇਸ ਤੋਂ ਅਲੱਗ ਐ।

***ਪੰਜਾਬ ਵਿਚ ਗਰੀਬਾਂ ਦੀ ਗਿਣਤੀ ਸਭ ਨਾਲੋਂ ਘੱਟ**
-ਪਰਵਾਸੀ ਪੰਜਾਬੀਆਂ ਦੀ ਮਿਹਰ ਸਦਕਾ।

***ਸਾਨੂੰ ਮਹਿੰਗਾ ਪਿਆ ਅਮਰੀਕਾ-ਇਕ ਲੇਖ**
-ਭਾਰਤ ਜਾਣਾ ਵੀ ਕਿਹੜਾ ਸਸਤਾ। ਪਾਸਪੋਰਟ ਤੇ ਵੀਜ਼ਿਆਂ ਦੇ ਰੇਟ ਵੀ ਅਸਮਾਨ ਛੂਹਣ ਡਹੇ ਐ।

***ਪੰਜਾਬ ਦੀ ਧਰਤੀ, ਪਾਣੀ ਤੇ ਹਵਾ ਹੋਏ ਪਲੀਤ। ਸਰਕਾਰ ਕੁਝ ਨਹੀਂ ਕਰ ਰਹੀ।**
-ਸਰਕਾਰ ਵਿਕਾਸ ਕਾਰਜਾਂ 'ਚ ਬਿਜ਼ੀ ਹੈ ਜੀ।

***ਇਕ ਮਰ ਰਹੀ ਸਭਿਅਤਾ ਹੈ ਪੰਜਾਬ-ਇਕ ਖੋਜ**
-ਪਰ ਗਾਇਕ ਪੰਜਾਬੀਆਂ ਦੀ ਫੋਕੀ ਬੱਲੇ ਬੱਲੇ ਕਰਵਾ ਕੇ ਲੱਖਾਂ ਰੁਪਏ ਹਾਲੇ ਵੀ ਬਟੋਰੀ ਜਾਂਦੇ ਐ।

***ਸ਼ਿਕੰਜਾ ਸੱਜਣ ਕੁਮਾਰ 'ਤੇ, ਤਕਲੀਫ ਸਰਨਾ ਨੂੰ ਕਿਉਂ ਹੋਈ-ਫੂਲਕਾ**
- ਸਿੱਧੀ ਜਹੀ ਗੱਲ ਐ, ਸਟਾਫ ਮੈਂਬਰ ਜੁ ਹੋਏ।

***ਸਕੌਚ ਕਮੇਟੀ ਨੇ ਨਿਯਮਾਂ ਨੂੰ ਅਣਗੌਲਾ ਕਰਕੇ ਕੀਤੀ ਸਕੌਟਲੈਂਡ ਦੀ ਸੈਰ**
-ਛੁਟਦੀ ਨਹੀਂ ਹੈ ਜ਼ਾਲਿਮ ਯੇ ਮੂੰਹ ਸੇ ਲਗੀ ਹੁਈ।

## ਸਮੂਹ ਕਬੱਡੀ ਪ੍ਰੇਮੀਆਂ ਦਾ ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਵਲੋਂ ਧੰਨਵਾਦ

**ਫਰੀਮਾਂਟ:** ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੀ ਪਲੇਠੀ ਮੀਟਿੰਗ ਗੁਰਦੁਆਰਾ ਸਾਹਿਬ ਟਰੇਸੀ ਵਿਖੇ ਪਿਛਲੇ ਬੁੱਧਵਾਰ ਨੂੰ ਹੋਈ ਜਿਸ ਵਿਚ ਫੈਡਰੇਸ਼ਨ ਦੇ ਸਾਰੇ ਅਹੁਦੇਦਾਰ ਸ਼ਾਮਲ ਹੋਏ ਜਿਨ੍ਹਾਂ ਵਿਚ ਪ੍ਰਧਾਨ ਸ. ਸੁਰਿੰਦਰ ਸਿੰਘ ਅਟਵਾਲ, ਚੇਅਰਮੈਨ ਸ. ਬਲਜੀਤ ਸਿੰਘ ਸੰਧੂ, ਮੀਤ ਪ੍ਰਧਾਨ ਅਮਰਜੀਤ ਸਿੰਘ ਸੰਘਾ, ਜਨਰਲ ਸਕੱਤਰ ਸ. ਗੁਰਦਾਵਰ ਸਿੰਘ ਮਹੇੜੂ ਤੇ ਸ. ਨਾਜ਼ਰ ਸਿੰਘ ਸਹੋਤਾ ਤੇ ਖਜ਼ਾਨਚੀ ਸ. ਜਸਵਿੰਦਰ ਸਿੰਘ ਸੋਹਲ, ਰਾਣਾ ਕਾਹਲੋਂ ਤੇ ਸੁਖਰਾਜ ਸਿੰਘ ਸਮਰਾ-ਯੂਬਾ ਸਿਟੀ ਸ਼ਾਮਲ ਹੋਏ।

ਬੜੇ ਖੁਸ਼ਗਵਾਰ ਮਾਹੌਲ ਵਿਚ ਚੱਲੀ ਮੀਟਿੰਗ ਵਿਚ ਸਭਨਾਂ ਨੇ ਸਰਬਸੰਮਤੀ ਨਾਲ ਇਹ ਮਹਿਸੂਸ ਕੀਤਾ ਕਿ 11 ਜੁਲਾਈ ਨੂੰ ਰਾਜਾ ਸਵੀਟਸ ਯੂਨੀਅਨ ਸਿਟੀ ਵਿਖੇ ਕਬੱਡੀ ਨਾਲ ਮੋਹ ਰੱਖਣ ਵਾਲੇ ਤੇ ਕਮਿਊਨਿਟੀ ਦੇ ਪਤਵੰਤੇ ਸੱਜਣਾਂ ਨੇ ਦੂਰੋਂ ਦੂਰੋਂ ਪਹੁੰਚ ਕੇ ਆਪਣੇ ਆਪ ਨੂੰ ਧੰਨਵਾਦੀ ਬਣਾਇਆ ਤੇ ਫੈਡਰੇਸ਼ਨ ਦਾ ਸਰਬਸੰਮਤੀ ਨਾਲ ਗਠਨ ਕਰਕੇ ਜੋ ਮਿਸਾਲ ਪੈਦਾ ਕੀਤੀ ਫੈਡਰੇਸ਼ਨ ਦੇ ਸਾਰੇ ਅਹੁਦੇਦਾਰ ਸਦਾ ਉਸਦੇ ਰਿਣੀ ਰਹਿਣਗੇ। ਫੈਡਰੇਸ਼ਨ ਦੀਆਂ ਭਵਿਖ ਦੀਆਂ ਯੋਜਨਾਵਾਂ ਜਲਦ ਹੀ ਰਿਲੀਜ਼ ਕੀਤੀਆਂ ਜਾਣਗੀਆਂ।

## ਬੇਕਰਜ਼ਫੀਲਡ ਵਿਚ ਸਰਬਜੀਤ ਚੀਮੇ ਦਾ ਸ਼ੋਅ 19 ਸਤੰਬਰ ਨੂੰ

**ਬੇਕਰਜ਼ਫੀਲਡ (ਮਨਦੀਪ ਮਾਨ):** ਪ੍ਰਸਿਧ ਪੰਜਾਬੀ ਲੋਕ ਗਾਇਕ ਅਤੇ ਫਿਲਮ ਕਲਾਕਾਰ ਸਰਬਜੀਤ ਚੀਮਾ ਅਤੇ ਸਾਥੀਆਂ ਦਾ ਇਕ ਪ੍ਰੋਗਰਾਮ ਐਤਵਾਰ 19 ਸਤੰਬਰ ਨੂੰ ਸ਼ਾਮ 7 ਵਜੇ ਤੋਂ ਇਥੇ ਪੈਰਾਡਾਈਸ ਪੈਲੇਸ ਵਿਚ ਹੋਵੇਗਾ। ਇਸ ਸ਼ੋਅ ਵਿਚ ਸਰਬਜੀਤ ਚੀਮਾ ਤੋਂ ਇਲਾਵਾ ਫਿਲਮ ਅਦਾਕਾਰ ਅਤੇ ਗਾਇਕਾ ਸਤਿੰਦਰ ਸੱਤੀ, ਗਾਇਕ ਫਿਰੋਜ਼ ਖਾਨ, ਫਿਲਮ ਤੇ ਟੀ.ਵੀ. ਕਲਾਕਾਰ ਜੱਸੀ (ਜੀ ਟੀ.ਵੀ. ਵਾਲੀ) ਵੀ ਪਹੁੰਚ ਰਹੇ ਹਨ।

ਪ੍ਰਬੰਧਕਾਂ ਅਨੁਸਾਰ ਦਰਸ਼ਕਾਂ ਨੂੰ ਇਕ ਖੂਬਸੂਰਤ ਮਾਹੌਲ ਵਿਚ ਪਰਿਵਾਰਿਕ ਗਾਇਕੀ ਦਾ ਸ਼ੋਅ ਦੇਖਣ/ਸੁਣਨ ਨੂੰ ਮਿਲੇਗਾ। ਹੋਰ ਜਾਣਕਾਰੀ ਲਈ ਨਾਜਰ ਸਿੰਘ ਕੂਨਰ ਫੋਨ:661-303-1313 ਜਾਂ ਮਹਿੰਦਰ ਸਿੰਘ ਧਾਲੀਵਾਲ ਫੋਨ:661-932-3772 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਹੇਵਰਡ ਕਬੱਡੀ ਕੱਪ ਦੀਆਂ ਤਿਆਰੀਆਂ ਦਾ ਜਾਇਜਾ ਲਿਆ

**ਫਰੀਮਾਂਟ:** ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ ਦੀ ਇਥੇ ਹੋਈ ਇਕ ਮੀਟਿੰਗ ਵਿਚ 25 ਸਤੰਬਰ ਨੂੰ ਹੇਵਰਡ ਵਿਚ ਕਰਵਾਏ ਜਾ ਰਹੇ ਕਬੱਡੀ ਕੱਪ ਟੂਰਨਾਮੈਂਟ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ।

ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ ਕਬੱਡੀ ਮੇਲੇ ਵਿਚ ਹਿੱਸਾ ਲੈਣ ਵਾਲੇ ਸਾਰੇ ਕਲੱਬਾਂ ਨਾਲ ਇਕ ਮੀਟਿੰਗ ਕਰਨ ਦਾ ਫੈਸਲਾ ਲਿਆ ਗਿਆ ਤਾਂ ਜੋ ਸਾਰੇ ਕਲੱਬ ਖੇਡ ਦੇ ਨਿਯਮਾਂ ਤੋਂ ਜਾਣੂ ਹੋਣ। ਇਨ੍ਹਾਂ ਨਿਯਮਾਂ ਤਹਿਤ ਮੇਲੇ ਵਿਚ ਹਿੱਸਾ ਲੈਣ ਵਾਲੇ ਕਲੱਬਾਂ ਦੀਆਂ ਟੀਮਾਂ ਦੇ ਪੰਜ-ਪੰਜ ਖਿਡਾਰੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ ਤਾਂ ਜੋ ਦਰਸ਼ਕਾਂ ਦੇ ਭਰੋਸੇ ਨੂੰ ਕਾਇਮ ਰਖਿਆ ਜਾ ਸਕੇ ਕਿ 5-5 ਖਿਡਾਰੀ ਸਚਮੁਚ ਹੀ ਕੌਮਾਂਤਰੀ ਪੱਧਰ ਦੇ ਹੋਣਗੇ ਜੋ ਬਿਨਾ ਕਿਸੇ ਨਸਲ ਜਾਂ ਰੰਗ ਭੇਦ ਦੇ ਅਮਰੀਕਾ ਤੋਂ ਬਾਹਰੋਂ ਵੀ ਹੋ ਸਕਦੇ ਹਨ।

## ਪਰਵਾਸੀਆਂ ਦੀਆਂ ਮੁਸ਼ਕਿਲਾਂ ਬਾਰੇ ਗੁਰਦੁਆਰਾ ਸੈਨ ਹੋਜ਼ੇ 'ਚ ਮੀਟਿੰਗ 8 ਨੂੰ

**ਸੈਨ ਹੋਜ਼ੇ:** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨੇ ਅਮਰੀਕਾ ਵਿਚ ਰਹਿੰਦੇ ਪੰਜਾਬੀਆਂ ਅਤੇ ਖਾਸ ਕਰ ਸਿੱਖਾਂ ਨੂੰ ਦਰਪੇਸ਼ ਇਮੀਗਰੇਸ਼ਨ, ਪਾਸਪੋਰਟ ਅਤੇ ਪਰਵਾਸ ਨਾਲ ਸਬੰਧਤ ਹੋਰ ਮੁਸ਼ਕਲਾਂ ਉਤੇ ਵਿਚਾਰ ਕਰਨ ਲਈ ਆਉਂਦੀ 8 ਅਗਸਤ ਐਤਵਾਰ ਨੂੰ ਇਕ ਮੀਟਿੰਗ ਬੁਲਾਈ ਹੈ। ਇਹ ਮੀਟਿੰਗ ਬਾਅਦ ਦੁਪਹਿਰ 2 ਵਜੇ ਗੁਰਦੁਆਰਾ ਸੈਨ ਹੋਜ਼ੇ ਵਿਚ ਹੋਵੇਗੀ।

ਇਸ ਮੀਟਿੰਗ ਵਿਚ ਜਿਹੜੇ ਮਸਲੇ ਵਿਚਾਰੇ ਜਾਣਗੇ ਉਨ੍ਹਾਂ ਵਿਚ ਭਾਰਤੀ ਕੌਂਸਲਖਾਨਿਆਂ ਅਤੇ ਦੂਤ ਘਰਾਂ ਵਲੋਂ ਅਮਰੀਕੀ ਸਿਟੀਜ਼ਨ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਵੀਜ਼ੇ ਨਾ ਦੇਣ, ਅਸਾਈਲਮ ਵਾਲੇ ਕੇਸਾਂ ਵਿਚ ਪਾਸਪੋਰਟ ਵਗੈਰਾ ਨਾ ਦੇਣ ਦੀਆਂ ਸਮੱਸਿਆਵਾਂ ਤੋਂ ਇਲਾਵਾ ਐਰੀਜ਼ੋਨਾ ਸਟੇਟ ਵਿਚ ਬਣਾਏ ਗਏ ਇਮੀਗਰੇਸ਼ਨ ਸਬੰਧੀ ਸਖਤ ਕਾਨੂੰਨ ਵੀ ਸ਼ਾਮਲ ਹਨ। ਇਥੇ ਜ਼ਿਕਰਯੋਗ ਹੈ ਕਿ ਐਰੀਜ਼ੋਨਾ ਸਟੇਟ ਵਲੋਂ ਬਣਾਏ ਗਏ ਕਾਨੂੰਨ ਕਰਕੇ ਖਾਸ ਕਰਕੇ ਪੰਜਾਬੀ ਟਰੱਕਰਾਂ ਨੂੰ ਕਾਫੀ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ।

ਇਸ ਤੋਂ ਇਲਾਵਾ ਅਮਰੀਕਾ ਵਿਚ ਗੈਰ ਕਾਨੂੰਨੀ ਤੌਰ 'ਤੇ ਰਹਿੰਦੇ ਆ ਰਹੇ ਪਰਵਾਸੀਆਂ ਲਈ ਇਕ ਸਮੁਚਿਤ ਇਮੀਗਰੇਸ਼ਨ ਰਿਫਾਰਮ ਕਾਨੂੰਨ ਬਣਾਉਣ ਲਈ ਯਤਨਸ਼ੀਲ ਸਿਆਸਤਦਾਨਾਂ ਅਤੇ ਸੰਸਥਾਵਾਂ ਨਾਲ ਸਹਿਯੋਗ ਕਰਨ ਦਾ ਮਾਮਲਾ ਵੀ ਵਿਚਾਰਿਆ ਜਾਵੇਗਾ। ਇਸ ਸਬੰਧੀ ਹਿਸਪੈਨਿਕ ਭਾਈਚਾਰੇ ਅਤੇ ਹੋਰ ਘਟਗਿਣਤੀਆਂ ਨਾਲ ਗਠਜੋੜ ਬਣਾਉਣ ਬਾਰੇ ਵੀ ਵਿਚਾਰ ਕੀਤੀ ਜਾਏਗੀ। ਇਮੀਗਰੇਸ਼ਨ ਕੇਸਾਂ ਨਾਲ ਸਬੰਧਤ ਮਾਮਲਿਆਂ ਵਿਚ ਉਲਝੇ ਵਿਅਕਤੀਆਂ ਨਾਲ ਜੇਲ੍ਹਾਂ ਵਿਚ ਹੋ ਰਹੀ ਬਦਸਲੂਕੀ ਉਤੇ ਵੀ ਵਿਚਾਰ ਕੀਤਾ ਜਾਏਗਾ।

ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭਾਈ ਹਰਦੇਵ ਸਿੰਘ ਤੱਖਰ, ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਅਤੇ ਸਟੇਜ ਸਕੱਤਰ ਭਾਈ ਪ੍ਰੀਤਮ ਸਿੰਘ ਗਰੇਵਾਲ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਕਿ ਅਮਰੀਕਾ ਵਿਚ ਰਹਿੰਦੇ ਪੰਜਾਬੀ ਇਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ ਉਨ੍ਹਾਂ ਦੀ ਮਦਦ ਕਰਨਾ ਸਾਡਾ ਫਰਜ਼ ਬਣਦਾ ਹੈ। ਸਮੂਹ ਭਾਈਚਾਰਾ ਸਾਂਝੇ ਯਤਨਾਂ ਨਾਲ ਮਸਲਿਆਂ ਦਾ ਯੋਗ ਹੱਲ ਤਲਾਸ਼ ਕਰ ਸਕਦਾ ਹੈ।


SUBWAY for sale
in East Bay
Asking $ 138,888
Contact:Paul
1-888-870-0850x3




ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੀ ਪੰਜਾਬ 'ਚ ਤੁਹਾਡੀ ਕੋਈ ਜ਼ਮੀਨ ਜਾਇਦਾਦ ਹੈ? ਤੁਹਾਨੂੰ ਇਸ ਦੀ ਚਿੰਤਾ ਸਤਾਉਂਦੀ ਹੈ?

ਮੇਰੇ ਪਿਆਰੇ ਵੀਰੋ ਤੇ ਭੈਣੋ,
ਜੋ ਮੇਰੇ ਵੀਰ, ਭੈਣ-ਭਰਾ ਅਤੇ ਬਜ਼ੁਰਗ ਲੰਮੇ ਸਮੇਂ ਤੋਂ ਵਿਦੇਸ਼ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਪਿਛੇ ਪੰਜਾਬ ਜਾਂ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਆਪਣੀ ਜ਼ਮੀਨ-ਜਾਇਦਾਦ ਦਾ ਫਿਕਰ ਹੈ। ਉਸ ਦੀ ਦੇਖ-ਭਾਲ ਨਹੀਂ ਕਰ ਸਕਦੇ, ਵੇਚ ਨਹੀਂ ਸਕਦੇ ਜਾਂ ਆਪਣੇ ਨਾਂ ਤਬਦੀਲ ਨਹੀਂ ਕਰਵਾ ਸਕਦੇ ਅਸੀਂ ਉਨ੍ਹਾਂ ਨੂੰ ਪਰਦੇਸ ਵਿਚ ਬੈਠਿਆਂ ਹੀ ਜ਼ਮੀਨ ਜਾਇਦਾਦ ਸਬੰਧੀ ਹਰ ਤਰ੍ਹਾਂ ਦੇ ਕਾਗਜ਼ਾਤ ਜਿਵੇਂ ਫਰਦਾਂ ਅਤੇ ਗਵਾਚੀਆਂ ਹੋਈਆਂ ਰਜਿਸਟਰੀਆਂ ਦੀਆਂ ਨਕਲਾਂ, ਇੰਤਕਾਲਾਂ ਆਦਿ ਦਾ ਪ੍ਰਬੰਧ ਕਰਕੇ ਪਹੁੰਚਾ ਸਕਦੇ ਹਾਂ। ਅਸੀਂ ਉਨ੍ਹਾਂ ਦੀ ਜ਼ਮੀਨ-ਜਾਇਦਾਦ ਅੱਗੋਂ ਵੇਚਣ ਵਿਚ ਵੀ ਮਦਦ ਕਰ ਸਕਦੇ ਹਾਂ।
ਪੰਜਾਬ, ਚੰਡੀਗੜ੍ਹ ਜਾਂ ਹਰਿਆਣਾ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਜਿਵੇਂ ਮਕਾਨ, ਦੁਕਾਨ, ਕੋਠੀ, ਪਲਾਟ, ਫਲੈਟ ਜਾਂ ਵਾਹੀਯੋਗ ਜ਼ਮੀਨ ਖਰੀਦਣੀ ਹੋਵੇ ਜਾਂ ਵੇਚਣੀ, ਸਾਨੂੰ ਸੇਵਾ ਦਾ ਮੌਕਾ ਦਿਓ। ਅਸੀਂ ਪੂਰੀ ਇਮਾਨਦਾਰੀ ਨਾਲ ਕਾਨੂੰਨੀ ਤੌਰ 'ਤੇ ਕਾਗਜ਼ਾਤ ਤਿਆਰ ਕਰਕੇ ਸੌਦੇ ਕਰਵਾਉਂਦੇ ਹਾਂ। ਕਿਸੇ ਵੀ ਦਲਾਲ ਨੂੰ ਵਿਚ ਨਹੀਂ ਪਾਉਂਦੇ ਅਤੇ ਪਾਰਟੀ ਨਾਲ ਸਿੱਧੀ ਗੱਲ ਕਰਾਉਂਦੇ ਹਾਂ। ਸਾਡਾ ਦਫਤਰ ਪੰਜਾਬ ਵਿਚ ਅਤੇ ਇੰਗਲੈਂਡ ਵਿਚ ਦੋਹੀਂ ਥਾਂਈਂ ਹੈ। ਤੁਸੀਂ ਸਾਡੇ ਨਾਲ ਫੋਨ 'ਤੇ ਸੰਪਰਕ ਕਰ ਸਕਦੇ ਹੋ ਜਾਂ ਸਾਡੇ ਫੋਨ 'ਤੇ ਆਪਣਾ ਨਾਂ, ਪਤਾ, ਫੋਨ ਅਤੇ ਸੁਨੇਹਾ ਛੱਡ ਸਕਦੇ ਹੋ। ਅਸੀਂ ਖੁਦ ਤੁਹਾਡੇ ਨਾਲ ਸੰਪਰਕ ਕਰਾਂਗੇ। ਅਸੀਂ ਹਰ ਕੰਮ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ। ਇਕ ਵਾਰ ਜ਼ਰੂਰ ਸੇਵਾ ਦਾ ਮੌਕਾ ਦਿਓ।

ਇਮਾਨਦਾਰੀ ਪ੍ਰਾਪਰਟੀ ਐਡਵਾਈਜ਼ਰ
Address: Imandari, P.O.Box 695, Hayes, Middlesex UB3 9PD, UK
Tel/Fax:0044-2087970259, Mobile:0044-7403071308
Tarsem: 91-94643-31245, Fax:91-182-4220156
e-mail: imandari@hotmail.co.uk



Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay
We Specialize in Bankowned, Foreclosure and Short Sale Homes
ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।
We Do Loan Modification and Credit Repair to Save Your Home From Forclosure
Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ
Right Time To Buy For Investers And First Time Home Buyers
REALTY WORLD Millennium

Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill 209-815-1869

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 80 ਡਾਲਰ,
ਪੰਜ ਸਾਲ ਲਈ: 375 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਸ਼ਮੀਰ ਵਾਦੀ ਫਿਰ ਹਿੰਸਾ ਦੀ ਪਕੜ 'ਚ

ਨੌਜਵਾਨਾਂ ਨੂੰ ਨੌਕਰੀਆਂ ਮੁਹੱਈਆ ਕਰਵਾਉਣ, ਆਤਮ ਸਮਰਪਣ ਦੀ ਨੀਤੀ ਅਤੇ ਮੁਆਵਜ਼ਾ ਦੇਣ ਦੇ ਉਪਾਵਾਂ 'ਤੇ ਵੀ ਅਮਲ ਦਾ ਐਲਾਨ ਕੀਤਾ ਹੈ। ਉਧਰ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਲੋਕਾਂ ਨੂੰ ਅਮਨ ਬਰਕਰਾਰ ਰੱਖਣ ਅਤੇ ਹਿੰਸਾ ਨੂੰ ਸ਼ਹਿ ਦੇਣ ਵਾਲਿਆਂ ਨੂੰ ਜਿੱਤਣ ਨਾ ਦੇਣ ਦਾ ਸੰਕਲਪ ਲੈਣ ਦੀ ਅਪੀਲ ਕੀਤੀ ਹੈ।

ਹਿੰਸਾ ਦੇ ਇਸ ਸਿਲਸਿਲੇ ਦੀ ਸ਼ੁਰੂਆਤ ਸੁਰੱਖਿਆ ਜਵਾਨਾਂ ਵਲੋਂ ਕੀਤੀ ਗਈ ਗੋਲੀਬਾਰੀ ਨਾਲ ਇਕ ਵਿਅਕਤੀ ਦੀ ਮੌਤ ਹੋਣ ਨਾਲ ਹੋਈ ਮੰਨੀ ਜਾਂਦੀ ਹੈ। ਇਹ ਸਿਲਸਿਲਾ ਲੰਘੀ 11 ਜੂਨ ਨੂੰ ਸ਼ੁਰੂ ਹੋਇਆ ਸੀ ਤੇ ਹੁਣ ਤੱਕ 23 ਮੌਤਾਂ ਹੋ ਚੁੱਕੀਆਂ ਹਨ। ਜ਼ਿਕਰਯੋਗ ਹੈ ਕਿ ਲੰਘੀ 9 ਜੁਲਾਈ ਨੂੰ ਮੁਸਲਿਮ ਭਾਈਚਾਰੇ ਦੇ ਤਿਉਹਾਰ ਦੇ ਮੱਦੇਨਜ਼ਰ ਸ੍ਰੀਨਗਰ ਤੇ ਕਸ਼ਮੀਰ ਦੇ ਕਈ ਹਿੱਸਿਆਂ ਵਿਚੋਂ ਕਰਫਿਊ ਹਟਾਏ ਜਾਣ ਦਾ ਫਾਇਦਾ ਲੈਂਦਿਆਂ ਮੁੜ ਵੱਡੀ ਗਿਣਤੀ 'ਚ ਮੁਜ਼ਾਹਰਾਕਾਰੀ ਸੜਕਾਂ 'ਤੇ ਉਤਰ ਆਏ ਸਨ। ਮੁਜ਼ਾਹਰਾਕਾਰੀਆਂ ਦੀ ਪੁਲਿਸ ਨਾਲ ਹੋਈ ਝੜਪ ਪਿੱਛੋਂ ਇਲਾਕੇ ਵਿਚੋਂ ਹਟਾਇਆ ਕਰਫਿਊ ਮੁੜ ਲਗਾ ਦਿੱਤਾ ਗਿਆ ਸੀ।

ਲੰਘੀ 30 ਜੁਲਾਈ ਤੋਂ ਸ਼ੁਰੂ ਹੋਈ ਤਾਜ਼ਾ ਹਿੰਸਾ ਪਿੱਛੇ ਵੀ ਮੁਜ਼ਾਹਰਾਕਾਰੀਆਂ ਦੀ ਪਥਰਾਓ ਹੀ ਮੰਨਿਆ ਜਾ ਰਿਹਾ ਹੈ। ਜਥੇਬੰਦੀ ਹੁਰੀਅਤ (ਜੀ) ਵਲੋਂ 'ਮਹਿਸੂਮਾ ਚਲੋ' ਮਾਰਚ ਦਾ ਸੱਦਾ ਦਿੱਤਾ ਗਿਆ ਸੀ, ਜਿਸ 'ਚ ਲੋਕਾਂ ਦੀਆਂ ਸਰਗਰਮੀਆਂ 'ਤੇ ਰੋਕ ਲਗਾ ਦਿੱਤੀ ਗਈ ਸੀ ਪਰ ਮੁਜ਼ਾਹਰਾਕਾਰੀਆਂ ਵਲੋਂ ਸੁਰੱਖਿਆ ਬਲਾਂ 'ਤੇ ਕੀਤੇ ਗਏ ਪਥਰਾਓ ਦੇ ਜਵਾਬ 'ਚ ਹੋਈ ਗੋਲੀਬਾਰੀ ਪਿੱਛੋਂ ਦੋ ਲੋਕ ਮਾਰੇ ਗਏ। ਮੀਡੀਆ ਰਿਪੋਰਟਾਂ ਅਨੁਸਾਰ ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਦੇ ਸੋਪੋਰ ਇਲਾਕੇ ਦੇ ਪਿੰਡ ਅਰਾਮਪੋਰਾ 'ਚ ਦੁਪਹਿਰ ਵੇਲੇ ਭੀੜ 'ਤੇ ਸੁਰੱਖਿਆ ਬਲਾਂ ਦੀ ਕਥਿਤ ਗੋਲਾਬਾਰੀ 'ਚ ਸ਼ੌਕਤ ਅਹਿਮਦ ਚੋਪਨ ਅਤੇ ਮੁਹੰਮਦ ਅਹਿਸਾਨ ਗਾਨਈ ਦੀ ਮੌਤ ਹੋ ਗਈ ਅਤੇ 7 ਹੋਰ ਜ਼ਖ਼ਮੀ ਹੋ ਗਏ। ਰਿਪੋਰਟਾਂ ਅਨੁਸਾਰ ਸ਼ੁੱਕਰਵਾਰ ਦੀ ਨਮਾਜ਼ ਪਿੱਛੋਂ ਲੋਕ ਸੜਕਾਂ 'ਤੇ ਨਿਕਲ ਆਏ ਅਤੇ ਸੋਪੋਰ ਵਲ ਵਧਣ ਲੱਗੇ। ਉਨ੍ਹਾਂ ਨੂੰ ਰੋਕਣ 'ਤੇ ਹੋਏ ਪਥਰਾਓ ਪਿੱਛੋਂ ਸੁਰੱਖਿਆ ਬਲਾਂ ਨੂੰ ਗੋਲੀ ਚਲਾਉਣੀ ਪਈ ਜਿਸ ਦੇ ਸਿੱਟੇ ਵਜੋਂ ਵਿਗੜੀ ਹਾਲਤ ਨੂੰ ਕਾਬੂ ਹੇਠ ਰੱਖਣ ਲਈ ਪ੍ਰਸ਼ਾਸਨ ਨੂੰ ਅਨੰਤਨਾਗ, ਪੁਲਵਾਮਾ, ਸ਼ੋਪੀਆ, ਬਾਰਾਮੂਲਾ, ਸੋਪੋਰ, ਕੁਪਵਾੜਾ, ਹੰਦਵਾੜਾ ਅਤੇ ਬਾਂਦੀਪੁਰ 'ਚ ਕਰਫਿਊ ਲਾਉਣਾ ਪਿਆ।

ਲੰਘੇ ਐਤਵਾਰ ਨੂੰ ਹਾਲਾਤ ਹੋਰ ਵਿਗੜ ਗਏ ਜਦੋਂ ਹਿੰਸਕ ਹਜੂਮ ਨੇ ਸ੍ਰੀਨਗਰ ਦੇ ਬਾਹਰਵਾਰ ਖਰਿਊ ਥਾਣੇ ਦੀ ਇਮਾਰਤ ਨੂੰ ਅੱਗ ਲਗਾ ਦਿਤੀ, ਜਿਸ ਕਾਰਨ ਇਮਾਰਤ ਦੇ ਮਾਲ ਖਾਨੇ ਵਿਚ ਪਈ ਵਿਸਫੋਟਕ ਸਮੱਗਰੀ ਫਟ ਗਈ। ਇਸ ਜ਼ੋਰਦਾਰ ਧਮਾਕੇ ਵਿਚ 4 ਵਿਅਕਤੀ ਮਾਰੇ ਗਏ ਅਤੇ 35 ਹੋਰ ਜ਼ਖ਼ਮੀ ਹੋ ਗਏ। ਇਸ ਤਰ੍ਹਾਂ ਪਾਂਪੋਰ ਵਿਚ ਮੁਜ਼ਾਹਰਾਕਾਰੀਆਂ ਨੇ ਪੈਂਥਾ ਚੌਕ ਵਿਚ ਬੈਰੀਕੇਡ ਲਾ ਕੇ ਕੌਮੀ ਰਾਜ ਮਾਰਗ-1 ਏ ਉਤੇ ਆਵਾਜਾਈ ਬੰਦ ਕਰ ਦਿੱਤੀ ਅਤੇ ਇਕ ਤਹਿਸੀਲਦਾਰ ਦੇ ਦਫਤਰ ਤੇ ਰਿਹਾਇਸ਼ ਨੂੰ ਅੱਗ ਲਾ ਦਿੱਤੀ।

ਸਮਝਿਆ ਜਾ ਰਿਹਾ ਹੈ ਕਿ ਵਾਦੀ ਦੇ ਹਾਲਾਤ ਇਸ ਲਈ ਵਧ ਵਿਗੜੇ, ਕਿਉਂਕਿ ਪੁਲਿਸ ਅਤੇ ਸੁਰੱਖਿਆ ਬਲਾਂ ਦੀ ਕਾਰਵਾਈ 'ਚ ਕਈ ਆਮ ਲੋਕ ਮਾਰੇ ਗਏ। ਮੁਜ਼ਾਹਰਾਕਾਰੀਆਂ ਨੇ ਜਾਣ-ਬੁੱਝ ਕੇ ਅਜਿਹੀਆਂ ਸਥਿਤੀਆਂ ਪੈਦਾ ਕੀਤੀਆਂ ਜਿਸ ਨਾਲ ਸੜਕਾਂ 'ਤੇ ਹੋਰ ਜ਼ਿਆਦਾ ਅਰਾਜਕਤਾ ਫੈਲੇ। ਉਨ੍ਹਾਂ ਨੇ ਮਾਰੇ ਜਾਣ ਵਾਲੇ ਆਮ ਲੋਕਾਂ ਦੇ ਦੁੱਖ 'ਚ ਸ਼ਰੀਕ ਹੋਣ ਦੇ ਬਹਾਨੇ ਉਨ੍ਹਾਂ ਨੂੰ ਹੋਰ ਭੜਕਾਇਆ। ਅਜਿਹੇ ਹਾਲਾਤ ਨਾਲ ਨਜਿੱਠਦਿਆਂ ਹੋਈ ਆਮ ਲੋਕਾਂ ਦੀ ਮੌਤ ਨੂੰ ਸੁਰੱਖਿਆ ਬਲਾਂ ਦੀ ਕੋਤਾਹੀ ਦੇ ਰੂਪ ਵਿਚ ਵੇਖਣ ਦੇ ਨਾਲ-ਨਾਲ ਮਨੁੱਖੀ ਹੱਕਾਂ ਦੀ ਉਲੰਘਣਾ ਵਜੋਂ ਵੀ ਵੇਖਿਆ ਜਾਂਦਾ ਹੈ।

ਸਿਵਲੀਅਨ ਦੀ ਮੌਤ ਤੋਂ ਬਾਅਦ ਇਕ ਵਾਰ ਫਿਰ ਸੜਕਾਂ 'ਤੇ ਹਿੰਸਕ ਰੋਸ ਵਿਖਾਵਾ ਹੁੰਦਾ ਹੈ ਜਿਸ 'ਤੇ ਕਾਬੂ ਪਾਉਣ ਦੇ ਅਮਲ ਵਜੋਂ ਨਵੇਂ ਰੋਸ ਵਿਖਾਵੇ ਲਈ ਆਧਾਰ ਕਾਇਮ ਹੋ ਜਾਂਦਾ ਹੈ। ਵਾਦੀ ਵਿਚਲੀ ਅਮਨ-ਕਾਨੂੰਨ ਦੀ ਵਿਗੜੀ ਹੋਈ ਮੌਜੂਦਾ ਹਾਲਤ ਲਈ ਮਛੀਲ ਦੇ ਝੂਠੇ ਮੁਕਾਬਲੇ ਦੀ ਕਹਾਣੀ ਦੇ ਪਰਦਾਫਾਸ਼ ਹੋਣ ਨੂੰ ਮੰਨਿਆ ਜਾ ਰਿਹਾ ਹੈ। ਇਸ ਸਬੰਧ ਵਿਚ ਇਕ ਕਰਨਲ ਕੋਲੋਂ ਕਮਾਂਡ ਵਾਪਸ ਲੈ ਲੈਣ ਅਤੇ ਮੇਜਰ ਨੂੰ ਮੁਅੱਤਲ ਕਰ ਦੇਣ ਨਾਲ ਫੌਜ ਵਲੋਂ ਫਰਜ਼ੀ ਮੁਕਾਬਲਿਆਂ ਵਾਲਾ ਦੋਸ਼ ਕਬੂਲ ਲੈਣ ਪਿੱਛੋਂ ਆਮ ਲੋਕਾਂ ਦੀ ਮੁਜ਼ਾਹਰਾਕਾਰੀਆਂ ਨਾਲ ਹਮਦਰਦੀ ਵਧ ਗਈ ਨਜ਼ਰ ਆਈ ਹੈ। ਪ੍ਰਧਾਨ ਮੰਤਰੀ ਵਲੋਂ ਵੀ ਵਾਦੀ 'ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਹਿਣ ਨਾ ਕਰਨ ਦੇ ਐਲਾਨ ਪਿੱਛੋਂ ਫੌਜ ਕੋਲੋਂ ਵਿਸ਼ੇਸ਼ ਅਧਿਕਾਰ ਵਾਪਸ ਲੈ ਜਾਣ ਦੀ ਮੰਗ ਕਰਨ ਵਾਲਿਆਂ ਦੇ ਹੌਂਸਲੇ ਬੁਲੰਦ ਹੋਏ, ਜਿਸ ਦੇ ਸਿੱਟੇ ਵਜੋਂ ਹਿੰਸਕ ਘਟਨਾਵਾਂ ਦਾ ਸਿਲਸਿਲਾ ਰੁਕ-ਰੁਕ ਕੇ ਚਲਦਾ ਆ ਰਿਹਾ ਹੈ।

ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਵਲੋਂ ਪਿਛਲੇ ਦਿਨੀਂ ਬੁਲਾਈ ਸਰਬ ਪਾਰਟੀ ਮੀਟਿੰਗ ਦਾ ਪੀਪਲਜ਼ ਡੈਮੋਕਰੇਟਿਕ ਪਾਰਟੀ ਦੀ ਅਗਵਾਈ ਕਰਨ ਵਾਲੀ ਮਹਿਬੂਬਾ ਮੁਫਤੀ ਵਲੋਂ ਕੀਤਾ ਬਾਈਕਾਟ ਵਾਦੀ 'ਚ ਅਮਨ ਲਈ ਕੋਈ ਸੰਕੇਤ ਨਹੀਂ ਮੰਨਿਆ ਜਾ ਰਿਹਾ। ਤਾਜ਼ਾ ਹਿੰਸਾ ਪਿੱਛੋਂ ਉਮਰ ਅਬਦੁੱਲਾ ਨੇ ਸਿੱਧਾ ਲੋਕਾਂ ਨੂੰ ਸਹਿਯੋਗ ਦੇਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਅਮਨ ਦੀ ਖਾਤਰ 'ਇਕ ਕਦਮ ਪੁੱਟਣ' ਅਤੇ ਉਹ 'ਦਸ ਕਦਮ' ਤੁਰਨ ਲਈ ਤਿਆਰ ਹਨ। ਮੁੱਖ ਮੰਤਰੀ ਨੇ ਦ੍ਰਿੜਾਇਆ ਕਿ ਵਾਦੀ ਵਿਚ ਜੋ ਲੋਕ ਮੌਤਾਂ-ਕਤਲਾਂ ਦਾ ਸਿਲਸਿਲਾ ਰੁਕਣ ਨਹੀਂ ਦੇਣਾ ਚਾਹੁੰਦੇ, ਮੈਂ ਉਨ੍ਹਾਂ ਨੂੰ ਜਿੱਤਣ ਨਹੀਂ ਦੇਣਾ ਚਾਹੁੰਦਾ। ਇਨ੍ਹਾਂ ਅਨਸਰਾਂ ਨੂੰ ਭਾਂਜ ਦੇਣ ਲਈ ਉਨ੍ਹਾਂ ਨੇ ਲੋਕਾਂ ਤੋਂ ਸਹਿਯੋਗ ਮੰਗਿਆ ਹੈ। ਉਨ੍ਹਾਂ ਇਹ ਵੀ ਚਿਤਾਵਨੀ ਦਿੱਤੀ ਕਿ ਜੇ ਕਸ਼ਮੀਰ ਦੀ ਪੂਰੀ ਵਾਦੀ 'ਚ ਇਹੀ ਸਥਿਤੀ ਜਾਰੀ ਰਹੀ ਤਾਂ ਸਾਡੇ ਬੱਚੇ ਪਿਛੜ ਜਾਣਗੇ ਅਤੇ ਨੌਜਵਾਨਾਂ ਦਾ ਭਵਿੱਖ ਧੁੰਦਲਾ ਬਣ ਜਾਵੇਗਾ।

ਉਧਰ ਕਸ਼ਮੀਰ ਵਾਦੀ 'ਚ ਹਿੰਸਾ ਵਿਚ ਆਏ ਉਬਾਲ ਲਈ ਕੁਝ ਰਾਜਸੀ ਟਿੱਪਣੀਕਾਰ ਕੇਂਦਰ ਅਤੇ ਰਾਜ ਸਰਕਾਰ ਦੋਹਾਂ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਕਸ਼ਮੀਰ 'ਚ ਹਿੰਸਾ ਭੜਕਾਉਣ ਦਾ ਕੰਮ ਸਰਹੱਦੋਂ ਪਾਰ ਦੇ ਸੰਗਠਨਾਂ ਵਲੋਂ ਹੁੰਦਾ ਹੈ। ਇਹ ਗੱਲ ਵੀ ਧਿਆਨ ਦੇਣ ਵਾਲੀ ਹੈ ਕਿ ਕੁਝ ਸਾਲਾਂ ਤੋਂ ਅਮਰਨਾਥ ਯਾਤਰਾ ਸਮੇਂ ਹੀ ਕਸ਼ਮੀਰ 'ਚ ਗੜਬੜੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਜਿਹਾ ਮੰਨਣ ਵਾਲਿਆਂ ਦਾ ਕਹਿਣਾ ਹੈ ਕਿ ਸੰਵਿਧਾਨ ਦੀ ਧਾਰਾ 370 ਅਧੀਨ ਰਾਜ ਨੂੰ ਪਹਿਲਾਂ ਹੀ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਕਰੜੇ ਪ੍ਰਸ਼ਾਸਨਿਕ ਫੈਸਲੇ ਲੈਣ ਦੀ ਕਮੀ ਕਾਰਨ ਹੀ ਵਾਦੀ 'ਚ ਸਥਿਤੀ ਵਿਗੜੀ ਹੈ। ਕਸ਼ਮੀਰ ਵਾਦੀ 'ਚ ਹਿੰਸਾ ਦਾ ਇਹ ਸਿਲਸਿਲਾ ਕਦੋਂ ਰੁਕੇਗਾ, ਇਹੀ ਹੁਣ ਕੇਂਦਰ ਤੇ ਰਾਜ ਸਰਕਾਰ ਲਈ ਅਹਿਮ ਮਸਲਾ ਹੈ।

# ਪੰਜਾਬ ਪੁਲਿਸ ਦਾ ਮਲੇਸ਼ੀਆ 'ਚ ਖਾੜਕੂਆਂ ਦੇ ਅੱਡੇ ਹੋਣ ਦਾ ਦਾਅਵਾ

ਇਕ ਸੁਤੰਤਰ ਰਾਜ ਦੇ ਤੌਰ 'ਤੇ ਸਤਿਕਾਰ ਕਰਦੇ ਹਾਂ ਅਤੇ ਆਪਣੇ ਮੰਤਰਾਲੇ (ਵਿਦੇਸ਼ ਮੰਤਰਾਲੇ) ਰਾਹੀਂ ਜਾਂਚ ਅਗਾਂਹ ਤੋਰਨਾ ਚਾਹਾਂਗੇ। ਸਾਨੂੰ ਉਮੀਦ ਹੈ ਕਿ ਮਲੇਸ਼ੀਆ ਸਰਕਾਰ ਸਾਡੇ ਨਾਲ ਦਹਿਸ਼ਤਵਾਦ ਖਿਲਾਫ਼ ਲੜਾਈ ਵਿਚ ਸਹਿਯੋਗ ਦੇਵੇਗੀ।"

ਇਸ ਦੌਰਾਨ ਮਲੇਸ਼ੀਆਈ ਅਧਿਕਾਰੀਆਂ ਨੇ ਕਿਹਾ ਕਿ ਉਹ ਮਲੇਸ਼ੀਆ ਵਿਚ ਕਥਿਤ ਤੌਰ 'ਤੇ ਛੁਪੇ ਕੁਝ ਖਾਲਿਸਤਾਨੀ ਅਤਿਵਾਦੀਆਂ ਨੂੰ ਦਬੋਚਣ ਲਈ ਭਾਰਤੀ ਅਧਿਕਾਰੀਆਂ ਦੀ ਰਸਮੀ ਬੇਨਤੀ ਦੀ ਉਡੀਕ ਕਰ ਰਹੇ ਹਨ। ਮਲੇਸ਼ੀਆ ਪੁਲਿਸ ਦੇ ਇੰਸਪੈਕਟਰ ਜਨਰਲ ਮੂਸਾ ਖਾਨ ਨੇ ਭਾਰਤੀ ਅਧਿਕਾਰੀਆਂ ਨਾਲ ਸਹਿਯੋਗ ਕਰਨ ਦਾ ਭਰੋਸਾ ਦਿੰਦਿਆਂ ਕਿਹਾ, "ਉਨ੍ਹਾਂ (ਪੰਜਾਬ ਪੁਲਿਸ) ਨੂੰ ਬਾਕਾਇਦਾ ਬੇਨਤੀ ਭੇਜਣੀ ਚਾਹੀਦੀ ਹੈ ਤਾਂ ਕਿ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾ ਸਕੇ।"

ਸ੍ਰੀ ਖਟੜਾ ਨੇ ਮੀਡੀਆ ਰਿਪੋਰਟਾਂ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਮਲੇਸ਼ੀਆ ਸਰਕਾਰ ਨੇ ਕਈ ਖਾਲਿਸਤਾਨੀ ਅਤਿਵਾਦੀਆਂ ਦੀ ਉਥੇ ਮੌਜੂਦਗੀ ਦਾ ਇਕਬਾਲ ਕੀਤਾ ਹੈ ਅਤੇ ਇਨ੍ਹਾਂ ਦੇ ਖਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਸਬੰਧ ਹੋਣ ਦਾ ਸ਼ੱਕ ਹੈ। ਉਨ੍ਹਾਂ ਖੁਫੀਆ ਰਿਪੋਰਟਾਂ ਦੇ ਆਧਾਰ 'ਤੇ ਖੁਲਾਸਾ ਕੀਤਾ ਕਿ ਅਤਿਵਾਦੀ ਹਰਮਿੰਦਰ ਸਿੰਘ (45), ਦਲਜੀਤ ਸਿੰਘ ਅਤੇ ਹਰਪ੍ਰੀਤ ਸਿੰਘ (ਦੋਵੇਂ ਵੀਹਵਿਆਂ 'ਚ) ਮਲੇਸ਼ੀਆ ਵਿਚ ਛੁਪੇ ਹੋ ਸਕਦੇ ਹਨ। ਇਹ ਸਾਰੇ ਜਣੇ ਪੰਜਾਬ ਦੇ ਵਸਨੀਕ ਹਨ। ਚੌਥੇ ਸ਼ੱਕੀ ਬਾਰੇ ਕੋਈ ਵੇਰਵੇ ਨਹੀਂ ਮਿਲੇ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਬੀਤੀ 29 ਜੁਲਾਈ ਨੂੰ ਮਲੇਸ਼ੀਆ ਦੇ ਅਤਿਵਾਦ ਵਿਰੋਧੀ ਵਿਸ਼ੇਸ਼ ਦਸਤੇ ਬਾਰੇ ਵਿਭਾਗ ਦੇ ਡਾਇਰੈਕਟਰ ਕਮਿਸ਼ਨਰ ਮੁਹੰਮਦ ਫੂਜ਼ੀ ਹਾਰੂਨ ਨੇ ਕਿਹਾ ਸੀ, "ਮੈਂ ਇਸ ਗੱਲ ਦੀ ਪੁਸ਼ਟੀ ਕਰਦਾ ਹਾਂ ਕਿ ਇੱਥੇ ਕੇ.ਐਲ. ਐਫ. ਦਾ ਕੋਈ ਅੱਡਾ ਨਹੀਂ।" ਉਨ੍ਹਾਂ ਕਿਹਾ ਕਿ ਅਤਿਵਾਦੀਆਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖਣ ਲਈ ਮਲੇਸ਼ੀਆ ਦੀ ਪੁਲਿਸ ਨੇ ਹੋਰ ਮੁਲਕਾਂ ਦੀ ਪੁਲਿਸ ਨਾਲ ਪੂਰਾ ਤਾਲਮੇਲ ਬਿਠਾਇਆ ਹੋਇਆ ਹੈ।

ਮਲੇਸ਼ੀਆ ਵਲੋਂ ਇਹ ਪ੍ਰਤੀਕਰਮ ਕੁਝ ਅਖ਼ਬਾਰਾਂ ਵਿਚ ਮਲੇਸ਼ੀਆ ਵਿਚ ਕੇ ਐਲ ਐਫ ਦਾ ਅੱਡਾ ਹੋਣ ਦੀਆਂ ਖ਼ਬਰਾਂ ਆਉਣ 'ਤੇ ਆਇਆ ਸੀ। ਖ਼ਬਰਾਂ ਵਿਚ ਕਿਹਾ ਗਿਆ ਸੀ, "ਪੰਜਾਬ ਪੁਲਿਸ ਮੁਤਾਬਕ ਕੁਆਲਾਲੰਪੁਰ ਵਿਚ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਘੱਟੋ-ਘੱਟ ਚਾਰ ਮੈਂਬਰ ਲੁਕੇ ਹੋਏ ਹਨ। ਇਹ ਜਾਣਕਾਰੀ ਪਟਿਆਲਾ ਜ਼ਿਲ੍ਹੇ ਵਿਚੋਂ ਗ੍ਰਿਫਤਾਰ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਇਕ ਖਾੜਕੂ ਤੋਂ ਪੁੱਛਗਿੱਛ ਦੇ ਆਧਾਰ 'ਤੇ ਹਾਸਲ ਹੋਈ ਦੱਸੀ ਜਾਂਦੀ ਹੈ। ਖੁਫੀਆ ਰਿਪੋਰਟਾਂ ਮੁਤਾਬਕ ਗ੍ਰਿਫਤਾਰ ਕੀਤਾ ਗਿਆ ਨੌਜਵਾਨ ਪੰਜਾਬ ਵਿਚ ਕਈ ਥਾਵਾਂ 'ਤੇ ਬੰਬ ਰੱਖਣ ਦੀਆਂ ਘਟਨਾਵਾਂ ਤੋਂ ਬਾਅਦ ਮਲੇਸ਼ੀਆ ਚਲਾ ਗਿਆ ਸੀ ਅਤੇ ਉਥੇ ਇਕ ਸਾਲ ਤੱਕ ਰਿਹਾ।"

ਪਰ ਮਲੇਸ਼ੀਆ ਦੀ ਪੁਲਿਸ ਨੇ ਪੰਜਾਬ ਪੁਲਿਸ ਦੇ ਉਸ ਦਾਅਵੇ ਨੂੰ ਖਾਰਜ ਕਰ ਦਿੱਤਾ ਸੀ ਕਿ ਖਾਲਿਸਤਾਨ ਲਿਬਰੇਸ਼ਨ ਫੋਰਸ ਕੁਆਲਾਲੰਪਰ ਨੂੰ ਆਧਾਰ ਬਣਾ ਕੇ ਆਪਣੀਆਂ ਗਤੀਵਿਧੀਆਂ ਚਲਾਉਂਦੀ ਹੈ। ਮਲੇਸ਼ੀਆ ਪੁਲਿਸ ਦੇ ਇਕ ਉਚ ਅਧਿਕਾਰੀ ਨੇ ਕਿਹਾ ਸੀ ਕਿ ਪੰਜਾਬ ਪੁਲਿਸ ਦੇ ਦਾਅਵੇ ਵਿਚ ਰੱਤੀ ਭਰ ਵੀ ਸਚਾਈ ਨਹੀਂ ਅਤੇ ਨਾ ਹੀ ਪੰਜਾਬ ਪੁਲਿਸ ਨੇ ਆਪਣੇ ਦਾਅਵੇ ਦੇ ਸਮਰਥਨ ਵਿਚ ਕੋਈ ਸਬੂਤ ਦਿੱਤਾ ਹੈ। ਇਸ ਦੌਰਾਨ ਹੀ ਬੀਤੀ 30 ਜੁਲਾਈ ਨੂੰ ਮਲੇਸ਼ੀਆ ਦੇ ਗ੍ਰਹਿ ਮੰਤਰੀ ਨੇ ਵੀ ਕਿਹਾ ਕਿ ਜ਼ਰੂਰੀ ਨਹੀਂ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਖਾੜਕੂ ਉਨ੍ਹਾਂ ਦੇ ਦੇਸ਼ 'ਚ ਹੋਣ। ਗ੍ਰਹਿ ਮੰਤਰੀ ਹਿਸ਼ਮੁਦੀਨ ਹੁਸੈਨੀ ਨੇ ਕਿਹਾ ਸੀ, "ਅਸੀਂ ਮਲੇਸ਼ੀਆ ਵਿਚ ਸਾਰੀਆਂ ਅਤਿਵਾਦੀ ਜਥੇਬੰਦੀਆਂ 'ਤੇ ਨਜ਼ਰ ਰੱਖਦੇ ਹਾਂ। ਇਸ ਬਾਰੇ ਅਸੀਂ ਭਾਰਤੀ ਅਧਿਕਾਰੀਆਂ ਅਤੇ ਇੰਟਰਪੋਲ ਤੋਂ ਜ਼ਰੂਰੀ ਜਾਣਕਾਰੀ ਦੀ ਉਡੀਕ ਕਰ ਰਹੇ ਹਾਂ।" ਉਨ੍ਹਾਂ ਕਿਹਾ, "ਮਲੇਸ਼ੀਆ ਆਵਾਜਾਈ ਦਾ ਰਾਹ ਹੋ ਸਕਦਾ ਹੈ ਅਤੇ ਸੰਭਾਵਿਤ ਤੌਰ 'ਤੇ ਮੰਜ਼ਿਲ ਵੀ, ਪਰ ਮੈਂ ਇਸ ਸਮੇਂ ਕੋਈ ਵੇਰਵਾ ਦੇਣ ਦੀ ਸਥਿਤੀ ਵਿਚ ਨਹੀਂ ਹਾਂ।"

ਇਸ ਦੇ ਨਾਲ ਹੀ ਮਲੇਸ਼ੀਆ ਦੀ ਗੁਰਦਵਾਰਾ ਕੌਂਸਲ ਦੇ ਪ੍ਰਧਾਨ ਹਰਚਰਨ ਸਿੰਘ ਨੇ ਕਿਹਾ ਸੀ ਕਿ ਪੰਜਾਬ ਪੁਲਿਸ ਮਲੇਸ਼ੀਆ ਵਿਚ ਖਾੜਕੂਆਂ ਦੀ ਮੌਜੂਦਗੀ ਬਾਰੇ ਸਬੂਤ ਪੇਸ਼ ਕਰੇ ਕਿਉਂਕਿ ਉਨ੍ਹਾਂ ਨੂੰ ਅਜਿਹਾ ਲਗਦਾ ਹੈ ਕਿ ਉਸ ਦੇ ਦਾਅਵੇ ਨਾਲ ਸਿੱਖਾਂ ਅਤੇ ਦੇਸ਼ ਦੇ ਅਕਸ ਨੂੰ ਨੁਕਸਾਨ ਪਹੁੰਚ ਸਕਦਾ ਹੈ। ਉਨ੍ਹਾਂ ਕਿਹਾ ਕਿ ਕੌਂਸਲ ਨੂੰ ਇਸ ਗੱਲ ਦਾ ਭਰੋਸਾ ਹੈ ਕਿ ਕੋਈ ਜਥੇਬੰਦੀ ਇਥੋਂ ਗਤੀਵਿਧੀਆਂ ਨਹੀਂ ਚਲਾ ਰਹੀ।

# ਮਲੇਸ਼ੀਆ ਵਲੋਂ ਭਾਰਤੀਆਂ ਲਈ 'ਪਹੁੰਚ ਵੀਜ਼ਾ ਪ੍ਰਣਾਲੀ' ਰੱਦ

ਕੁਆਲਾਲੰਪਰ: ਮਲੇਸ਼ੀਆ ਵਿਚ 40 ਹਜ਼ਾਰ ਭਾਰਤੀਆਂ ਦੇ ਲਾਪਤਾ ਹੋਣ ਅਤੇ ਉਨ੍ਹਾਂ 'ਤੇ ਮਲੇਸ਼ੀਆਈ ਵੀਜ਼ੇ ਦੀ ਦੁਰਵਰਤੋਂ ਕਰਨ ਦਾ ਦੋਸ਼ ਲਗਾਉਂਦਿਆਂ ਬੀਤੀ 3 ਅਗਸਤ ਨੂੰ ਇੱਥੋਂ ਦੀ ਸਰਕਾਰ ਨੇ ਪਹੁੰਚ ਵੀਜ਼ਾ ਪ੍ਰਣਾਲੀ (ਵੀਓਏ-ਵੀਜ਼ਾ ਆਨ ਅਰਾਈਵਲ) ਰੱਦ ਕਰ ਦਿੱਤੀ ਹੈ। ਮਲੇਸ਼ੀਆ ਸਰਕਾਰ ਦੀ ਇਸ ਕਾਰਵਾਈ ਨਾਲ ਭਾਰਤ ਨੂੰ ਵੱਡਾ ਝਟਕਾ ਲੱਗਿਆ ਹੈ। ਦੱਸਣਾ ਬਣਦਾ ਹੈ ਕਿ ਮਲੇਸ਼ੀਆ ਵਲੋਂ 8 ਦੱਖਣੀ ਏਸ਼ੀਆਈ ਦੇਸ਼ਾਂ ਤੇ ਚੀਨ ਦੇ ਲੋਕਾਂ ਨੂੰ ਪਹੁੰਚ ਵੀਜ਼ਾ ਪ੍ਰਣਾਲੀ ਦੀ ਸਹੂਲਤ ਦਿੱਤੀ ਗਈ ਸੀ।

ਜ਼ਿਕਰਯੋਗ ਹੈ ਕਿ ਮਲੇਸ਼ੀਆ ਸਰਕਾਰ ਵਲੋਂ ਪ੍ਰਦਾਨ ਕੀਤੀ ਗਈ ਇਸ ਸਹੂਲਤ ਤਹਿਤ ਬਿਨਾਂ ਵੀਜ਼ੇ ਤੋਂ ਮਲੇਸ਼ੀਆ ਪਹੁੰਚੇ ਵਿਅਕਤੀ ਨੂੰ ਉਥੇ ਹੀ ਵੀਜ਼ਾ ਦਿੱਤਾ ਜਾ ਸਕਦਾ ਹੈ। ਇਸ ਫੈਸਲੇ ਸਬੰਧੀ ਜਾਣਕਾਰੀ ਦਿੰਦਿਆਂ ਮਲੇਸ਼ੀਆ ਦੇ ਡਿਪਟੀ ਪ੍ਰਧਾਨ ਮੰਤਰੀ ਮੁਹਾਈਦੀਨ ਯਾਸ਼ੀਨ ਨੇ ਕਿਹਾ ਕਿ ਸਰਕਾਰ ਵਲੋਂ ਦਿੱਤੀ ਗਈ ਸਹੂਲਤ ਦੀ ਭਾਰਤੀਆਂ ਵਲੋਂ ਬੇਹੱਦ ਦੁਰਵਰਤੋਂ ਕੀਤੀ ਜਾ ਰਹੀ ਹੈ ਤੇ ਇਸੇ ਕਾਰਨ ਅਸੀਂ ਫੈਸਲਾ ਲਿਆ ਹੈ ਕਿ ਫਿਲਹਾਲ ਇਹ ਸਹੂਲਤ ਭਾਰਤ ਨੂੰ ਦੇਣੀ ਬੰਦ ਕਰ ਦਿੱਤੀ ਜਾਵੇ।

## ਪਾਕਿਸਤਾਨ ਦੇ ਸਿੰਧ ਸੂਬੇ 'ਚ ਹਿੰਸਾ, 46 ਮੌਤਾਂ

**ਕਰਾਚੀ:** ਪਾਕਿਸਤਾਨ ਦੇ ਸਿੰਧ ਸੂਬੇ ਵਿਚ ਸੱਤਾਧਾਰੀ ਪਾਰਟੀ ਮੁਤਾਹਿਦਾ ਕੌਮੀ ਮੂਵਮੈਂਟ (ਐਮ ਕਿਊ ਐਮ) ਦੇ ਇਕ ਵਿਧਾਇਕ ਦੀ ਹੱਤਿਆ ਤੋਂ ਬਾਅਦ ਸੋਮਵਾਰ ਰਾਤ ਕਰਾਚੀ ਤੇ ਨੇੜਲੇ ਇਲਾਕਿਆਂ 'ਚ ਭੜਕੇ ਦੰਗਿਆਂ ਦੌਰਾਨ 46 ਵਿਅਕਤੀਆਂ ਦੀ ਮੌਤ ਹੋ ਗਈ ਅਤੇ 123 ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਦੇਰ ਰਾਤ ਮੋਟਰਸਾਈਕਲ ਸਵਾਰ ਕੁਝ ਅਣਪਛਾਤੇ ਬੰਦੂਕਧਾਰੀਆਂ ਨੇ ਐਮਕਿਊਐਮ ਦੇ ਸੀਨੀਅਰ ਆਗੂ ਤੇ ਵਿਧਾਇਕ ਸਈਦ ਰਜ਼ਾ ਹੈਦਰ ਤੇ ਉਨ੍ਹਾਂ ਦੇ ਸੁਰੱਖਿਆ ਗਾਰਡ ਅਤੇ ਇਕ ਪਾਰਟੀ ਵਰਕਰ ਦੀ ਹੱਤਿਆ ਕਰ ਦਿੱਤੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਰਾਸ਼ਟਰਮੰਡਲ ਖੇਡਾਂ ਦੇ ਉਸਾਰੀ ਕਾਰਜਾਂ ਵਿਚ ਧਾਂਦਲੀਆਂ ਦੇ ਕਿੱਸੇ

## ਵਿਜੀਲੈਂਸ ਕਮਿਸ਼ਨ ਵਲੋਂ ਸੀ.ਬੀ.ਆਈ. ਨੂੰ ਕੇਸ ਦਰਜ ਕਰਨ ਦੀ ਸਿਫਾਰਸ਼

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਰਾਸ਼ਟਰਮੰਡਲ ਖੇਡਾਂ ਸ਼ੁਰੂ ਹੋਣ 'ਚ ਕੁਝ ਦਿਨ ਹੀ ਬਾਕੀ ਰਹਿ ਗਏ ਹਨ ਪਰ ਇਨ੍ਹਾਂ ਬਾਰੇ ਇਕ ਤੋਂ ਬਾਅਦ ਇਕ ਵਿਵਾਦ ਪੈਦਾ ਹੋਣ ਕਾਰਨ ਇਨ੍ਹਾਂ ਦੀ ਸਫਲਤਾ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਪਹਿਲਾਂ ਅਧੂਰੇ ਨਿਰਮਾਣ ਕਾਰਜਾਂ ਕਰਕੇ ਖੇਡ ਮੰਤਰਾਲੇ ਦੀ ਆਲੋਚਨਾ ਚੱਲ ਰਹੀ ਹੈ ਪਰ ਹੁਣ ਭ੍ਰਿਸ਼ਟਾਚਾਰ ਦੀਆਂ ਪਰਤਾਂ ਖੁੱਲਣ ਨਾਲ ਹੜਕੰਪ ਮਚ ਗਿਆ ਹੈ। ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਨਿਰਮਾਣ ਕਾਰਜਾਂ ਦੇ ਪ੍ਰਾਜੈਕਟਾਂ ਦੇ ਟੈਂਡਰ ਘੱਟ ਮੁੱਲ 'ਤੇ ਚਹੇਤੇ ਠੇਕੇਦਾਰਾਂ ਨੂੰ ਦਿੱਤੇ ਗਏ ਹਨ ਜਿਸ ਨਾਲ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗਾ ਹੈ।

ਕੇਂਦਰੀ ਵਿਜੀਲੈਂਸ ਕਮਿਸ਼ਨ ਨੇ ਸੀ.ਬੀ.ਆਈ. ਨੂੰ ਰਾਸ਼ਟਰਮੰਡਲ ਖੇਡਾਂ ਦੀ ਤਿਆਰੀ ਲਈ ਜਾਰੀ ਕੀਤੇ ਕਰੋੜਾਂ ਰੁਪਏ ਦੇ ਟੈਂਡਰਾਂ ਵਿਚ ਧਾਂਦਲੀਆਂ ਸਬੰਧੀ ਮਿਊਂਸਪਲ ਕਾਰਪੋਰੇਸ਼ਨ ਦਿੱਲੀ (ਐਮ.ਸੀ.ਡੀ.) ਦੇ ਅਧਿਕਾਰੀਆਂ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕਰਨ ਦੀ ਹਦਾਇਤ ਦਿੱਤੀ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਸਭ ਤੋਂ ਘੱਟ ਕੀਮਤ ਲਾ ਕੇ ਟੈਂਡਰ ਹਾਸਲ ਕਰਨ ਵਾਲੇ ਠੇਕਦਾਰ ਨੂੰ ਬਾਅਦ 'ਚ ਅੰਕੜੇ ਬਦਲਣ ਦੀ ਆਗਿਆ ਦਿੱਤੀ ਗਈ ਤਾਂ ਜੋ ਉਹ ਜ਼ਿਆਦਾ ਮੁਨਾਫ਼ਾ ਕਮਾ ਸਕੇ। ਦੱਸਿਆ ਜਾ ਰਿਹਾ ਹੈ ਕਿ ਠੇਕੇਦਾਰਾਂ ਨੂੰ ਇਸ ਤਰ੍ਹਾਂ ਕੋਈ 20 ਕਰੋੜ ਦਾ ਲਾਭ ਪਹੁੰਚਾਇਆ ਗਿਆ। ਇਸ ਦੇ ਨਾਲ ਹੀ ਵਿਜੀਲੈਂਸ ਕਮਿਸ਼ਨ ਨੇ 16 ਪ੍ਰਾਜੈਕਟਾਂ ਦੇ ਸਾਰੇ ਟੈਂਡਰਾਂ ਦੀ ਨਵੇਂ ਸਿਰੇ ਤੋਂ ਜਾਂਚ ਕਰਨ ਦੀ ਸਿਫ਼ਾਰਸ਼ ਕੀਤੀ ਹੈ ਤਾਂ ਜੋ ਅਸਲੀਅਤ ਸਾਹਮਣੇ ਆ ਸਕੇ। ਜ਼ਿਕਰਯੋਗ ਹੈ ਕਿ ਰਾਸ਼ਟਰਮੰਡਲ ਖੇਡਾਂ ਲਈ ਬੁਨਿਆਦੀ ਢਾਂਚਾ ਉਸਾਰਨ ਲਈ 24 ਫਲਾਈਓਵਰ, 3 ਸਟੇਡੀਅਮਾਂ ਤੋਂ ਇਲਾਵਾ 1000 ਬੱਸਾਂ ਦੀ ਪਾਰਕਿੰਗ ਸਣੇ ਕਈ ਉਸਾਰੀ ਦੇ ਕੰਮ ਕੀਤੇ ਗਏ ਹਨ।




ਇਸ ਦੇ ਨਾਲ ਹੀ ਇਹ ਵੀ ਚਰਚਾ ਹੈ ਕਿ ਰਾਸ਼ਟਰਮੰਡਲ ਖੇਡਾਂ ਦੇ ਪ੍ਰਬੰਧਾਂ 'ਚ ਭ੍ਰਿਸ਼ਟਾਚਾਰ ਦੀਆਂ ਤਾਰਾਂ ਬਰਤਾਨੀਆ ਨਾਲ ਵੀ ਜੁੜੀਆਂ ਹਨ। ਬਰਤਾਨੀਆ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਵੀ ਸ਼ੁਰੂ ਕਰ ਦਿੱਤੀ ਹੈ। ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕ ਕਮੇਟੀ ਨੇ ਲੰਦਨ ਦੀ ਇਕ ਕੰਪਨੀ ਨੂੰ ਕਥਿਤ ਰੂਪ 'ਚ ਕਰੋੜਾਂ ਰੁਪਏ ਦਾ ਭੁਗਤਾਨ ਕਰ ਦਿੱਤਾ ਜਿਸ ਦੇ ਦਫ਼ਤਰ ਦਾ ਕੋਈ ਠਿਕਾਣਾ ਨਹੀਂ ਹੈ। ਇਸ ਮਾਮਲੇ 'ਚ ਬਰਤਾਨੀਆ ਦੇ ਆਮਦਨ ਕਰ ਅਧਿਕਾਰੀਆਂ ਨੇ 7 ਜੂਨ ਨੂੰ ਲੰਦਨ ਸਥਿਤ ਭਾਰਤੀ ਹਾਈ ਕਮਿਸ਼ਨਰ ਨੂੰ ਜਾਣਕਾਰੀ ਦਿੱਤੀ ਸੀ। ਭਾਰਤੀ ਹਾਈ ਕਮਿਸ਼ਨਰ ਨੇ 18 ਜੂਨ ਨੂੰ ਭਾਰਤ ਦੇ ਖੇਡ ਮੰਤਰਾਲੇ ਨੂੰ ਵੀ ਇਸ ਸਬੰਧੀ ਜਾਣਕਾਰੀ ਦਿੱਤੀ ਸੀ।

ਸੂਤਰਾਂ ਅਨੁਸਾਰ ਸੀ.ਡਬਲਿਊ.ਜੀ. ਦੀ ਪ੍ਰਬੰਧਕ ਕਮੇਟੀ ਨੇ ਰਾਇਲ ਬੈਂਕ ਆਫ਼ ਸਕਾਟਲੈਂਡ ਦੇ ਰਾਹੀ ਲੰਦਨ ਦੀ ਇਕ ਕੰਪਨੀ ਏ.ਐਮ. ਫਿਲਮਸ ਯੂ.ਕੇ. ਲਿਮਟਿਡ ਨੂੰ ਤਕਰੀਬਨ ਸਾਢੇ ਤਿੰਨ ਕਰੋੜ ਰੁਪਏ ਦਾ ਭੁਗਤਾਨ ਕੀਤਾ ਸੀ। ਪੈਸਾ ਮਿਲਣ ਦੇ ਬਾਅਦ ਤੋਂ ਹੀ ਇਸ ਕੰਪਨੀ ਦਾ ਕੋਈ ਸੂਰਾਗ ਨਹੀਂ ਹੈ। ਇਸ ਦੇ ਨਿਰਦੇਸ਼ਕ ਨੇ ਵੀ ਅਸਤੀਫ਼ਾ ਦੇ ਦਿੱਤਾ ਹੈ। ਭਾਰਤ ਵੱਲੋਂ ਇਸ ਮਾਮਲੇ ਦੀ 21 ਜੁਲਾਈ ਤੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਦੂਜੇ ਪਾਸੇ ਖੇਡਾਂ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸੁਰੇਸ਼ ਕਲਮਾਡੀ ਨੇ ਆਖਿਆ ਹੈ ਕਿ ਬਰਤਾਨਵੀ ਕੰਪਨੀ ਦੀ ਸਿਫ਼ਾਰਸ਼ ਭਾਰਤੀ ਸਫ਼ਾਰਤਖ਼ਾਨੇ ਨੇ ਹੀ ਕੀਤੀ ਸੀ ਜਦਕਿ ਭਾਰਤੀ ਸਫ਼ਾਰਤਖ਼ਾਨੇ ਨੇ ਕੰਪਨੀ ਦੀ ਸਿਫ਼ਾਰਸ਼ ਕਰਨ ਦੇ ਦਾਅਵੇ ਦਾ ਖੰਡਨ ਕੀਤਾ ਹੈ। ਸਫ਼ਾਰਤਖ਼ਾਨੇ ਨੇ ਨਿਗੂਣੀ ਪਛਾਣ ਵਾਲੀ ਬ੍ਰਿਟਿਸ਼ ਕੰਪਨੀ ਏ.ਐਮ. ਕਾਰ ਐਂਡ ਵੈਨ ਕੰਪਨੀ ਦੀ ਸਿਫ਼ਾਰਸ਼ ਤੋਂ ਇਨਕਾਰ ਕੀਤਾ ਹੈ ਜਿਸ ਉਪਰ ਕਥਿਤ ਤੌਰ 'ਤੇ ਲੰਡਨ ਵਿਚ ਕਵੀਨਜ਼ ਬੈਟਨ ਰਿਲੇਅ ਦੌਰਾਨ ਅਪਣੀਆਂ ਸੇਵਾਵਾਂ ਦੇਣ ਲਈ ਲੱਖਾਂ ਪੌਂਡ ਦੀ ਰਕਮ ਲੈਣ ਦਾ ਦੋਸ਼ ਹੈ।

ਕਲਮਾਡੀ ਨੇ ਸਫ਼ਾਰਤਖ਼ਾਨੇ ਦੇ ਇਨਕਾਰ ਦੇ ਦਾਅਵੇ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਸਿਫ਼ਾਰਸ਼ ਭਾਰਤੀ ਸਫ਼ਾਰਤਖ਼ਾਨੇ ਦੇ ਅਧਿਕਾਰੀ ਰਾਜੂ ਸੈਬਸਟੀਅਨ ਵਲੋਂ ਆਈ ਸੀ। ਹਾਲਾਂਕਿ ਮੀਡੀਆ ਰੀਪੋਰਟਾਂ ਅਨੁਸਾਰ ਕਮਿਸ਼ਨ ਵਲੋਂ ਕੋਈ ਸਿਫ਼ਾਰਸ਼ ਕਰਨ ਲਈ ਰਾਜੂ ਕਾਫ਼ੀ ਜੂਨੀਅਰ ਅਧਿਕਾਰੀ ਹਨ। ਕਲਮਾਡੀ ਨੇ ਕਿਹਾ ਕਿ ਅਸੀਂ ਭਾਰਤੀ ਸਫ਼ਾਰਤਖ਼ਾਨੇ ਦੇ ਪਹਿਲੇ ਸਕੱਤਰ ਵਿਕਰਾਂਤ ਰਤਨ ਨੂੰ ਆਵਾਜਾਈ, ਰਿਹਾਇਸ਼ ਤੇ ਹੋਰ ਸੇਵਾਵਾਂ ਲਈ ਪ੍ਰਵਾਨਤ ਦਰਾਂ 'ਤੇ ਏਜੰਸੀਆਂ ਦੀ ਸੂਚੀ ਦੇਣ ਲਈ ਕਿਹਾ ਸੀ। ਇਸ ਦੇ ਜਵਾਬ ਵਿਚ ਸਫ਼ਾਰਤਖ਼ਾਨੇ ਦੇ ਰਾਜੂ ਸੈਬਸਟੀਅਨ ਨੇ ਵਿਕਰਾਂਤ ਰਤਨ ਨੂੰ ਭੇਜੀ ਗਈ ਸਾਡੀ ਈ-ਮੇਲ ਦਾ ਹਵਾਲਾ ਦਿੰਦਿਆਂ ਆਵਾਜਾਈ ਲਈ ਏ.ਐਮ. ਕਾਰ ਐਂਡ ਵੈਨ ਕੰਪਨੀ ਦੇ ਨਾਂ ਬਾਰੇ ਦੱਸਿਆ ਸੀ। ਕਲਮਾਡੀ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਕੰਪਨੀ ਲਈ ਦਰਾਂ ਵੀ ਸਫ਼ਾਰਤਖ਼ਾਨੇ ਨੇ ਹੀ ਤੈਅ ਕੀਤੀਆਂ ਸਨ।

ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਐਸ. ਜੈਪਾਲ ਰੈਡੀ ਨੇ ਕੇਂਦਰੀ ਵਿਜੀਲੈਂਸ ਕਮਿਸ਼ਨ ਦੀ ਰੀਪੋਰਟ 'ਤੇ ਕਾਰਵਾਈ ਕਰਨ ਦਾ ਵਾਅਦਾ ਕਰਦਿਆਂ ਕਿਹਾ ਕਿ ਕੋਈ ਵੀ ਦੋਸ਼ੀ ਪਾਇਆ ਗਿਆ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਕੇਂਦਰੀ ਵਿਜੀਲੈਂਸ ਕਮਿਸ਼ਨ ਨੇ ਰਾਸ਼ਟਰਮੰਡਲ ਖੇਡਾਂ ਲਈ ਸਟੇਡੀਅਮਾਂ ਦੇ ਨਿਰਮਾਣ ਵਿਚ ਵੱਡੇ ਪੱਧਰ ਦੇ ਭ੍ਰਿਸ਼ਟਾਚਾਰ ਦੀ ਰਿਪੋਰਟ ਦਿੱਤੀ ਸੀ। ਸ੍ਰੀ ਰੈਡੀ ਮੰਤਰੀਆਂ ਦੀ ਉਸ ਕਮੇਟੀ ਦੀ ਅਗਵਾਈ ਕਰ ਰਹੇ ਹਨ ਜੋ ਖੇਡਾਂ ਦੀਆਂ ਤਿਆਰੀਆਂ ਦੀ ਨਿਗਰਾਨੀ ਕਰ ਰਹੀ ਹੈ। ਇਸ ਦੇ ਨਾਲ ਹੀ ਆਸਟਰੇਲੀਆ ਦੇ ਰਾਸ਼ਟਰਮੰਡਲ ਖੇਡ ਐਸੋਸੀਏਸ਼ਨ ਦੇ ਪ੍ਰਧਾਨ ਪੈਰੀ ਕ੍ਰਾਸਵਾਈਟ ਨੇ ਕਿਹਾ ਕਿ ਭਾਰਤ ਵਿਚ ਇਹ ਖੇਡਾਂ ਹੁਣ ਸਿਆਸਤ ਦਾ ਅਖਾੜਾ ਬਣ ਗਈਆਂ ਹਨ ਤੇ ਲੋਕ ਭ੍ਰਿਸ਼ਟਾਚਾਰ ਤੇ ਨਿਰਮਾਣ ਕਾਰਜਾਂ ਵਿਚ ਦੇਰੀ ਦੇ ਦੋਸ਼ ਤੇ ਮੋੜਵੇਂ ਦੋਸ਼ ਲਗਾ ਕੇ ਆਪੋ ਅਪਣਾ ਹਿਸਾਬ ਕਿਤਾਬ ਬਰਾਬਰ ਕਰਨ ਦੇ ਯਤਨਾਂ ਵਿਚ ਲਗੇ ਹੋਏ ਹਨ। ਕ੍ਰਾਸਵਾਈਟ ਨੇ ਕਿਹਾ ਹੈ ਕਿ ਮੈਨੂੰ ਇਹ ਸਾਰੇ ਦੋਸ਼ ਸਿਆਸਤ ਤੋਂ ਪ੍ਰੇਰਤ ਲਗ ਰਹੇ ਹਨ। ਉਨ੍ਹਾਂ ਕਿਹਾ ਕਿ ਮੈਨੂੰ ਅਜਿਹਾ ਲਗਦਾ ਹੈ ਕਿ ਸਰਕਾਰ ਤੇ ਹੋਰ ਲੋਕ ਇਕ ਦੂਜੇ 'ਤੇ ਦੋਸ਼ ਲਗਾ ਕੇ ਅਪਣਾ ਉਲੂ ਸਿੱਧਾ ਕਰਨ ਦੀ ਤਲਾਸ਼ ਵਿਚ ਹਨ।

## ਅਧਿਕਾਰੀਆਂ ਨੂੰ ਤੁਰੰਤ ਬਰਖ਼ਾਸਤ ਕਰਨ ਦਾ ਹੁਕਮ

**ਨਵੀਂ ਦਿੱਲੀ:** ਰਾਸ਼ਟਰਮੰਡਲ ਖੇਡਾਂ ਦੀਆਂ ਤਿਆਰੀਆਂ ਵਿਚ ਭ੍ਰਿਸ਼ਟਾਚਾਰ ਦੀਆਂ ਰਿਪੋਰਟਾਂ ਉਪਰ ਚਿੰਤਾ ਪ੍ਰਗਟ ਕਰਦਿਆਂ ਖੇਡ ਮੰਤਰਾਲੇ ਨੇ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਸੁਰੇਸ਼ ਕਲਮਾਡੀ ਨੂੰ ਕਿਹਾ ਹੈ ਕਿ ਉਲੰਪਿਕ ਕਮੇਟੀ ਦੇ ਸੰਯੁਕਤ ਮੁਖੀ ਟੀ.ਐਸ. ਦਰਬਾਰੀ ਤੇ ਉਪ ਮੁੱਖੀ ਸੰਜੇ ਮੋਹਿੰਦਰੂ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ। ਇਹ ਦੋਵੇਂ ਅਧਿਕਾਰੀ ਕਲਮਾਡੀ ਦੇ ਬੇਹੱਦ ਨਜ਼ਦੀਕੀ ਸਮਝੇ ਜਾਂਦੇ ਹਨ। ਇਸੇ ਦੌਰਾਨ ਸੁਰੇਸ਼ ਕਲਮਾਦੀ ਨੇ ਯੂ.ਕੇ. ਦੀ ਕੰਪਨੀ ਏ.ਐਮ. ਫਿਲਮਜ਼ ਨੂੰ ਕੀਤੇ ਭੁਗਤਾਨ ਦੇ ਮਾਮਲੇ ਦੀ ਜਾਂਚ ਲਈ ਇਕ 3 ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ।

ਕਮੇਟੀ ਦੇ ਗਠਨ ਦਾ ਫੈਸਲਾ ਕਲਮਾਡੀ ਨੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨਾਲ ਮੀਟਿੰਗ ਤੋਂ ਬਾਅਦ ਲਿਆ। ਇਸ ਤਿੰਨ ਮੈਂਬਰੀ ਕਮੇਟੀ ਵਿਚ ਉਲੰਪਿਕ ਕਮੇਟੀ ਦੇ ਮੁੱਖ ਅਧਿਕਾਰੀ ਜਰਨੈਲ ਸਿੰਘ ਤੋਂ ਇਲਾਵਾ ਵਿਸ਼ੇਸ਼ ਮੁਖੀ ਵਿੱਤ ਜੀ.ਸੀ ਚਤਰਵੇਦੀ ਤੇ ਮੁੱਖ ਵਿਜੀਲੈਂਸ ਅਧਿਕਾਰੀ ਗੁਰਜੋਤ ਕੌਰ ਸ਼ਾਮਲ ਹਨ। ਖੇਡ ਮੰਤਰੀ ਐਮ.ਐਸ. ਗਿੱਲ ਨੇ ਕਿਹਾ ਹੈ ਕਿ ਸਰਕਾਰ ਰਾਸ਼ਟਰ ਮੰਡਲ ਖੇਡਾਂ ਦੀ ਤਿਆਰੀ ਵਿਚ ਭ੍ਰਿਸ਼ਟਾਚਾਰ ਦੀਆਂ ਰਿਪੋਰਟਾਂ ਪ੍ਰਤੀ ਗੰਭੀਰ ਹੈ। ਉਨ੍ਹਾਂ ਕਿਹਾ ਕਿ ਜੇਕਰ ਰਾਸ਼ਟਰ ਮੰਡਲ ਖੇਡਾਂ ਦੀ ਸਮਾਪਤੀ ਉਪਰੰਤ ਵੀ ਭ੍ਰਿਸ਼ਟਾਚਾਰ ਦਾ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਸਰਕਾਰ ਦੋਸ਼ਾਂ ਦੀ ਜਾਂਚ ਕਰੇਗੀ।

## ਨਿਸ਼ਾਨੇਬਾਜ਼ ਗਗਨ ਨਾਰੰਗ ਵਲੋਂ ਲੰਡਨ ਉਲੰਪਿਕ ਲਈ ਕੁਆਲੀਫ਼ਾਈ

**ਨਵੀਂ ਦਿੱਲੀ:** ਨਿਸ਼ਾਨੇਬਾਜ਼ ਗਗਨ ਨਾਰੰਗ ਨੇ ਮਿਊਨਖ਼ (ਜਰਮਨੀ) ਵਿਚ ਆਲਮੀ ਚੈਂਪੀਅਨਸ਼ਿਪ ਦੌਰਾਨ 10 ਮੀਟਰ ਏਅਰ ਰਾਈਫ਼ਲ ਮੁਕਾਬਲੇ ਵਿਚ ਕਾਂਸੀ ਦਾ ਤਮਗ਼ਾ ਜਿੱਤ ਲਿਆ ਤੇ ਇਸ ਤਰ੍ਹਾਂ ਉਹ ਲੰਡਨ ਉਲੰਪਿਕ ਲਈ ਕੁਆਲੀਫ਼ਾਈ ਕਰਨ ਵਾਲਾ ਪਹਿਲਾ ਭਾਰਤੀ ਬਣ ਗਿਆ। ਦੁਨੀਆਂ ਦੇ ਦੂਜੇ ਨੰਬਰ ਦੇ ਖਿਡਾਰੀ ਨਾਰੰਗ ਨੇ 699 ਅੰਕ ਹਾਸਲ ਕੀਤੇ।

ਉਲੰਪਿਕ ਚੈਂਪੀਅਨ ਅਭਿਨਵ ਬਿੰਦਰਾ ਫ਼ਾਈਨਲ ਰਾਊਂਡ ਵਿਚ ਵੀ ਨਹੀਂ ਪਹੁੰਚ ਸਕਿਆ ਤੇ 25ਵੇਂ ਸਥਾਨ 'ਤੇ ਰਿਹਾ। ਸੋਨ ਤਮਗ਼ਾ ਇਟਲੀ ਦੇ ਨਿਕੋਲੋ ਤੇ ਚਾਂਦੀ ਦਾ ਹੰਗਰੀ ਦੇ ਪੀਟਰ ਨੂੰ ਮਿਲਿਆ। ਕਾਮਨਵੈਲਥ ਖੇਡਾਂ ਦੌਰਾਨ ਹੁਣ ਗਗਨ ਨਾਰੰਗ ਤੋਂ ਵੱਡੀਆਂ ਉਮੀਦਾਂ ਹਨ।

ਬੇ-ਏਰੀਆ ਕਾਲਜ ਆਫ ਨਰਸਿੰਗ
...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* ਹੋਰ ਤੇ ਹੋਰ, ਆਉਂਦੀਆਂ ਸਰਦੀਆਂ ਨੂੰ 8 ਮਹੀਨਿਆਂ ਵਿਚ RN ਦਾ ਕੋਰਸ ਵੀ ਕਰੋ।



ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜ਼ੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

3 Locations in Bay Area:
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਪਾਲੋ ਆਲਟੋ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।

www.bayareacollege.net

Real Estate & Loans Under One Roof
Call:Sam Chahal Tel: 916-612-5773
For Buying and Selling Residential, Commercial property and for Loans in Sacramento area
Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist
*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty
Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਪਹਿਲਾ ਸ਼ਿਵ ਯਾਦਗਾਰੀ ਐਵਾਰਡ ਅਰੁਣਾ ਬਟਾਲਵੀ ਨੂੰ ਮਿਲਿਆ

**ਬਟਾਲਾ:** ਸ਼ਿਵ ਕੁਮਾਰ ਬਟਾਲਵੀ ਦੇ 75ਵੇਂ ਜਨਮ ਦਿਨ ਮੌਕੇ ਸ਼ਹਿਰ 'ਚ ਕਰਵਾਏ ਜਾ ਰਹੇ




ਮੇਲੇ ਦੇ ਦੂਸਰੇ ਦਿਨ ਬੀਤੀ 30 ਜੁਲਾਈ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸ਼ਿਵ ਆਡੀਟੋਰੀਅਮ ਦੀ ਅਤਿ ਖਸਤਾ ਹਾਲਤ ਵੇਖ ਕੇ ਜਿੱਥੇ ਇਸ ਨੂੰ ਮੁਕੰਮਲ ਕਰਨ ਦਾ ਸੰਕਲਪ ਲੈਂਦਿਆਂ, ਇਸ ਮੁਕੱਦਸ ਸਥਾਨ ਨੂੰ ਪੰਜਾਬ ਭਰ ਦੀਆਂ ਸਾਹਿਤਕ ਸਰਗਰਮੀਆਂ ਦਾ ਮੱਕਾ ਬਣਾਉਣ ਦਾ ਐਲਾਨ ਕੀਤਾ, ਉਥੇ ਨਾਲ ਹੀ ਉਨ੍ਹਾਂ ਨੇ ਪੰਜਾਬੀ ਕਵੀਆਂ, ਲਿਖਾਰੀਆਂ ਅਤੇ ਗਾਇਕਾਂ ਨੂੰ ਪੰਜਾਬੀ ਜ਼ੁਬਾਨ ਅਤੇ ਸਾਹਿਤ ਦਾ ਅਨਮੋਲ ਖਜ਼ਾਨਾ ਦਸਦਿਆਂ ਅਤੀਤ ਅਤੇ ਵਰਤਮਾਨ ਦੇ ਗੁਆਚ ਰਹੇ ਪੰਜਾਬੀ ਸਾਹਿਤ ਨੂੰ ਬਚਾਉਣ 'ਤੇ ਵੀ ਜ਼ੋਰ ਦਿੱਤਾ।

ਪਹਿਲੀ ਵਾਰ ਲੋਕ ਸੰਪਰਕ ਵਿਭਾਗ ਵਲੋਂ ਰਾਜ ਪੱਧਰ 'ਤੇ ਮਨਾਏ ਗਏ ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਵਸ ਮੌਕੇ ਪਹੁੰਚੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਸਰਕਾਰ ਵਲੋਂ ਪਹਿਲਾ ਸ਼ਿਵ ਯਾਦਗਾਰੀ ਐਵਾਰਡ ਸ੍ਰੀਮਤੀ ਅਰੁਣਾ ਬਟਾਲਵੀ ਨੂੰ ਦੇਣ ਉਪਰੰਤ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਸ਼ਿਵ ਆਡੀਟੋਰੀਅਮ ਦੀ ਨਾਜ਼ੁਕ ਹਾਲਤ ਵੇਖ ਕੇ ਅੱਜ ਮਨ ਬਹੁਤ ਦੁਖੀ ਹੋਇਆ ਹੈ। ਉਨ੍ਹਾਂ ਦਾ ਸੁਪਨਾ ਹੈ, ਉਹ ਸ਼ਿਵ ਦੀ ਯਾਦਗਾਰ ਨੂੰ ਡੇਢ ਸਾਲ ਦੇ ਅੰਦਰ-ਅੰਦਰ ਮੁਕੰਮਲ ਕਰ ਦੇਣ। ਇਹ ਜਲਦੀ ਮੁਕੰਮਲ ਵੀ ਹੋਵੇਗਾ ਅਤੇ ਸਾਹਿਤਕ ਸਰਗਰਮੀਆਂ ਦਾ ਮੱਕਾ ਵੀ ਬਣੇਗਾ।

ਇਸ ਮੌਕੇ ਉਨ੍ਹਾਂ ਨੇ ਸ਼ਿਵ ਕੁਮਾਰ ਬਟਾਲਵੀ ਦੇ ਪੁੱਤਰ ਮਿਹਰਬਾਨ ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ, ਨੂੰ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੀ ਮੌਜੂਦਗੀ ਵਿਚ ਪ੍ਰੋਫੈਸਰ ਬਣਾਉਣ ਦਾ ਐਲਾਨ ਕੀਤਾ। ਡਾ. ਜਸਪਾਲ ਸਿੰਘ ਨੇ ਸ਼ਿਵ ਬਟਾਲਵੀ ਨੂੰ ਸੰਵੇਦਨਸ਼ੀਲ ਅਤੇ ਉਚ ਕੋਟੀ ਦਾ ਸ਼ਾਇਰ ਦਸਦਿਆਂ ਕਿਹਾ ਕਿ ਸ਼ਿਵ ਬਟਾਲਵੀ ਨੂੰ ਦਰਦ ਅਤੇ ਵਿਛੋੜੇ ਵਾਲੇ ਦਾਇਰੇ 'ਚ ਰੱਖਣਾ ਇਸ ਸਿਖਰ ਦੇ ਸ਼ਾਇਰ ਨਾਲ ਧ੍ਰੋਹ ਹੋਵੇਗਾ।

ਇਸ ਤੋਂ ਪਹਿਲਾਂ ਇਸ ਪ੍ਰੋਗਰਾਮ ਦੇ ਮੁੱਖ ਕੋਆਰਡੀਨੇਟਰ ਲੋਕ ਸੰਪਰਕ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਸੰਬੋਧਨ ਕਰਦਿਆਂ ਸ਼ਿਵ ਆਡੀਟੋਰੀਅਮ ਅਤੇ ਉਨ੍ਹਾਂ ਦੇ ਪਰਿਵਾਰ ਦੀ ਹੋ ਰਹੀ ਅਣਦੇਖੀ ਦਾ ਜ਼ਿਕਰ ਕੀਤਾ। ਉਪ ਮੁੱਖ ਮੰਤਰੀ ਕੋਲ ਸ਼ਿਵ ਆਡੀਟੋਰੀਅਮ ਨੂੰ ਮੁਕੰਮਲ ਕਰਨ ਦੀ ਭਾਵੁਕ ਅਤੇ ਜ਼ੋਰਦਾਰ ਢੰਗ ਨਾਲ ਮੰਗ ਉਠਾਈ ਤੇ ਇਕ ਕਰੋੜ ਰੁਪਏ ਤੋਂ ਵੀ ਜ਼ਿਆਦਾ ਰਾਸ਼ੀ ਲੱਗਣ ਵਾਲਾ ਐਸਟੀਮੇਟ ਉਪ ਮੁੱਖ ਮੰਤਰੀ ਨੂੰ ਸੌਂਪਿਆ। ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਨਿਰਮਲ ਸਿੰਘ ਕਾਹਲੋਂ, ਕੈਬਨਿਟ ਮੰਤਰੀ ਜਥੇਦਾਰ ਸੁੱਚਾ ਸਿੰਘ ਲੰਗਾਹ ਅਤੇ ਭਾਜਪਾ ਵਿਧਾਇਕ ਜਗਦੀਸ਼ ਰਾਜ ਸਾਹਨੀ ਨੇ ਵੀ ਇਸ ਅਧੂਰੇ ਪਏ ਆਡੀਟੋਰੀਅਮ ਨੂੰ ਮੁਕੰਮਲ ਕਰਵਾਉਣ ਲਈ ਖੁੱਲ੍ਹੇ ਮਨ ਨਾਲ ਫੰਡ ਦਿੱਤੇ ਜਾਣ ਸਬੰਧੀ ਜ਼ੋਰ ਪਾਇਆ।

ਇਸ ਮੌਕੇ ਡਾਕ ਵਿਭਾਗ ਵਲੋਂ ਤਿਆਰ ਕੀਤੇ ਗਏ ਲਿਫਾਫਿਆਂ ਜਿਨ੍ਹਾਂ 'ਤੇ ਸ਼ਿਵ ਬਟਾਲਵੀ ਦੀ ਤਸਵੀਰ ਅੰਕਿਤ ਹੈ, ਵੀ ਵਿਭਾਗ ਦੇ ਉਚ ਅਧਿਕਾਰੀ ਅਵਤਾਰ ਸਿੰਘ ਅਹੂਜਾ ਦੀ ਮੌਜੂਦਗੀ 'ਚ ਉਪ ਮੁੱਖ ਮੰਤਰੀ ਨੇ ਜਾਰੀ ਕੀਤੀ। ਹੰਸ ਰਾਜ ਹੰਸ ਨੇ ਸ਼ਿਵ ਕੁਮਾਰ ਬਟਾਲਵੀ ਦੀਆਂ ਲਿਖਤਾਂ




*ਸ੍ਰੀ ਸੁਖਬੀਰ ਬਾਦਲ ਸ਼ਿਵ ਬਟਾਲਵੀ ਦੀ ਯਾਦ ਵਿਚ ਕਾਇਮ ਕੀਤੇ ਗਏ ਅਵਾਰਡ ਦਾ ਚੈਕ ਸ਼ਿਵ ਦੀ ਧਰਮਪਤਨੀ ਨੂੰ ਦਿੰਦੇ ਹੋਏ*

ਗਾਉਣ ਤੋਂ ਪਹਿਲਾਂ ਖੁਦ ਨੂੰ ਸ਼ਿਵ ਦਾ ਉਪਾਸ਼ਕ ਦਸਦਿਆਂ ਜਲਦੀ ਤੋਂ ਜਲਦੀ ਉਨ੍ਹਾਂ ਦੀ ਯਾਦ 'ਚ ਬਣ ਰਹੇ ਆਡੀਟੋਰੀਅਮ ਨੂੰ ਮੁਕੰਮਲ ਕਰਵਾਉਣ ਦੀ ਬੇਨਤੀ ਕੀਤੀ।

ਇਸ ਮੌਕੇ ਵਿਧਾਇਕ ਕੈਪਟਨ ਬਲਬੀਰ ਸਿੰਘ ਬਾਠ, ਵਿਧਾਇਕ ਲਖਬੀਰ ਸਿੰਘ ਲੋਧੀਨੰਗਲ, ਵਿਧਾਇਕ ਗੁਰਬਚਨ ਸਿੰਘ ਬੱਬੇਹਾਲੀ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਦੇ ਉਚ ਅਧਿਕਾਰੀ ਤੇ ਸ਼ਿਵ ਕੁਮਾਰ ਬਟਾਲਵੀ ਸਭਿਆਚਾਰਕ ਕੇਂਦਰ ਦੇ ਸਮੁੱਚੇ ਮੈਂਬਰ ਅਤੇ ਪ੍ਰਬੰਧਕ ਹਾਜ਼ਰ ਸਨ। ਆਏ ਹੋਏ ਮਹਿਮਾਨਾਂ ਨੂੰ ਸ਼ਿਵ ਬਟਾਲਵੀ ਦੀਆਂ ਤਸਵੀਰਾਂ ਅਤੇ ਕਿਤਾਬਾਂ ਭੇਟ ਕਰਕੇ ਸਨਮਾਨਤ ਕੀਤਾ ਗਿਆ।

ਇਸ ਤੋਂ ਪਹਿਲਾਂ ਬੀਤੀ 29 ਜੁਲਾਈ ਨੂੰ ਰਾਜ ਸਰਕਾਰ ਵਲੋਂ ਸਰਕਾਰੀ ਪੱਧਰ 'ਤੇ ਮਨਾਏ ਗਏ ਮੇਲੇ ਦੇ ਪਹਿਲੇ ਦਿਨ ਜਿੱਥੇ ਸ਼ਿਵ ਕਾਵਿ ਬਾਰੇ ਸੈਮੀਨਾਰ 'ਚ ਵਿਦਵਾਨਾਂ ਨੇ ਪਰਚੇ ਪੜ੍ਹੇ, ਉਥੇ ਕਵੀ ਦਰਬਾਰ ਵਿਚ ਵੀ ਪੰਜਾਬੀ ਦੇ ਮਹਾਨ ਸ਼ਾਇਰ ਸੁਰਜੀਤ ਪਾਤਰ ਸਮੇਤ ਹੋਰ ਉਚ ਕੋਟੀ ਦੇ ਕਵੀਆਂ ਨੇ ਹਾਜ਼ਰੀ ਭਰੀ। ਅਧੂਰੇ ਪਏ ਸ਼ਿਵ ਆਡੀਟੋਰੀਅਮ 'ਚ ਸ਼ਿਵ ਕੁਮਾਰ ਬਟਾਲਵੀ ਦੀ ਤਸਵੀਰ 'ਤੇ ਫੁੱਲ ਭੇਟ ਕਰਨ ਉਪਰੰਤ ਲੋਕ ਸੰਪਰਕ ਮੰਤਰੀ ਅਤੇ ਪਹੁੰਚੀਆਂ ਮੁੱਖ ਸ਼ਖ਼ਸੀਅਤਾਂ ਵਲੋਂ ਸ਼ਿਵ ਕਾਵਿ ਬਾਰੇ ਵਿਚਾਰ-ਚਰਚਾ ਸ਼ੁਰੂ ਕੀਤੀ ਗਈ। ਇਸ ਸੈਮੀਨਾਰ ਦੇ ਪ੍ਰਧਾਨਗੀ ਮੰਡਲ ਵਿਚ ਡਾ. ਇੰਦਰਜੀਤ ਸਿੰਘ, ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਡਾ. ਜੋਗਿੰਦਰ ਕੈਰੋਂ, ਸਤਨਾਮ ਮਾਣਕ, ਡਾ. ਅਨੂਪ ਸਿੰਘ, ਡਾ. ਗੁਰਮੀਤ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਸ਼ਾਮਲ ਸਨ। ਸ੍ਰੀ ਸਤਨਾਮ ਮਾਣਕ ਨੇ ਕਿਹਾ ਕਿ ਜੇਕਰ ਅਸੀਂ ਚਾਹੁੰਦੇ ਹਾਂ ਕਿ ਸ਼ਿਵ ਵਰਗੇ ਸ਼ਾਇਰਾਂ ਦੀਆਂ ਲਿਖਤਾਂ ਅਤੇ ਰਚਨਾਵਾਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਪੁੱਜਣ ਤਾਂ ਸਾਨੂੰ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਵਾਸਤੇ ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ 'ਤੇ ਸਾਰਥਕ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਹਰੇਕ ਵਿਅਕਤੀ ਨੂੰ ਪੰਜਾਬੀ ਲਿਖਣ, ਪੜ੍ਹਮ ਅਤੇ ਬੋਲਣ ਤੇ ਮਾਣ ਮਹਿਸੂਸ ਹੋਣਾ ਚਾਹੀਦਾ ਹੈ। ਸ੍ਰੀ ਮਾਣਕ ਨੇ ਸ਼ਿਵ ਬਟਾਲਵੀ ਨੂੰ ਇਸ ਸਦੀ ਦਾ ਮਹਾਨ ਸ਼ਾਇਰ ਕਰਾਰ ਦਿੰਦਿਆਂ ਕਿਹਾ ਕਿ ਅਜਿਹੇ ਮਾਣ-ਮੱਤੇ ਸ਼ਾਇਰਾਂ ਦੀਆਂ ਯਾਦਾਂ ਨੂੰ ਸਾਂਭਣਾ ਜਿੱਥੇ ਸਮੇਂ ਦੀ ਮੁੱਖ ਲੋੜ ਹੈ, ਉਥੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੰਜਾਬੀ ਜ਼ੁਬਾਨ ਨਾਲ ਜੋੜਨ ਲਈ ਸੱਭਿਆਚਾਰਕ ਸੰਸਥਾਵਾਂ ਦੇ ਨਾਲ-ਨਾਲ ਸਰਕਾਰਾਂ ਨੂੰ ਹੋਰ ਸੰਜੀਦਗੀ ਦੇ ਨਾਲ ਅੱਗੇ ਆਉਣਾ ਚਾਹੀਦਾ ਹੈ।

ਲੋਕ ਸੰਪਰਕ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਿਵ ਕੁਮਾਰ ਬਟਾਲਵੀ ਦੀ ਯਾਦ ਵਿਚ ਹੁਣ ਹਰ ਸਾਲ ਇਹ ਜੋਤ ਜਗਦੀ ਰਹੇਗੀ। ਸ. ਸੇਖਵਾਂ ਅਤੇ ਡਾ. ਇੰਦਰਜੀਤ ਸਿੰਘ ਨੇ ਜੋਤ ਜਗਾਈ। ਬਟਾਲਾ ਸ਼ਹਿਰ ਦੀਆਂ ਲੜਕੀਆਂ ਨਮਰਤਾ, ਕਰਮਜੀਤ ਜੋਤੀ, ਦਲੇਰ ਕੌਰ ਵਲੋਂ ਸ਼ਿਵ ਦੀਆਂ ਕਵਿਤਾਵਾਂ ਅਤੇ ਗ਼ਜ਼ਲ ਗਾਇਨ ਕੀਤਾ ਗਿਆ। ਲੇਖਕ ਡਾ. ਅਨੂਪ ਸਿੰਘ ਨੇ ਸ਼ਿਵ ਕਾਵਿ ਬਾਰੇ ਵਿਚਾਰ-ਚਰਚਾ ਕਰਦਿਆਂ ਸ਼ਿਵ ਦੀ ਯਾਦ ਹੋਰ ਵੀ ਸੁਚੱਜੇ ਢੰਗ ਨਾਲ ਮਨਾਉਣ ਦੀ ਸਲਾਹ ਦਿੱਤੀ। ਕਵੀ ਦਰਬਾਰ 'ਚ ਸੁਰਜੀਤ ਪਾਤਰ ਨੇ ਕਿਹਾ ਕਿ ਅਜਿਹੇ ਮਹਾਨ ਸ਼ਾਇਰ ਕਦੇ-ਕਦੇ ਧਰਤੀ 'ਤੇ ਉਤਰਦੇ ਹਨ। ਸ੍ਰੀ ਪਾਤਰ ਨੇ ਇਸ ਮੌਕੇ ਸ਼ਿਵ ਦੀਆਂ ਰਚਨਾਵਾਂ 'ਤੇ ਖੁੱਲ੍ਹ ਕੇ ਚਰਚਾ ਕਰਨ ਦੇ ਨਾਲ-ਨਾਲ ਆਪਣੀਆਂ ਕਈ ਪ੍ਰਚਲਤ ਰਚਨਾਵਾਂ ਪੇਸ਼ ਕੀਤੀਆਂ। ਪਰਮਿੰਦਰਜੀਤ, ਡਾ. ਦਰਸ਼ਨ ਸਿੰਘ, ਪਰਮਿੰਦਰ ਸੋਢੀ, ਸੁਖਵਿੰਦਰ ਅੰਮ੍ਰਿਤ, ਅਰਤਿੰਦਰ ਸੰਧੂ, ਬਲਵਿੰਦਰ ਬਾਲਮ, ਦਰਸ਼ਨ ਬੁੱਟਰ ਆਦਿ ਕਵੀਆਂ ਨੇ ਜਿੱਥੇ ਸ਼ਿਵ ਨੂੰ ਮਹਾਨ ਕਵੀ ਦੱਸਿਆ, ਉਥੇ ਆਪੋ-ਆਪਣੇ ਕਲਾਮ ਵੀ ਪੇਸ਼ ਕੀਤੇ।




*ਸ. ਬਾਦਲ ਬਟਾਲਾ ਵਿਚ ਸ਼ਿਵ ਦੀ ਯਾਦਗਾਰ ਦਾ ਉਦਘਾਟਨ ਕਰਨ ਪਿਛੋਂ*

# ਪਾਕਿਸਤਾਨ 'ਚ ਹੜ੍ਹਾਂ ਨਾਲ 1500 ਮੌਤਾਂ

**ਇਸਲਾਮਾਬਾਦ:** ਪਾਕਿਸਤਾਨ ਵਿਚ ਭਾਰੀ ਮੀਂਹ ਕਾਰਨ ਤਾਜ਼ਾ ਹੜ੍ਹਾਂ 'ਚ 1500 ਤੋਂ ਵਧ ਵਿਅਕਤੀ ਮਾਰੇ ਗਏ ਅਤੇ ਲੱਖਾਂ ਪ੍ਰਭਾਵਤ ਹੋ ਗਏ। ਮਾਹਰਾਂ ਅਨੁਸਾਰ ਪਾਕਿਸਤਾਨ 'ਚ ਪਿਛਲੇ ਅੱਠ ਦਹਾਕਿਆਂ ਵਿਚ ਹੁਣ ਤੱਕ ਹੋਈ ਇਹ ਸਭ ਤੋਂ ਭਾਰੀ ਮਾਨਸੂਨ ਦੀ ਬਰਸਾਤ ਹੈ। ਪਾਕਿਸਤਾਨ ਦੇ ਉੱਤਰੀ-ਪਛਮੀ ਇਲਾਕੇ ਵਿਚ ਖ਼ੈਬਰ ਅਤੇ ਪਖ਼ਤੂਨਵਾ ਸੂਬਿਆਂ 'ਚ ਮਰਨ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਹੈ।

ਇਹ ਜਾਣਕਾਰੀ ਦਿੰਦਿਆਂ ਸੂਬਾਈ ਸੂਚਨਾ ਮੰਤਰੀ ਮੀਆਂ ਇਫ਼ਤਿਖ਼ਾਰ ਹੁਸੈਨ ਨੇ ਦਸਿਆ ਕਿ ਮਰਨ ਵਾਲਿਆਂ ਦੀ ਗਿਣਤੀ 1500 ਤੋਂ ਕਿਤੇ ਵਧ ਹੈ। ਉਨ੍ਹਾਂ ਦਸਿਆ ਕਿ ਉੱਤਰ-ਪਛਮੀ ਜ਼ਿਲ੍ਹਿਆਂ 'ਚੋਂ ਜਾਨੀ ਅਤੇ ਮਾਲੀ ਨੁਕਸਾਨ ਦੀਆਂ ਰੀਪੋਰਟਾਂ ਪੁੱਜ ਰਹੀਆਂ ਹਨ। ਉਨ੍ਹਾਂ ਦਸਿਆ ਕਿ ਮੀਂਹ ਅਤੇ ਹੜ੍ਹਾਂ ਕਾਰਨ 100 ਤੋਂ ਵਧ ਲੋਕ ਲਾਪਤਾ ਹੋ ਗਏ ਹਨ ਅਤੇ 26 ਹਜ਼ਾਰ ਦੇ ਕਰੀਬ ਲੋਕ ਹੜ੍ਹਾਂ 'ਚ ਘਿਰੇ ਹੋਏ ਹਨ। ਸੂਚਨਾ ਮੰਤਰੀ ਨੇ ਆਖਿਆ ਕਿ ਪੰਜਾਬ ਸੂਬੇ ਵਿਚ ਵੀ 50 ਦੇ ਕਰੀਬ ਵਿਅਕਤੀ ਹੜ੍ਹਾਂ ਦੀ ਲਪੇਟ 'ਚ ਆ ਕੇ ਮਾਰੇ ਗਏ ਜਦਕਿ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ ਵਿਚ ਵੀ 30 ਵਿਅਕਤੀਆਂ ਦੀ ਹੜ੍ਹਾਂ ਵਿਚ ਆ ਕੇ ਮਾਰੇ ਜਾਣ ਦੀ ਸੂਚਨਾ ਪ੍ਰਾਪਤ ਹੋਈ ਹੈ।

ਮੀਆਂ ਇਫ਼ਤਿਖ਼ਾਰ ਹੁਸੈਨ ਨੇ ਦਸਿਆ ਕਿ ਇਸ ਤੋਂ ਪਹਿਲਾਂ 1929 ਵਿਚ ਇਸ ਤਰ੍ਹਾਂ ਦਾ ਭਿਆਨਕ ਮੰਜ਼ਰ ਵਾਪਰਿਆ ਸੀ। ਉਨ੍ਹਾਂ ਦਸਿਆ ਕਿ ਪੇਸ਼ਾਵਰ, ਚਰਸੌਦਾ ਅਤੇ ਨੌਸ਼ਹਿਰਾ ਅਤੇ ਖੈਬਰ-ਪਖਤੂਨਵਾ ਵਿਚ ਹੜ੍ਹਾਂ ਦੀ ਤਬਾਹੀ ਬਹੁਤ ਜ਼ਿਆਦਾ ਹੈ।

ਉਨ੍ਹਾਂ ਦਸਿਆ ਕਿ ਕੋਹੀਸਤਾਨ ਜ਼ਿਲ੍ਹੇ ਵਿਚ ਵੀ ਭਾਰੀ ਮੀਂਹ ਕਾਰਨ 200 ਦੇ ਕਰੀਬ ਚੀਨੀ ਹਾਈਡਰੋ ਪਾਵਰ ਪ੍ਰਾਜੈਕਟ ਬੰਦ ਹੋ ਗਏ ਹਨ। ਉਨ੍ਹਾਂ ਦਸਿਆ ਕਿ ਪੀੜਤ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਟਰੱਕਾਂ ਅਤੇ ਕਿਸ਼ਤੀਆਂ ਦਾ ਵੱਡੇ ਪੱਧਰ 'ਤੇ ਪ੍ਰਬੰਧ ਕੀਤਾ ਗਿਆ ਪਰ ਸੜਕਾਂ, ਪੁਲ ਅਤੇ ਸੰਚਾਰ ਆਵਾਜਾਈ ਨਸ਼ਟ ਹੋ ਜਾਣ ਕਾਰਨ ਪੀੜਤਾਂ ਤੱਕ ਪਹੁੰਚਣ ਵਿਚ ਮੁਸ਼ਕਲ ਆ ਰਹੀ ਹੈ। ਉਨ੍ਹਾਂ ਦਸਿਆ ਕਿ ਸਵਾਤ ਦਰਿਆ ਨੇੜੇ ਕਲਾਮ ਏਰੀਏ ਵਿਚ ਦਰਿਆ ਵਾਲੀ ਸਾਈਡ ਵਿਚ ਘਰ ਅਤੇ ਹੋਟਲ ਹੜ੍ਹ ਦੇ ਪਾਣੀ ਦੀ ਮਾਰ 'ਚ ਰੁੜ੍ਹ ਗਏ। ਉਨ੍ਹਾਂ ਦਸਿਆ ਕਿ ਇਸ ਖ਼ਿੱਤੇ ਵਿਚ ਭਾਰੀ ਮੀਂਹ ਅਤੇ ਹੜ੍ਹ ਨਾਲ 300 ਤੋਂ ਉਪਰ ਮਕਾਨ ਬਿਲਕੁਲ ਖ਼ਤਮ ਹੋ ਗਏ।

ਬਲੋਚਿਸਤਾਨ ਵਿਚ ਵੀ ਕੋਹਲੂ, ਨਸ਼ੀਰਾਬਾਦ, ਝਾਅਮਕਸੀ ਇਲਾਕੇ ਹੜ੍ਹਾਂ ਦੀ ਮਾਰ ਹੇਠ ਹਨ। ਉਨ੍ਹਾਂ ਦਸਿਆ ਕਿ ਹਜ਼ਾਰਾਂ ਲੋਕ ਘਰੋਂ ਬੇਘਰ ਹੋ ਕੇ ਅਸਮਾਨ ਹੇਠ ਆ ਗਏ ਹਨ। ਉਨ੍ਹਾਂ ਦਸਿਆ ਕਿ ਹਜ਼ਾਰਾਂ ਏਕੜ ਖੇਤੀ ਯੋਗ ਜ਼ਮੀਨ ਵੀ ਹੜ੍ਹਾਂ ਦੀ ਮਾਰ ਹੇਠ ਆ ਗਈ ਹੈ। ਨੁਕਸਾਨ ਦਾ ਫ਼ਿਲਹਾਲ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਫ਼ਿਲਹਾਲ ਪੀੜਤਾਂ ਲਈ ਛੱਤ, ਖੁਰਾਕੀ ਪਦਾਰਥ ਮੁਹਈਆ ਕਰਵਾਏ ਜਾ ਰਹੇ ਹਨ।

# ਭਾਰਤ-ਅਮਰੀਕਾ ਵਿਚਾਲੇ ਇਕ ਹੋਰ ਸਮਝੌਤਾ

**ਵਾਸ਼ਿੰਗਟਨ:** ਵਰਤੇ ਗਏ ਪ੍ਰਮਾਣੂ ਬਾਲਣ ਨੂੰ ਮੁੜ ਵਰਤੋਂ ਯੋਗ ਬਣਾਉਣ ਲਈ ਭਾਰਤ-ਅਮਰੀਕਾ ਨੇ ਇੱਕ ਸਮਝੌਤੇ 'ਤੇ ਹਸਤਾਖ਼ਰ ਕੀਤੇ ਹਨ। ਦੋਹਾਂ ਦੇਸ਼ਾਂ ਵਿਚਾਲੇ ਹੋਏ ਇਸ ਸਮਝੌਤੇ ਨੂੰ ਗੈਰ-ਫੌਜੀ ਪ੍ਰਮਾਣੂ ਕਰਾਰ ਨੂੰ ਲਾਗੂ ਕਰਨ ਲਈ ਅੰਤਿਮ ਗੇੜ ਵਜੋਂ ਵੇਖਿਆ ਜਾ ਰਿਹਾ ਹੈ। ਸਮਝੌਤਾ ਲਾਗੂ ਹੋਣ ਮਗਰੋਂ ਪ੍ਰਬੰਧ ਤੇ ਪ੍ਰੀਕਿਰਿਆਵਾਂ ਰਾਹੀਂ ਭਾਰਤ ਅਮਰੀਕਾ ਵਲੋਂ ਵਰਤੀਆਂ ਗਈਆਂ ਪ੍ਰਮਾਣੂ ਵਸਤਾਂ ਨੂੰ ਮੁੜ ਸੋਧੇਗਾ। ਇਸ ਮੁੜ ਸੋਧ ਲਈ ਭਾਰਤ ਵਲੋਂ ਇੱਕ ਪਲਾਂਟ ਸਥਾਪਤ ਕੀਤਾ ਜਾਵੇਗਾ ਤੇ ਇਸ ਕੰਮ ਨੂੰ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਦੇ ਸੁਰੱਖਿਆ ਮਾਪਦੰਡਾਂ ਤਹਿਤ ਅੰਜਾਮ ਦਿੱਤਾ ਜਾਵੇਗਾ। ਸਮਝੌਤੇ 'ਤੇ ਹਸਤਾਖ਼ਰ 31 ਜੁਲਾਈ ਨੂੰ ਦੇਰ ਰਾਤ ਅਮਰੀਕੀ ਵਿਦੇਸ਼ ਵਿਭਾਗ ਸਿਆਸੀ ਮਾਮਲਿਆਂ ਦੇ ਡਿਪਟੀ ਮੰਤਰੀ ਵਿਲੀਅਮ ਬਰਨਜ਼ ਤੇ ਅਮਰੀਕਾ 'ਚ ਭਾਰਤੀ ਰਾਜਦੂਤ ਮੀਰਾ ਸ਼ੰਕਰ ਨੇ ਕੀਤੇ।

ਇਸ ਸਬੰਧੀ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਬਰਾਕ ਓਬਾਮਾ ਦੀ ਅਗਵਾਈ 'ਚ ਕੀਤੇ ਗਏ ਵਿਚਾਰ ਵਟਾਂਦਰੇ ਰਾਹੀਂ ਇਸ ਸਮਝੌਤੇ ਨੂੰ ਭਾਰਤ-ਅਮਰੀਕਾ ਪ੍ਰਮਾਣੂ ਸਹਿਯੋਗ ਲਈ ਮਜ਼ਬੂਤ ਪਹਿਲ ਮੰਨਿਆ ਜਾ ਰਿਹਾ ਹੈ। ਇਹ ਸਮਝੌਤਾ ਅਮਰੀਕੀ ਪ੍ਰਮਾਣੂ ਬਾਲਣ ਸਪਲਾਈਕਾਰਾਂ ਲਈ ਭਾਰਤ ਦੇ ਨਾਲ ਕੰਮ ਕਰਨ ਦੀ ਜ਼ਰੂਰੀ ਸ਼ਰਤ ਸੀ। ਭਾਰਤੀ ਸਫ਼ਾਰਤਖਾਨੇ ਨੇ ਇਸ ਸਮਝੌਤੇ ਨੂੰ ਮਹੱਤਵਪੂਰਨ ਕਦਮ ਦੱਸਿਆ ਹੈ। ਇਹ ਦੋਵਾਂ ਦੇਸ਼ਾਂ ਦਰਮਿਆਨ ਮਜ਼ਬੂਤ ਹੋ ਰਹੇ ਸਬੰਧਾਂ ਅਤੇ ਵਧ ਰਹੇ ਸਹਿਯੋਗ ਨੂੰ ਪ੍ਰਗਟ ਕਰਦਾ ਹੈ।

ਬਿਆਨ 'ਚ ਕਿਹਾ ਗਿਆ ਹੈ ਕਿ ਇਸ ਸਮਝੌਤੇ ਰਾਹੀਂ ਭਾਰਤ ਆਈ ਏ ਈ ਏ ਦੇ ਸੁਰੱਖਿਆ ਮਾਪਦੰਡਾਂ ਤਹਿਤ ਅਮਰੀਕਾ ਦੇ ਪ੍ਰਮਾਣੂ ਬਾਲਣ ਨੂੰ ਮੁੜ ਸੋਧ ਸਕੇਗਾ। ਇਸ ਨਾਲ ਅਮਰੀਕੀ ਕੰਪਨੀਆਂ ਨੂੰ ਭਾਰਤ ਦੇ ਤੇਜ਼ੀ ਨਾਲ ਵਧ ਰਹੇ ਪ੍ਰਮਾਣੂ ਊਰਜਾ ਖੇਤਰ 'ਚ ਹਿੱਸੇਦਾਰੀ ਦਾ ਮੌਕਾ ਮਿਲ ਸਕੇਗਾ। ਮੀਰਾ ਸ਼ੰਕਰ ਨੇ ਇਸ ਮੌਕੇ ਆਪਣੀ ਟਿੱਪਣੀ 'ਚ ਕਿਹਾ ਕਿ ਭਾਰਤੀ ਤੇ ਅਮਰੀਕੀ ਰਣਨੀਤੀ ਘਾੜਿਆਂ ਨੇ ਇੱਕ ਸਾਲ ਦੇ ਅੰਦਰ ਇਸ ਪ੍ਰੀਕਿਰਿਆ ਨੂੰ ਪੂਰਾ ਕਰ ਲਿਆ ਹੈ। ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਭਾਰਤ ਨੇ 123 ਸਮਝੌਤੇ 'ਤੇ ਕਰੀਬ ਦੋ ਸਾਲ ਪਹਿਲਾਂ ਹਸਤਾਖ਼ਰ ਕੀਤੇ ਸਨ।

**ਅਮਰੀਕੀ ਜਰਨੈਲ ਵਲੋਂ ਸੁਝਾਅ :**

ਅਮਰੀਕਾ ਦੇ ਇਕ ਸੀਨੀਅਰ ਜਨਰਲ ਜੇਮਜ਼ ਮੈਟਿਸ ਨੇ ਕਿਹਾ ਹੈ ਕਿ ਅਮਰੀਕਾ ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚ ਜੋ ਵੀ ਕਦਮ ਚੁੱਕਦਾ ਹੈ, ਭਾਰਤ 'ਤੇ ਪੈਣ ਵਾਲੇ ਉਸ ਦੇ ਅਸਰ 'ਤੇ ਵਿਚਾਰ ਹੋਣਾ ਚਾਹੀਦਾ ਹੈ। ਉਨ੍ਹਾਂ ਇਹ ਸੁਝਾਅ ਵੀ ਦਿੱਤਾ ਹੈ ਕਿ ਭਾਰਤ ਅਤੇ ਪਾਕਿਸਤਾਨੀ ਫੌਜ ਦੇ ਸੀਨੀਅਰ ਅਫਸਰਾਂ ਨੂੰ ਅਮਰੀਕੀ ਫੌਜੀ ਸੰਸਥਾਵਾਂ ਵਿਚ ਸਾਂਝੇ ਕੋਰਸ ਕਰਨੇ ਚਾਹੀਦੇ ਹਨ, ਤਾਂ ਕਿ ਦੋਵਾਂ ਦੇਸ਼ਾਂ ਦੇ ਫੌਜੀ ਆਗੂਆਂ ਵਿਚਾਲੇ ਵਿਸ਼ਵਾਸ ਪੈਦਾ ਕੀਤਾ ਜਾ ਸਕੇ।

ਜਨਰਲ ਜੇਮਜ ਮੈਟਿਸ ਨੇ ਸੈਨੇਟ ਦੀ ਫੌਜੀ ਸੇਵਾ ਕਮੇਟੀ ਸਾਹਮਣੇ ਸੁਣਵਾਈ ਦੌਰਾਨ ਕਿਹਾ ਕਿ ਅਸੀਂ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚ ਜੋ ਵੀ ਕਰਦੇ ਹਾਂ, ਉਸ ਦਾ ਭਾਰਤ 'ਤੇ ਅਸਰ ਪੈਂਦਾ ਹੈ, ਇਸ ਲਈ ਸਾਨੂੰ ਭਾਰਤ 'ਤੇ ਅਸਰ ਦੇ ਲਿਹਾਜ਼ ਨਾਲ ਸੋਚਣਾ ਚਾਹੀਦਾ ਹੈ। ਰਾਸ਼ਟਰਪਤੀ ਬਰਾਕ ਓਬਾਮਾ ਨੇ ਜਨਰਲ ਮੈਟਿਸ ਨੂੰ ਅਮਰੀਕੀ ਕੇਂਦਰੀ ਕਮਾਂਡ ਲਈ ਆਪਣਾ ਕਮਾਂਡਰ ਨਿਯੁਕਤ ਕੀਤਾ ਹੈ, ਜੋ ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਮਾਮਲਿਆਂ ਨੂੰ ਸੰਭਾਲਦੇ ਹਨ। ਭਾਰਤ ਪ੍ਰਸ਼ਾਂਤ ਖੇਤਰੀ ਕਮਾਂਡ ਵਿਚ ਆਉਂਦਾ ਹੈ, ਇਸ ਤੋਂ ਪਹਿਲਾਂ ਮੈਟਿਸ ਨੇ ਭਾਰਤ ਨੂੰ ਉਭਰਦੀ ਹੋਈ ਖੇਤਰੀ ਅਤੇ ਵਿਸ਼ਾਲ ਮਹਾਸ਼ਕਤੀ ਬਿਆਨ ਕਰਦੇ ਹੋਏ ਆਪਣੇ ਲਿਖਤੀ ਬਿਆਨ ਵਿਚ ਕਿਹਾ ਕਿ ਤੁਰਕੀ, ਰੂਸ, ਚੀਨ ਅਤੇ ਭਾਰਤ ਸੈਂਟਕਾਮ ਖੇਤਰ ਵਿਚ ਕਾਫੀ ਮਹੱਤਵ ਰੱਖਦੇ ਹਨ।

ਸੈਨੇਟਰ ਜੈਕ ਰੀਡ ਦੇ ਇਕ ਸਵਾਲ ਦੇ ਜਵਾਬ ਵਿਚ ਮੈਟਿਸ ਨੇ ਕਿਹਾ ਕਿ ਕੇਂਦਰੀ ਕਮਾਂਡ ਭਾਰਤ ਤੇ ਪ੍ਰਸ਼ਾਂਤ ਖੇਤਰੀ ਕਮਾਂਡ ਨਾਲ ਲਗਾਤਾਰ ਸੰਪਰਕ ਵਿਚ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਹਕੀਕਤ ਨੂੰ ਅਣਦੇਖਾ ਨਹੀਂ ਕਰਨਾ ਚਾਹੁੰਦੇ ਕਿ ਇਹ ਇਕ ਖੇਤਰੀ ਸਮੱਸਿਆ ਹੈ ਕਿ ਪਾਕਿਸਤਾਨ ਦਾ ਭਾਰਤ ਨਾਲ ਇਕ ਬਹੁਤ ਮੁਸ਼ਕਲ ਭਰਿਆ ਇਤਿਹਾਸ ਰਿਹਾ ਹੈ। ਜਨਰਲ ਮੈਟਿਸ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੇ ਸੀਨੀਅਰ ਫੌਜੀ ਅਧਿਕਾਰੀਆਂ ਨੂੰ ਅਮਰੀਕੀ ਫੌਜੀ ਸੰਸਥਾਵਾਂ ਵਿਚ ਸੰਯੁਕਤ ਰੂਪ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਅਤੇ ਇਕੱਠਿਆ ਹੀ ਅਮਰੀਕੀ ਗੈਰ-ਫੌਜੀ ਸੰਘਰਸ਼ ਦਾ ਅਧਿਐਨ ਕਰਨਾ ਚਾਹੀਦਾ ਹੈ।

# ਸ਼ਾਰਜਾਹ ਦੀ ਅਦਾਲਤ ਨੇ 3 ਪੰਜਾਬੀਆਂ ਦੀ ਜਾਨ ਬਖ਼ਸ਼ੀ

**ਚੰਡੀਗੜ੍ਹ :** ਸ਼ਾਰਜਾਹ ਦੀ ਇਕ ਅਦਾਲਤ ਨੇ ਬੀਤੇ 1 ਅਗਸਤ ਨੂੰ ਆਪਣੇ ਇਕ ਅਹਿਮ ਫੈਸਲੇ ਵਿਚ ਕਤਲ ਦੇ ਦੋਸ਼ ਵਿਚ ਤਿੰਨ ਪੰਜਾਬੀ ਨੌਜਵਾਨਾਂ ਦੀ ਜਾਨ ਬਖਸ਼ ਦਿੱਤੀ ਹੈ। ਪ੍ਰਦੀਪ ਕੁਮਾਰ, ਕਸ਼ਮੀਰੀ ਲਾਲ ਤੇ ਤਰਲੋਚਨ ਸਿੰਘ ਉਪਰ 2008 ਵਿਚ ਆਪਣੇ ਇਕ ਸਾਥੀ ਬਿਕਰਮਜੀਤ ਸਿੰਘ ਦਾ ਕਤਲ ਕਰਨ ਦਾ ਦੋਸ਼ ਸੀ।

ਸਥਾਨਕ ਕਾਨੂੰਨ ਵਿਚ ਜਾਨ ਦੇ ਬਦਲੇ ਜਾਨ ਲੈਣ ਦੀ ਵਿਵਸਥਾ ਹੋਣ ਕਾਰਨ ਤਿੰਨ ਲਈ ਫਾਂਸੀ ਦੀ ਸਜ਼ਾ ਤੈਅ ਸੀ, ਪਰ ਇਨ੍ਹਾਂ ਨੌਜਵਾਨਾਂ ਤੇ ਪੀੜਤ ਦੇ ਪਰਿਵਾਰਾਂ ਵਿਚਾਲੇ ਸਮਝੌਤਾ ਹੋਣ ਕਾਰਨ ਸ਼ਰੀਆ ਅਦਾਲਤ ਨੇ ਤਿੰਨਾਂ ਦੀ ਜ਼ਿੰਦਗੀ ਬਖ਼ਸ਼ ਦਿੱਤੀ। ਇਸ ਦੇ ਬਾਵਜੂਦ ਇਹ ਨੌਜਵਾਨ ਹਾਲੇ ਬਰੀ ਨਹੀਂ ਹੋਣਗੇ, ਕਿਉਂਕਿ ਇਨ੍ਹਾਂ ਖ਼ਿਲਾਫ਼ ਕੁਝ ਹੋਰ ਮਾੜੇ ਮੋਟੇ ਜੁਰਮ ਦੇ ਮਾਮਲੇ ਹਨ। ਹੁਣ 23 ਅਗਸਤ ਨੂੰ ਅਦਾਲਤ ਵਲੋਂ ਇਨ੍ਹਾਂ ਨੌਜਵਾਨਾਂ ਖ਼ਿਲਾਫ਼ ਮਾੜੇ-ਮੋਟੇ ਜੁਰਮਾਂ ਦੇ ਮਾਮਲਿਆਂ ਦੀ ਸੁਣਵਾਈ ਕੀਤੀ ਜਾਵੇਗੀ ਤੇ ਫੈਸਲਾ ਸੁਣਾਇਆ ਜਾਵੇਗਾ। ਇਨ੍ਹਾਂ ਦੇ 2008 ਤੋਂ ਜੇਲ੍ਹ 'ਚ ਹੋਣ ਕਾਰਨ ਇਹ ਉਸ ਦਿਨ ਦੀ ਸੁਣਵਾਈ ਦੌਰਾਨ ਬਰੀ ਹੋ ਸਕਦੇ ਹਨ। ਅਜਿਹਾ ਨਾ ਹੋਣ 'ਤੇ ਅਗਲੀਆਂ ਕੁਝ ਹੋਰ ਸੁਣਵਾਈਆਂ ਦੌਰਾਨ ਪ੍ਰਦੀਪ, ਕਸ਼ਮੀਰੀ ਤੇ ਤਰਲੋਚਨ ਖੁੱਲ੍ਹੀ ਹਵਾ 'ਚ ਸਾਹ ਲੈ ਸਕਣਗੇ।

## ਦੁਬਈ ਦੀ ਅਦਾਲਤ ਵਲੋਂ ਪੰਜ ਜਣਿਆਂ ਦੀ ਜ਼ਮਾਨਤ

ਇਨ੍ਹਾਂ ਦੀ ਜਾਨ ਦੀ ਸਲਾਮਤੀ ਵਿਚ ਦੁਬਈ ਦੇ ਉਘੇ ਵਪਾਰੀ ਤੇ ਦੁਬਈ ਪੰਜਾਬੀ ਸੁਸਾਇਟੀ ਦੇ ਪ੍ਰਧਾਨ ਐਸ.ਪੀ. ਸਿੰਘ ਓਬਰਾਏ ਨੇ ਅਹਿਮ ਭੂਮਿਕਾ ਨਿਭਾਈ ਹੈ। ਵਰਨਣਯੋਗ ਹੈ ਕਿ ਸ਼ਰਾਬ ਦੇ ਨਾਜਾਇਜ਼ ਕਾਰੋਬਾਰ ਵਿਚ ਪੈਸੇ ਦੇ ਲੈਣ-ਦੇਣ 'ਤੇ ਪ੍ਰਦੀਪ, ਕਸ਼ਮੀਰੀ ਤੇ ਤਰਲੋਚਨ ਨੇ ਗੁਰਦਾਸਪੁਰ ਦੇ ਦਿਆਲਬਾਗ ਵਾਸੀ 22 ਸਾਲਾ ਬਿਕਰਮਜੀਤ ਸਿੰਘ ਦਾ ਕਤਲ ਕਰ ਦਿੱਤਾ ਸੀ। ਸ੍ਰੀ ਓਬਰਾਏ ਨੇ ਟੈਲੀਫੋਨ ਰਾਹੀਂ ਦੱਸਿਆ, "ਤਿੰਨਾਂ ਦੇ ਪਰਿਵਾਰਾਂ ਦੀ ਰਾਤ ਦੀ ਨੀਂਦ ਤੇ ਦਿਨ ਦਾ ਚੈਨ ਉਡ ਗਿਆ ਸੀ। ਉਨ੍ਹਾਂ ਦੇ ਸਿਰ 'ਤੇ ਕਰਜ਼ਿਆਂ ਦੀ ਪੰਡ ਕਾਫੀ ਭਾਰੀ ਹੈ ਤੇ ਆਮਦਨ ਥੋੜ੍ਹੀ। ਉਹ ਤਾਂ ਸਿਰਫ ਆਪ ਜਿਉਂਦੇ ਰਹਿਣ ਲਈ ਸੰਘਰਸ਼ ਕਰ ਰਹੇ ਹਨ। ਉਧਰ ਮ੍ਰਿਤਕ ਦੇ ਪਰਿਵਾਰ ਦੀ ਹਾਲਾਤ ਵੀ ਬਹੁਤ ਵਧੀਆ ਨਹੀਂ, ਜਿਸ ਕਰਕੇ ਪੈਸੇ ਦੇ ਕੇ ਜਾਨ ਬਖਸ਼ਵਾਉਣ ਦੀ ਗੱਲ ਸੱਚ ਤੋਂ ਪਰ੍ਹੇ ਸੀ, ਪਰ ਆਪਸੀ ਸਮਝੌਤਾ ਹੀ ਇਕੋ-ਇਕ ਰਾਹ ਸੀ।

ਇਸ ਦੌਰਾਨ ਇਕ ਹੋਰ ਮਾਮਲੇ ਵਿਚ ਦੁਬਈ ਦੀ ਇਕ ਅਦਾਲਤ ਨੇ ਕਤਲ ਦੇ ਇਕ ਮੁਕੱਦਮੇ ਵਿਚ ਇਕ ਪੰਜਾਬੀ ਨੌਜਵਾਨ ਨੂੰ ਬਰੀ ਕਰ ਦਿੱਤਾ ਜਦੋਂਕਿ ਪੰਜ ਹੋਰਾਂ ਨੂੰ ਜ਼ਮਾਨਤ ਉਤੇ ਰਿਹਾਅ ਕਰ ਦਿੱਤਾ। ਇਹ ਸਾਰੇ ਇਕ ਪੰਜਾਬੀ ਨੌਜਵਾਨ ਅਸ਼ੋਕ ਕੁਮਾਰ ਪੁੱਤਰ ਕੇਸਰ ਦਾਸ, ਕਪੂਰਥਲਾ ਦੇ ਕਤਲ ਦੇ ਦੋਸ਼ ਹੇਠ ਬੀਤੇ ਇਕ ਸਾਲ ਤੋਂ ਜੇਲ੍ਹ ਵਿਚ ਬੰਦ ਸਨ। ਇਸ ਕੇਸ ਵਿਚ ਬਰੀ ਹੋਏ ਨੌਜਵਾਨ ਜਤਿੰਦਰ ਪੁੱਤਰ ਮਦਨ ਲਾਲ ਸਮੇਤ 13 ਪੰਜਾਬੀ, ਦੋ ਪਾਕਿਸਤਾਨੀ ਤੇ ਇਕ ਬੰਗਲਾਦੇਸ਼ੀ ਫਸੇ ਹੋਏ ਹਨ।

ਅਦਾਲਤ ਨੇ ਇਸ ਮਾਮਲੇ ਵਿਚ ਜਿਨ੍ਹਾਂ ਪੰਜ ਨੌਜਵਾਨਾਂ ਨੂੰ ਜ਼ਮਾਨਤ ਉਤੇ ਰਿਹਾਅ ਕੀਤਾ ਹੈ, ਉਨ੍ਹਾਂ ਵਿਚ ਚਰਨਜੀਤ ਸਿੰਘ ਪੁੱਤਰ ਸੁਰਜੀਤ ਰਾਮ, ਹਰਪਾਲ ਸਿੰਘ, ਅਮਰਜੀਤ ਪੁੱਤਰ ਪੂਰਨ ਚੰਦ, ਲਖਵਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਅਤੇ ਬੂਟਾ ਸਿੰਘ ਪੁੱਤਰ ਦੌਲਤ ਰਾਮ ਸ਼ਾਮਲ ਹਨ। ਇਸ ਮਾਮਲੇ ਵਿਚ ਹਾਲੇ ਵੀ ਜੇਲ੍ਹ ਵਿਚ ਬੰਦ ਪੰਜਾਬੀਆਂ ਵਿਚ ਸੁਖਦੇਵ ਪਾਲ ਸਿੰਘ ਪੁੱਤਰ ਸੁਰਿੰਦਰ ਪਾਲ ਸਿੰਘ, ਹਨੀ ਪੁੱਤਰ ਹਰਜਾਪ ਸਿੰਘ, ਸੁਨੀਲ ਮਸੀਹ ਪੁੱਤਰ ਜੇਮਜ਼ ਮਸੀਹ, ਵਿਜੈ ਕੁਮਾਰ ਪੁੱਤਰ ਅਜੀਤ ਕੁਮਾਰ, ਭੁਪਿੰਦਰ ਸਿੰਘ ਪੁੱਤਰ ਸੂਬਾ ਸਿੰਘ, ਰਾਮ ਜੀ ਪੁੱਤਰ ਤਰਸੇਮ ਲਾਲ ਅਤੇ ਮੱਖਣ ਲਾਲ ਪੁੱਤਰ ਸਰੂਪ ਸਿੰਘ ਸ਼ਾਮਲ ਹਨ।

ਇਸੇ ਦੌਰਾਨ ਏ.ਆਈ.ਐਸ.ਐਸ. ਐਫ. ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਦਾਅਵਾ ਕੀਤਾ ਹੈ ਕਿ ਮ੍ਰਿਤਕ ਅਸ਼ੋਕ ਕੁਮਾਰ ਦੀ ਮਾਤਾ ਆਗਿਆਵਤੀ ਨੇ ਅਦਾਲਤ ਵਿਚ ਇਕ ਹਲਫ਼ਨਾਮਾ ਦਾਇਰ ਕਰਕੇ ਸਾਰੇ ਮੁਲਜ਼ਮਾਂ ਨੂੰ ਆਮ ਮੁਆਫ਼ੀ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ, "ਇਸ ਹਲਫ਼ਨਾਮੇ ਦੀ ਹਾਲੇ ਜਾਂਚ ਚਲ ਰਹੀ ਹੈ ਅਤੇ ਉਮੀਦ ਹੈ ਕਿ ਸਾਰੀਆਂ ਕਾਰਵਾਈਆਂ ਪੂਰੀਆਂ ਹੋ ਜਾਣ ਪਿੱਛੋਂ ਇਸ ਕੇਸ ਵਿਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਬਾਕੀਆਂ ਨੂੰ ਵੀ ਆਮ ਮੁਆਫ਼ੀ ਮਿਲ ਜਾਵੇਗੀ।"

# ਪਾਸਪੋਰਟ ਸੇਵਾ ਕੇਂਦਰ ਖੋਲ੍ਹਣ ਨੂੰ ਅੰਤਿਮ ਰੂਪ

**ਚੰਡੀਗੜ੍ਹ :** ਭਾਰਤ ਸਰਕਾਰ ਵਲੋਂ ਨੇੜਲੇ ਭਵਿੱਖ ਵਿਚ ਦੇਸ਼ ਦੇ 30 ਪਾਸਪੋਰਟ ਦਫਤਰਾਂ ਦੇ ਬਰਾਬਰ ਪਾਸਪੋਰਟ ਸੇਵਾ ਕੇਂਦਰ (ਪੀ.ਐਸ.ਕੇ.) ਖੋਲ੍ਹਣ ਦੇ ਪ੍ਰਾਜੈਕਟ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਵਿਦੇਸ਼ ਵਿਭਾਗ ਵਲੋਂ ਇਨ੍ਹਾਂ ਨਵੇਂ ਖੋਲ੍ਹੇ ਜਾ ਰਹੇ ਪੀ.ਐਸ.ਕੇ. ਲਈ ਜਿੱਥੇ 320 ਪਾਸਪੋਰਟ ਗਰਾਂਟਿੰਗ ਅਫਸਰਾਂ (ਪੀ.ਜੀ.ਓ.) ਦੀਆਂ ਨਵੀਆਂ ਅਸਾਮੀਆਂ ਭਰਨ ਦਾ ਅਹਿਮ ਫੈਸਲਾ ਲਿਆ ਹੈ, ਉਥੇ ਸੁਪਰਡੈਂਟਾਂ ਦੀਆਂ ਵੀ 107 ਨਵੀਆਂ ਅਸਾਮੀਆਂ ਮਨਜ਼ੂਰ ਕੀਤੀਆਂ ਹਨ। ਵਿਭਾਗੀ ਤਰੱਕੀ ਕਮੇਟੀ (ਡੀ.ਪੀ.ਸੀ.) ਦੀ ਮੀਟਿੰਗ ਕਰਕੇ ਦੇਸ਼ ਭਰ ਦੇ ਪਾਸਪੋਰਟ ਦਫਤਰਾਂ ਦੇ ਮੁਲਾਜ਼ਮਾਂ ਦੀਆਂ ਪ੍ਰਮੋਸ਼ਨਾਂ ਕਰਨ ਦਾ ਫੈਸਲਾ ਵੀ ਲੈ ਲਿਆ ਹੈ।

ਯਾਦ ਰਹੇ ਕਿ ਵਿਦੇਸ਼ ਵਿਭਾਗ ਵਲੋਂ ਪਾਸਪੋਰਟ ਫਾਰਮ ਹਾਸਲ ਕਰਨ ਆਦਿ ਦਾ ਕਾਰਜ ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀ.ਸੀ.ਐਸ.) ਨੂੰ ਠੇਕੇ 'ਤੇ ਸੌਂਪਿਆ ਸੀ, ਜਿਸ ਤਹਿਤ ਟੀ.ਸੀ.ਐਸ. ਵਲੋਂ ਦੇਸ਼ ਭਰ ਦੇ ਮੁੱਖ ਸ਼ਹਿਰਾਂ ਵਿਚ ਪੀ.ਐਸ.ਕੇ. ਖੋਲ੍ਹੇ ਜਾਣੇ ਹਨ ਪਰ ਪਾਸਪੋਰਟ ਦਫਤਰਾਂ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਦੇ ਸੰਘਰਸ਼ ਕਾਰਨ ਇਹ ਪ੍ਰਾਜੈਕਟ ਨੇਪਰੇ ਨਹੀਂ ਚੜ੍ਹ ਰਿਹਾ। ਚੰਡੀਗੜ੍ਹ ਖੋਲ੍ਹਿਆ ਜਾਣ ਵਾਲਾ ਪੀ.ਐਸ.ਕੇ. ਛੇ ਮਹੀਨਿਆਂ ਤੋਂ ਅੱਧ ਵਿਚਾਲੇ ਅਟਕਿਆ ਪਿਆ ਹੈ।

ਵਿਦੇਸ਼ ਵਿਭਾਗ ਨੇ ਨੇੜ ਭਵਿੱਖ ਵਿਚ ਦੇਸ਼ ਦੇ ਪ੍ਰਮੁੱਖ ਸ਼ਹਿਰਾਂ ਵਿਚ ਪੀ.ਐਸ.ਕੇ. ਖੋਲ੍ਹਣ ਦਾ ਮਨ ਬਣਾਇਆ ਹੈ। ਇਸ ਪ੍ਰਾਜੈਕਟ ਵਿਚ ਅੜਿੱਕਾ ਬਣ ਰਹੀਆਂ ਆਲ ਇੰਡੀਆ ਪਾਸਪੋਰਟ ਇੰਪਲਾਈਜ਼ ਐਸੋਸੀਏਸ਼ਨ ਅਤੇ ਆਲ ਇੰਡੀਆ ਪਾਸਪੋਰਟ ਆਫੀਸਰਜ਼ ਐਸੋਸੀਏਸ਼ਨ ਨੂੰ ਸ਼ਾਂਤ ਕਰਨ ਲਈ ਭਾਰਤ ਸਰਕਾਰ ਨੇ ਵਿਸ਼ੇਸ਼ ਪੈਕੇਜ ਤਿਆਰ ਕੀਤਾ ਹੈ। ਵਿਦੇਸ਼ ਵਿਭਾਗ ਵਿਚ ਉਚ ਪੱਧਰ 'ਤੇ ਹੋਏ ਫੈਸਲੇ ਨੂੰ ਚੀਫ ਪਾਸਪੋਰਟ ਅਫਸਰ (ਜੁਆਇੰਟ ਸਕੱਤਰ) ਦਿੱਲੀ ਵਲੋਂ 31 ਜੁਲਾਈ ਨੂੰ ਅੰਤਿਮ ਰੂਪ ਦੇ ਕੇ ਇਸ ਪੈਕੇਜ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਤਹਿਤ ਦੇਸ਼ ਭਰ ਵਿਚ ਖੋਲ੍ਹੇ ਜਾਣ ਵਾਲੇ ਪੀ.ਐਸ.ਕੇ. ਵਿਚ ਤਾਇਨਾਤ ਕਰਨ ਲਈ 320 ਪਾਸਪੋਰਟ ਗਰਾਂਟਿੰਗ ਅਫਸਰਾਂ ਦੀ ਨਿਯੁਕਤੀ ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਲ ਪਾਸਪੋਰਟ ਦਫਤਰ ਦੇ ਮੌਜੂਦਾ ਮੁਲਾਜ਼ਮਾਂ ਦੀਆਂ ਇਕ ਵਾਢਿਓਂ ਤਰੱਕੀਆਂ ਹੋਣ ਦੀਆਂ ਸੰਭਾਵਨਾਵਾਂ ਬਣ ਗਈਆਂ ਹਨ।

ਵਿਦੇਸ਼ ਵਿਭਾਗ ਨੇ ਇਸ ਪੈਕੇਜ ਦੇ ਨਾਲ ਇਹ ਵੀ ਸਾਫ ਕਰ ਦਿੱਤਾ ਹੈ ਕਿ ਜੇ ਮੁਲਾਜ਼ਮ ਤੇ ਅਧਿਕਾਰੀ ਪੀ.ਐਸ.ਕੇ. ਖੋਲ੍ਹਣ ਵਿਚ ਆਪਣੇ ਸੰਘਰਸ਼ ਰਾਹੀਂ ਅੜਿੱਕਾ ਬਣੇ ਰਹੇ ਤਾਂ ਇਹ ਪੈਕੇਜ ਰੱਦ ਕੀਤਾ ਜਾ ਸਕਦਾ ਹੈ। ਵਿਦੇਸ਼ ਵਿਭਾਗ ਦਾਅਵਾ ਕਰ ਰਿਹਾ ਹੈ ਕਿ ਇਹ ਪੀ.ਐਸ.ਕੇ. ਖੁੱਲ੍ਹਣ ਨਾਲ ਤਤਕਾਲ ਪਾਸਪੋਰਟ ਉਸੇ ਦਿਨ ਅਤੇ ਨਾਨ-ਤਤਕਾਲ ਪਾਸਪੋਰਟ ਪੁਲੀਸ ਵੈਰੀਫਿਕੇਸ਼ਨ ਹੋਣ ਤੋਂ ਤਿੰਨ ਦਿਨਾਂ ਬਾਅਦ ਜਾਰੀ ਕੀਤੇ ਜਾਣਗੇ।

# ਯੁਗਾਂਤਰ ਆਸ਼ਰਮ ਨੂੰ ਖੋਲ੍ਹਣ ਦੀ ਮੰਗ

**ਜਲੰਧਰ:** ਦੇਸ਼ ਭਗਤ ਯਾਦਗਾਰ ਕਮੇਟੀ ਨੇ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਨੂੰ ਇਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਦੇਸ਼ ਦੀ ਅਜ਼ਾਦੀ ਦੇ ਸੰਗਰਾਮ ਵਿਚ ਲਾ-ਮਿਸਾਲ ਕੁਰਬਾਨੀਆਂ ਕਰਨ ਵਾਲੀ ਗ਼ਦਰ ਪਾਰਟੀ ਦੇ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਵਿਚ ਸਥਿਤ ਹੈਡ-ਕੁਆਟਰ 'ਯੁਗਾਂਤਰ ਆਸ਼ਰਮ' ਨੂੰ ਆਮ ਜਨਤਾ ਦੇ ਵੇਖਣ ਲਈ ਲਗਾਤਾਰ ਖੋਲ੍ਹਿਆ ਜਾਵੇ। ਇਸ ਸਬੰਧੀ ਜਲੰਧਰ ਤੋਂ ਪਾਰਲੀਮੈਂਟ ਮੈਂਬਰ ਸ੍ਰੀ ਮਹਿੰਦਰ ਸਿੰਘ ਕੇ.ਪੀ. ਨਾਲ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਨੌਨਿਹਾਲ ਸਿੰਘ, ਖਜ਼ਾਨਚੀ ਸ੍ਰੀ ਰਘਬੀਰ ਸਿੰਘ ਛੀਨਾ, ਟਰੱਸਟੀ ਕਾਮਰੇਡ ਰਾਜੇਸ਼ਵਰ ਸਿੰਘ, ਕਾਮਰੇਡ ਮੰਗਤ ਰਾਮ ਪਾਸਲਾ, ਕਾਮਰੇਡ ਗੁਰਮੀਤ ਨੇ ਮੁਲਾਕਾਤ ਕਰਕੇ ਮੰਗ ਕੀਤੀ ਕਿ ਉਹ ਉਕਤ ਮਾਮਲਾ ਪਾਰਲੀਮੈਂਟ ਵਿਚ ਉਠਾਉਣ ਅਤੇ ਇਸ ਸਬੰਧੀ ਪ੍ਰਧਾਨ ਮੰਤਰੀ ਨਾਲ ਵੀ ਸੰਪਰਕ ਕਰਕੇ ਲੋੜੀਂਦੀ ਕਾਰਵਾਈ ਕਰਵਾਉਣ।

ਸ੍ਰੀ ਮਹਿੰਦਰ ਸਿੰਘ ਕੇ.ਪੀ. ਨੇ ਆਪ ਦੇਸ਼ ਭਗਤ ਯਾਦਗਾਰ ਹਾਲ ਆ ਕੇ ਕਮੇਟੀ ਵਲੋਂ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਦੀ ਕਾਪੀ ਲੈ ਕੇ ਯਕੀਨ ਦੁਆਇਆ ਕਿ ਉਹ ਪਾਰਲੀਮੈਂਟ ਦੇ ਇਸੇ ਇਜਲਾਸ ਵਿਚ ਇਹ ਮਾਮਲਾ ਉਠਾਉਣਗੇ ਅਤੇ ਪ੍ਰਧਾਨ ਮੰਤਰੀ ਨਾਲ ਵੀ ਮੁਲਾਕਾਤ ਕਰਕੇ ਇਸ ਸਬੰਧੀ ਲੋੜੀਂਦੀ ਕਾਰਵਾਈ ਕਰਵਾਉਣਗੇ।

ਕਾਮਰੇਡ ਨੌਨਿਹਾਲ ਸਿੰਘ ਨੇ ਦੱਸਿਆ ਕਿ ਦੇਸ਼ ਦੀ ਅਜ਼ਾਦੀ ਤੋਂ ਬਾਅਦ ਯੁਗਾਂਤਰ ਆਸ਼ਰਮ ਉਸ ਵੇਲੇ ਦੀ ਗ਼ਦਰ ਪਾਰਟੀ ਦੀ ਕਮੇਟੀ ਨੇ ਇਸ ਆਸ ਨਾਲ ਹਿੰਦੁਸਤਾਨ ਦੀ ਸਰਕਾਰ ਦੇ ਹਵਾਲੇ ਕੀਤਾ ਸੀ ਤੇ ਨਾਲ 10,000 ਡਾਲਰ ਦਾ ਫੰਡ ਵੀ ਦਿੱਤਾ ਸੀ ਕਿ ਸਰਕਾਰ ਵਲੋਂ ਇਸ ਹੈਡ ਕੁਆਰਟਰ ਨੂੰ ਇਕ ਕਲਚਰਲ ਸੈਂਟਰ ਵਜੋਂ ਸੰਭਾਲਿਆ ਜਾਵੇਗਾ।

## Matrimonials

**Companionship Sought**

76 years old widower Punjabi healthy, handsome, retired doctor seeks companionship with a widow lady with attraction at or near 70. Even paying guest accommodation is welcome. Call Sharma at 315-383-2008

Handsome & educated Jatt Sikh match, preferably from California for Jatt Sikh beautiful girl, 24, 5'4", MBA. Call at 408-794-5382. Send Bio-data with pictures to Jatt_Sikh2010@yahoo.com

ਜੱਟ ਸਿੱਖ ਵਿਰਕ, 26, ਨਿਊ ਯਾਰਕ ਵਿਚ ਆਪਣਾ ਬਿਜਨਸ ਕਰਦੇ, ਪਿਛੋਂ ਜ਼ਿਲਾ ਕਰਨਾਲ ਦੇ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ:718-600-2325, 917-519-9453, sonu_virk48@yahoo.com


ਜੱਟ ਸਿੱਖ, ਸੁੰਦਰ, ਐਮ ਕਾਮ, 22, 5'5", ਸ਼ਹਿਰੀ ਤੇ ਪੇਂਡੂ ਸੰਪਤੀ ਦੀ ਮਾਲਕ, ਲੜਕੀ ਲਈ ਅਮਰੀਕਾ, ਕੈਨੇਡਾ ਜਾਂ ਇੰਗਲੈਂਡ ਰਹਿੰਦੇ ਜੱਟ ਸਿੱਖ ਲੜਕੇ ਦੀ ਲੋੜ ਹੈ। ਸੰਪਰਕ ਕਰੋ: gurdevsidhu77@yahoo.com

Wanted suitable boy US Citizen/Green Card/HIB Holder for jatt sikh girl 5'7", 27.5, M Tech. Comp. sci, pursuing Masters in Analytics, contact 704-930-1734 sandhu3200@gmail.com


MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines · Emirates · KOREAN AIR · SINGAPORE AIRLINES · CATHAY PACIFIC · Lufthansa · CHINA AIRLINES
We Also Offer Notary Service



100% NCLEX-PN Pass Rate!
SSF Campus January 2010 - March 2010
Hayward Campus January 2008 - March 2008
Job Placement Assistance! Affordable Payment Plans!
NCP Career College & College of Nursing
Training students since 1993!

12 Month LVN Program
20 Day CNA Program
Full Time
Part Time
Days, Evenings & Weekends
Choose which one is right for you...Your career is a call away. Call today!
800.339.5145
LVN Vocational Nursing Program
CNA Nursing Assistant Training
CNA Acute Care Training
IV Therapy & Blood Withdrawal Certification Course
NCLEX-PN Review Classes
Countinuing Education for RNs, LVNs & CNAs
CPR
www.ncpcareercollege.com
www.ncpcollegeofnursing.com
South San Francisco Campus
257 Longford Drive #5,
So. San Francisco, CA 94080
800.339.5145, 650.871.0701
Hayward Campus
21615 Hesperian Blvd. Ste. A,
Hayward, CA 94541
800.611.4054, 510.785.0454



FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਡੇਰਾ ਰਾਧਾ ਸਵਾਮੀ ਬਿਆਸ ਮੁਖੀ ਦੀ ਹੱਤਿਆ ਦੀ ਕੋਸ਼ਿਸ਼ ਅਸਫਲ

**ਜਲੰਧਰ :** ਡੇਰਾ ਰਾਧਾ ਸਵਾਮੀ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਦੀ ਹੱਤਿਆ ਦੀ ਕੋਸ਼ਿਸ਼ ਬੀਤੀ 28 ਜੁਲਾਈ ਨੂੰ ਵਿਆਨਾ (ਆਸਟਰੀਆ) ਪੁਲਿਸ ਵਲੋਂ ਅਸਫਲ ਬਣਾ ਦਿੱਤੀ ਗਈ ਅਤੇ ਵਿਸਫੋਟਕ ਸਮੱਗਰੀ ਲੈ ਕੇ ਪਹੁੰਚੇ 4 ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।



ਵਿਆਨਾ ਤੋਂ ਮਿਲੀ ਜਾਣਕਾਰੀ ਅਨੁਸਾਰ ਬਾਬਾ ਗੁਰਿੰਦਰ ਸਿੰਘ ਵਿਆਨਾ ਵਿਚ ਇਕ ਸਤਿਸੰਗ ਹਾਲ ਵਿਚ ਪ੍ਰਵਚਨ ਕਰਨ ਜਾ ਰਹੇ ਸਨ। ਵਿਆਨਾ ਪੁਲਿਸ ਨੂੰ ਸ਼ੱਕੀ ਲੋਕਾਂ ਦੇ ਪਹੁੰਚਣ ਦੀ ਪਹਿਲਾਂ ਤੋਂ ਹੀ ਸੂਚਨਾ ਮਿਲ ਗਈ ਸੀ ਜਿਸ ਕਾਰਨ ਪੁਲਿਸ ਨੇ ਚਾਰੋਂ ਪਾਸੇ ਆਪਣਾ ਜਾਲ ਵਿਛਾ ਦਿੱਤਾ। ਯਾਦ ਰਹੇ ਵਿਆਨਾ ਵਿਚ ਇਸ ਤੋਂ ਪਹਿਲਾਂ ਡੇਰਾ ਸੱਚਖੰਡ ਬੱਲਾਂ ਦੇ ਸੰਤ ਰਾਮਾਨੰਦ 'ਤੇ ਹਮਲਾ ਕਰਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ ਸੀ ਜਦ ਕਿ ਸੰਤ ਨਿਰੰਜਨ ਦਾਸ ਹਮਲੇ ਵਿਚ ਜ਼ਖ਼ਮੀ ਹੋ ਗਏ ਸਨ। ਉਸ ਹਾਦਸੇ ਤੋਂ ਬਾਅਦ ਵਿਆਨਾ ਪੁਲਿਸ ਸਤਿਸੰਗ ਪ੍ਰੋਗਰਾਮਾਂ ਨੂੰ ਲੈ ਕੇ ਅਲਰਟ ਹੋ ਗਈ ਹੈ।

ਵਿਆਨਾ ਪੁਲਿਸ ਨੇ ਸਤਿਸੰਗ ਹਾਲ ਦੇ ਆਲੇ-ਦੁਆਲੇ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਦੇ ਹੋਏ ਉਥੇ ਪੁਲਿਸ ਮੁਲਾਜ਼ਮਾਂ ਦੀ ਡਿਊਟੀ ਲਗਾ ਦਿੱਤੀ ਸੀ। ਪਾਰਕਿੰਗ ਵਾਲੀ ਥਾਂ 'ਤੇ ਪੁਲਿਸ ਨੇ ਸ਼ੱਕੀ ਵਿਅਕਤੀਆਂ ਨੂੰ ਬੈਠੇ ਵੇਖਿਆ। ਪੁਲਿਸ ਨੂੰ ਉਨ੍ਹਾਂ 'ਤੇ ਸ਼ੱਕ ਹੋਇਆ ਤਾਂ ਪੁਲਿਸ ਨੇ ਉਨ੍ਹਾਂ ਨੂੰ ਪੁੱਛਗਿੱਛ ਲਈ ਹਿਰਾਸਤ 'ਚ ਲੈ ਲਿਆ। ਦੱਸਿਆ ਜਾਂਦਾ ਹੈ ਕਿ ਵਿਆਨਾ ਪੁਲਿਸ ਵਲੋਂ ਕੀਤੀ ਗਈ ਪੁੱਛਗਿੱਛ 'ਤੇ ਉਕਤ ਸ਼ੱਕੀ ਵਿਅਕਤੀਆਂ ਨੇ ਦੱਸਿਆ ਕਿ ਉਨ੍ਹਾਂ ਦੇ 2 ਸਾਥੀ ਸਤਿਸੰਗ ਹਾਲ ਦੇ ਅੰਦਰ ਵੀ ਬੈਠੇ ਹੋਏ ਹਨ। ਪੁਲਿਸ ਨੇ ਤੁਰੰਤ ਫੋਨ 'ਤੇ ਦੂਜੀ ਟੀਮ ਨੂੰ ਇਸ ਦੀ ਸੂਚਨਾ ਦਿੱਤੀ ਅਤੇ ਟੀਮ ਦੇ ਮੈਂਬਰਾਂ ਨੇ ਸਤਿਸੰਗ ਹਾਲ 'ਚ ਜਾ ਕੇ ਉਥੇ ਬੈਠੇ 2 ਹੋਰ ਵਿਅਕਤੀਆਂ ਨੂੰ ਵੀ ਹਿਰਾਸਤ 'ਚ ਲੈ ਲਿਆ।

ਜਦਕਿ ਬੀਤੀ 31 ਜੁਲਾਈ ਨੂੰ ਗ੍ਰਿਫਤਾਰ ਕੀਤੇ ਗਏ ਇਨ੍ਹਾਂ 4 ਮੁਲਜ਼ਮਾਂ 'ਚੋਂ 2 ਨੂੰ ਅਦਾਲਤ ਵਲੋਂ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਪਰ ਰਿਹਾਅ ਹੁੰਦੇ ਹੀ ਉਨ੍ਹਾਂ ਨੂੰ ਅਦਾਲਤ ਦੇ ਬਾਹਰ ਫਿਰ ਤੋਂ ਗ੍ਰਿਫਤਾਰ ਕਰ ਲਿਆ ਗਿਆ।

ਵਿਆਨਾ ਪੁਲਿਸ ਵਲੋਂ ਗ੍ਰਿਫਤਾਰ ਕੀਤੇ ਗਏ 4 ਮੁਲਜ਼ਮਾਂ 'ਚੋਂ ਇਕ ਜਰਮਨੀ, ਇਕ ਸਪੇਨ ਅਤੇ 2 ਆਸਟਰੀਆ ਦੇ ਰਹਿਣ ਵਾਲੇ ਹਨ। ਵਿਆਨਾ ਦੀਆਂ ਅਖ਼ਬਾਰਾਂ ਵਿਚ ਛਪਿਆ ਹੈ ਕਿ ਵਿਆਨਾ ਪੁਲਿਸ ਨੇ 2 ਮੁਲਜ਼ਮਾਂ ਦੀ ਜ਼ਮਾਨਤ ਦੀ ਅਰਜ਼ੀ ਜੱਜ ਵਲੋਂ ਪ੍ਰਵਾਨ ਕਰਨ ਤੋਂ ਬਾਅਦ ਤੁਰੰਤ ਇਕ ਨਵੀਂ ਅਰਜ਼ੀ ਜੱਜ ਨੂੰ ਦਿੱਤੀ। ਜਿਸ 'ਚ ਕਿਹਾ ਗਿਆ ਕਿ ਉਕਤ ਦੋਵੇਂ ਵਿਅਕਤੀ ਆਸਟਰੀਆ ਛੱਡ ਕੇ ਦੌੜ ਗਏ ਤਾਂ ਉਨ੍ਹਾਂ ਨੂੰ ਕਿਥੋਂ ਲੱਭਿਆ ਜਾਵੇਗਾ। ਅਖ਼ਬਾਰਾਂ ਨੇ ਇਹ ਵੀ ਲਿਖਿਆ ਹੈ ਕਿ ਇਸ ਵੇਲੇ ਚਾਰੋਂ ਮੁਲਜ਼ਮ ਪੁਲਿਸ ਦੀ ਪਕੜ 'ਚ ਹਨ ਅਤੇ ਵਿਆਨਾ ਪੁਲਿਸ ਉਨ੍ਹਾਂ ਤੋਂ ਰਾਧਾ ਸਵਾਮੀ ਮੁਖੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਸੰਬੰਧ ਵਿਚ ਹੋਰ ਪੁੱਛਗਿੱਛ ਕਰ ਰਹੀ ਹੈ। ਉਕਤ ਦੋਹਾਂ ਮੁਲਜ਼ਮਾਂ ਨੇ ਆਸਟਰੀਆ ਵਿਚ ਪਿਛਲੇ ਕੁਝ ਸਮੇਂ ਤੋਂ ਪਨਾਹ ਲਈ ਹੋਈ ਹੈ। ਗ੍ਰਿਫਤਾਰ ਚਾਰੋਂ ਮੁਲਜ਼ਮ ਖਾਲਿਸਤਾਨ ਜ਼ਿੰਦਾਬਾਦ ਫੋਰਸ ਨਾਲ ਸੰਬੰਧ ਰੱਖਦੇ ਹਨ, ਜਿਸ ਦੀ ਪੁਸ਼ਟੀ ਵਿਆਨਾ ਪੁਲਿਸ ਪਹਿਲਾਂ ਹੀ ਕਰ ਚੁੱਕੀ ਹੈ।

ਦੂਜੇ ਪਾਸੇ ਬੀਤੀ 30 ਜੁਲਾਈ ਨੂੰ ਰਾਧਾ ਸੁਆਮੀ ਸਤਿਸੰਗ ਬਿਆਸ ਡੇਰੇ ਨੇ ਆਪਣੇ ਬਿਆਨ ਵਿਚ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ 'ਤੇ ਵਿਆਨਾ ਵਿਚ ਕਿਸੇ ਤਰ੍ਹਾਂ ਦੇ ਹਮਲੇ ਜਾਂ ਹਮਲੇ ਦੀ ਯੋਜਨਾ ਦੀ ਕੋਈ ਜਾਣਕਾਰੀ ਡੇਰੇ ਕੋਲ ਨਾ ਹੋਣ ਦੀ ਗੱਲ ਕਹੀ ਗਈ ਹੈ। ਇਹ ਬਿਆਨ ਡੇਰੇ ਦੇ ਕਾਰਜਕਾਰੀ ਸਕੱਤਰ ਸ: ਜੀ.ਐਸ. ਸੇਖੋਂ ਅਤੇ ਡੇਰੇ ਦੀ ਸੁਰੱਖਿਆ ਦੇ ਮੁਖੀ ਸ੍ਰੀ ਆਰ.ਕੇ. ਬੇਦੀ ਨੇ ਦਿੱਤਾ। ਸ: ਜੀ.ਐਸ. ਸੇਖੋਂ ਅਤੇ ਸ੍ਰੀ ਬੇਦੀ ਨੇ ਦੱਸਿਆ ਕਿ ਉਨ੍ਹਾਂ ਕੋਲ ਵੀ ਉਹੀ ਜਾਣਕਾਰੀ ਹੈ, ਜੋ ਮੀਡੀਆ ਕੋਲ ਹੈ ਅਤੇ ਉਨ੍ਹਾਂ ਕੋਲ ਆਸਟਰੀਆ ਤੋਂ ਮਿਲੀ ਕੋਈ ਵਾਧੂ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਠੀਕ ਠਾਕ ਹਨ ਅਤੇ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਹੈ। ਡੇਰੇ ਵਿਚ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਅਤੇ ਡੇਰੇ ਦੀ ਸੁਰੱਖਿਆ ਬਾਰੇ ਪੁੱਛਿਆਂ ਸ੍ਰੀ ਬੇਦੀ ਨੇ ਦੱਸਿਆ ਕਿ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਸਰਕਾਰ ਵਲੋਂ 'ਜ਼ੈਡ' ਸ਼੍ਰੇਣੀ ਦੀ ਸੁਰੱਖਿਆ ਮਿਲੀ ਹੋਈ ਹੈ ਅਤੇ ਇਸ ਤੋਂ ਇਲਾਵਾ ਉਨ੍ਹਾਂ ਦੀ ਸੁਰੱਖਿਆ ਲਈ ਡੇਰੇ ਦੀ ਆਪਣੀ ਵਿਵਸਥਾ ਵੀ ਹੈ ਜਿਸ ਵਿਚ ਡੇਰੇ ਦੇ ਵਲੰਟੀਅਰ ਸ਼ਾਮਿਲ ਹੁੰਦੇ ਹਨ। ਪਤਾ ਲੱਗਾ ਹੈ ਕਿ ਡੇਰਾ ਮੁਖੀ ਆਪਣਾ ਵਿਦੇਸ਼ ਦੌਰਾ ਜਾਰੀ ਰੱਖਣਗੇ ਅਤੇ ਉਨ੍ਹਾਂ ਦੇ ਸਤੰਬਰ ਵਿਚ ਵਾਪਸ ਮੁੜਨ ਦੀ ਯੋਜਨਾ ਹੈ।

ਉਧਰ ਇਸ ਘਟਨਾ ਤੋਂ ਬਾਅਦ ਪੰਜਾਬ ਪੁਲਿਸ ਦੇ ਡੀ.ਜੀ.ਪੀ., ਪੀ.ਐਸ. ਗਿੱਲ ਨੇ ਸੂਬੇ ਦੇ ਇੰਟੈਲੀਜੈਂਸ ਵਿੰਗ ਅਤੇ ਪੁਲਿਸ ਅਧਿਕਾਰੀਆਂ ਨੂੰ ਚੌਕਸ ਕਰ ਦਿੱਤਾ ਹੈ। ਉਚ ਪੁਲਿਸ ਅਧਿਕਾਰੀਆਂ ਤੋਂ ਪਤਾ ਲੱਗਾ ਹੈ ਕਿ ਗਿੱਲ ਨੇ ਇਸ ਸਬੰਧ 'ਚ ਪੁਲਿਸ ਅਧਿਕਾਰੀਆਂ ਨਾਲ ਮਸ਼ਵਰੇ ਵੀ ਕੀਤੇ ਹਨ। ਡੇਰਾ ਬਿਆਸ ਦੇ ਆਲੇ-ਦੁਆਲੇ ਸੁਰੱਖਿਆ ਘੇਰਾ ਮਜ਼ਬੂਤ ਕੀਤਾ ਜਾ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਇੰਟੈਲੀਜੈਂਸ ਏਜੰਸੀਆਂ ਨੇ ਵੀ ਵਿਆਨਾ 'ਚ ਆਪਣੇ ਸੰਪਰਕ ਸੂਤਰਾਂ ਰਾਹੀਂ ਉਕਤ ਘਟਨਾ ਬਾਰੇ ਜਾਣਕਾਰੀ ਜੁਟਾ ਲਈ ਹੈ। ਵਿਆਨਾ ਦੇ ਸੋਮਿਆਂ ਨੇ ਵਿੰਗ ਦੇ ਅਧਿਕਾਰੀਆਂ ਕੋਲ ਉਕਤ ਘਟਨਾ ਦੀ ਪੁਸ਼ਟੀ ਕਰ ਦਿੱਤੀ ਹੈ। ਪੰਜਾਬ ਪੁਲਿਸ ਉਕਤ ਕਾਂਡ ਨੂੰ ਲੈ ਕੇ ਕਿਸੇ ਵੀ ਕਿਸਮ ਦੀ ਕੋਤਾਹੀ ਨਹੀਂ ਵਰਤਣਾ ਚਾਹੁੰਦੀ। ਵੱਖ-ਵੱਖ ਜ਼ਿਲ੍ਹਿਆਂ 'ਚ ਡੇਰਾ ਬਿਆਸ ਦੇ ਸਤਿਸੰਗ ਘਰਾਂ ਦੀ ਸੁਰੱਖਿਆ ਵਲ ਵੀ ਧਿਆਨ ਦੇਣ ਲਈ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਕਿਹਾ ਗਿਆ ਹੈ ਕਿਉਂਕਿ ਕੋਈ ਵੀ ਸ਼ਰਾਰਤੀ ਅਨਸਰ ਉਕਤ ਘਟਨਾ ਦੀ ਆੜ 'ਚ ਸ਼ਰਾਰਤ ਕਰ ਸਕਦਾ ਹੈ।

## ਸਾਜ਼ਿਸ਼ ਬੇਪਰਦ ਹੋਣ ਮਗਰੋਂ ਪੰਜਾਬ ਪੁਲਿਸ ਵਲੋਂ ਨਵੀਆਂ ਪੇਸ਼ਬੰਦੀਆਂ

**ਚੰਡੀਗੜ੍ਹ :** ਪੰਜਾਬ ਵਿਚਲੇ ਕੁਝ ਡੇਰਾ ਮੁਖੀਆਂ ਨੂੰ ਸੂਬਾ ਪੁਲਿਸ ਅਤੇ ਖੁਫੀਆ ਏਜੰਸੀਆਂ ਨੇ ਵਿਦੇਸ਼ ਦੌਰੇ ਸੰਭਲ ਕੇ ਕਰਨ ਅਤੇ ਚੌਕਸੀ ਵਰਤਣ ਦੀ ਸਲਾਹ ਦਿੱਤੀ ਹੈ। ਸੀ.ਆਈ.ਡੀ. ਅਤੇ ਰਾਜ ਪੁਲਿਸ ਵਲੋਂ ਕੇਂਦਰੀ ਖੁਫੀਆ ਏਜੰਸੀਆਂ ਅਤੇ ਵਿਦੇਸ਼ ਮੰਤਰਾਲੇ ਰਾਹੀਂ ਵਿਆਨਾ ਵਿਚਲੀ ਘਟਨਾ ਬਾਰੇ ਵਿਸਥਾਰ ਵਿਚ ਜਾਣਕਾਰੀ ਮੰਗੀ ਜਾ ਰਹੀ ਹੈ। ਸੂਤਰਾਂ ਦਾ ਦੱਸਣਾ ਹੈ ਕਿ ਵਿਆਨਾ ਵਿਚ ਜਿਸ ਤਰ੍ਹਾਂ ਹਾਲ ਹੀ 'ਚ ਡੇਰਾ ਬਿਆਸ ਦੇ ਮੁਖੀ ਉਪਰ ਕਥਿਤ ਹਮਲੇ ਦੀ ਕੋਸ਼ਿਸ਼ ਦੀਆਂ ਖ਼ਬਰਾਂ ਆ ਰਹੀਆਂ ਹਨ, ਉਸ ਨੂੰ ਦੇਖਦਿਆਂ ਅਤਿਵਾਦੀਆਂ ਦੀ ਹਿੱਟ ਲਿਸਟ 'ਤੇ ਸਮਝੇ ਜਾਂਦੇ ਬਾਬਿਆਂ ਲਈ ਵਿਦੇਸ਼ੀ ਦੌਰਾ ਖ਼ਤਰੇ ਤੋਂ ਖਾਲੀ ਨਹੀਂ। ਪੰਜਾਬ ਪੁਲਿਸ ਨੇ ਆਸ਼ੂਤੋਸ਼ ਨੂਰਮਹਿਲ, ਪਿਆਰਾ ਸਿੰਘ ਭਨਿਆਰਾ, ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ, ਡੇਰਾ ਬੱਲਾਂ ਦੇ ਮੁਖੀ ਨਿਰੰਜਨ ਦਾਸ ਸਮੇਤ ਦਰਜਨ ਦੇ ਕਰੀਬ ਬਾਬਿਆਂ ਨੂੰ ਸੁਰੱਖਿਆ ਛਤਰੀ ਦਿੱਤੀ ਹੋਈ ਹੈ। ਜ਼ਿਆਦਾ ਖ਼ਤਰਾ ਭਾਵੇਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮੰਨਿਆ ਜਾਂਦਾ ਹੈ, ਪਰ ਉਸ ਦਾ ਟਿਕਾਣਾ ਸੂਬੇ ਤੋਂ ਬਾਹਰ ਹੋਣ ਕਾਰਨ ਪੰਜਾਬ ਪੁਲਿਸ ਨੂੰ ਵੱਡੀ ਰਾਹਤ ਮਿਲੀ ਹੋਈ ਹੈ। ਵਿਆਨਾ ਦੀ ਤਾਜ਼ਾ ਘਟਨਾ ਤੋਂ ਬਾਅਦ ਖੁਫੀਆ ਏਜੰਸੀਆਂ ਨੇ 'ਬਾਬਿਆਂ' ਨੂੰ ਕਿਹਾ ਹੈ ਕਿ ਵਿਦੇਸ਼ੀ ਦੌਰੇ ਸਮੇਂ ਖਾਸ ਸਾਵਧਾਨੀ ਵਰਤੀ ਜਾਵੇ ਜੇਕਰ ਸੰਭਵ ਹੋਵੇ ਤਾਂ ਵਿਦੇਸ਼ ਵਿਚ ਵੀ ਪੇਸ਼ੇਵਾਰਨਾ ਸੁਰੱਖਿਆ ਦਾ ਬੰਦੋਬਸਤ ਕੀਤਾ ਜਾਵੇ। ਪੰਜਾਬ ਵਿਚਲੇ ਬਾਬੇ ਅਕਸਰ ਹੀ ਯੂਰਪੀਨ ਮੁਲਕਾਂ ਦੇ ਦੌਰੇ 'ਤੇ ਧਾਰਮਿਕ ਸਮਾਗਮ ਕਰਨ ਜਾਂਦੇ ਹਨ। ਏਜੰਸੀਆਂ ਦਾ ਦਾਅਵਾ ਹੈ ਕਿ ਪੰਜਾਬ ਵਿਚ ਸਰਗਰਮ ਅਤਿਵਾਦੀ ਜਥੇਬੰਦੀਆਂ ਨੇ ਵਿਦੇਸ਼ਾਂ ਵਿਚ ਇੰਨੇ ਪੈਰ ਜਮਾ ਲਏ ਹਨ ਕਿ ਵਿਦੇਸ਼ਾਂ ਤੋਂ ਸੁਪਾਰੀ ਦੇ ਕੇ ਵੀ ਕਤਲ ਕਰਾਏ ਜਾ ਰਹੇ ਹਨ। ਜਿਸ ਦੀ ਮਿਸਾਲ ਰਾਸ਼ਟਰੀ ਸਿੱਖ ਸੰਗਤ ਦੀ ਪੰਜਾਬ ਇਕਾਈ ਦੇ ਮੁਖੀ ਰੁਲਦਾ ਸਿੰਘ ਦੇ ਕਤਲ ਤੋਂ ਮਿਲਦੀ ਹੈ।

ਵਿਦੇਸ਼ਾਂ ਵਿਚ ਰਾਜਨੀਤਕ ਜਾਂ ਧਾਰਮਿਕ ਸ਼ਖ਼ਸੀਅਤ ਨੂੰ ਸੁਰੱਖਿਆ ਛਤਰੀ ਨਹੀਂ ਮਿਲਦੀ। ਇਸ ਦੀ ਤਾਜ਼ਾ ਮਿਸਾਲ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਅਮਰੀਕਾ ਫੇਰੀਆਂ ਦੌਰਾਨ ਉਥੋਂ ਦੀ ਸਰਕਾਰ ਵਲੋਂ ਸੁਰੱਖਿਆ ਪ੍ਰਦਾਨ ਕਰਨ ਤੋਂ ਦਿੱਤੇ ਜਵਾਬ ਤੋਂ ਮਿਲਦੀ ਹੈ ਤੇ ਰਾਜ ਸਰਕਾਰ ਨੂੰ ਮੁੱਖ ਮੰਤਰੀ ਲਈ ਵੀ ਆਪਣੇ ਖਰਚੇ 'ਤੇ ਸੁਰੱਖਿਆ ਲੈਣੀ ਪਈ।

ਪਹਿਲਾਂ ਆਸ਼ੂਤੋਸ਼, ਭਨਿਆਰਾ ਅਤੇ ਨਿਰੰਜਨ ਦਾਸ ਹੀ ਹਿੱਟ ਲਿਸਟ 'ਤੇ ਮੰਨੇ ਜਾਂਦੇ ਸਨ, ਪਰ ਵਿਆਨਾ ਵਿਚਲੀ ਘਟਨਾ ਨੇ ਖੁਫੀਆ ਏਜੰਸੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਵਿਆਨਾ ਕਾਂਡ ਤੋਂ ਬਾਅਦ ਸਾਰੇ ਡੇਰਿਆਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਸੀ.ਆਈ.ਡੀ. ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ "ਅਸੀਂ ਕੇਂਦਰੀ ਏਜੰਸੀਆਂ ਰਾਹੀਂ ਵਿਆਨਾ ਦੀਆਂ ਘਟਨਾਵਾਂ 'ਤੇ ਨਜ਼ਰ ਰੱਖ ਰਹੇ ਹਾਂ ਤੇ ਉਥੋਂ ਜਾਣਕਾਰੀ ਵੀ ਮੰਗਵਾ ਰਹੇ ਹਾਂ। ਫਿਲਹਾਲ ਪੂਰੀ ਤਸਵੀਰ ਸਾਫ ਨਹੀਂ ਹੋਈ।"

ਜ਼ਿਕਰਯੋਗ ਹੈ ਕਿ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੇ ਵਿਆਨਾ ਸਮਾਗਮ ਦੌਰਾਨ 28 ਜੁਲਾਈ ਨੂੰ ਆਸਟਰੀਆ ਪੁਲਿਸ ਨੇ ਕੁਝ ਮਸ਼ਕੂਕ ਵਿਅਕਤੀ ਹਿਰਾਸਤ ਵਿਚ ਲਏ ਸਨ। ਸਾਲ 2009 ਦੌਰਾਨ ਵੀਆਨਾ ਵਿਚ ਡੇਰਾ ਬੱਲਾਂ ਦੇ ਉਪ ਮੁਖੀ ਸੰਤ ਰਾਮਾ ਨੰਦ ਦੀ ਦੋ ਨੌਜਵਾਨਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ ਤੇ ਡੇਰੇ ਦੇ ਮੁਖੀ ਨੂੰ ਜ਼ਖ਼ਮੀ ਕਰ ਦਿੱਤਾ ਸੀ। ਇਸ ਘਟਨਾ ਤੋਂ ਬਾਅਦ ਪੰਜਾਬ ਵਿਚ ਕਈ ਦਿਨ ਵਿਆਪਕ ਹਿੰਸਾ ਹੋਈ।

# ਅਮਰੀਕਾ ਦੌਰੇ ਬਾਦਲ ਦੇ,ਪਰ ਬੋਝ ਪੰਜਾਬ ਖਜ਼ਾਨੇ 'ਤੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਾਲੀਆ ਅਮਰੀਕਾ ਦੌਰਿਆਂ ਦੌਰਾਨ ਵਿਦੇਸ਼ੀ ਸਰਕਾਰ ਵਲੋਂ ਸੁਰੱਖਿਆ ਛਤਰੀ ਨਾ ਦੇਣ ਕਾਰਨ ਰਾਜ ਸਰਕਾਰ ਨੂੰ ਵਿਦੇਸ਼ੀ ਮੁਲਕ ਵਿਚ ਆਪਣੇ ਖਰਚ 'ਤੇ ਸੁਰੱਖਿਆ ਦੇ ਇੰਤਜ਼ਾਮ ਕਰਨੇ ਪਏ। ਮੁੱਖ ਮੰਤਰੀ ਦੀ ਜਾਨ ਨੂੰ ਅਤਿਵਾਦੀਆਂ ਤੋਂ ਖ਼ਤਰਾ ਹੋਣ ਕਾਰਨ ਭਾਰਤ ਵਿਚ ਇਹ 'ਜ਼ੈਡ ਪਲੱਸ' ਸੁਰੱਖਿਆ ਛਤਰੀ ਮਿਲੇ ਹੋਣ ਕਰਕੇ ਵਿਦੇਸ਼ੀ ਧਰਤੀ 'ਤੇ ਉਨ੍ਹਾਂ ਦਾ ਬਿਨਾਂ ਸੁਰੱਖਿਆ ਤੋਂ ਵਿਚਰਨਾ ਰਾਜ ਦੀ ਪੁਲੀਸ ਅਤੇ ਖੁਫੀਆ ਏਜੰਸੀਆਂ ਲਈ ਚਿੰਤਾ ਦਾ ਵਿਸ਼ਾ ਬਣਿਆ ਰਿਹਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਚਾਲੂ ਮਾਲੀ ਸਾਲ ਦੌਰਾਨ ਅਮਰੀਕਾ ਦੇ ਦੌਰੇ 'ਤੇ ਤਿੰਨ ਵਾਰੀ ਜਾ ਚੁੱਕੇ ਹਨ। ਅਮਰੀਕਾ ਵਿਚ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਬਾਦਲ ਇਲਾਜ ਅਧੀਨ ਸਨ। ਇਨ੍ਹਾਂ ਤਿੰਨਾਂ ਦੌਰਿਆਂ ਦੌਰਾਨ ਸ੍ਰੀ ਬਾਦਲ 45 ਦਿਨ ਦੇ ਕਰੀਬ ਵਿਦੇਸ਼ ਰਹੇ ਹਨ।



ਰਾਜ ਸਰਕਾਰ ਦਾ ਮੰਨਣਾ ਹੈ ਕਿ ਪੰਜਾਬ ਤੋਂ ਸੁਰੱਖਿਆ ਗਾਰਦ ਦਾ ਭੇਜਣਾ ਕਿਸੇ ਤਰ੍ਹਾਂ ਸੰਭਵ ਨਹੀਂ ਹੁੰਦਾ, ਇਸੇ ਕਰਕੇ ਮੁੱਖ ਮੰਤਰੀ ਦੀ ਸੁਰੱਖਿਆ ਲਈ ਅਮਰੀਕਾ ਸਥਿਤ ਭਾਰਤੀ ਸਫਾਰਤਖਾਨੇ ਦੇ ਅਧਿਕਾਰੀਆਂ ਰਾਹੀਂ ਲਿਖਿਆ ਗਿਆ ਸੀ। ਰਾਜ ਦੀਆਂ ਖੁਫੀਆ ਏਜੰਸੀਆਂ ਦੀ ਇਹ ਵੀ ਦਲੀਲ ਸੀ ਕਿ ਪੰਜਾਬ ਵਿੱਚ ਦਹਿਸ਼ਤ ਦਾ ਮਾਹੌਲ ਬਣਾਈ ਰੱਖਣ ਵਾਲੀਆਂ ਕਈ ਅਤਿਵਾਦੀ ਜਥੇਬੰਦੀਆਂ ਦੇ ਕਾਰਕੁੰਨ ਜਾਂ ਆਗੂ ਯੂਰਪੀ ਮੁਲਕਾਂ ਜਿਨ੍ਹਾਂ ਵਿਚ ਅਮਰੀਕਾ ਵੀ ਸ਼ਾਮਲ ਹੈ, ਸਰਗਰਮ ਹਨ।

ਇਸ ਲਈ ਸੁਰੱਖਿਆ ਪੱਖ ਤੋਂ ਪ੍ਰਕਾਸ਼ ਸਿੰਘ ਬਾਦਲ ਨੂੰ ਸਰਕਾਰ ਵਲੋਂ ਸੁਰੱਖਿਆ ਪ੍ਰਬੰਧ ਕੀਤੇ ਜਾਣੇ ਜ਼ਰੂਰੀ ਹਨ। ਉਚ ਸੂਤਰਾਂ ਦਾ ਦੱਸਣਾ ਹੈ ਕਿ ਅਮਰੀਕਾ ਸਰਕਾਰ ਭਾਰਤ ਦੇ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ ਆਦਿ ਕੁਝ ਚੋਣਵੀਆਂ ਸ਼ਖ਼ਸੀਅਤਾਂ ਨੂੰ ਹੀ ਸੁਰੱਖਿਆ ਦਿੰਦੀ ਹੈ। ਅਮਰੀਕਾ ਦੇ ਸੰਬੰਧਤ ਵਿਭਾਗ ਨੇ ਪੰਜਾਬ ਸਰਕਾਰ ਦੀਆਂ ਦਲੀਲਾਂ ਨੂੰ ਰੱਦ ਕਰ ਦਿੱਤਾ ਤਾਂ ਅਖੀਰ ਰਾਜ ਸਰਕਾਰ ਨੂੰ ਮੁੱਖ ਮੰਤਰੀ ਦੀ ਸੁਰੱਖਿਆ ਲਈ ਨਿੱਜੀ ਸੁਰੱਖਿਆ ਏਜੰਸੀ ਦੀਆਂ ਸੇਵਾਵਾਂ ਲੈਣੀਆਂ ਪਈਆਂ। ਸੂਤਰਾਂ ਮੁਤਾਬਕ ਰਾਜ ਸਰਕਾਰ ਨੇ ਮੁੱਖ ਮੰਤਰੀ ਲਈ 'ਗਲੋਬਲ ਸਕਿਉਰਿਟੀ ਸਰਵਿਸ ਓਕਟਾਉਨ ਨਿਊਯਾਰਕ' ਦੀਆਂ ਸੇਵਾਵਾਂ ਲਈਆਂ ਸਨ। ਮੁੱਖ ਮੰਤਰੀ ਦੀ ਹਾਲੀਆ ਪਲੇਠੀ ਫੇਰੀ ਦੌਰਾਨ ਇਸ ਨਿੱਜੀ ਸੁਰੱਖਿਆ ਏਜੰਸੀ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ 17 ਲੱਖ 80 ਹਜ਼ਾਰ ਰੁਪਏ ਦੀ ਅਦਾਇਗੀ ਕੀਤੀ ਗਈ ਸੀ। ਇਸ ਤੋਂ ਬਾਅਦ 14 ਲੱਖ ਰੁਪਏ ਦੀ ਅਦਾਇਗੀ ਲਈ ਗ੍ਰਹਿ ਵਿਭਾਗ ਵਲੋਂ ਵਿੱਤ ਵਿਭਾਗ ਨੂੰ ਲਿਖਿਆ ਗਿਆ ਹੈ। ਕੁਝ ਹੋਰ ਅਦਾਇਗੀਆਂ ਬਕਾਇਆ ਦੱਸੀਆਂ ਗਈਆਂ ਹਨ। ਮੁੱਖ ਮੰਤਰੀ ਦੀ ਸੁਰੱਖਿਆ ਲਈ ਵਿਦੇਸ਼ੀ ਧਰਤੀ 'ਤੇ ਰੋਜ਼ਾਨਾ ਤਕਰੀਬਨ ਇਕ ਲੱਖ ਰੁਪਏ ਖਰਚ ਆਇਆ ਦੱਸਿਆ ਗਿਆ ਹੈ।

ਉਧਰ ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਅਹਿਮ ਵਿਅਕਤੀਆਂ ਖਾਸ ਕਰ ਮੁੱਖ ਮੰਤਰੀਆਂ ਦੇ ਸਰਕਾਰੀ ਵਿਦੇਸ਼ ਦੌਰਿਆਂ ਦੌਰਾਨ ਵਿਦੇਸ਼ੀ ਸਰਕਾਰਾਂ ਵਲੋਂ ਸੁਰੱਖਿਆ ਦੇ ਪ੍ਰਬੰਧ ਕੀਤੇ ਜਾਂਦੇ ਹਨ। ਅਹਿਮ ਵਿਅਕਤੀਆਂ ਦੇ ਨਿੱਜੀ ਦੌਰਿਆਂ ਦੌਰਾਨ ਕੇਂਦਰ ਸਰਕਾਰ ਦੇ ਦਖ਼ਲ ਤੋਂ ਬਾਅਦ ਹੀ ਵਿਦੇਸ਼ ਵਿਚ ਸੁਰੱਖਿਆ ਦਿੱਤੀ ਜਾਂਦੀ ਹੈ। ਇਨ੍ਹਾਂ ਸੂਤਰਾਂ ਮੁਤਾਬਕ ਮੁੱਖ ਮੰਤਰੀਆਂ ਜਾਂ ਮੰਤਰੀਆਂ ਵਲੋਂ ਕੇਂਦਰ ਸਰਕਾਰ ਦਾ ਦਖ਼ਲ ਇਸ ਕਰਕੇ ਜ਼ਰੂਰੀ ਨਹੀਂ ਸਮਝਿਆ ਜਾਂਦਾ ਕਿਉਂਕਿ ਕੇਂਦਰੀ ਖੁਫੀਆ ਏਜੰਸੀਆਂ ਸਬੰਧਤ ਅਹਿਮ ਵਿਅਕਤੀਆਂ ਦੀ ਪੈੜ ਨੱਪਣੀ ਸ਼ੁਰੂ ਕਰ ਦਿੰਦੀਆਂ ਹਨ।

## ਬੀਬੀ ਸੁਰਿੰਦਰ ਕੌਰ ਬਾਦਲ ਤੰਦਰੁਸਤ ਹੋ ਕੇ ਪਰਤੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਤਨੀ ਬੀਬੀ ਸੁਰਿੰਦਰ ਕੌਰ ਬਾਦਲ ਅਮਰੀਕਾ ਤੋਂ ਇਲਾਜ ਕਰਵਾ ਕੇ ਬੀਤੀ 28 ਜੁਲਾਈ ਨੂੰ ਚੰਡੀਗੜ੍ਹ ਪੁੱਜ ਗਏ ਹਨ। ਉਹ ਤਕਰੀਬਨ ਤਿੰਨ ਮਹੀਨੇ ਇਲਾਜ ਕਰਵਾਉਣ ਤੋਂ ਬਾਅਦ ਤੰਦਰੁਸਤ ਹੋ ਕੇ ਪਰਤੇ ਹਨ। ਉਹ ਦਿੱਲੀ ਤੋਂ ਮੁੱਖ ਮੰਤਰੀ ਸ੍ਰੀ ਬਾਦਲ ਦੇ ਨਾਲ ਚੰਡੀਗੜ੍ਹ ਪੁੱਜੇ।



ਦਿੱਲੀ ਹਵਾਈ ਅੱਡੇ 'ਤੇ ਉਨ੍ਹਾਂ ਨੂੰ ਲੈਣ ਵਾਲਿਆਂ ਵਿਚ ਡਿਪਟੀ ਮੁੱਖ ਮੰਤਰੀ ਸੁਖਬੀਰ ਬਾਦਲ , ਕਈ ਹੋਰ ਸੀਨੀਅਰ ਅਕਾਲੀ ਨੇਤਾ ਅਤੇ ਪਰਿਵਾਰ ਦੇ ਮੈਂਬਰ ਵੀ ਸ਼ਾਮਲ ਸਨ।

## ਨਾਰਾਇਣ ਸਿੰਘ ਚੌੜਾ 'ਤੇ 5 ਲੱਖ ਦਾ ਇਨਾਮ

**ਅੰਮ੍ਰਿਤਸਰ:** ਪੰਜਾਬ ਪੁਲਿਸ ਨੇ ਬੁੜੈਲ ਜੇਲ੍ਹ ਤੋੜਨ ਦੇ ਮੁੱਖ ਸਾਜ਼ਿਸ਼ੀ ਨਾਰਾਇਣ ਸਿੰਘ ਚੌੜਾ 'ਤੇ 29 ਜੁਲਾਈ ਨੂੰ 5 ਲੱਖ ਰੁਪਏ ਦੇ ਇਨਾਮ ਦਾ ਐਲਾਨ ਕਰ ਦਿੱਤਾ ਹੈ। ਚੌੜਾ 'ਤੇ ਨੌਜਵਾਨਾਂ ਨੂੰ ਅਤਿਵਾਦੀ ਜਥੇਬੰਦੀਆਂ ਦਾ ਹਿੱਸਾ ਬਣਾ ਕੇ ਉਨ੍ਹਾਂ ਦੇ ਹੱਥਾਂ 'ਚ ਵਿਸਫੋਟਕ ਸਮੱਗਰੀ ਅਤੇ ਗੋਲੀ ਸਿੱਕਾ ਦੇਣ, ਆਜ਼ਾਦੀ ਦਿਹਾੜੇ ਅਤੇ ਕਾਮਨਵੈਲਥ ਗੇਮਾਂ 'ਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੇ ਮਨਸੂਬੇ ਘੜਨ ਦਾ ਦੋਸ਼ ਹੈ।

ਪਿਛਲੇ ਡੇਢ ਮਹੀਨੇ ਵਿਚ ਗ੍ਰਿਫਤਾਰ ਕੀਤੇ ਗਏ 12 ਖਾੜਕੂਆਂ ਤੋਂ ਬਰਾਮਦ ਆਰ.ਡੀ. ਐਕਸ. ਅਤੇ ਗੋਲੀ ਸਿੱਕਾ ਇਸੇ ਖੇਪ ਦਾ ਹਿੱਸਾ ਸੀ। ਜਦੋਂ ਤੋਂ ਖੁਫੀਆ ਏਜੰਸੀਆਂ ਨੂੰ ਪੰਜਾਬ 'ਚ ਅਤਿਵਾਦੀ ਸੰਗਠਨਾਂ ਦੇ ਇਕਜੁਟ ਹੋਣ ਦੀ ਜਾਣਕਾਰੀ ਮਿਲੀ ਹੈ, ਉਦੋਂ ਤੋਂ ਹੀ ਪੰਜਾਬ ਪੁਲਿਸ ਨੂੰ ਕਿਸੇ ਵੱਡੀ ਤਬਾਹੀ ਦਾ ਡਰ ਸਤਾ ਰਿਹਾ ਹੈ। ਪੁਲਿਸ ਗ੍ਰਿਫਤਾਰ ਕੀਤੇ ਗਏ ਫ਼੍ਰਾਂਸੀਸੀ ਨਾਗਰਿਕ ਪਾਲ ਸਿੰਘ ਨੂੰ ਜ਼ਰੀਆ ਬਣਾ ਕੇ ਬੱਬਰ ਖਾਲਸਾ ਜਥੇਬੰਦੀ ਦੇ ਅਤਿਵਾਦੀ ਚੌੜਾ ਤਕ ਪਹੁੰਚਣ 'ਚ ਰੁੱਝ ਗਈ ਹੈ।

## ਅੰਮ੍ਰਿਤਸਰੋਂ ਨਹੀਂ ਉਡੇਗੀ ਟੋਰਾਂਟੋ ਲਈ ਉਡਾਣ

**ਅੰਮ੍ਰਿਤਸਰ :** ਸ਼ੁਰੂਆਤ ਤੋਂ ਬੁਕਿੰਗ ਫੁੱਲ ਰਹਿਣ ਦੇ ਬਾਵਜੂਦ ਬੋਇੰਗ-777 (ਏਅਰ ਇੰਡੀਆ-187) ਅੰਮ੍ਰਿਤਸਰ-ਲੰਦਨ-ਟੋਰਾਂਟੋ ਦੇ ਲਈ 30 ਅਕਤੂਬਰ ਨੂੰ ਗੁਰੂ ਕੀ ਨਗਰੀ ਤੋਂ ਆਖਰੀ ਉਡਾਨ ਭਰੇਗੀ। 31 ਅਕਤੂਬਰ ਤੋਂ ਏਅਰ ਇੰਡੀਆ ਦੀਆਂ ਅੰਮ੍ਰਿਤਸਰ-ਲੰਡਨ-ਟੋਰਾਂਟੋ ਫਲਾਈਟਾਂ ਵਾਇਆ ਦਿੱਲੀ ਜਾਣਗੀਆਂ। ਹੁਣ ਲੰਡਨ ਤੇ ਟੋਰਾਂਟੋ ਦੀਆਂ ਸਵਾਰੀਆਂ ਨੂੰ ਪਹਿਲਾਂ ਛੋਟੇ ਜਹਾਜ਼ ਰਾਹੀਂ ਅੰਮ੍ਰਿਤਸਰ ਤੋਂ ਦਿੱਲੀ ਲਿਜਾਇਆ ਜਾਵੇਗਾ ਅਤੇ ਉਥੋਂ ਲੰਡਨ ਅਤੇ ਟੋਰਾਂਟੋ ਲਈ ਵੱਖ-ਵੱਖ ਫਲਾਈਟਾਂ ਰਵਾਨਾ ਹੋਣਗੀਆਂ। ਅੰਮ੍ਰਿਤਸਰ ਤੋਂ ਗਏ ਲੰਡਨ ਦੇ ਯਾਤਰੀਆਂ ਨੂੰ ਦਿੱਲੀ ਤੋਂ ਨਵੀਂ ਸ਼ੁਰੂ ਹੋਣ ਵਾਲੀ ਫਲਾਈਟ ਏ ਆਈ-115 ਦੇ ਜ਼ਰੀਏ ਭੇਜਿਆ ਜਾਵੇਗਾ ਜਦਕਿ ਟੋਰਾਂਟੋ ਦੀਆਂ ਸਵਾਰੀਆਂ ਨੂੰ ਏ ਆਈ-187 ਦੇ ਰਾਹੀਂ ਹੀ ਭੇਜਿਆ ਜਾਵੇਗਾ।

ਸੂਤਰਾਂ ਅਨੁਸਾਰ ਇਹ ਸਾਰੀ ਅਦਲਾ ਬਦਲੀ ਭਵਿੱਖ ਵਿਚ ਨਿੱਜੀ ਹਵਾਈ ਸੇਵਾ ਕੰਪਨੀਆਂ ਨੂੰ ਸਿੱਧਾ ਫਾਇਦਾ ਪਹੁੰਚਾਉਣ ਲਈ ਕੀਤੀ ਜਾ ਰਹੀ ਹੈ। ਇਹ ਫਲਾਈਟਾਂ ਰਾਜਾਸਾਂਸੀ ਹਵਾਈ ਅੱਡੇ ਦੀਆਂ ਪ੍ਰਮੁੱਖ ਕੌਮਾਂਤਰੀ ਉਡਾਣਾਂ ਸਨ। ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਤੋਂ ਬਰਮਿੰਘਮ-ਟੋਰਾਂਟੋ ਫਲਾਈਟ ਨੂੰ 15 ਮਈ 2005 ਤੋਂ ਏਅਰ ਇੰਡੀਆ ਨੇ ਸ਼ੁਰੂ ਕੀਤਾ ਸੀ ਇਸ ਨੂੰ 2008 ਵਿਚ ਵਾਇਆ ਲੰਡਨ ਕਰ ਦਿੱਤਾ ਗਿਆ। ਹੁਣ ਨਵੀਂ ਸਮਾਂ ਸਾਰਣੀ ਅਨੁਸਾਰ 31 ਅਕਤੂਬਰ ਤੋਂ ਹਰ ਰੋਜ਼ ਅੰਮ੍ਰਿਤਸਰ ਤੋਂ ਲੰਡਨ ਅਤੇ ਟੋਰਾਂਟੋ ਦੋ ਫਲਾਈਟਾਂ ਵਾਇਆ ਦਿੱਲੀ ਸ਼ੁਰੂ ਹੋਣਗੀਆਂ। ਇਸ ਤਰ੍ਹਾਂ ਬੀ-777 ਵਰਗੇ ਵੱਡੇ ਹਵਾਈ ਜਹਾਜ਼ ਨੂੰ ਇਥੋਂ ਹਟਾ ਕੇ ਦਿੱਲੀ ਲਿਜਾਣ ਦੇ ਫੈਸਲੇ ਨਾਲ ਰਾਜਾਸਾਂਸੀ ਹਵਾਈ ਅੱਡੇ ਦੀ ਸਾਖ ਉਪਰ ਵੀ ਅਸਰ ਪਵੇਗਾ। ਏਅਰ ਇੰਡੀਆ ਦੇ ਉਚ ਅਧਿਕਾਰੀ ਚੰਦਰ ਕੁਮਾਰ ਦਾ ਕਹਿਣਾ ਹੈ ਕਿ ਇਸ ਫਲਾਈਟ ਨੂੰ ਵਾਇਆ ਦਿੱਲੀ ਕਰਨ ਦੇ ਪਿੱਛੇ ਵਿਭਾਗੀ ਨੀਤੀ ਹੈ। ਦਿੱਲੀ ਨੂੰ ਨਵਾਂ ਹਵਾਈ ਹੱਬ ਬਣਾਉਣ ਲਈ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ।

## ਦਰਿਆਵਾਂ ਦਾ ਕੌਮੀਕਰਨ ਭਾਜਪਾ ਦਾ ਸੰਕਲਪ

**ਚੰਡੀਗੜ੍ਹ:** ਬੀਤੀ 30 ਜੁਲਾਈ ਨੂੰ ਫਿਰ ਭਾਜਪਾ ਨੇ ਪੰਜਾਬ ਦੀ ਧਰਤੀ 'ਤੇ ਆ ਕੇ ਕਿਹਾ ਕਿ ਭਾਜਪਾ ਦੀ ਅਗਵਾਈ ਹੇਠ ਐਨ.ਡੀ.ਏ. ਗਠਜੋੜ ਦਾ ਦਰਿਆਵਾਂ ਦਾ ਕੌਮੀਕਰਨ ਕਰਨਾ ਇਕ ਸੰਕਲਪ ਹੈ।

ਦਰਿਆਈ ਪਾਣੀਆਂ ਦੇ ਅਹਿਮ ਤੇ ਨਾਜ਼ੁਕ ਮਸਲੇ 'ਤੇ ਭਾਜਪਾ ਪੰਜਾਬ ਦੀ ਧਰਤੀ 'ਤੇ ਤੀਜੀ ਵਾਰ ਇਹ ਅਲਾਪ ਲਾ ਚੁੱਕੀ ਹੈ। ਇਸ ਸਿਲਸਿਲੇ 'ਚ ਭਾਜਪਾ ਕਿਸਾਨ ਸੈਲ ਦੇ ਕੌਮੀ ਪ੍ਰਧਾਨ ਓਮ ਪ੍ਰਕਾਸ਼ ਧਨਖੜ ਨੇ ਕਿਸਾਨ ਮੋਰਚਾ ਦੀ ਰਾਸ਼ਟਰੀ ਕਾਰਜਕਾਰਨੀ ਦਾ ਐਲਾਨ ਕਰਨ ਮੌਕੇ ਕਿਹਾ ਕਿ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੀ ਕੋਸ਼ਿਸ਼ ਸੀ ਕਿ ਦੇਸ਼-ਵਿਆਪੀ ਸਿੰਜਾਈ ਦੇ ਮਾਮਲੇ 'ਚ ਨਦੀਆਂ ਦਾ ਰਾਸ਼ਟਰੀਕਰਨ ਹੋਵੇ ਤੇ ਹਰ ਸੂਬੇ ਨੂੰ ਬਰਾਬਰ ਦਾ ਪਾਣੀ ਮਿਲੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਅਤੇ ਲੋਕ ਸਭਾ ਚੋਣਾਂ ਦੌਰਾਨ ਐਨ.ਡੀ.ਏ. ਦੀ ਲੁਧਿਆਣਾ ਵਿਖੇ ਰੈਲੀ ਦੌਰਾਨ ਭਾਜਪਾ ਦੇ ਉਚ ਆਗੂ ਦਰਿਆਈ ਪਾਣੀਆਂ ਦੇ ਕੌਮੀ ਜਾਇਦਾਦ ਹੋਣ ਦਾ ਦਾਅਵਾ ਕਰ ਚੁੱਕੇ ਹਨ।

ਸ੍ਰੀ ਧਨਖੜ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਦੀਆਂ ਗਲਤ ਨੀਤੀਆਂ ਕਰ ਕੇ ਦੇਸ਼ ਦੀ ਕਿਸਾਨੀ ਤਬਾਹ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਖੇਤੀ ਨੂੰ ਕੀਮਤ ਸੂਚਕ ਅੰਕ ਨਾਲ ਜੋੜਨ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਸਰਕਾਰ ਦਾ ਖੇਤੀ ਕੀਮਤਾਂ 'ਤੇ ਪੂਰਾ ਕੰਟਰੋਲ ਹੈ ਜਿਸ ਨਾਲ ਕਿਸਾਨ ਦੀ ਲਾਗਤ ਵੀ ਪੂਰੀ ਨਹੀਂ ਹੁੰਦੀ। ਉਨ੍ਹਾਂ ਹਾਂਸੀ-ਬੁਟਾਣਾ ਨਹਿਰ ਦੇ ਮਾਮਲੇ 'ਚ ਟਿੱਪਣੀ ਕਰਨ ਤੋਂ ਪਾਸਾ ਵੱਟ ਲਿਆ ਹੈ ਕਿਉਂਕਿ ਸ੍ਰੀ ਧਨਖੜ ਖੁਦ ਹਰਿਆਣਾ ਨਾਲ ਸੰਬੰਧਿਤ ਹਨ।

# ਪਾਲ ਸਿੰਘ ਸਮੇਤ ਪੰਜ ਬੱਬਰ ਗ੍ਰਿਫ਼ਤਾਰ

**ਅੰਮ੍ਰਿਤਸਰ :** ਪੰਜਾਬ ਪੁਲੀਸ ਦੇ ਖ਼ੁਫ਼ੀਆ ਵਿੰਗ ਸਟੇਟ ਸਪੈਸ਼ਲ ਓਪਰੇਸ਼ਨ ਸੈਲ (ਐਸ.ਐਸ.ਓ.) ਨੇ ਬੀਤੀ 28 ਜੁਲਾਈ ਨੂੰ ਇਥੇ ਖਾੜਕੂ ਜਥੇਬੰਦੀ ਬੱਬਰ ਖਾਲਸਾ ਨਾਲ ਸਬੰਧਤ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿਚ ਫਰਾਂਸ ਵਾਸੀ ਪਾਲ ਸਿੰਘ ਵੀ ਸ਼ਾਮਲ ਹੈ। ਇਨ੍ਹਾਂ ਕੋਲੋਂ ਪੁਲੀਸ ਨੇ ਦੋ ਏ.ਕੇ. 47 ਰਾਈਫਲਾਂ, ਪੰਜ ਮੈਗਜ਼ੀਨ ਅਤੇ 420 ਰੌਂਦ ਬਰਾਮਦ ਕੀਤੇ ਹਨ। ਇਨ੍ਹਾਂ ਵਿਚ 200 ਰੌਂਦ (ਆਰਮਡ ਪਿਰਸਿੰਗ ਕਾਰਟਰਿਜ਼) ਬੁਲਟ ਪਰੂਫ ਵਾਹਨਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਹਨ।

ਇਥੇ ਸੱਦੇ ਪੱਤਰਕਾਰ ਸੰਮੇਲਨ ਦੌਰਾਨ ਕਾਊਂਟਰ ਇੰਟੈਲੀਜੈਂਸ ਵਿੰਗ ਦੇ ਐਸ.ਪੀ. ਮਨਦੀਪ ਸਿੰਘ ਨੇ ਜਾਣਕਾਰੀ ਦਿੱਤੀ ਕਿ ਕਾਬੂ ਕੀਤੇ ਗਏ ਵਿਅਕਤੀਆਂ ਦੀ ਸ਼ਨਾਖਤ ਪਾਲ ਸਿੰਘ ਵਾਸੀ ਪਿੰਡ ਢੰਡੋਵਾਲ (ਸ਼ਾਹਕੋਟ), ਕੁਲਵੰਤ ਸਿੰਘ ਵਾਸੀ ਵਰਪਾਲ, ਗੁਰਮੁਖ ਸਿੰਘ ਵਾਸੀ ਪੰਡੋਰੀ ਮਹਿਮਾ, ਜਗਤਾਰ ਸਿੰਘ ਵਾਸੀ ਪਿੰਡ ਥੋਬਾ ਅਤੇ ਦਰਸ਼ਨ ਸਿੰਘ ਢਾਡੀ ਵਾਸੀ ਪਿੰਡ ਧਾਰੀਵਾਲ ਜ਼ਿਲ੍ਹਾ ਜਲੰਧਰ ਸ਼ਾਮਲ ਹਨ। ਇਨ੍ਹਾਂ ਖਿਲਾਫ਼ ਇਥੇ ਅਸਲਾ ਐਕਟ ਅਤੇ ਗ਼ੈਰ-ਕਾਨੂੰਨੀ ਗਤੀਵਿਧੀਆਂ ਤਹਿਤ ਪਰਚਾ ਦਰਜ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਪਾਲ ਸਿੰਘ ਫਰਾਂਸ ਰਹਿੰਦਾ ਹੈ।

ਉਨ੍ਹਾਂ ਦੱਸਿਆ ਕਿ ਇਹ ਕਾਬੂ ਕੀਤੇ ਗਏ ਸਾਰੇ ਵਿਅਕਤੀ 15 ਜੂਨ ਨੂੰ ਗ੍ਰਿਫ਼ਤਾਰ ਕੀਤੇ ਗਏ ਸੁਖਦੇਵ ਸਿੰਘ ਉਰਫ਼ ਚਿੜਾ ਕੇਸ ਨਾਲ ਸਬੰਧਤ ਹਨ, ਜਿਸਨੇ ਇਥੇ ਸਰਕਟ ਹਾਊਸ ਨੇੜੇ ਇਕ ਮਾਰੂਤੀ ਕਾਰ ਵਿਚ ਵਿਸਫੋਟਕ ਪਦਾਰਥ ਆਰ.ਡੀ.ਐਕਸ. ਰੱਖਿਆ ਸੀ। ਇਸ ਕੋਲੋਂ ਕੀਤੀ ਗਈ ਪੁੱਛਗਿੱਛ ਦੇ ਆਧਾਰ 'ਤੇ ਹੀ ਪੁਲੀਸ ਨੂੰ ਇਹ ਜਾਣਕਾਰੀ ਮਿਲੀ ਸੀ ਕਿ ਪਾਕਿਸਤਾਨ ਤੋਂ ਹਥਿਆਰਾਂ ਦੀ ਇਕ ਵੱਡੀ ਖੇਪ ਇਥੇ ਪੁੱਜੀ ਹੈ, ਜਿਸਦਾ ਕੁਝ ਹਿੱਸਾ ਪੁਲੀਸ ਨੇ ਬਰਾਮਦ ਕਰ ਲਿਆ ਹੈ ਅਤੇ ਕੁਝ ਹਿੱਸਾ ਅਜੇ ਵੀ ਵੱਖ-ਵੱਖ ਵਿਅਕਤੀਆਂ ਕੋਲ ਹੈ। ਇਸੇ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਪੁਲੀਸ ਦੇ ਇਸ ਵਿੰਗ ਵਲੋਂ ਜਾਂਚ ਕੀਤੀ ਜਾ ਰਹੀ ਸੀ। ਇਸ ਜਾਂਚ ਦੌਰਾਨ ਪੁਲੀਸ ਨੇ 25 ਜੁਲਾਈ ਨੂੰ ਗੁਰਮੁਖ ਸਿੰਘ ਅਤੇ ਕੁਲਵੰਤ ਸਿੰਘ ਨਾਂ ਦੇ ਵਿਅਕਤੀਆਂ ਨੂੰ ਬਲੈਰੋ ਕਾਰ ਸਹਿਤ ਕਾਬੂ ਕੀਤਾ ਸੀ, ਜਿਸ ਵਿਚੋਂ 2 ਏ.ਕੇ. 47 ਰਾਈਫਲਾਂ ਬਰਾਮਦ ਹੋਈਆਂ ਸਨ। ਉਨ੍ਹਾਂ ਕੋਲੋਂ ਕੀਤੀ ਗਈ ਪੁੱਛ-ਪੜਤਾਲ ਮਗਰੋਂ ਦਰਸ਼ਨ ਸਿੰਘ ਢਾਡੀ ਅਤੇ ਜਗਤਾਰ ਸਿੰਘ ਨੂੰ ਕਾਬੂ ਕੀਤਾ ਗਿਆ ਅਤੇ ਹੁਣ ਪਾਲ ਸਿੰਘ ਨੂੰ ਕਾਬੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਾਰੇ ਮਾਮਲੇ ਵਿਚ ਮੁਖ ਸਾਜਿਸ਼-ਘਾੜੇ ਵਜੋਂ ਅਕਾਲ ਫੈਡਰੇਸ਼ਨ ਦਾ ਮੁਖੀ ਨਰਾਇਣ ਸਿੰਘ ਚੌੜਾ ਸ਼ਾਮਲ ਹੈ। ਇਸ ਦੀ ਗ੍ਰਿਫ਼ਤਾਰੀ ਲਈ ਪੁਲੀਸ ਵਲੋਂ ਸੂਚਨਾ ਦੇਣ ਵਾਲੇ ਨੂੰ ਪੰਜ ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਖਿਲਾਫ਼ ਪਹਿਲਾਂ ਵੀ ਦਰਜਨ ਤੋਂ ਵਧੇਰੇ ਕੇਸ ਦਰਜ ਹਨ, ਜਿਨ੍ਹਾਂ ਵਿਚੋਂ ਇਕ ਬੁੜੈਲ ਜੇਲ੍ਹ ਵਿਚੋਂ ਜਗਤਾਰ ਸਿੰਘ ਤਾਰਾ, ਹਵਾਰਾ ਅਤੇ ਪਰਮਜੀਤ ਸਿੰਘ ਭਿਉਰਾ ਨੂੰ ਭਜਾਉਣ ਦਾ ਮਾਮਲਾ ਸ਼ਾਮਲ ਹੈ। ਇਸ ਕੇਸ ਵਿਚ ਇਹ ਖੁਦ ਵੀ ਜੇਲ੍ਹ ਵਿਚ ਰਹਿ ਚੁੱਕਾ ਹੈ ਅਤੇ ਇਹ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ।

ਉਨ੍ਹਾਂ ਦੱਸਿਆ ਕਿ ਪਾਲ ਸਿੰਘ ਅਤੇ ਨਰਾਇਣ ਸਿੰਘ ਦੀ 2007 ਤੋਂ ਆਪਸ ਵਿਚ ਜਾਣ-ਪਛਾਣ ਹੈ। ਪਾਲ ਸਿੰਘ ਇਸ ਵੇਲੇ ਫਰਾਂਸ ਦਾ ਨਾਗਰਿਕ ਹੈ ਅਤੇ ਉਸਨੂੰ ਖਾੜਕੂ ਜਥੇਬੰਦੀ ਵਿਚ ਨਵੀਂ ਭਰਤੀ ਦਾ ਕੰਮ ਸੌਂਪਿਆ ਹੋਇਆ ਸੀ। ਫਰਾਂਸ ਵਿਚ ਰਹਿਣ ਸਮੇਂ ਉਹ ਤਿੰਨ ਵਾਰ 1989, 1998 ਅਤੇ 2002 ਵਿਚ ਪਾਕਿਸਤਾਨ ਵੀ ਹੋ ਕੇ ਆਇਆ ਹੈ। ਉਹ ਸਿੱਖ ਸ਼ਰਧਾਲੂਆਂ ਦੇ ਜਥੇ ਵਿਚ ਸ਼ਾਮਲ ਹੋ ਕੇ ਪਾਕਿਸਤਾਨ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਨਰੈਣ ਸਿੰਘ ਅਤੇ ਪਾਲ ਸਿੰਘ ਦੋਵੇਂ ਪੰਜਾਬ ਵਿਚ ਖਾੜਕੂਵਾਦ ਨੂੰ ਸੁਰਜੀਤ ਕਰਨ ਲਈ ਯਤਨ ਕਰ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪਾਲ ਸਿੰਘ ਦਾ ਕੋਈ ਖਾੜਕੂ ਪਿਛੋਕੜ ਨਹੀਂ ਹੈ। ਹਥਿਆਰਾਂ ਦੀ ਇਹ ਖੇਪ ਨਰਾਇਣ ਸਿੰਘ ਵਲੋਂ ਪਾਕਿਸਤਾਨ ਤੋਂ ਮੰਗਵਾਈ ਗਈ ਸੀ ਅਤੇ ਉਸ ਵਲੋਂ ਹੀ ਆਰ.ਡੀ.ਐਕਸ. ਤੇ ਹੋਰ ਹਥਿਆਰ ਸੁਖਦੇਵ ਸਿੰਘ ਚਿੜਾ ਨੂੰ ਦਿੱਤੇ ਗਏ ਸਨ। ਕੁਲਵੰਤ ਸਿੰਘ ਨੇ ਜਾਣਕਾਰੀ ਦਿੱਤੀ ਹੈ ਕਿ ਪਾਲ ਸਿੰਘ 2009 ਵਿਚ ਰਾਜਸਥਾਨ ਸਥਿਤ ਚਿਤੌੜਗੜ੍ਹ ਗਿਆ ਸੀ ਤਾਂ ਜੋ ਉਥੋਂ ਵਿਸਫੋਟਕ ਪਦਾਰਥ ਪ੍ਰਾਪਤ ਕੀਤਾ ਜਾ ਸਕੇ।


SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR, JET AIRWAYS DELTA, AIR INDIA,

For Emergency Call anytime at
India $545
EARLY BIRD SALE!!!!



NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH



B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm

CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈ ਂਸ
GILL FINANCIAL & INSURANCE

Manjit Gill
President
CA Lic#0B23990
• AUTO
• HOME
• LIFE
• HEALTH
• LIQUOR STORES
• GAS STATIONS
• TRUCK INSURANCE
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



ਇੰਡੀਆ ਵਿਚ ਜਾਇਦਾਦ ਖਰੀਦਣੀ/ਵੇਚਣੀ ਹੈ?
ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਰਾਜਸਥਾਨ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ:
ਰਵੀ ਗੋਂਡਲ
ਫੋਨ: 916-812-1044
ਮਨੀ ਗੋਂਡਲ
ਫੋਨ: 775-224-6076
ਅਸੀਂ ਅਮਰੀਕਾ ਵਿਚ ਵੀ ਜਾਇਦਾਦ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਵਿਚ ਮਦਦ ਕਰ ਸਕਦੇ ਹਾਂ।

# ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਨੂੰ ਲੈ ਕੇ ਸ਼ਿਕਾਗੋ ਦੀ ਸਿੱਖ ਸੰਗਤ 'ਚ ਕਸ਼ਮਕਸ਼

ਤੁਲਨਾ ਦਿਤੀ ਹੈ।

ਲੰਘੀ 27 ਜੁਲਾਈ ਨੂੰ ਉਪਰੋਕਤ ਗਰਮਖਿਆਲੀ ਧੜੇ ਦੀ ਅਗਵਾਈ ਹੇਠ 100 ਕੁ ਸਿੱਖਾਂ ਦਾ ਇਕ ਜਥਾ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਪਹੁੰਚਿਆ ਅਤੇ ਇਕ ਮੀਟਿੰਗ ਵਿਚ ਚੋਣ ਕਰ ਕੇ ਇਸ ਗੁਰੂਘਰ ਦਾ ਪ੍ਰਬੰਧ ਚਲਾਉਂਦੇ ਗੁਰੂ ਨਾਨਕ ਸਿੱਖ ਮਿਸ਼ਨ ਆਫ ਅਮੈਰਿਕਾ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਦਾ ਐਲਾਨ ਕਰ ਦਿਤਾ, ਜਿਸ ਅਨੁਸਾਰ ਜਗਦੀਸ਼ ਸਿੰਘ ਸੰਧੂ ਨੂੰ ਪ੍ਰਧਾਨ ਅਤੇ ਕੁਲਵਿੰਦਰ ਸਿੰਘ ਸੰਧੂ, ਮੱਖਣ ਸਿੰਘ ਕਲੇਰ, ਬੀਬੀ ਰਾਜਵਿੰਦਰ ਕੌਰ ਅਤੇ ਹਰਜੀਤ ਸਿੰਘ ਗਿੱਲ ਨੂੰ ਟਰਸਟ ਦੇ ਮੈਂਬਰ ਐਲਾਨਿਆ ਗਿਆ। ਇਸ ਗੁਰੂਘਰ 'ਤੇ ਕਾਬਜ਼ ਹੋਣ ਲਈ ਯਤਨਸ਼ੀਲ ਧੜੇ ਦੇ ਮੋਹਰੀਆਂ ਵਿਚ ਭਰਪੂਰ ਸਿੰਘ, ਮੱਖਣ ਸਿੰਘ ਕਲੇਰ, ਜੱਸ ਰੰਧਾਵਾ, ਸੁਖਵਿੰਦਰ ਸਿੰਘ ਅਤੇ ਓਂਕਾਰ ਸਿੰਘ ਢਿੱਲੋਂ ਸਮਝੇ ਜਾਂਦੇ ਹਨ।

ਦੂਜੇ ਪਾਸੇ ਗੁਰੂ ਨਾਨਕ ਸਿੱਖ ਮਿਸ਼ਨ ਦੇ ਪਿਛਲੇ 14 ਸਾਲ ਤੋਂ ਚਲੇ ਆ ਰਹੇ ਮੁਖੀ ਬਾਬਾ ਦਲਜੀਤ ਸਿੰਘ ਨੇ ਇਸ ਕਾਰਵਾਈ ਨੂੰ ਨਿਹਾਇਤ ਧੱਕੇਸ਼ਾਹੀ ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਮਾਮਲੇ ਵਿਚ ਹਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਏਗੀ। ਦੋਹਾਂ ਧਿਰਾਂ ਵਲੋਂ ਆਪੋ-ਆਪਣੇ ਪੱਖ ਦਸਦਿਆਂ ਸਥਾਨਕ ਆਈਲੈਂਡ ਲੇਕ ਪੁਲਿਸ ਤਕ ਵੀ ਪਹੁੰਚ ਕੀਤੀ ਗਈ ਪਰ ਪੁਲਿਸ ਨੇ ਇਸ ਨੂੰ ਧਾਰਮਕ ਮਾਮਲਾ ਕਰਾਰ ਦਿੰਦਿਆਂ ਕੋਈ ਵੀ ਕਾਰਵਾਈ ਕਰਨ ਤੋਂ ਇਨਕਾਰ ਕਰ ਦਿਤਾ ਅਤੇ ਦੋਹਾਂ ਧਿਰਾਂ ਨੂੰ ਅਦਾਲਤ ਦਾ ਦਰਵਾਜ਼ਾ ਖੜਕਾਉਣ ਦੀ ਸਲਾਹ ਦਿਤੀ। ਕਾਬਜ਼ ਹੋਏ ਧੜੇ ਨੇ ਸ਼ੁੱਕਰਵਾਰ ਨੂੰ ਅਖੰਡ ਪਾਠ ਅਰੰਭ ਕਰ ਕੇ ਆਪਣੇ ਕਬਜ਼ੇ ਦਾ ਪ੍ਰਗਟਾਵਾ ਕੀਤਾ। ਲੰਘੇ ਐਤਵਾਰ ਭੋਗ ਉਪਰੰਤ ਇਸ ਧੜੇ ਦੇ ਆਗੂਆਂ ਨੇ ਗਰਮਾ-ਗਰਮ ਭਾਸ਼ਨ ਕਰਦਿਆਂ ਇਸ ਗੁਰੂਘਰ ਨੂੰ ਇਕ ਡੇਰੇਦਾਰ ਤੋਂ ਮੁਕਤ ਕਰਵਾਉਣ ਦਾ ਦਾਅਵਾ ਕੀਤਾ। ਇਕ ਸਮੇਂ ਦੋਹਾਂ ਧਿਰਾਂ ਵਿਚਾਲੇ ਕਿਸੇ ਟਕਰਾਓ ਦੇ ਖਦਸ਼ੇ ਵੀ ਜਾਹਰ ਕੀਤੇ ਗਏ ਸਨ ਪਰ ਇਸ ਗੱਲ ਤੋਂ ਬਚਾਅ ਹੀ ਰਿਹਾ। ਉਧਰ ਬਾਬਾ ਦਲਜੀਤ ਸਿੰਘ ਨੇ ਇਹ ਦੋਸ਼ ਲਾਇਆ ਹੈ ਕਿ ਕਾਬਜ਼ ਧੜੇ ਨੇ ਗੁਰੂਘਰ ਦੇ ਤਾਲੇ ਤੋੜ ਕੇ ਦਾਨ ਵਾਲੀ ਸੰਦੂਕੜੀ ਵਿਚੋਂ ਇਕ ਹਜਾਰ ਡਾਲਰ ਦੇ ਕਰੀਬ ਮਾਇਆ ਕੱਢ ਲਈ ਅਤੇ ਇਹ ਵੀ ਕਿਹਾ ਕਿ ਇਸ ਧੜੇ ਵਲੋਂ ਗੁਰੂਘਰ ਦੀਆਂ ਸਾਰੀਆਂ ਸਹੂਲਤਾਂ ਵਰਤੀਆਂ ਜਾ ਰਹੀਆਂ ਹਨ ਪਰ ਮਾਇਆ ਗੋਲਕ ਵਿਚ ਪਾਉਣ ਦੀ ਥਾਂ ਤੇ ਚਾਦਰ ਵਿਛਾ ਕੇ ਆਪਣੇ ਨਾਲ ਲਿਜਾਈ ਜਾ ਰਹੀ ਹੈ।

ਮਿਡਵੈਸਟ ਦੇ ਸਭ ਤੋਂ ਵਡੇ ਅਤੇ ਸਭ ਤੋਂ ਪੁਰਾਣੇ ਗੁਰੂਘਰ ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧ ਵਿਚ ਸ਼ਾਮਲ ਪੁਰਾਣੇ ਪ੍ਰਬੰਧਕਾਂ ਦੇ ਦੋਹਾਂ ਹੀ ਧੜਿਆਂ ਵਲੋਂ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਦੇ ਪ੍ਰਬੰਧ ਉਤੇ ਕਾਬਜ਼ ਹੋਣ ਲਈ ਯਤਨਸ਼ੀਲ ਧੜੇ ਦੀ ਖੁਲ੍ਹੀ ਹਮਾਇਤ ਕਰਨ ਜਾਂ ਸਥਿਤੀ ਉਤੇ ਖੁੱਲ੍ਹੀ ਟਿਪਣੀ ਕਰਨ ਤੋਂ ਸੰਕੋਚ ਕੀਤਾ ਜਾ ਰਿਹਾ ਸੀ ਪਰ ਮੰਗਲਵਾਰ ਨੂੰ ਝੱਜ ਧੜਾ ਖੁਲ੍ਹ ਕੇ ਇਸ ਕਾਰਵਾਈ ਦੇ ਵਿਰੁਧ ਆ ਗਿਆ। ਝੱਜ ਧੜੇ ਦੇ ਨੇੜਲੇ ਸੂਤਰਾਂ ਅਨੁਸਾਰ ਇਸ ਗੁਰੂਘਰ ਦੇ ਪ੍ਰਬੰਧ ਨੂੰ ਲੈ ਕੇ ਚਲ ਰਹੀ ਅਦਾਲਤੀ ਲੜਾਈ ਦੇ ਫੈਸਲੇ ਦੀ ਉਡੀਕ ਕੀਤੀ ਜਾਣੀ ਚਾਹੀਦੀ ਸੀ ਅਤੇ ਜੋ ਕੀਤਾ ਗਿਆ ਹੈ ਉਸਨੂੰ ਕਿਸੇ ਵੀ ਤਰ੍ਹਾਂ ਨਾਲ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਸ ਧੜੇ ਦਾ ਇਹ ਵੀ ਕਹਿਣਾ ਹੈ ਕਿ ਇਸ ਕਾਰਵਾਈ ਨਾਲ ਪੁਰਾਣੀਆਂ ਕਿੜਾਂ ਕੱਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਂਜ ਦੋਹਾਂ ਹੀ ਧਿਰਾਂ ਵਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸ ਕਾਰਵਾਈ ਦੇ ਵਿਰੋਧ ਦਾ ਮਤਲਬ ਇਹ ਨਹੀਂ ਕਿ ਉਹ ਬਾਬਾ ਦਲਜੀਤ ਸਿੰਘ ਦੀ ਹਮਾਇਤ ਕਰ ਰਹੇ ਹਨ।

ਦੂਜੇ ਪਾਸੇ ਸਿੱਖ ਰਿਲੀਜੀਅਸ ਸੁਸਾਇਟੀ ਦੀਆਂ ਹਾਲੀਆ ਚੋਣਾਂ ਵਿਚ ਹਾਰਨ ਵਾਲੀ ਧਿਰ ਆਜ਼ਾਦ ਸਿੱਖ ਸੰਗਤ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਇਹ ਕਾਰਵਾਈ ਕਿਸੇ ਵੀ ਤਰ੍ਹਾਂ ਨਾਲ ਸਹੀ ਨਹੀਂ ਹੈ। ਬਾਬਾ ਦਲਜੀਤ ਸਿੰਘ ਨਾਲ ਵਿਰੋਧ ਕਿਸੇ ਵੀ ਤਰ੍ਹਾਂ ਦਾ ਹੋਵੇ ਪਰ ਹੈ ਤਾਂ ਇਹ ਗੁਰੂ ਘਰ ਹੀ। ਇਸ ਤਰ੍ਹਾਂ ਤਾਂ ਕੱਲ੍ਹ ਨੂੰ ਕੋਈ ਵੀ ਕਿਸੇ ਵੀ ਗੁਰੂ ਘਰ ਵਿਚ ਇਸ ਤਰ੍ਹਾਂ ਦੀ ਕਾਰਵਾਈ ਕਰਨ ਲੱਗੇਗਾ। ਆਜ਼ਾਦ ਸਿੱਖ ਸਲੇਟ ਦੇ ਇਕ ਆਗੂ ਨੇ ਕਿਹਾ ਕਿ ਇਸ ਗੁਰੂ ਘਰ ਤੋਂ ਬਾਬਾ ਦਲਜੀਤ ਸਿੰਘ ਅਤੇ ਨਵੇਂ ਕਾਬਜ਼ ਧੜੇ-ਦੋਹਾਂ ਨੂੰ ਹੀ ਲਾਂਭੇ ਰਹਿਣਾ ਚਾਹੀਦਾ ਹੈ ਅਤੇ ਇਸ ਦਾ ਪ੍ਰਬੰਧ ਸਥਾਨਕ ਸਿੱਖ ਭਾਈਚਾਰੇ ਦੇ ਸਪੁਰਦ ਕੀਤਾ ਜਾਣਾ ਚਾਹੀਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਬਾਬਾ ਦਲਜੀਤ ਸਿੰਘ ਦੇ ਕਦੇ ਬਹੁਤ ਹੀ ਕਰੀਬ ਰਹੇ ਖਹਿਰਾ ਪਰਿਵਾਰ ਦੀ ਬਾਬਾ ਦਲਜੀਤ ਸਿੰਘ ਨਾਲ ਤਿੰਨ ਕੁ ਸਾਲ ਪਹਿਲਾਂ ਅਣਬਣ ਹੋਣ ਤੋਂ ਬਾਅਦ ਹੀ ਮੌਜੂਦਾ ਹਾਲਾਤ ਪੈਦਾ ਹੋਏ ਹਨ। ਇਕ ਵੇਲਾ ਸੀ ਜਦੋਂ ਗੁਰੂ ਨਾਨਕ ਸਿੱਖ ਮਿਸ਼ਨ ਆਫ ਅਮੈਰਿਕਾ ਅਤੇ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਵਿਚ ਇਸ ਪਰਿਵਾਰ ਦੀ ਚੰਮ ਦੀ ਚਲਦੀ ਸੀ। ਸੰਨ 2007 ਤਕ ਮਿਸ਼ਨ ਦੇ ਟਰੱਸਟੀ ਰਹੇ ਸ. ਹਰਮਿੰਦਰ ਸਿੰਘ ਖਹਿਰਾ ਨੇ ਜਨਵਰੀ 2009 ਵਿਚ ਮਿਸ਼ਨ ਵਿਰੁਧ ਮਕੈਨਰੀ ਦੀ ਇਕ ਅਦਾਲਤ ਵਿਚ ਕੇਸ ਕਰ ਦਿਤਾ ਅਤੇ ਮੰਗ ਕੀਤੀ ਕਿ ਉਸਨੂੰ ਟਰੱਸਟੀ ਵਜੋਂ ਬਹਾਲ ਕੀਤਾ ਜਾਵੇ, ਮਿਸ਼ਨ ਦੀਆਂ ਚੋਣਾਂ ਨਵੇਂ ਸਿਰਿਓਂ ਕਰਵਾਈਆਂ ਜਾਣ ਅਤੇ ਮਿਸ਼ਨ ਦੇ ਹਿਸਾਬ-ਕਿਤਾਬ ਦੀ ਪੜਤਾਲ ਕਰਵਾਈ ਜਾਵੇ।



*ਗੁਰਦੁਆਰਾ ਗੁਰਜੋਤਿ ਪ੍ਰਕਾਸ਼*

ਬਾਬਾ ਦਲਜੀਤ ਸਿੰਘ ਨੇ ਸ. ਖਹਿਰਾ ਨੂੰ ਟਰੱਸਟ ਵਿਚੋਂ ਕੱਢੇ ਜਾਣ ਦਾ ਕਾਰਨ ਉਸ ਵਲੋਂ ਸ਼ਰਾਬ ਦਾ ਸੇਵਨ ਕਰਨਾ ਦੱਸਦਿਆਂ ਕਿਹਾ ਕਿ ਟਰੱਸਟ ਦੇ ਬਾਈਲਾਅਜ਼ ਵਿਚ ਦਰਜ ਹੈ ਕਿ ਸ਼ਰਾਬ ਦਾ ਸੇਵਨ ਕਰਨ ਵਾਲਾ ਵਿਅਕਤੀ ਟਰੱਸਟ ਦਾ ਮੈਂਬਰ ਨਹੀਂ ਹੋ ਸਕਦਾ। ਬਾਬਾ ਦਲਜੀਤ ਸਿੰਘ ਵਲੋਂ ਇਹ ਮਾਮਲਾ ਸ੍ਰੀ ਅਕਾਲ ਤਖਤ ਉਤੇ ਵੀ ਲਿਜਾਇਆ ਗਿਆ। ਉਂਜ ਸ਼ਿਕਾਗੋ ਦੇ ਸਿੱਖ ਹਲਕਿਆਂ ਵਿਚ ਆਮ ਪ੍ਰਭਾਵ ਇਹ ਹੈ ਕਿ ਸਾਰੀ ਲੜਾਈ ਪੈਸੇ ਦੇ ਲੈਣ-ਦੇਣ ਦੀ ਹੈ।

ਪੰਥਕ ਸਲੇਟ ਦੇ ਇਸ ਗਰਮ ਧੜੇ ਦੀ ਕਾਰਵਾਈ ਕਰ ਕੇ ਸਿੱਖ ਰਿਲੀਜੀਅਸ ਸੁਸਾਇਟੀ ਦੇ ਬੋਰਡ ਵਿਚ ਵੀ ਫੁਟ ਪੈ ਜਾਣ ਦੇ ਆਸਾਰ ਬਣ ਗਏ ਹਨ। ਪੰਥਕ ਸਲੇਟ ਦਾ ਝੱਜ ਧੜਾ ਇਸ ਗੱਲੋਂ ਵੀ ਖਫਾ ਹੈ ਕਿ ਇਸ ਗਰਮ ਧੜੇ ਵਲੋਂ 'ਪੰਥਕ ਸਲੇਟ' ਅਤੇ 'ਪੰਥਕ ਸਪੋਰਟਰਜ਼' ਨਾਂ ਚੁਪ-ਚੁਪੀਤੇ ਆਪਣੇ ਬੰਦਿਆਂ ਦੇ ਨਾਂ ਰਜਿਸਟਰ ਕਰਵਾ ਲਏ ਗਏ ਹਨ। ਜ਼ਿਕਰਯੋਗ ਹੈ ਕਿ 1998 ਤੋਂ 2008 ਤਕ ਕਰੀਬ 10 ਸਾਲ ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਬੰਧ ਉਤੇ ਕਾਬਜ਼ ਰਹੇ ਧੜੇ ਵਿਰੁਧ 2006, 2008 ਅਤੇ 2010 ਵਿਚ ਚੋਣਾਂ ਪੰਥਕ ਸਲੇਟ ਅਤੇ ਪੰਥਕ ਸਪੋਰਟਰਜ਼ ਦੇ ਨਾਂ ਤੇ ਲੜ ਕੇ ਹੀ ਮੌਜੂਦਾ ਪ੍ਰਬੰਧਕ ਪ੍ਰਬੰਧ ਵਿਚ ਆਏ ਸਨ। ਪੈਲਾਟਾਈਨ ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਇਸ ਗੱਲ ਦਾ ਵੀ ਬੁਰਾ ਮਨਾਇਆ ਗਿਆ ਹੈ ਕਿ ਕਬਜ਼ਾ ਕਰਨ ਦੀ ਇਸ ਕਾਰਵਾਈ ਦੌਰਾਨ ਗੁਰਦੁਆਰਾ ਪੈਲਾਟਾਈਨ ਦੀਆਂ ਸਹੂਲਤਾਂ ਦਾ ਇਸਤੇਮਾਲ ਕੀਤਾ ਗਿਆ।

## ਸੱਤ ਸੰਸਦ ਮੈਂਬਰਾਂ ਦੀ ਹਾਜ਼ਰੀ ਰਹੀ ਸੌ ਫੀਸਦੀ

**ਨਵੀਂ ਦਿੱਲੀ:**ਸੰਸਦ ਦੀ ਕਾਰਵਾਈ ਦੇ ਪ੍ਰਤੀ ਸੰਸਦ ਮੈਂਬਰਾਂ ਦੀ ਬੇਰੁਖੀ ਇਕ ਰਿਪੋਰਟ ਵਿਚ ਫਿਰ ਉਜਾਗਰ ਹੋਈ ਹੈ। ਇਸ ਮੁਤਾਬਕ 2009-10 ਦੇ ਦੌਰਾਨ 545 ਮੈਂਬਰਾਂ ਵਾਲੀ ਲੋਕ ਸਭਾ ਵਿਚ ਸਿਰਫ 7 ਸੰਸਦ ਮੈਂਬਰਾਂ ਦੀ ਹਾਜ਼ਰੀ 100 ਫੀਸਦੀ ਰਹੀ। 'ਮਾਸ ਫਾਰ ਅਵੇਅਰਨੈਸ' ਸੰਗਠਨ ਦੀ ਰਿਪੋਰਟ ਦੇ ਅਨੁਸਾਰ 100 ਹੋਰ ਮੈਂਬਰਾਂ ਦੀ ਹਾਜ਼ਰੀ 90 ਫੀਸਦੀ ਰਹੀ।



## ਕਲਿੰਟਨ ਦੀ ਬੇਟੀ ਚੇਲਸੀਆ ਦਾ ਮਾਰਕ ਨਾਲ ਵਿਆਹ

**ਵਾਸ਼ਿੰਗਟਨ:**ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਤੇ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੀ ਇਕਲੌਤੀ ਬੇਟੀ ਚੇਲਸੀਆ ਆਪਣੇ ਦੋਸਤ ਮਾਰਕ ਮੇਜਵਿੰਸਕੀ ਨਾਲ ਵਿਆਹ ਬੰਧਨ 'ਚ ਬੱਝ ਗਈ ਹੈ।

ਨਿਊ ਯਾਰਕ 'ਚ ਹਡਸਨ ਨਦੀ ਦੇ ਨੇੜੇ ਇਤਿਹਾਸਿਕ ਭਵਨ 'ਚ ਚੇਲਸੀਆ ਦਾ ਵਿਆਹ ਹੋਇਆ। ਬਿੱਲ ਕਲਿੰਟਨ ਤੇ ਹਿਲੇਰੀ ਕਲਿੰਟਨ ਨੇ ਜਾਰੀ ਬਿਆਨ 'ਚ ਕਿਹਾ ਕਿ ਚੇਲਸੀਆ ਤੇ ਮਾਰਕ ਨੂੰ ਸ਼ਾਨਦਾਰ ਸਮਾਰੋਹ 'ਚ ਮਹਿਮਾਨਾਂ ਤੇ ਮਿੱਤਰਾਂ ਦੀ ਮੌਜੂਦਗੀ 'ਚ ਵਿਆਹ ਬੰਧਨ 'ਚ ਬੱਝ ਗਏ ਹਨ। ਜ਼ਿਕਰਯੋਗ ਹੈ ਕਿ ਕਈ ਦਿਨਾਂ ਤੋਂ ਗੁਪਤ ਤੌਰ 'ਤੇ ਚੱਲ ਰਹੀਆਂ ਤਿਆਰੀਆਂ ਦੌਰਾਨ ਨਿਊ ਯਾਰਕ ਤੋਂ ਦੋ ਘੰਟੇ ਦੀ ਦੂਰੀ 'ਤੇ ਸਥਿਤ ਰਾਈਨਬੇਕ ਨਾਂ ਦੇ ਛੋਟੇ ਪਿੰਡ 'ਚ ਚੇਲਸੀਆ ਤੇ ਮਾਰਕ ਦਾ ਵਿਆਹ ਸਮਾਰੋਹ ਸਮਾਪਤ ਹੋਇਆ। ਇਸ ਵਿਆਹ 'ਚ ਤਕਰੀਬਨ 400 ਮਹਿਮਾਨਾਂ ਨੇ ਸ਼ਮੂਲੀਅਤ ਕੀਤੀ। ਇਸ ਸਮਾਰੋਹ 'ਤੇ 30 ਤੋਂ 50 ਲੱਖ ਡਾਲਰ ਖਰਚ ਹੋਣ ਦਾ ਅਨੁਮਾਨ ਹੈ। ਰਿਪੋਰਟਾਂ ਅਨੁਸਾਰ ਮਹਿਮਾਨਾਂ ਦੀ ਸੂਚੀ 'ਚ ਭਾਰਤੀ ਮੂਲ ਦੇ ਅਮਰੀਕੀ ਹੋਟਲ ਵਪਾਰੀ ਸੰਤ ਛਤਵਾਲ, ਸਾਬਕਾ ਵਿਦੇਸ਼ ਮੰਤਰੀ ਮੈਡਲਿਨ ਅਲਬ੍ਰਾਈਟ, ਅਭਿਨੇਤਾ ਟੇਡ ਡੇਂਸਨ ਤੇ ਮੈਰੀ ਸਟੀਨਬਗਰਨ, ਫ਼ਿਲਮ ਨਿਰਮਾਤਾ ਸਟੀਵਨ ਬਿੰਗ ਤੇ ਫ਼ੈਸ਼ਨ ਡਿਜ਼ਾਈਨਰ ਵੇਰਾ ਬੈਂਗ ਸ਼ਾਮਲ ਸਨ।


# ਸੰਸਦ 'ਚ ਖਿੱਚੋਤਾਣ ਖ਼ਤਮ ਕਰਨ ਲਈ ਕਾਂਗਰਸ ਸਰਗਰਮ

**ਨਵੀਂ ਦਿੱਲੀ:**ਮਹਿੰਗਾਈ ਦੇ ਮੁੱਦੇ 'ਤੇ ਪਿਛਲੇ ਇਕ ਹਫਤੇ ਤੋਂ ਬਣਿਆ ਅੜਿੱਕਾ ਉਦੋਂ ਖਤਮ ਹੋ ਗਿਆ ਜਦੋਂ ਵਿਰੋਧੀ ਧਿਰ ਨੇ ਧਾਰਾ 184 ਤਹਿਤ ਬਹਿਸ ਕਰਾਉਣ ਦੀ ਆਪਣੀ ਮੰਗ ਛੱਡ ਦਿੱਤੀ। ਲੋਕ ਸਭਾ ਵਿਚ ਸਦਨ ਦੇ ਨੇਤਾ ਪ੍ਰਣਬ ਮੁਖਰਜੀ ਵਲੋਂ ਨਾਸ਼ਤੇ 'ਤੇ ਬੁਲਾਈ ਸਰਬ ਪਾਰਟੀ ਮੀਟਿੰਗ ਵਿਚ ਬਣੀ ਸਹਿਮਤੀ ਮੁਤਾਬਕ ਬੀਤੇ ਮੰਗਲਵਾਰ ਇਸ ਮੁੱਦੇ 'ਤੇ ਹੇਠਲੇ ਸਦਨ ਵਿਚ ਇਸ ਮੁੱਦੇ 'ਤੇ ਬਹਿਸ ਕਰਾਈ ਗਈ।

ਲੋਕ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਨੇ ਦੱਸਿਆ, "ਉਹ ਸ਼ਬਦ ਆਮ ਆਦਮੀ ਦੀ ਵਰਤੋਂ ਨਹੀਂ ਕਰ ਰਹੇ। ਇਸ ਲਈ ਅਸੀਂ ਇਤਰਾਜ਼ ਕੀਤਾ। ਹੁਣ ਮਤੇ ਵਿਚ 'ਆਮ ਆਦਮੀ 'ਤੇ ਸਿੱਕੇ ਦੇ ਪਸਾਰ ਦਾ ਉਲਟ ਅਸਰ' ਵਾਕ ਦਰਜ ਕੀਤਾ ਗਿਆ ਹੈ।" ਉਂਜ, ਸਰਕਾਰ ਨੇ ਮਤੇ ਵਿਚ 'ਮਹਿੰਗਾਈ ਵਿਚ ਵਾਧੇ' ਬਾਰੇ ਵਿਰੋਧੀ ਧਿਰ ਦੀ ਮੰਗ ਇਹ ਦਲੀਲ ਦੇ ਕੇ ਰੱਦ ਕਰ ਦਿੱਤੀ ਕਿ ਇਹ ਮੁੱਦਾ ਇਕ ਨਿਰੰਤਰ ਵਰਤਾਰਾ ਹੈ ਜਿਸ ਨੂੰ ਰੋਕਿਆ ਨਹੀਂ ਜਾ ਸਕਦਾ ਪਰ 'ਸਿੱਕੇ ਦੇ ਪਸਾਰ ਦਾ ਦਬਾਅ' ਸ਼ਬਦ ਵਰਤਿਆ ਜਾ ਸਕਦਾ ਹੈ।

ਵਿਰੋਧੀ ਧਿਰ ਅਤੇ ਸਰਕਾਰ ਵਲੋਂ ਬਹਿਸ ਲਈ ਸਹਿਮਤ ਹੋਣ ਨਾਲ ਸੰਸਦ ਦੇ ਦੋਵੇਂ ਸਦਨਾਂ ਵਿਚ ਸੁਚਾਰੂ ਢੰਗ ਨਾਲ ਕੰਮ-ਕਾਜ ਹੋਣ ਦੀ ਸੰਭਾਵਨਾ ਵਧ ਗਈ ਹੈ। ਪਿਛਲੇ ਹਫਤੇ ਤੋਂ ਸੈਸ਼ਨ ਸ਼ੁਰੂ ਹੋਣ ਮਗਰੋਂ ਵਿਰੋਧੀ ਧਿਰ ਦੇ ਹੰਗਾਮਿਆਂ ਕਾਰਨ ਸੰਸਦ ਦੀ ਕਾਰਵਾਈ ਠੱਪ ਰਹੀ ਹੈ।

ਸੀ.ਪੀ.ਆਈ. ਦੇ ਨੇਤਾ ਗੁਰੂਦਾਸ ਦਾਸਗੁਪਤਾ ਨੇ ਕਿਹਾ, "ਇਹ ਵਿਰੋਧੀ ਪਾਰਟੀਆਂ



**ਪ੍ਰਣਬ ਦੀ ਨਾਸ਼ਤਾ ਰਾਜਨੀਤੀ ਨੇ ਵਿਰੋਧੀ ਧਿਰ ਸ਼ਾਂਤ ਕੀਤੀ**



ਵਲੋਂ ਆਰੰਭੀ ਰੋਸ ਵਿਖਾਵਿਆਂ ਦੀ ਮਾਨਤਾ ਹੈ।" ਮੀਟਿੰਗ ਵਿਚ ਸ਼ਾਮਲ ਹੋਣ ਵਾਲੇ ਆਗੂਆਂ ਵਿਚ ਸੁਸ਼ਮਾ ਸਵਰਾਜ, ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਅਰੁਣ ਜੇਤਲੀ, ਜਨਤਾ ਦਲ-ਯੂ ਦੇ ਪ੍ਰਧਾਨ ਸ਼ਰਦ ਯਾਦਵ, ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਤੇ ਰਾਮ ਗੋਪਾਲ ਯਾਦਵ, ਬਸਪਾ ਨੇਤਾ ਐਸ.ਸੀ. ਮਿਸ਼ਰਾ, ਅੰਨਾ ਡੀ.ਐਮ.ਕੇ. ਦੇ ਆਗੂ ਥੰਬੀਦੁਰਈ, ਸੀ.ਪੀ.ਆਈ. ਐਮ ਦੇ ਸੀਤਾ ਰਾਮ ਯੇਚੁਰੀ ਅਤੇ ਸੀ.ਪੀ.ਆਈ. ਦੇ ਗੁਰਦਾਸ ਦਾਸਗੁਪਤਾ ਤੋਂ ਇਲਾਵਾ ਯੂ.ਪੀ.ਏ. ਦੀ ਤਰਫੋਂ ਗ੍ਰਹਿ ਮੰਤਰੀ ਪੀ. ਚਿਦੰਬਰਮ, ਐਨ.ਸੀ.ਪੀ. ਮੁਖੀ ਸ਼ਰਦ ਪਵਾਰ, ਡੀ.ਐਮ.ਕੇ. ਆਗੂ ਟੀ.ਆਰ. ਬਾਲੂ, ਸੰਸਦੀ ਮਾਮਲੇ ਮੰਤਰੀ ਪਵਨ ਕੁਮਾਰ ਬਾਂਸਲ, ਪ੍ਰਿਥਵੀ ਰਾਜ ਚਵਾਨ ਅਤੇ ਵੀ. ਨਾਰਾਇਣ ਸਵਾਮੀ ਸ਼ਾਮਲ ਸਨ।

ਇਸ ਤੋਂ ਪਹਿਲਾਂ ਮਾਨਸੂਨ ਸੈਸ਼ਨ ਦਾ ਪਹਿਲਾ ਹਫ਼ਤਾ ਮਹਿੰਗਾਈ ਦੀ ਭੇਟ ਚੜ੍ਹਨ ਤੋਂ ਬਾਅਦ ਚਿੰਤਾ ਵਿਚ ਡੁੱਬੀ ਕਾਂਗਰਸ ਨੇ ਇਸ ਮਸਲੇ ਨਾਲ ਨਜਿੱਠਣ ਲਈ ਸਰਗਰਮੀਆਂ ਤੇਜ਼ ਕਰ ਦਿੱਤੀਆਂ ਸਨ। ਮਹਿੰਗਾਈ ਦੇ ਮਸਲੇ 'ਤੇ ਭਾਜਪਾ ਵਲੋਂ ਬੀਤੇ ਸੋਮਵਾਰ ਨੂੰ ਵੀ ਹੰਗਾਮਾ ਕੀਤੇ ਜਾਣ ਦੇ ਐਲਾਨ ਦੇ ਮੱਦੇਨਜ਼ਰ ਕੇਂਦਰੀ ਵਿੱਤ ਮੰਤਰੀ ਤੇ ਸਦਨ ਵਿਚ ਸਰਕਾਰ ਦੇ ਆਗੂ ਪ੍ਰਣਬ ਮੁਖਰਜੀ ਨੇ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਬੀਤੇ ਸੋਮਵਾਰ ਸਵੇਰੇ ਚਾਹ 'ਤੇ ਸੱਦਿਆ ਸੀ।

ਦੱਸਣਾ ਬਣਦਾ ਹੈ ਕਿ ਬੀਤੀ 26 ਜੁਲਾਈ ਨੂੰ ਸ਼ੁਰੂ ਹੋਏ ਮਾਨਸੂਨ ਸੈਸ਼ਨ 'ਚ ਵਿਰੋਧੀ ਧਿਰ ਖਾਸ ਕਰਕੇ ਭਾਜਪਾ ਨੇ ਮਹਿੰਗਾਈ 'ਤੇ ਵੋਟਿੰਗ ਵਾਲੇ ਨਿਯਮ ਤਹਿਤ ਚਰਚਾ ਕਰਵਾਉਣ ਦੀ ਮੰਗ ਕੀਤੀ ਸੀ ਤੇ ਅਗਲੇ ਦਿਨ ਕੀਤੀ ਗਈ ਇਸ ਮੰਗ 'ਤੇ ਸਮੂਹ ਆਗੂ ਬੀਤੇ ਹਫਤੇ ਸ਼ੁੱਕਰਵਾਰ ਤੱਕ ਇਕਜੁਟ ਰਹੇ। ਬੀਤੇ ਹਫਤੇ ਦੇ ਸ਼ੁੱਕਰਵਾਰ ਨੂੰ ਸੰਸਦ ਦਾ ਮਾਨਸੂਨ ਸੈਸ਼ਨ ਇਸ ਹਫਤੇ ਦੇ ਸੋਮਵਾਰ ਤੱਕ ਮੁਲਤਵੀ ਕਰ ਦਿੱਤਾ ਗਿਆ ਸੀ ਤੇ ਇਸੇ ਦਿਨ ਭਾਜਪਾ ਆਗੂਆਂ ਨੇ ਐਲਾਨ ਕੀਤਾ ਸੀ ਕਿ ਉਹ ਸੋਮਵਾਰ ਨੂੰ ਵੀ ਇਸੇ ਨਿਯਮ ਤਹਿਤ ਚਰਚਾ ਕਰਵਾਉਣ ਦੀ ਮੰਗ ਕਰਨਗੇ। ਇਸ ਤੋਂ ਇਲਾਵਾ ਹੋਰ ਵਿਰੋਧੀ ਪਾਰਟੀਆਂ ਤੇ ਸਰਕਾਰ ਨੂੰ ਬਾਹਰੋਂ ਹਮਾਇਤ ਦੇ ਰਹੀਆਂ ਕੁਝ ਪਾਰਟੀਆਂ ਵੀ ਇਸ ਮਸਲੇ 'ਤੇ ਬਹਿਸ ਨੂੰ ਲੈ ਕੇ ਇਕਜੁਟ ਸਨ।

ਯਾਦ ਰਹੇ ਕੌਮੀ ਜਮਹੂਰੀ ਗੱਠਜੋੜ ਤੋਂ ਬਗੈਰ ਵਿਰੋਧੀ ਪਾਰਟੀਆਂ ਨੇ ਬੀਤੇ ਹਫਤੇ ਵੀਰਵਾਰ ਨੂੰ ਸੰਸਦ ਭਵਨ ਵਿਚ ਪ੍ਰਦਰਸ਼ਨ ਕਰਕੇ ਮਹਿੰਗਾਈ ਦੇ ਮੁੱਦੇ 'ਤੇ ਧਾਰਾ 184 ਤਹਿ ਬਹਿਸ ਕਰਾਉਣ ਦੀ ਮੰਗ ਕੀਤੀ ਸੀ। ਇਸ ਪ੍ਰਦਰਸ਼ਨ ਵਿਚ ਸੀ.ਪੀ.ਆਈ.ਐਮ., ਸੀ.ਪੀ.ਆਈ., ਰਾਸ਼ਟਰੀ ਜਨਤਾ ਦਲ, ਜਨਤਾ ਦਲ-ਸੈਕੂਲਰ, ਏ.ਆਈ.ਏ.ਡੀ.ਐਮ.ਕੇ. ਅਤੇ ਤੇਲਗੂ ਦੇਸਮ ਪਾਰਟੀ ਦੇ ਮੈਂਬਰ ਸ਼ਾਮਲ ਹੋਏ ਸਨ। ਇਸ ਦੇ ਨਾਲ ਹੀ ਸਮਾਜਵਾਦੀ ਪਾਰਟੀ ਨੇ ਆਪਣੇ ਨੇਤਾ ਮੁਲਾਇਮ ਸਿੰਘ ਯਾਦਵ ਦੀ ਅਗਵਾਈ ਹੇਠ ਸੰਸਦ ਭਵਨ ਦੇ ਮੁੱਖ ਗੇਟ 'ਤੇ ਵੱਖਰੇ ਤੌਰ 'ਤੇ ਪ੍ਰਦਰਸ਼ਨ ਕੀਤਾ ਸੀ। ਇੰਜ ਭਾਰਤੀ ਪਾਰਲੀਮੈਂਟ ਦਾ ਪਿਛਲਾ ਲਗਪਗ ਡੇਢ ਹਫਤਾ ਸਿਰਫ ਮਹਿੰਗਾਈ ਦੇ ਮੁੱਦੇ ਨੇ ਹੀ ਨਿਗਲ ਲਿਆ ਹੈ। ਸਰਕਾਰ ਦੇ ਏਜੰਡੇ ਵਿਚ ਇਸ ਸੈਸ਼ਨ ਵਿਚ ਨਜਿੱਠਣ ਲਈ ਹੋਰ ਬਹੁਤ ਸਾਰੇ ਮੁੱਦੇ ਹਨ ਪਰ ਵਿਰੋਧੀ ਧਿਰ ਨੇ ਸਰਕਾਰ ਦੀ ਪੇਸ਼ ਨਹੀਂ ਜਾਣ ਦਿੱਤੀ।

## ਬੇਵਫਾਈ ਕੀਤੀ ਤਾਂ ਦੇਣੇ ਪੈਣਗੇ 57 ਕਰੋੜ ਰੁਪਏ

**ਵਾਸ਼ਿੰਗਟਨ:**ਚੇਲਸੀ ਕਲਿੰਟਨ ਦੀ 31 ਜੁਲਾਈ ਨੂੰ ਨਿਊਯਾਰਕ ਵਿਚ ਮਿਡਸਨ ਨਦੀ ਦੇ ਕਿਨਾਰੇ ਹੋਈ ਸ਼ਾਨਦਾਰ ਸ਼ਾਦੀ ਦੁਨੀਆ ਸਾਲਾਂ ਤੱਕ ਯਾਦ ਰੱਖੇਗੀ। ਇਹ ਵਿਆਹ ਇਸ ਤਰ੍ਹਾਂ ਹੋਇਆ ਜਿਵੇਂ ਕਿਸੇ ਸ਼ਹਿਜ਼ਾਦੀ ਦਾ ਹੋਵੇ। ਇਸ ਵਿਆਹ ਦੀ ਖਾਸ ਗੱਲ ਇਹ ਹੈ ਕਿ ਜੇਕਰ ਉਸ ਦਾ ਪਤੀ ਮਾਰਕ ਬੇਵਫਾ ਨਿਕਲਦਾ ਹੈ ਤਾਂ ਉਹ ਚੇਲਸੀ ਨੂੰ ਲਗਭਗ 57 ਕਰੋੜ ਰੁਪਏ ਦੇਵੇਗਾ। ਇਹ ਦੋਵਾਂ ਦੀ ਰਜ਼ਾਮੰਦੀ ਦੇ ਨਾਲ ਤੈਅ ਹੋਇਆ ਹੈ।

ਵਿਆਹ ਦੀਆਂ ਤਿਆਰੀਆਂ ਵਿਚ ਪੈਸਾ ਪਾਣੀ ਦੀ ਤਰ੍ਹਾਂ ਵਹਾਇਆ ਗਿਆ। ਚੇਲਸੀ ਦੀ ਮੰਗਣੀ ਦੀ ਮੁੰਦਰੀ ਹੀ ਲਗਭਗ 4 ਕਰੋੜ ਦੀ ਹੈ।

## ਬੀਬੀ ਜਸਵੰਤ ਕੌਰ ਦਾ ਦੇਹਾਂਤ


**ਚੰਡੀਗੜ੍ਹ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਪਤਨੀ ਬੀਬੀ ਜਸਵੰਤ ਕੌਰ ਨੂੰ ਬੀਤੀ 2 ਅਗਸਤ ਨੂੰ ਸਵੇਰੇ ਪਿਆ ਦਿਲ ਦਾ ਦੌਰਾ ਜਾਨਲੇਵਾ ਸਾਬਤ ਹੋਇਆ। ਉਹ 86 ਸਾਲਾਂ ਦੇ ਸਨ। ਸ੍ਰੀ ਬੇਅੰਤ ਸਿੰਘ ਖਾੜਕੂਆਂ ਹੱਥੋਂ ਇਸੇ ਹੀ ਮਹੀਨੇ 31 ਅਗਸਤ 1995 ਨੂੰ ਮਾਰੇ ਗਏ ਸਨ।



ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਜੀਵਨ ਭਰ ਲਈ ਕੈਬਨਿਟ ਮੰਤਰੀ ਦੇ ਬਰਾਬਰ ਦੀਆਂ ਸਹੂਲਤਾਂ ਦਿੱਤੀਆਂ ਹੋਈਆਂ ਸਨ। ਉਨ੍ਹਾਂ ਦਾ ਕਾਂਗਰਸ ਪਾਰਟੀ ਅਤੇ ਪੰਜਾਬ ਦੇ ਲੋਕਾਂ ਦੀਆਂ ਨਜ਼ਰਾਂ ਵਿਚ ਬੜਾ ਸਤਿਕਾਰ ਸੀ। ਉਨ੍ਹਾਂ ਨੇ ਲੁਧਿਆਣਾ ਵਿਚ ਲੋਕ ਸਭਾ ਉਮੀਦਵਾਰ ਵਜੋਂ ਚੋਣ ਵੀ ਲੜੀ ਸੀ। ਉਨ੍ਹਾਂ ਦੇ ਪਰਿਵਾਰ ਵਿਚ ਇਸ ਵੇਲੇ ਸ੍ਰੀ ਤੇਜ ਪ੍ਰਕਾਸ਼ ਸਿੰਘ ਵਿਧਾਨ ਸਭਾ ਦੇ ਮੈਂਬਰ ਹਨ। ਉਨ੍ਹਾਂ ਦੀ ਬੇਟੀ ਗੁਰਕੰਵਲ ਕੌਰ ਮੰਤਰੀ ਮੰਡਲ ਦੇ ਮੈਂਬਰ ਰਹੇ ਹਨ। ਉਨ੍ਹਾਂ ਦੇ ਪੋਤਰੇ ਰਵਨੀਤ ਸਿੰਘ ਬਿੱਟੂ ਲੋਕ ਸਭਾ ਦੇ ਮੈਂਬਰ ਅਤੇ ਯੂਥ ਕਾਂਗਰਸ ਦੇ ਪ੍ਰਧਾਨ ਹਨ। ਉਨ੍ਹਾਂ ਦੇ ਪੋਤਰੇ ਗੁਰਕੀਰਤ ਸਿੰਘ ਨੇ ਵੀ ਰਾਜਸੀ ਖੇਤਰ 'ਚ ਆਪਣਾ ਨਾਂ ਬਣਾਇਆ ਹੈ। ਬੀਬੀ ਜਸਵੰਤ ਕੌਰ ਦੇ ਅਕਾਲ ਚਲਾਣੇ 'ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਨਿਰਮਲ ਸਿੰਘ ਕਾਹਲੋਂ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਦਿ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਦੇਸ਼ਭਗਤ ਕਪੂਰ ਸਿੰਘ ਨਹੀਂ ਰਹੇ

**ਕੁੰਮ ਕਲਾਂ:** ਅਜ਼ਾਦ ਹਿੰਦ ਫੌਜ ਦੇ ਸਿਪਾਹੀ ਰਹੇ ਅਜ਼ਾਦੀ ਘੁਲਾਟੀਏ ਕਪੂਰ ਸਿੰਘ ਪ੍ਰਿਥੀਪੁਰ (90) ਦਾ ਬੀਤੀ 29 ਜੁਲਾਈ ਨੂੰ ਦੇਹਾਂਤ ਹੋ ਗਿਆ।



ਕਪੂਰ ਸਿੰਘ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਵਲੋਂ ਬਣਾਈ ਗਈ ਪਹਿਲੀ ਆਜ਼ਾਦ ਹਿੰਦ ਫੌਜ ਵਿਚ ਭਰਤੀ ਹੋ ਕੇ ਅੰਗਰੇਜ਼ਾਂ ਖਿਲਾਫ਼ ਲੜਾਈ ਲੜੀ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਉਪਰੰਤ ਉਹ ਮਾਛੀਵਾੜਾ ਨੇੜੇ ਪਿੰਡ ਪ੍ਰਿਥੀਪੁਰ 'ਚ ਖੇਤੀਬਾੜੀ ਰਾਹੀਂ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਰਹੇ ਸਨ। 90 ਸਾਲ ਤੋਂ ਵਧ ਉਮਰ ਹੋਣ ਦੇ ਬਾਵਜੂਦ ਕਪੂਰ ਸਿੰਘ ਸਿਹਤ ਪੱਖੋਂ ਬਿਲਕੁਲ ਠੀਕ ਰਹੇ ਅਤੇ ਅਚਾਨਕ ਦਿਲ ਦਾ ਦੌਰਾ ਪੈਣ 'ਤੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਕਪੂਰ ਸਿੰਘ ਦੇ ਤਿੰਨ ਪੁੱਤਰਾਂ ਵਿਚੋਂ ਇਕ ਦੀ ਮੌਤ ਹੋ ਚੁੱਕੀ ਹੈ ਤੇ ਦੋ ਅਮਰੀਕਾ ਵਿਖੇ ਪੱਕੇ ਰਹਿੰਦੇ ਹਨ।

# ਦਿੱਲੀ ਹਾਈ ਕੋਰਟ ਵਲੋਂ ਬਾਦਲ ਦਲ ਨੂੰ ਝਾੜ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਦੋ ਵਿਧਾਨ ਰੱਖਣ ਵਿਰੁੱਧ ਸੋਸ਼ਲਿਸਟ ਜਨਤਾ ਪਾਰਟੀ ਦੇ ਕੌਮੀ ਉਪ ਪ੍ਰਧਾਨ ਸ. ਬਲਵੰਤ ਸਿੰਘ ਖੇੜਾ ਦੀ ਦਿੱਲੀ ਹਾਈ ਕੋਰਟ ਵਿਚ ਪਾਈ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਬੀਤੀ 30 ਜੁਲਾਈ ਨੂੰ ਜਸਟਿਸ ਏ.ਕੇ. ਸੀਕਰੀ ਅਤੇ ਜਸਟਿਸ ਰੀਵਾ ਖੇਤਰਪਾਲ ਦੇ ਡਿਵੀਜ਼ਨ ਬੈਂਚ ਨੇ ਗੁੱਸੇ ਵਿਚ ਕਿਹਾ ਕਿ ਭਾਰਤ ਦੇ ਚੋਣ ਕਮਿਸ਼ਨ ਨੂੰ ਇਕ ਸੈਕੂਲਰ ਵਿਧਾਨ ਦੇਣਾ ਤੇ ਧਾਰਮਕ ਚੋਣਾਂ ਲੜਨ ਲਈ, ਗੁਰਦਵਾਰਾ ਚੋਣ ਕਮਿਸ਼ਨ ਨੂੰ ਹੋਰ ਵਿਧਾਨ ਦੇਣਾ ਜਾਇਜ਼ ਨਹੀਂ ਤੇ ਇਸ ਸਬੰਧੀ ਸਪੱਸ਼ਟੀਕਰਨ ਦੇਣ ਦਾ ਆਖ਼ਰੀ ਮੌਕਾ ਦਿੱਤਾ ਜਾ ਰਿਹਾ ਹੈ, ਜਿਸ ਸਬੰਧੀ ਵੇਰਵਾ ਅਗਲੀ ਸੁਣਵਾਈ ਤੋਂ ਦੋ ਹਫ਼ਤੇ ਪਹਿਲਾਂ ਪੇਸ਼ ਕੀਤਾ ਜਾਵੇ। ਅਗਲੀ ਸੁਣਵਾਈ 20 ਸਤੰਬਰ 'ਤੇ ਪਾਈ ਗਈ ਹੈ। ਜ਼ਿਕਰਯੋਗ ਹੈ ਕਿ ਸ. ਖੇੜਾ ਵਲੋਂ ਭਾਰਤ ਦੇ ਚੋਣ ਕਮਿਸ਼ਨ ਅਤੇ ਹੋਰਨਾਂ ਖਿਲਾਫ਼ ਇਹ ਪਟੀਸ਼ਨ ਦਿੱਲੀ ਹਾਈਕੋਰਟ ਵਿਚ ਪਾਈ ਗਈ ਸੀ

ਸ. ਖੇੜਾ ਨੇ ਬੀਤੀ 31 ਜੁਲਾਈ ਨੂੰ ਦੱਸਿਆ ਕਿ ਬੈਂਚ ਨੇ ਵਕੀਲਾਂ ਦੀਆਂ ਦਲੀਲਾਂ ਸੁਣਦਿਆਂ ਅਕਾਲੀ ਦਲ ਬਾਦਲ, ਸ਼੍ਰੋਮਣੀ ਕਮੇਟੀ ਅਤੇ ਚੋਣ ਕਮਿਸ਼ਨ ਦੇ ਹਾਜ਼ਰ ਨੁਮਾਇੰਦਿਆਂ ਅਤੇ ਵਕੀਲਾਂ ਨੂੰ ਦੋ ਵਿਧਾਨਾਂ ਸਬੰਧੀ ਅਪਣਾ ਪੱਖ ਸਪੱਸ਼ਟ ਕਰਨ ਲਈ ਕਿਹਾ ਪਰ ਕੋਈ ਉੱਤਰ ਨਾ ਆਉਣ 'ਤੇ ਚੇਤਾਵਨੀ ਦਿਤੀ ਕਿ ਅਗਲੀ ਸੁਣਵਾਈ ਤੋਂ ਪਹਿਲਾਂ-ਪਹਿਲਾਂ ਲਿਖਤੀ ਜਵਾਬ ਆਉਣਾ ਜ਼ਰੂਰੀ ਹੈ। ਬੈਂਚ ਨੇ ਚੋਣ ਕਮਿਸ਼ਨ ਦੇ ਨੁਮਾਇੰਦੇ ਨੂੰ ਵੀ ਪੁੱਛਿਆ ਕਿ ਧਾਰਮਿਕ ਤੇ ਸਿਆਸੀ ਵਿਧਾਨ ਰੱਖਣ ਵਾਲੀ ਪਾਰਟੀ ਦੀ ਮਾਨਤਾ ਰੱਦ ਕਿਉਂ ਨਹੀਂ ਕੀਤੀ ਗਈ? ਪਟੀਸ਼ਨ ਕਰਤਾ ਵਲੋਂ ਉਘੇ ਵਕੀਲ ਪ੍ਰਸ਼ਾਂਤ ਭੂਸ਼ਣ ਤੇ ਇੰਦਰਾਨੀ ਉਨਿਆਰ ਪੇਸ਼ ਹੋਏ, ਜਿਨ੍ਹਾਂ ਅਕਾਲੀ ਦਲ ਬਾਦਲ ਸਮੇਤ ਦੇਸ਼ ਦੀਆਂ ਹੋਰ ਸਿਆਸੀ ਪਾਰਟੀਆਂ ਵਲੋਂ ਵੀ ਧਰਮ ਦੀ ਦੁਰਵਰਤੋਂ ਕਰਨ ਬਾਰੇ ਵੇਰਵਾ ਦਿਤਾ।

ਇਸ ਤੋਂ ਇਲਾਵਾ ਸ. ਖੇੜਾ ਨੇ ਹੁਸ਼ਿਆਰਪੁਰ ਦੀ ਅਦਾਲਤ ਵਿਚ ਵੀ ਅਕਾਲੀ ਦਲ ਬਾਦਲ ਵਿਰੁਧ ਦੋ ਵਿਧਾਨ ਰੱਖਣ ਲਈ ਪਟੀਸ਼ਨ ਪਾਈ ਹੋਈ ਹੈ। ਭਾਰਤ ਦੇ ਵਿਧਾਨ ਵਿਚ ਦਰਜ ਲੋਕ ਪ੍ਰਤੀਨਿਧ ਐਕਟ-1951 ਦੀ ਉਲੰਘਣਾ ਕਰਨ ਅਤੇ ਸਿਆਸੀ ਦਲ ਦੇ ਦੋ ਵਿਧਾਨ ਰੱਖ ਕੇ ਲੋਕਾਂ ਨਾਲ ਧੋਖਾ ਕਰਨ ਵਿਰੁਧ ਪਾਈ ਗਈ ਇਸ ਰਿੱਟ 'ਤੇ ਸੁਣਵਾਈ ਮੌਕੇ ਬੀਤੀ 28 ਜੁਲਾਈ ਨੂੰ ਚੀਫ਼ ਜੁਡੀਸ਼ਲ ਮੈਜਿਸਟਰੇਟ ਗੁਰਜੰਟ ਸਿੰਘ ਦੀ ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਕੱਤਰ ਵਿਰੁਧ ਵਾਰੰਟ ਜਾਰੀ ਕੀਤਾ ਹੈ। ਇਸ ਰਿੱਟ 'ਤੇ ਪਿਛਲੇ ਕਈ ਸਾਲਾਂ ਤੋਂ ਸੁਣਵਾਈ ਚਲ ਰਹੀ ਹੈ। ਸੁਣਵਾਈ ਦੀ ਅਗਲੀ ਤਰੀਕ 6 ਅਕਤੂਬਰ ਪਈ ਹੈ।

ਹੁਸ਼ਿਆਰਪੁਰ ਦੀ ਅਦਾਲਤ ਵਿਚ ਗੁਰਦਵਾਰਾ ਚੋਣ ਕਮਿਸ਼ਨ ਦੇ ਪ੍ਰਤੀਨਿਧ ਨੇ 29 ਨਵੰਬਰ, 2003 ਨੂੰ ਪੇਸ਼ ਕੀਤਾ ਅਕਾਲੀ ਦਲ ਬਾਦਲ ਦਾ ਵਿਧਾਨ ਰੀਕਾਰਡ ਵਜੋਂ ਪੇਸ਼ ਕੀਤਾ, ਜਿਸ ਦੇ ਲੈਟਰਪੈਡ ਦੇ ਦੋਵੇਂ ਪਾਸੇ ਖੰਡੇ ਵਾਲਾ ਨਿਸ਼ਾਨ, ਦੇਗ ਤੇਗ ਫ਼ਤਿਹ, ਵਾਹਿਗੁਰੂ ਜੀ ਕਾ ਖ਼ਾਲਸਾ ਤੇ ਵਾਹਿਗੁਰੂ ਜੀ ਕੀ ਫ਼ਤਹਿ ਛਪਿਆ ਹੋਇਆ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਇਕ ਧਾਰਮਿਕ ਜਥੇਬੰਦੀ ਹੈ। ਸ. ਖੇੜਾ ਨੇ ਕਿਹਾ ਕਿ ਗੁਰਦਵਾਰਾ ਚੋਣ ਕਮਿਸ਼ਨ ਕੋਲ ਪੇਸ਼ ਕੀਤੇ ਪਾਰਟੀ ਦੇ ਇਸ ਵਿਧਾਨ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹਿੱਸਾ ਲਿਆ ਜਾਂਦਾ ਹੈ ਜਦਕਿ ਇਹੀ ਸ਼੍ਰੋਮਣੀ ਅਕਾਲੀ ਦਲ ਬਾਦਲ ਭਾਰਤ ਦੇ ਚੋਣ ਕਮਿਸ਼ਨ ਕੋਲ ਪੇਸ਼ ਕੀਤੇ ਸੈਕੂਲਰ ਵਿਧਾਨ ਤਹਿਤ ਅਸੈਂਬਲੀ ਅਤੇ ਲੋਕ ਸਭਾ ਦੀਆਂ ਚੋਣਾਂ ਲੜਦਾ ਹੈ। ਸ. ਖੇੜਾ ਅਨੁਸਾਰ ਪੰਜਾਬ ਤੇ ਦੇਸ਼ ਦੇ ਵੋਟਰਾਂ ਨਾਲ ਇਹ ਇਕ ਧੋਖਾ ਹੈ ਜੋ ਪਿਛਲੇ 60 ਸਾਲਾਂ ਤੋਂ ਕੀਤਾ ਜਾ ਰਿਹਾ ਹੈ।

## ਖਾੜਕੂ ਭਲਵਾਨ ਨਿਆਂਇਕ ਹਿਰਾਸਤ 'ਚ

**ਨਾਭਾ:** ਨਾਭਾ ਗੈਸ ਪਲਾਂਟ ਅਤੇ ਹਲਵਾਰਾ ਹਵਾਈ ਅੱਡੇ 'ਤੇ ਬੰਬ ਫਿਟ ਕਰਨ ਦੇ ਕੇਸ ਵਿਚ ਮੁਲਜ਼ਮ ਖਾੜਕੂ ਪ੍ਰਗਟ ਸਿੰਘ ਭਲਵਾਨ ਨੂੰ ਬੀਤੀ 30 ਜੁਲਾਈ ਨੂੰ ਥਾਣਾ ਸਦਰ ਪੁਲਿਸ ਵਲੋਂ ਜੱਜ ਮਨਜਿੰਦਰ ਸਿੰਘ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਜਿਥੋਂ ਉਸ ਨੂੰ 11 ਅਗਸਤ ਤੱਕ ਨਿਆਂਇਕ ਹਿਰਾਸਤ 'ਤੇ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਉਹ ਹੁਣ ਤੱਕ ਪੁਲਿਸ ਰਿਮਾਂਡ 'ਤੇ ਸੀ।

ਪੁਲਿਸ ਸੂਤਰਾਂ ਮੁਤਾਬਕ ਪੁਲਿਸ ਰਿਮਾਂਡ ਦੌਰਾਨ ਇਸ ਕੇਸ ਦੇ ਮੁੱਖ ਮੁਲਜ਼ਮ ਬਖਸ਼ੀਸ਼ ਸਿੰਘ ਉਰਫ ਬਾਬਾ ਨੇ ਆਪਣੇ ਸਾਥੀ ਅਤਿਵਾਦੀ ਪ੍ਰਗਟ ਸਿੰਘ ਭਲਵਾਨ ਨੂੰ ਪਾਕਿਸਤਾਨ ਤੇ ਮਲੇਸ਼ੀਆ ਸਮੇਤ ਹੋਰ ਵੀ ਦੇਸ਼ਾਂ ਦਾ ਦੌਰਾ ਕਰਵਾਇਆ, ਜਿਥੇ ਉਸ ਨੇ ਹਥਿਆਰ ਚਲਾਉਣ ਤੇ ਬੰਬ ਬਣਾਉਣ ਦੀ ਸਿਖਲਾਈ ਪ੍ਰਾਪਤ ਕੀਤੀ। ਉਸ ਨੇ ਪੰਜਾਬ ਵਿਚ ਵੱਖ-ਵੱਖ ਘਟਨਾਵਾਂ ਨੂੰ ਅੰਜਾਮ ਦੇਣ ਵਿਚ ਅਹਿਮ ਭੂਮਿਕਾ ਨਿਭਾਈ ਹੈ।

## ਤੁਰਕੀ ਸਰਹੱਦ ਤੇ ਗੋਲੀ ਨਾਲ ਨੌਜਵਾਨ ਦੀ ਮੌਤ

**ਭੁਲੱਥ:** ਇਥੋਂ ਨੇੜਲੇ ਪਿੰਡ ਰਾਏਪੁਰ ਪੀਰ ਬਖਸ਼ ਦੇ ਵਾਸੀ 23 ਸਾਲਾ ਨੌਜਵਾਨ ਦੀ ਯੂਨਾਨ ਜਾਂਦੇ ਸਮੇਂ ਤੁਰਕੀ ਸਰਹੱਦ 'ਤੇ ਫੌਜ ਦੀਆਂ ਗੋਲੀਆਂ ਲੱਗਣ ਨਾਲ ਮੌਤ ਹੋ ਗਈ।

ਜਾਣਕਾਰੀ ਅਨੁਸਾਰ ਪਿੰਡ ਰਾਏਪੁਰ ਪੀਰ ਬਖਸ਼ ਵਾਲਾ ਨਿਵਾਸੀ ਸੁਖਵਿੰਦਰ ਸਿੰਘ ਪੁੱਤਰ ਸਵ: ਅਮਰੀਕ ਸਿੰਘ ਨੂੰ ਉਸ ਦੀ ਬਜ਼ੁਰਗ ਮਾਤਾ ਜਸਵੀਰ ਕੌਰ ਨੇ ਆਪਣੀ ਜ਼ਮੀਨ-ਜਾਇਦਾਦ ਵੇਚ ਕੇ ਆਪਣੇ ਲੜਕੇ ਨੂੰ ਯੂਨਾਨ ਭੇਜਣ ਵਾਸਤੇ ਪਿੰਡ ਦੇ ਟਰੈਵਲ ਏਜੰਟਾਂ ਨੂੰ 6 ਲੱਖ 50 ਹਜ਼ਾਰ ਰੁਪਏ ਦਿਤੇ। ਕਥਿਤ ਏਜੰਟਾਂ ਨੇ ਸੁਖਵਿੰਦਰ ਸਿੰਘ ਤੇ ਉਸਦੇ ਹੋਰਨਾਂ ਕੁਝ ਸਾਥੀਆਂ ਦੀ ਅੰਮ੍ਰਿਤਸਰ ਤੋਂ ਤੁਰਕੀ ਦੀ ਫਲਾਇਟ ਕਰਵਾ ਦਿੱਤੀ, ਉਥੇ ਮੌਜੂਦ ਏਜੰਟਾਂ ਦੇ ਆਦਮੀਆਂ ਨੇ ਟੈਕਸੀ ਰਾਹੀਂ ਯੂਨਾਨ-ਤੁਰਕੀ ਦੀ ਸਰਹੱਦ ਪਾਰ ਕਰਵਾਉਣਾ ਚਾਹਿਆ, ਪਰ ਸਰਹੱਦ 'ਤੇ ਤਾਇਨਾਤ ਫੌਜ ਨੇ ਗੋਲੀ ਚਲਾ ਦਿੱਤੀ। ਜਿਸ ਨਾਲ ਸੁਖਵਿੰਦਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਤੇ ਉਸ ਦੇ ਨਾਲ ਭੇਜੇ ਕੁਝ ਹੋਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਤੁਰਕੀ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ, ਜਿਨ੍ਹਾਂ ਦੇ ਜ਼ਰੀਏ ਸੁਖਵਿੰਦਰ ਸਿੰਘ ਦੀ ਮੌਤ ਬਾਰੇ ਪਤਾ ਚੱਲਿਆ।


# ਟਿੱਪਾ ਕਤਲ ਕੇਸ 'ਚ ਮਿੰਕਲ ਬਜਾਜ ਗ੍ਰਿਫ਼ਤਾਰ

**ਚੰਡੀਗੜ੍ਹ:** ਪੁਲਿਸ ਨੇ ਬੀਤੀ 28 ਜੁਲਾਈ ਨੂੰ ਮੁਕਤਸਰ ਦੇ ਯੂਥ ਅਕਾਲੀ ਦਲ ਦੇ ਨੇਤਾ ਤ੍ਰਿਪਤਦੀਪ ਸਿੰਘ ਸੇਖੋਂ ਉਰਫ਼ ਟਿੱਪਾ ਦੇ ਕਤਲ ਕੇਸ ਦੇ ਮੁੱਖ ਮੁਲਜ਼ਮ ਅਤੇ ਮੁਕਤਸਰ ਦੇ ਹੀ ਯੂਥ ਆਗੂ ਬਲਵਿੰਦਰ ਸਿੰਘ ਉਰਫ਼ ਮਿੰਕਲ ਬਜਾਜ (28) ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਡੀ.ਐਸ.ਪੀ. (ਕੇਂਦਰੀ) ਜਗਬੀਰ ਸਿੰਘ ਨੇ ਦਾਅਵਾ ਕੀਤਾ ਕਿ ਮਿੰਕਲ ਦੇ ਚੰਡੀਗੜ੍ਹ 'ਚ ਅਗਾਊਂ ਜ਼ਮਾਨਤ ਕਰਵਾਉਣ ਲਈ ਆਉਣ ਦੀ ਸੂਚਨਾ ਮਿਲੀ ਸੀ। ਪੁਲਿਸ ਨੇ ਉਸ ਨੂੰ ਪੰਜਾਬ ਇੰਜੀਨੀਅਰਿੰਗ ਕਾਲਜ ਨੇੜਿਓਂ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਦਾਅਵਾ ਕੀਤਾ ਕਿ ਮਿੰਕਲ ਕੋਲੋਂ ਕਤਲ ਲਈ ਵਰਤਿਆ 32 ਬੋਰ ਦਾ ਪਿਸਤੌਲ ਅਤੇ 4 ਕਾਰਤੂਸ ਵੀ ਬਰਾਮਦ ਕੀਤੇ ਗਏ ਹਨ।

ਜ਼ਿਕਰਯੋਗ ਹੈ ਕਿ ਬੀਤੀ 13 ਜੁਲਾਈ ਦੀ ਸ਼ਾਮ ਸਮੇਂ ਟਿੱਪਾ ਸੇਖੋਂ ਨੂੰ ਚੰਡੀਗੜ੍ਹ ਵਿਚ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਗਿਆ ਸੀ। ਕਿਸੇ ਨੇ ਟਿੱਪੇ ਨੂੰ ਸੜਕ ਉਪਰ ਤੜਫਦੇ ਦੇਖ ਕੇ ਪੁਲਿਸ ਨੂੰ ਇਤਲਾਹ ਦਿੱਤੀ ਸੀ ਤੇ ਬਾਅਦ ਵਿਚ ਉਸ ਦੀ ਉਸੇ ਦਿਨ ਸ਼ਾਮੀ ਪੀ.ਜੀ.ਆਈ. 'ਚ ਮੌਤ ਹੋ ਗਈ ਸੀ। ਉਦੋਂ ਟਿੱਪੇ ਦੀ ਭੈਣ ਕਿਰਨ ਹਰਪ੍ਰੀਤ ਕੌਰ ਚੀਮਾ ਨੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦੇ ਭਰਾ ਨੇ ਮਰਨ ਤੋਂ ਪਹਿਲਾਂ ਦੱਸਿਆ ਸੀ ਕਿ ਉਸ ਨੂੰ ਗੋਲੀ ਮਿੰਕਲ ਤੇ ਉਸ ਦੇ ਸਾਥੀਆਂ ਨੇ ਮਾਰੀ ਹੈ। ਡੀ.ਐਸ.ਪੀ. ਨੇ ਦੱਸਿਆ ਕਿ ਮੁੱਢਲੀ ਪੜਤਾਲ ਤੋਂ ਬਾਅਦ ਪਤਾ ਲੱਗਾ ਹੈ ਕਿ ਮਿੰਕਲ 13 ਜੁਲਾਈ ਨੂੰ ਟਿੱਪੇ ਦਾ ਕਤਲ ਕਰਨ ਤੋਂ ਬਾਅਦ ਦਿੱਲੀ ਭੱਜ ਗਿਆ ਸੀ। ਉਸ ਤੋਂ ਬਾਅਦ ਉਹ ਗੰਗਾਨਗਰ ਅਤੇ ਮਹਾਰਾਸ਼ਟਰ ਵਿਖੇ ਛੁਪਿਆ ਰਿਹਾ ਸੀ।

ਦੱਸਣਯੋਗ ਹੈ ਕਿ ਸੈਕਟਰ-17 ਥਾਣੇ ਦੇ ਐਸ.ਐਚ.ਓ. ਜਸਵਿੰਦਰ ਸਿੰਘ ਅਤੇ ਧਨਾਸ ਚੌਕੀ ਦੇ ਇੰਚਾਰਜ ਸਬ-ਇੰਸਪੈਕਟਰ ਕਿਰਪਾਲ ਸਿੰਘ ਨੂੰ ਮਿੰਕਲ ਦੀ ਭਾਲ ਲਈ ਵਿਸ਼ੇਸ਼ ਤੌਰ 'ਤੇ ਡਿਊਟੀ ਸੌਂਪੀ ਗਈ ਸੀ।ਇਹ ਦੋਵੇਂ ਪੁਲਿਸ ਅਫਸਰ ਮੁਕਤਸਰ ਦੀਆਂ ਗੇੜੀਆਂ ਵੀ ਲਾ ਚੁੱਕੇ ਸਨ। ਮਿੰਕਲ ਵਿਆਹਿਆ ਹੋਇਆ ਹੈ ਅਤੇ ਉਸ ਦਾ ਇਕ 5 ਸਾਲ ਦਾ ਲੜਕਾ ਹੈ।

*To Advertise with us*
*call: 847-359-0746*
*Fax:847-705-9388*





ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਾਲਿਟੀ ਅਤੇ ਸਸਤੀਆਂ ਦਰਾਂ ਤੇ
ਮੈਡੀਕਲ ਇੰਸ਼ੋਰੈਂਸ
ਅਤੇ ਲਾਈਫ ਇੰਸ਼ੋਰੈਂਸ
ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ
ਮੇਜਰ ਸਿੰਘ ਚੌਹਾਨ

Sacramento Office
2377 Gold Meadow Way,
Suite 157, Gold River CA 95670

Bakersfield Office
PO Box 40728
Bakersfield CA 93384

Fremont Office
39650 Liberty St. #200
Fremont CA 94538



Cell: 916-337-1683
Off : 661-369-4865
Off : 916-983-4890
Fax : 916-984-0110
Fax : 888-327-6115

Major Singh Chauhan
AGENT
CA Ins. Lic #0D36632
New York Life Insurance Company

mc101048@gmail.com

THE COMPANY YOU KEEP

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਈਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

*Law Offices Of Jaspreet Singh*

| | | |
|---|---|---|
| 4491 W. Shaw Ave., Suite 300 B (Near Costco) Fresno, CA 93722 Ph: 559-271-5511 | 44790 S. Grimmer Blvd. #204 Fremont CA-94538 Ph:510-657-6444 Fax: 510-657-6443 | 2945 W. Capitol Ave, Sacramento CA-95691 Ph: 916-372-4448 Fax: 916-372-4440 |

# ਪੰਜਾਬ ਟਾਈਮਜ਼

**ਸਨਿਚਰਵਾਰ, 7 ਅਗਸਤ 2010**


ਪਿਆਰ ਦਾ ਸਭ ਤੋਂ ਸੁਹਿਰਦ ਪ੍ਰਗਟਾਵਾ ਖੁਰਾਕ ਹੈ। -ਜਾਰਜ ਬਰਨਾਰਡ ਸ਼ਾਹ

## ਅਨਾਜ ਦੀ ਬਰਬਾਦੀ ਦਾ ਕਿੱਸਾ

ਪਿਛਲੇ ਦਿਨੀਂ ਇਕ ਜਨ ਹਿਤ ਪਟੀਸ਼ਨ ਉਪਰ ਹੁਕਮ ਜਾਰੀ ਕਰਦਿਆਂ ਸੁਪਰੀਮ ਕੋਰਟ ਨੇ ਇਸ ਤੱਥ ਉਪਰ ਅਫਸੋਸ ਜ਼ਾਹਰ ਕੀਤਾ ਕਿ ਜਿਸ ਵਕਤ ਭਾਰਤ ਵਿਚ ਕਰੋੜਾਂ ਲੋਕ ਭੁੱਖ ਨਾਲ ਮਰ ਰਹੇ ਹਨ ਤਾਂ ਅਨਾਜ ਗੋਦਾਮਾਂ ਵਿਚ ਸੜ ਰਿਹਾ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਕੇਂਦਰ ਸਰਕਾਰ ਤੋਂ ਜਵਾਬ ਵੀ ਤਲਬ ਕੀਤਾ ਹੈ। ਸੁਪਰੀਮ ਕੋਰਟ ਦੀ ਇਸ ਕਾਰਵਾਈ ਨਾਲ ਅਨਾਜ ਦੇ ਸੜਨ ਦਾ ਮੁੱਦਾ ਅਖ਼ਬਾਰੀ ਮੀਡੀਏ ਦੇ ਕੇਂਦਰ ਵਿਚ ਆ ਗਿਆ ਹੈ। ਪਿਛਲੇ ਦਿਨਾਂ ਵਿਚ ਜਿਹੜੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ, ਉਨ੍ਹਾਂ ਅਨੁਸਾਰ ਸਰਕਾਰੀ ਗੋਦਾਮਾਂ ਵਿਚ ਵੀ ਕਣਕ ਸਟੋਰ ਕਰਨ ਦੀ ਥਾਂ ਸ਼ਰਾਬ ਸਟੋਰ ਕੀਤੀ ਜਾ ਰਹੀ ਹੈ। ਸਿਰਫ ਭ੍ਰਿਸ਼ਟਾਚਾਰ ਦਾ ਪੈਸਾ ਹੜੱਪ ਕਰਨ ਲਈ ਖੁੱਲ੍ਹੇ ਆਸਮਾਨ ਹੇਠ ਅਨਾਜ ਸਟੋਰ ਕੀਤਾ ਜਾ ਰਿਹਾ ਹੈ, ਜਿਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਪਿਛਲੇ ਤਿੰਨ ਸਾਲਾਂ ਵਿਚ ਸਿਰਫ ਪੰਜਾਬ ਵਿਚ ਹੀ 48,315 ਮੀਟ੍ਰਿਕ ਟਨ ਕਣਕ ਖਰਾਬ ਹੋ ਗਈ ਹੈ। ਸੁਪਰੀਮ ਕੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਦੇਸ਼ ਵਿਚ 140 ਮਿਲੀਅਨ ਟਨ ਅਨਾਜ ਦਾ ਭੰਡਾਰਨ ਕਰਨ ਦੇ ਯੋਗ ਪ੍ਰਬੰਧ ਨਾ ਹੋਣ ਕਾਰਨ ਇਹ ਅਨਾਜ ਸਾਰੇ ਦੇਸ਼ ਵਿਚ ਹੀ ਸੜ ਰਿਹਾ ਹੈ। ਜਿਸ ਕਿਸਮ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਖੁੱਲ੍ਹੇ ਆਸਮਾਨ ਹੇਠ ਅਨਾਜ ਸਟੋਰ ਕਰਨ ਨੂੰ ਇਸ ਲਈ ਤਰਜੀਹ ਦਿੱਤੀ ਜਾ ਰਹੀ ਹੈ ਤਾਂ ਕਿ ਇਸ ਸੰਬੰਧੀ ਖਰੀਦੇ ਜਾਣ ਵਾਲੇ ਸਾਜ਼ੋ-ਸਾਮਾਨ ਵਿਚੋਂ ਪੈਸਾ ਹੜੱਪ ਕੀਤਾ ਜਾ ਸਕੇ। ਮਸਲਨ ਅਨਾਜ ਦੀਆਂ ਬੋਰੀਆਂ, ਬੋਰੀਆਂ ਟਿਕਾਉਣ ਲਈ ਲੱਕੜ ਦੇ ਖੜਵੰਜੇ ਅਤੇ ਉਪਰ ਦਿੱਤੀਆਂ ਜਾਣ ਵਾਲੀਆਂ ਤਰਪਾਲਾਂ ਦੀ ਖਰੀਦੋ-ਫਰੋਖਤ ਵਿਚੋਂ ਵੱਡਾ ਭ੍ਰਿਸ਼ਟਾਚਾਰ ਹੋਣ ਦੀਆਂ ਸੰਭਾਵਨਾਵਾਂ ਮੌਜੂਦ ਰਹਿੰਦੀਆਂ ਹਨ। ਇਸ ਤੋਂ ਇਲਾਵਾ ਅਨਾਜ ਦੇ ਬਚਾਅ ਲਈ ਦਵਾਈਆਂ ਵੀ ਖਰੀਦਣੀਆਂ ਪੈਂਦੀਆਂ ਹਨ। ਇਸ ਲਈ ਸਰਕਾਰ ਤੋਂ ਅਲੱਗ ਰੂਪ ਵਿਚ ਪੈਸਾ ਲਿਆ ਜਾਂਦਾ ਹੈ ਅਤੇ ਇਸ ਪੈਸੇ ਨੂੰ ਯੋਗ ਰੂਪ ਵਿਚ ਵਰਤਣ ਦੀ ਥਾਂ ਵੱਡੀ ਪੱਧਰ 'ਤੇ ਹੜੱਪ ਕਰ ਲਿਆ ਜਾਂਦਾ ਹੈ। ਜਦੋਂ ਤੋਂ ਅਨਾਜ ਦੇ ਵੱਡੀ ਪੱਧਰ 'ਤੇ ਸੜਨ ਦਾ ਮਾਮਲਾ ਸਾਹਮਣੇ ਆਇਆ ਹੈ, ਪੰਜਾਬ ਦੀ ਅਨਾਜ ਖਰੀਦ ਏਜੰਸੀਆਂ ਨੇ ਕੇਂਦਰ ਉਪਰ ਦੋਸ਼ ਲਾਏ ਹਨ ਅਤੇ ਕੇਂਦਰੀ ਏਜੰਸੀ ਐਫ. ਸੀ. ਆਈ. ਨੇ ਅਨਾਜ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ 'ਤੇ ਸੁੱਟ ਦਿੱਤੀ ਹੈ। ਇੰਜ ਅਨਾਜ ਨੂੰ ਸਾਂਭਣ ਦੀ ਜ਼ਿੰਮੇਵਾਰੀ ਇਕ-ਦੂਜੇ ਉਪਰ ਸੁੱਟ ਕੇ ਕੇਂਦਰੀ ਅਤੇ ਰਾਜ ਏਜੰਸੀਆਂ ਸੁਰਖਰੂ ਹੋਣ ਦੇ ਆਹਰ ਵਿਚ ਹਨ। ਪੰਜਾਬ ਸਰਕਾਰ ਨੇ ਵੀ ਆਖ ਦਿੱਤਾ ਹੈ ਕਿ ਰਾਜ ਦਾ ਕੰਮ ਅਨਾਜ ਪੈਦਾ ਕਰਨਾ ਹੈ ਪਰ ਇਸ ਨੂੰ ਸਾਂਭਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ।

ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦੀ ਜਵਾਬ ਤਲਬੀ ਕਰਦਿਆਂ ਪੁੱਛਿਆ ਹੈ ਕਿ ਜਦੋਂ ਦੇਸ਼ ਵਿਚ ਲੋਕ ਭੁੱਖ ਨਾਲ ਮਰ ਰਹੇ ਹਨ ਤਾਂ ਇੰਜ ਕਿਉਂ ਨਹੀਂ ਕੀਤਾ ਜਾ ਸਕਦਾ ਕਿ ਜੇ ਅਨਾਜ ਸਾਂਭਿਆ ਨਹੀਂ ਜਾ ਸਕਦਾ ਤਾਂ ਖਰਾਬ ਹੋਣ ਨਾਲੋਂ ਇਸ ਨੂੰ ਲੋੜਵੰਦ ਲੋਕਾਂ ਵਿਚ ਵੰਡ ਦਿੱਤਾ ਜਾਵੇ। ਸੁਪਰੀਮ ਕੋਰਟ ਵਲੋਂ ਇਹ ਸਵਾਲ ਬਾਮੌਕਾ ਉਠਾਇਆ ਗਿਆ ਹੈ ਕਿਉਂਕਿ ਪਿਛਲੇ ਕੁਝ ਹੀ ਦਿਨਾਂ ਤੋਂ ਬਾਰਸ਼ ਨਾਲ ਅਨਾਜ ਦੇ ਖਰਾਬ ਹੋਣ ਦੀਆਂ ਖ਼ਬਰਾਂ ਵੱਡੇ ਪੱਧਰ 'ਤੇ ਆ ਰਹੀਆਂ ਹਨ। ਸਰਕਾਰ ਨੇ ਹਾਲੇ ਕਣਕ ਵੀ ਚੰਗੀ ਤਰ੍ਹਾਂ ਸਾਂਭੀ ਨਹੀਂ ਹੈ ਕਿ ਸਾਉਣੀ ਦੀ ਫਸਲ ਭਰਵੀਂ ਹੋਣ ਦੇ ਆਸਾਰ ਬਣ ਗਏ ਹਨ। ਇੰਜ ਆਉਣ ਵਾਲੇ ਦਿਨਾਂ ਵਿਚ ਝੋਨੇ ਦੀ ਫਸਲ ਸਾਂਭਣ ਦਾ ਸਵਾਲ ਵੀ ਉਠਣਾ ਹੈ ਅਤੇ ਇਸ ਦੀ ਯੋਗ ਸੁਰੱਖਿਆ ਦਾ ਮਸਲਾ ਵੀ।

ਅਸਲ ਵਿਚ ਸਾਡਾ ਦੇਸ਼ ਕਿਸੇ ਵੀ ਸਮੱਸਿਆ ਜਾਂ ਕੰਮ ਦੀ ਅਗਾਊਂ ਯੋਜਨਾਬੰਦੀ ਕਰਨ ਦੇ ਮਾਮਲੇ ਵਿਚ ਪੂਰੀ ਤਰ੍ਹਾਂ ਅਸਫਲ ਹੈ। ਮਸਲਨ ਬਾਰਸ਼ਾਂ ਤੋਂ ਪਹਿਲਾਂ ਨਦੀਆਂ-ਨਾਲਿਆਂ ਅਤੇ ਸਾਈਫਨਾਂ ਦੀ ਸਫਾਈ ਚੰਗੀ ਤਰ੍ਹਾਂ ਨਾਲ ਨਾ ਕਰਨ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਥੋੜ੍ਹੀ ਜਿਹੀ ਬਾਰਸ਼ ਨਾਲ ਵੀ ਆਮ ਲੋਕਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪੈਂਦੀ ਹੈ। ਪਿਛਲੇ ਦਿਨਾਂ ਵਿਚ ਘੱਗਰ ਦਰਿਆ ਦੇ ਆਸੇ-ਪਾਸੇ ਆਏ ਹੜ੍ਹ ਵੀ ਅਜਿਹੀ ਅਣਗਹਿਲੀ ਦਾ ਹੀ ਕਾਰਨ ਸਨ। ਇਸੇ ਤਰ੍ਹਾਂ ਲੰਘੀ ਗਰਮੀ ਵਿਚ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਜਿੰਨੀ ਤੱਦੀ ਨਾਲ ਨਦੀਆਂ-ਨਾਲਿਆਂ ਦੀ ਸਫਾਈ ਅਤੇ ਇਨ੍ਹਾਂ ਉਪਰੋਂ ਨਾਜਾਇਜ਼ ਕਬਜ਼ੇ ਹਟਾਉਣ ਦੇ ਉਪਰਾਲੇ ਕਰਨੇ ਚਾਹੀਦੇ ਸਨ, ਉਹ ਕੀਤੇ ਨਹੀਂ ਗਏ। 'ਬੂਹੇ ਆਈ ਜੰਞ, ਵਿੰਨੋਂ ਕੁੜੀ ਦੇ ਕੰਨ' ਵਾਲੀ ਕਹਾਵਤ ਅਨੁਸਾਰ ਜਦੋਂ ਹੜ੍ਹ ਆ ਗਏ ਤਾਂ ਸੁਖਬੀਰ ਬਾਦਲ ਨੇ ਇਹ ਬਿਆਨ ਦੇ ਦਿੱਤਾ ਕਿ 30 ਦਿਨਾਂ ਦੇ ਅੰਦਰ-ਅੰਦਰ ਨਦੀਆਂ-ਨਾਲਿਆਂ ਤੋਂ ਨਾਜਾਇਜ਼ ਕਬਜ਼ੇ ਚੁਕਵਾਏ ਜਾਣ। ਅਨਾਜ ਦੀ ਸਾਂਭ-ਸੰਭਾਲ ਦੇ ਮਾਮਲੇ ਵਿਚ ਵੀ ਸਰਕਾਰਾਂ ਦੇ ਹਾਲ ਤਕਰੀਬਨ ਇਸੇ ਕਿਸਮ ਦੇ ਰਹਿੰਦੇ ਹਨ। ਜਦੋਂ ਪਹਿਲੀ ਫਸਲ ਹਾਲੇ ਗੋਦਾਮਾਂ ਵਿਚੋਂ ਚੁੱਕੀ ਵੀ ਨਹੀਂ ਗਈ ਹੁੰਦੀ, ਦੂਜੀ ਸਿਰ ਉਪਰ ਆ ਜਾਂਦੀ ਹੈ। ਨਤੀਜੇ ਵਜੋਂ ਸਟੋਰੇਜ ਦੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ। ਉਂਜ ਵੀ ਜਿਸ ਪੱਧਰ 'ਤੇ ਦੇਸ਼ ਵਿਚ ਫਸਲਾਂ ਹੋਣ ਲੱਗੀਆਂ ਹਨ, ਉਸ ਪੱਧਰ 'ਤੇ ਸਟੋਰੇਜ ਦੀਆਂ ਸਹੂਲਤਾਂ ਮੌਜੂਦ ਨਹੀਂ ਹਨ। ਸਾਧਨਾਂ ਦੀ ਕਮੀ ਤੋਂ ਇਲਾਵਾ ਅਨਾਜ ਦੀ ਬਰਬਾਦੀ ਦਾ ਜਿਹੜਾ ਸਭ ਤੋਂ ਵੱਡਾ ਕਾਰਨ ਹੈ, ਉਹ ਅਧਿਕਾਰੀਆਂ, ਪ੍ਰਸ਼ਾਸਨ ਅਤੇ ਸਿਆਸੀ ਅਮਲੇ ਵਿਚ ਵਿਆਪਕ ਪੱਧਰ 'ਤੇ ਫੈਲਿਆ ਭ੍ਰਿਸ਼ਟਾਚਾਰ ਹੈ। ਅਸਲ ਵਿਚ ਇਸ ਦੇਸ਼ ਦੀ ਮੂਲ ਸਮੱਸਿਆ ਭ੍ਰਿਸ਼ਟਾਚਾਰ ਹੀ ਹੈ। ਭ੍ਰਿਸ਼ਟਾਚਾਰ ਨਾਲ ਪੈਸਾ ਕਮਾਉਣ ਲਈ ਅਧਿਕਾਰੀ ਲੋਕਾਂ ਨੂੰ ਭੁੱਖੇ ਤਕ ਮਾਰ ਸਕਦੇ ਹਨ, ਇਹ ਵਰਤਾਰਾ ਆਮ ਲੋਕਾਂ ਦੀ ਨਸਲਕੁਸ਼ੀ ਕਰਨ ਤੋਂ ਘੱਟ ਨਹੀਂ ਹੈ। ਦੇਸ਼ ਦੇ ਸਾਰੇ ਮਹਿਕਮੇ ਸਿਰਫ ਭ੍ਰਿਸ਼ਟਾਚਾਰ ਨੇ ਫੇਲ੍ਹ ਕਰਕੇ ਰੱਖ ਦਿੱਤੇ ਹਨ। ਪਿਛਲੇ ਦਿਨੀਂ ਪੰਜਾਬ ਪਾਲਿਊਸ਼ਨ ਕੰਟਰੋਲ ਬੋਰਡ ਦੇ ਮਾਮਲੇ ਵਿਚ ਵੀ ਇਹ ਸਵਾਲ ਸਾਹਮਣੇ ਆਇਆ ਸੀ ਕਿ ਪੰਜਾਬ ਵਿਚ ਫੈਲਿਆ ਸਾਰਾ ਪ੍ਰਦੂਸ਼ਣ ਸਿਰਫ ਬੋਰਡ ਦੇ ਭ੍ਰਿਸ਼ਟਾਚਾਰ ਦਾ ਸਿੱਟਾ ਹੈ। ਭ੍ਰਿਸ਼ਟਾਚਾਰ ਅੱਜ ਇਸ ਦੇਸ਼ ਲਈ ਕੈਂਸਰ ਦੀ ਬੀਮਾਰੀ ਬਣ ਗਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕੰਤ, ਸੰਤ, ਮਹੰਤ?*

ਘਰ ਦੇ ਮੁਖੀ ਦੀ ਕਦਰ ਨਾ ਕਰੇ ਭੋਰਾ, ਬੁੱਧੀਵਾਨ ਉਹ ਹੋਇਆ ਜੀ-ਜੰਤ ਕਾਹਦਾ?
ਸੁਣਿਆਂ ਲੋਰ ਨਾ ਆਵੇ ਜੇ ਹਿਰਦਿਆਂ ਨੂੰ, ਤੁਕਬੰਦੀ ਤਾਂ ਹੋਊ, ਉਹ ਛੰਦ ਕਾਹਦਾ?
ਪੜ੍ਹਿਆਂ ਅਸਰ ਨਾ ਕਰੇ ਬਦ-ਰੂਹ ਉਤੇ, ਛਲੀਏ ਮਾਂਦਰੀ ਦਾ ਹੋਇਆ ਮੰਤ ਕਾਹਦਾ?
ਵਿਸਾਹਘਾਤ ਜੋ ਪਤਨੀ ਦੇ ਨਾਲ ਕਰਦਾ, ਕਪਟੀ, ਠੱਗ, ਫਰੇਬੀ ਉਹ ਕੰਤ ਕਾਹਦਾ?
ਗੁੱਸਾ ਚੜ੍ਹੇ ਤੇ ਲੋਕਾਂ ਨੂੰ ਬੁਰਾ ਬੋਲੇ, ਹੋਇਆ ਕ੍ਰੋਧੀ ਫਿਰ ਦੱਸੋ ਉਹ ਸੰਤ ਕਾਹਦਾ?
ਜੱਜਾਂ, ਪੁਲਸੀਆਂ ਅੱਗੇ ਜੋ 'ਪੇਸ਼' ਹੋਏ, ਦੁਨੀਆਂਦਾਰ ਉਹ ਹੋਇਆ, ਮਹੰਤ ਕਾਹਦਾ?

## ਮਾਰਕਸੀ ਪਾਰਟੀ 'ਚ ਹੋ ਰਹੀ ਚੱਕ-ਥੱਲ ਦਾ ਵਰਤਾਰਾ

**ਵਿਜੇ ਕੁਮਾਰ**

ਪਿਛਲੇ ਤਿੰਨ ਦਹਾਕਿਆਂ ਤੋਂ ਪੱਛਮੀ ਬੰਗਾਲ 'ਚ ਸੱਤਾਧਾਰੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਤੇ ਉਸ ਦੇ ਸਹਿਯੋਗੀਆਂ ਨੂੰ 2009 ਦੀਆਂ ਲੋਕ ਸਭਾ ਚੋਣਾਂ 'ਚ ਜੋ ਝਟਕਾ ਲੱਗਾ, ਉਸ ਨਾਲ ਪਾਰਟੀ ਦੇ ਅੰਦਰੂਨੀ ਕਲੇਸ਼ ਹੁਣ ਖੁੱਲ੍ਹ ਕੇ ਸਾਹਮਣੇ ਆਉਣ ਲੱਗੇ ਹਨ।

ਜਿਥੇ ਪੱਛਮੀ ਬੰਗਾਲ ਵਿਚ ਸੀ. ਪੀ. ਐਮ. ਨੇ ਚੋਣਾਂ 'ਚ ਹਾਰ ਲਈ ਪਾਰਟੀ ਦੇ ਜਨਰਲ ਸਕੱਤਰ ਪ੍ਰਕਾਸ਼ ਕਾਰਤ ਦੀਆਂ ਨੀਤੀਆਂ ਨੂੰ ਦੋਸ਼ੀ ਠਹਿਰਾਇਆ, ਉਥੇ ਹੀ ਪਿਛਲੇ ਦਿਨੀਂ ਨਗਰ ਨਿਗਮ ਤੇ ਲੋਕਲ ਬਾਡੀਜ਼ ਚੋਣਾਂ 'ਚ ਮਮਤਾ ਦੀ ਪਾਰਟੀ ਤ੍ਰਿਣਮੂਲ ਕਾਂਗਰਸ ਹੱਥੋਂ ਖੱਬੇ ਪੱਖੀ ਮੋਰਚੇ ਨੂੰ ਮਿਲੀ ਕਰਾਰੀ ਹਾਰ ਲਈ ਸੀ. ਪੀ. ਐਮ. ਪੋਲਿਟ ਬਿਊਰੋ ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ ਤੇ ਉਨ੍ਹਾਂ ਦੀ ਸਰਕਾਰ ਨੂੰ ਦੋਸ਼ੀ ਠਹਿਰਾ ਰਹੀ ਹੈ।



ਪਾਰਟੀ ਹਾਈਕਮਾਨ 'ਚ ਪੈਦਾ ਹੋਏ ਮਤਭੇਦ ਪਿਛਲੇ ਦਿਨੀਂ ਉਦੋਂ ਸਪੱਸ਼ਟ ਤੌਰ 'ਤੇ ਸਾਹਮਣੇ ਆਏ, ਜਦੋਂ ਮਰਹੂਮ ਜੋਤੀ ਬਾਸੂ ਦੀ ਯਾਦ 'ਚ ਆਯੋਜਿਤ ਲੈਕਚਰ ਵਿਚ ਪੱਛਮੀ ਬੰਗਾਲ ਵਿਧਾਨ ਸਭਾ ਦੇ ਸਪੀਕਰ ਨੇ ਪਾਰਟੀ 'ਚੋਂ ਕੱਢੇ ਗਏ ਲੋਕ ਸਭਾ ਦੇ ਸਾਬਕਾ ਸਪੀਕਰ ਸ੍ਰੀ ਸੋਮਨਾਥ ਚੈਟਰਜੀ ਨੂੰ ਮੁੱਖ ਬੁਲਾਰੇ ਵਜੋਂ ਸੱਦਿਆ ਸੀ। ਇਸ ਵਿਚ ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ ਅਤੇ ਸੂਬੇ ਦੇ ਕਈ ਪ੍ਰਮੁੱਖ ਮਾਰਕਸੀ ਨੇਤਾ ਸ਼ਾਮਲ ਹੋਏ ਪਰ ਇਸ 'ਚ ਕਾਰਤ ਨੂੰ ਨਹੀਂ ਸੱਦਿਆ ਗਿਆ ਸੀ। ਇਥੋਂ ਤਕ ਕਿ ਬੁੱਧਦੇਵ ਭੱਟਾਚਾਰੀਆ ਪਾਰਟੀ ਪੋਲਿਟ ਬਿਊਰੋ ਦੀਆਂ ਬੈਠਕਾਂ 'ਚ ਵੀ ਨਹੀਂ ਗਏ।

ਲੋਕ ਸਭਾ ਦੇ ਸਾਬਕਾ ਸਪੀਕਰ ਸ੍ਰੀ ਸੋਮਨਾਥ ਚੈਟਰਜੀ ਨੇ ਆਪਣੀ ਕਿਤਾਬ 'ਕੀਪਿੰਗ ਦਿ ਫੇਥ:ਮੈਮਾਇਰਜ਼ ਆਫ ਏ ਪਾਰਲੀਮੈਂਟੇਰੀਅਨ' ਵਿਚ ਪ੍ਰਕਾਸ਼ ਕਾਰਤ 'ਤੇ ਹੱਲਾ ਬੋਲਦਿਆਂ ਲਿਖਿਆ ਹੈ ਕਿ ''ਮੌਜੂਦਾ ਲੀਡਰਸ਼ਿਪ ਦੀਆਂ ਰਾਹੋਂ ਭਟਕੀਆਂ ਕਾਰਵਾਈਆਂ ਅਤੇ ਵਿਨਾਸ਼ਕਾਰੀ ਨੀਤੀਆਂ ਕਾਰਨ ਹੀ ਮਾਰਕਸਵਾਦੀ ਪਾਰਟੀ ਦੀ 2009 ਦੀਆਂ ਚੋਣਾਂ 'ਚ ਹਾਰ ਹੋਈ ਸੀ। ਲੀਡਰਸ਼ਿਪ ਦੀਆਂ ਨੀਤੀਆਂ ਕਾਰਨ ਅੱਜ ਦੇਸ਼ 'ਚ ਖੱਬੇਪੱਖੀ ਅੰਦੋਲਨ ਅਢੁਕਵਾਂ ਬਣ ਗਿਆ ਹੈ।''

ਸ੍ਰੀ ਚੈਟਰਜੀ ਦੀ ਇਸ ਟਿੱਪਣੀ ਤੋਂ ਭੜਕੇ ਸੀ. ਪੀ. ਐਮ. ਪੋਲਿਟ ਬਿਊਰੋ ਨੇ ਕਾਰਤ 'ਤੇ ਲਗਾਏ ਗਏ ਦੋਸ਼ਾਂ ਬਾਰੇ ਕਿਹਾ, ''ਇਹ ਦੋਸ਼ ਬੇਤੁਕੇ ਅਤੇ ਝੂਠੇ ਹਨ। ਇਹ ਟਿੱਪਣੀਆਂ ਪਾਰਟੀ ਨਾਲੋਂ ਅੱਡ ਹੋ ਚੁੱਕੇ ਆਦਮੀ ਦੀਆਂ ਦਲੀਲਾਂ ਤੇ ਭੜਾਸ ਮਾਤਰ ਹਨ। ਸ੍ਰੀ ਚੈਟਰਜੀ 2008 'ਚ ਯੂ.ਪੀ.ਏ. ਸਰਕਾਰ ਦੇ ਵਿਰੁਧ ਬੇਭਰੋਸਗੀ ਮਤਾ ਲਿਆਂਦੇ ਜਾਣ ਤੋਂ ਪਹਿਲਾਂ ਲੋਕ ਸਭਾ ਸਪੀਕਰ ਦਾ ਅਹੁਦਾ ਛੱਡਣ ਲਈ ਰਾਜ਼ੀ ਹੋ ਗਏ ਸਨ ਪਰ ਬਾਅਦ 'ਚ ਪਾਰਟੀ ਨਾਲ ਕੀਤੇ ਗਏ ਵਾਅਦਿਆਂ ਤੋਂ ਮੁੱਕਰ ਗਏ ਸਨ।''

ਜ਼ਿਕਰਯੋਗ ਹੈ ਕਿ 2008 'ਚ ਅਮਰੀਕਾ ਨਾਲ ਪ੍ਰਮਾਣੂ ਸਮਝੌਤੇ ਨੂੰ ਲੈ ਕੇ ਸਰਕਾਰ ਵਿਰੁਧ ਲਿਆਂਦੇ ਗਏ ਬੇਭਰੋਸਗੀ ਮਤੇ ਦੇ ਮੌਕੇ 'ਤੇ ਸੀ. ਪੀ. ਐਮ. ਲੀਡਰਸ਼ਿਪ ਨੇ ਸ੍ਰੀ ਚੈਟਰਜੀ ਨੂੰ ਲੋਕ ਸਭਾ ਸਪੀਕਰ ਦੇ ਅਹੁਦੇ ਤੋਂ ਅਸਤੀਫਾ ਦੇਣ ਲਈ ਕਿਹਾ ਸੀ ਪਰ ਸ੍ਰੀ ਚੈਟਰਜੀ ਨੇ ਇਹ ਕਹਿੰਦਿਆਂ ਅਸਤੀਫਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਲੋਕ ਸਭਾ ਸਪੀਕਰ ਪਾਰਟੀਬਾਜ਼ੀ ਵਾਲੀ ਸਿਆਸਤ ਤੋਂ ਉਪਰ ਹੁੰਦਾ ਹੈ। ਇਸ 'ਤੇ ਉਨ੍ਹਾਂ ਨੂੰ ਪਾਰਟੀ 'ਚੋਂ ਕੱਢ ਦਿੱਤਾ ਗਿਆ ਸੀ।

ਦੂਜੇ ਪਾਸੇ ਕੇਰਲਾ ਦੇ ਮੁੱਖ ਮੰਤਰੀ ਬੀ.ਐਸ. ਅਛੂਤਾਨੰਦਨ ਵੀ ਪਿਛਲੇ ਹਫਤੇ ਦਿੱਲੀ ਵਿਚ ਦਿੱਤੇ ਗਏ ਆਪਣੇ ਇਸ ਬਿਆਨ ਕਾਰਨ ਵਿਵਾਦਾਂ ਦੇ ਘੇਰੇ 'ਚ ਆ ਗਏ ਹਨ ਕਿ ਕੇਰਲਾ 'ਚ 'ਮੁਸਲਿਮ ਪਾਪੂਲਰ ਫਰੰਟ ਆਫ ਇੰਡੀਆ' ਕੇਰਲਾ ਨੂੰ ਮੁਸਲਿਮ ਬਹੁਲਤਾ ਵਾਲਾ ਸੂਬਾ ਬਣਾਉਣ ਲਈ ਇਥੇ ਨੌਜਵਾਨਾਂ ਨੂੰ ਧਨ ਦੇ ਕੇ ਉਨ੍ਹਾਂ ਨੂੰ ਹਿੰਦੂ ਅਤੇ ਈਸਾਈ ਕੁੜੀਆਂ ਨਾਲ ਵਿਆਹ ਕਰਵਾਉਣ ਲਈ ਉਤਸ਼ਾਹਿਤ ਕਰਕੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਵਾ ਰਿਹਾ ਹੈ। ਇਹ ਸੰਗਠਨ ਨੌਜਵਾਨਾਂ ਨੂੰ ਆਪਣੇ ਵਲ ਆਕਰਸ਼ਿਤ ਕਰਨ ਲਈ ਧਨ ਤੇ ਹਥਿਆਰ ਦੇ ਰਿਹਾ ਹੈ।'' ਦੂਜੇ ਪਾਸੇ ਕਾਂਗਰਸ ਨੇ ਅਛੂਤਾਨੰਦਨ 'ਤੇ ਦੋਸ਼ ਲਾਇਆ ਹੈ ਕਿ ਉਹ ਅਗਲੀਆਂ ਚੋਣਾਂ ਨੂੰ ਵੇਖਦੇ ਹੋਏ ਸੂਬੇ ਦੀ ਬਹੁਗਿਣਤੀ ਜਨਤਾ ਨੂੰ ਰਿਝਾਉਣ ਲਈ ਹਿੰਦੂ ਕਾਰਡ ਖੇਡ ਰਹੇ ਹਨ, ਜੋ ਇਕ ਖਤਰਨਾਕ ਰੁਝਾਨ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਮੁੱਖ ਮੰਤਰੀ ਸ੍ਰੀ ਅਛੂਤਾਨੰਦਨ ਦੇ ਉਪਰੋਕਤ ਬਿਆਨ 'ਤੇ ਉਨ੍ਹਾਂ ਦੀ ਆਪਣੀ ਪਾਰਟੀ ਵਲੋਂ ਉਨ੍ਹਾਂ ਦਾ ਕੋਈ ਸਮਰਥਨ ਨਹੀਂ ਕੀਤਾ ਜਾ ਰਿਹਾ ਤੇ ਨਾ ਹੀ ਕਾਂਗਰਸ ਵਲੋਂ ਕੀਤੀ ਗਈ ਆਲੋਚਨਾ 'ਤੇ ਕੋਈ ਪ੍ਰਤੀਕਿਰਿਆ ਪ੍ਰਗਟਾਈ ਜਾ ਰਹੀ ਹੈ। ਅਛੂਤਾਨੰਦਨ ਅਤੇ ਪਾਰਟੀ ਦੇ ਸੂਬਾਈ ਜਨਰਲ ਸਕੱਤਰ ਪੇਨਿਆਰ ਦਰਮਿਆਨ ਪਹਿਲਾਂ ਹੀ ਦੂਰੀਆਂ ਬਣੀਆਂ ਹੋਈਆਂ ਹਨ ਤੇ ਦੋਹਾਂ ਦੇ ਮਤਭੇਦ ਪੋਲਿਟ ਬਿਊਰੋ ਤੱਕ ਵੀ ਪਹੁੰਚੇ ਹੋਏ ਹਨ।

ਅਸਲ 'ਚ ਲੰਮੇ ਸਮੇਂ ਤੱਕ ਪੱਛਮੀ ਬੰਗਾਲ ਵਿਚ ਸੱਤਾ 'ਚ ਟਿਕੇ ਰਹਿਣ ਤੋਂ ਬਾਅਦ ਮਾਰਕਸਵਾਦੀ ਪਾਰਟੀ ਅਤੇ ਖੱਬੇਪੱਖੀ ਪਾਰਟੀਆਂ 'ਚ ਵੀ ਉਹ ਬੁਰਾਈਆਂ ਆ ਚੁੱਕੀਆਂ ਹਨ, ਜੋ ਹੋਰਨਾਂ ਸੱਤਾਧਾਰੀ ਸਿਆਸੀ ਪਾਰਟੀਆਂ ਵਿਚ ਬਹੁਤ ਪਹਿਲਾਂ ਆ ਗਈਆਂ ਸਨ। ਪਾਰਟੀ 'ਚ ਆ ਗਈਆਂ ਕਮਜ਼ੋਰੀਆਂ ਅਤੇ ਉਸ ਦੇ ਕਾਰਨਾਂ 'ਤੇ ਸੀ. ਪੀ. ਐਮ. ਦੀ ਕੇਂਦਰੀ ਕਮੇਟੀ ਨੇ ਕੁਝ ਦਿਨ ਪਹਿਲਾਂ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ ਅਤੇ ਮੰਨਿਆ ਸੀ, ''ਪਾਰਟੀ ਦਾ ਮਜ਼ਦੂਰਾਂ, ਖੇਤੀਹਰ ਮਜ਼ਦੂਰਾਂ ਤੇ ਕਿਸਾਨਾਂ ਨਾਲੋਂ ਸੰਪਰਕ ਟੁੱਟ ਰਿਹਾ ਹੈ ਤੇ ਉਸ ਦਾ ਜਨ-ਆਧਾਰ ਘਟ ਰਿਹਾ ਹੈ।

ਪਾਰਟੀ 'ਚ ਸੌੜੀਆਂ ਬੁਰਜੂਆਵਾਦੀ ਭਾਵਨਾਵਾਂ ਕਾਰਨ ਨੇਤਾਵਾਂ ਦੀ ਜੀਵਨ ਸ਼ੈਲੀ 'ਚ ਅਮੀਰਾਂ ਵਰਗੀ ਤਬਦੀਲੀ ਆ ਗਈ ਹੈ। ਉਹ ਵੱਡੇ ਮਕਾਨਾਂ 'ਚ ਰਹਿਣ ਦੇ ਆਦੀ ਹੋ ਗਏ ਹਨ ਤੇ ਆਪਣੇ ਬੱਚਿਆਂ ਦੇ ਵਿਆਹਾਂ 'ਤੇ ਭਾਰੀ ਖਰਚ ਕਰਦੇ ਹਨ। ਪਾਰਟੀ ਕਾਮਰੇਡਾਂ ਵਲੋਂ ਆਮਦਨ ਤੋਂ ਜ਼ਿਆਦਾ ਜਾਇਦਾਦ ਇਕੱਠੀ ਕੀਤੀ ਗਈ ਹੈ। ਪਾਰਟੀ ਸਿਆਸੀ ਮੌਕਾਪ੍ਰਸਤੀ ਦਾ ਸ਼ਿਕਾਰ ਹੋ ਚੁੱਕੀ ਹੈ ਅਤੇ ਚੋਣਾਂ 'ਚ ਉਦਯੋਗਿਕ ਤੇ ਵਪਾਰਕ ਘਰਾਣਿਆਂ ਤੋਂ ਧਨ ਲਿਆ ਜਾਣ ਲੱਗਾ ਹੈ।''

ਇਹ ਸਹੀ ਹੈ ਕਿ ਮਾਰਕਸਵਾਦੀ ਪਾਰਟੀ ਤੇ ਹੋਰ ਖੱਬੇ ਪੱਖੀ ਪਾਰਟੀਆਂ ਆਪਣੀਆਂ ਕਮਜ਼ੋਰੀਆਂ ਤੇ ਗਲਤੀਆਂ ਨੂੰ ਸਪੱਸ਼ਟ ਤੌਰ 'ਤੇ ਮੰਨਦੀਆਂ ਹਨ ਅਤੇ ਉਨ੍ਹਾਂ 'ਚ ਸੁਧਾਰ ਦੇ ਯਤਨ ਵੀ ਕਰਦੀਆਂ ਹਨ ਪਰ ਇਸ ਸਮੇਂ ਪਾਰਟੀ 'ਚ ਜਿਸ ਤਰ੍ਹਾਂ ਮਤਭੇਦ ਤੇ ਅੰਦਰੂਨੀ ਕਲੇਸ਼ ਸਾਹਮਣੇ ਆ ਰਹੇ ਹਨ, ਉਹ ਪਾਰਟੀ ਦੀ ਨਿਰਾਸ਼ਾ ਨੂੰ ਹੀ ਦਰਸਾਉਂਦੇ ਹਨ। ਪੱਛਮੀ ਬੰਗਾਲ 'ਚ ਲੋਕ ਸਭਾ ਤੇ ਲੋਕਲ ਬਾਡੀਜ਼ ਚੋਣਾਂ 'ਚ ਹੋਈ ਹਾਰ ਤੇ ਕੇਰਲਾ 'ਚ ਪਾਰਟੀ ਵਿਚ ਪੈਦਾ ਹੋਏ ਮਤਭੇਦਾਂ ਅਤੇ ਪ੍ਰਸ਼ਾਸਨ ਦੇ ਢਿੱਲੇਪਣ ਕਾਰਨ ਖੱਬੇ ਪੱਖੀ ਪਾਰਟੀਆਂ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਸੱਤਾ ਆਪਣੇ ਹੱਥੋਂ ਜਾਂਦੀ ਲੱਗ ਰਹੀ ਹੈ।

ਇਹ ਤ੍ਰਾਸਦੀ ਹੀ ਹੈ ਕਿ ਜਿੱਥੇ ਪ੍ਰਕਾਸ਼ ਕਾਰਤ ਅਤੇ ਉਨ੍ਹਾਂ ਦੇ ਦਿੱਲੀ 'ਚ ਬੈਠੇ ਸਾਥੀ ਅੜੀਅਲ ਰਵੱਈਆ ਅਪਨਾਈ ਬੈਠੇ ਹਨ, ਉਥੇ ਹੀ ਦੂਜੇ ਪਾਸੇ ਪੱਛਮੀ ਬੰਗਾਲ ਦੇ ਮਾਰਕਸਵਾਦੀ ਮਰਹੂਮ ਜੋਤੀ ਬਾਸੂ ਦੀ ਮੌਤ ਨਾਲ ਪੈਦਾ ਹੋਏ ਲੀਡਰਸ਼ਿਪ ਦੇ ਖਲਾਅ ਨੂੰ ਭਰਨ ਲਈ ਸ੍ਰੀ ਸੋਮਨਾਥ ਚੈਟਰਜੀ ਨੂੰ ਪਾਰਟੀ 'ਚ ਵਾਪਸ ਲਿਆਉਣਾ ਚਾਹੁੰਦੇ ਹਨ। ਪਤਾ ਨਹੀਂ ਪਾਰਟੀ 'ਚ ਮਤਭੇਦਾਂ ਦਾ ਇਹ ਪਾੜਾ ਮਿਟ ਵੀ ਸਕੇਗਾ ਜਾਂ ਨਹੀਂ ਪਰ ਇਨ੍ਹਾਂ ਕਾਰਨ ਪਾਰਟੀ ਨੂੰ ਭਾਰੀ ਨੁਕਸਾਨ ਉਠਾਉਣਾ ਪੈ ਰਿਹਾ ਹੈ।

## ਕੇਰਲਾ ਵਿਚ ਕੱਟੜਪੰਥੀ ਅਤਿਵਾਦੀ ਫੜ ਰਹੇ ਹਨ ਜੋਰ

**ਬਲਬੀਰ ਪੁੰਜ**

ਪਿਛਲੇ ਦਿਨੀਂ ਕੇਰਲਾ ਦੇ ਇਕ ਕ੍ਰਿਸ਼ਚੀਅਨ ਕਾਲਜ ਦੇ ਪ੍ਰੋਫੈਸਰ ਦਾ ਜਹਾਦੀ ਕੱਟੜਪੰਥੀਆਂ ਨੇ ਹੱਥ ਕੱਟ ਦਿੱਤਾ। ਪ੍ਰੋ. ਜੋਸੇਫ 'ਤੇ ਹੋਏ ਇਸ ਹਮਲੇ ਤੋਂ 5 ਦਿਨਾਂ ਬਾਅਦ ਨੀਲਾਂਬੁਰ ਵਿਚ ਪੈਸੰਜਰ ਟ੍ਰੇਨ ਦੀਆਂ ਵੱਖ-ਵੱਖ ਟੂਟੀਆਂ ਨੂੰ ਜੋੜਨ ਵਾਲੇ 20 ਹੌਜ ਪਾਈਪ ਕੱਟ ਦਿੱਤੇ ਗਏ ਸਨ। ਦੋਹਾਂ ਹੀ ਘਟਨਾਵਾਂ ਲਈ ਜਹਾਦੀ ਤੱਤਾਂ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ। ਪਿਛਲੇ ਕੁਝ ਹਫਤਿਆਂ ਵਿਚ ਪੁਲਿਸ ਨੇ ਵੱਖ-ਵੱਖ ਜਗ੍ਹਾ ਛਾਪੇ ਮਾਰ ਕੇ ਭਾਰੀ ਮਾਤਰਾ ਵਿਚ ਗੋਲਾ-ਬਾਰੂਦ ਤੇ ਘਾਤਕ ਹਥਿਆਰ ਬਰਾਮਦ ਕੀਤੇ ਹਨ। ਪੁਲਿਸ ਵਲੋਂ ਕੀਤੀ ਗਈ ਛਾਪੇਮਾਰੀ ਤੋਂ ਇਹ ਖੁਲਾਸਾ ਹੋਇਆ ਹੈ ਕਿ ਜਹਾਦੀ ਤੱਤਾਂ ਦਾ ਇਰਾਦਾ ਪੂਰੇ ਸੂਬੇ ਵਿਚ ਤਬਾਹੀ ਮਚਾਉਣਾ ਹੈ।

ਜਹਾਦੀ ਅਨਸਰਾਂ ਵਲੋਂ ਪਾਪੂਲਰ ਫਰੰਟ ਅਤੇ ਸੋਸ਼ਲਿਸਟ ਡੈਮੋਕ੍ਰੇਟਿਕ ਪਾਰਟੀ ਆਫ ਇੰਡੀਆ ਵਰਗੇ ਕੱਟੜਪੰਥੀ ਸੰਗਠਨਾਂ ਨੂੰ ਖੜ੍ਹੇ ਕਰਨ ਦਾ ਟੀਚਾ ਸਰਕਾਰ ਨੂੰ ਗੱਦੀਓਂ ਲਾਹ ਕੇ ਸੱਤਾ ਹਾਸਿਲ ਕਰਨਾ ਹੈ। ਛਾਪੇਮਾਰੀ 'ਚ ਪੁਲਿਸ ਨੇ ਇਨ੍ਹਾਂ ਕਥਿਤ ਸਿਆਸੀ ਸੰਗਠਨਾਂ ਦੇ ਵੱਖ-ਵੱਖ ਦਫਤਰਾਂ 'ਚੋਂ ਜੋ ਸਮਾਨ ਬਰਾਮਦ ਕੀਤਾ ਹੈ, ਉਸ ਤੋਂ ਇਨ੍ਹਾਂ ਜਹਾਦੀ ਸੰਗਠਨਾਂ ਦੇ ਅਸਲੀ ਉਦੇਸ਼ਾਂ ਦਾ ਖੁਲਾਸਾ ਹੁੰਦਾ ਹੈ। ਮਾਲਾਬਾਰ ਅਤੇ ਤ੍ਰਿਚੂਰ ਦੇ ਤੱਟੀ ਇਲਾਕਿਆਂ 'ਚ ਜਹਾਦੀ ਅਨਸਰਾਂ ਵਲੋਂ ਬਣਾਏ ਗਏ ਘਾਤਕ ਹਥਿਆਰਾਂ ਤੇ ਗੋਲਾ-ਬਰੂਦ ਦੇ ਜ਼ਖੀਰਿਆ ਦਾ ਖੁਲਾਸਾ ਹੋਣਾ ਰਾਜ ਸਰਕਾਰ ਦੀ ਕਾਰਜ ਸ਼ੈਲੀ ਦੀ ਪੋਲ ਖੋਲ੍ਹਦਾ ਹੈ।

ਸੂਬੇ ਦੇ ਗ੍ਰਹਿ ਮੰਤਰੀ ਕੋਡਿਆਰੀ ਬਾਲਾਕ੍ਰਿਸ਼ਨਨ ਦਾ ਦਾਅਵਾ ਹੈ ਕਿ ਉਹ ਕੇਰਲਾ ਦੀ ਧਰਤੀ 'ਤੇ ਇਕ ਹੋਰ 'ਤਾਲਿਬਾਨ' ਨੂੰ ਜਨਮ ਨਹੀਂ ਲੈਣ ਦੇਣਗੇ ਪਰ ਉਨ੍ਹਾਂ ਨੂੰ ਜਨਤਾ ਦੇ ਇਸ ਸਵਾਲ ਦਾ ਵੀ ਜਵਾਬ ਦੇਣਾ ਚਾਹੀਦਾ ਹੈ ਕਿ ਜਹਾਦੀ ਤੱਤ ਲੰਮੇ ਸਮੇਂ ਤੋਂ ਕਿਸ ਤਰ੍ਹਾਂ ਆਪਣੀਆਂ ਸਰਗਰਮੀਆਂ ਚਲਾ ਰਹੇ ਹਨ ਅਤੇ ਕਿਸ ਤਰ੍ਹਾਂ ਘਾਤਕ ਹਥਿਆਰਾਂ ਦਾ ਇੰਨਾ ਵੱਡਾ ਜ਼ਖੀਰਾ ਜਮ੍ਹਾਂ ਹੁੰਦਾ ਗਿਆ? ਇਨ੍ਹਾਂ ਤੱਟੀ ਇਲਾਕਿਆਂ 'ਚ ਪੁਲਿਸ ਤੇ ਪ੍ਰਸ਼ਾਸਨ ਤੰਤਰ ਨਕਾਰਾ ਸਿੱਧ ਕਿਉਂ ਹੋਇਆ? ਕੀ ਕੋਝੀਕੋਡ ਅਤੇ ਮਰਾਡ ਵਰਗੇ ਖ਼ੂਨ-ਖਰਾਬੇ ਤੋਂ ਪ੍ਰਸ਼ਾਸਨ ਨੇ ਕੋਈ ਸਬਕ ਨਹੀਂ ਸਿੱਖਿਆ? ਅਸਲ ਵਿਚ ਇਸ ਅਣਦੇਖੀ ਦੀ ਵਜ੍ਹਾ ਸੱਤਾ ਅਦਾਰਿਆਂ ਅਤੇ ਕੱਟੜਪੰਥੀ ਤੱਤਾਂ ਦੀ ਕਈ ਦਹਾਕੇ ਪੁਰਾਣੀ ਯਾਰੀ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਤੇ ਸੀ. ਪੀ. ਐਮ. ਕੋਇੰਬਟੂਰ ਬੰਬ ਧਮਾਕਿਆਂ ਦੇ ਦੋਸ਼ੀ ਅਬਦੁਲ ਨਾਸਿਰ ਮਦਨੀ ਨੂੰ ਛੁਡਵਾਉਣ ਲਈ ਇਕੱਠੇ ਹੋ ਗਏ ਸਨ। ਇਸ ਤੋਂ ਪਹਿਲਾਂ ਹੋਲੀ ਦੀ ਛੁੱਟੀ ਵਾਲੇ ਦਿਨ ਸਦਨ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਮਦਨੀ ਨੂੰ ਪੈਰੋਲ 'ਤੇ ਰਿਹਾ ਕਰਨ ਲਈ ਸਰਬਸੰਮਤੀ ਨਾਲ ਮਤਾ ਵੀ ਪਾਸ ਕੀਤਾ ਗਿਆ ਸੀ।

ਕੇਰਲਾ 'ਚ ਵੱਡੇ ਪੱਧਰ 'ਤੇ ਇਹ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਜਹਾਦੀ ਅਨਸਰਾਂ ਨੂੰ ਸਿਆਸੀ ਪਾਰਟੀਆਂ ਦੀ ਸ਼ਹਿ ਮਿਲ ਰਹੀ ਹੈ, ਇਸ ਲਈ ਉਨ੍ਹਾਂ 'ਤੇ ਕਾਬੂ ਪਾ ਸਕਣਾ ਮੁਸ਼ਕਿਲ ਹੋ ਰਿਹਾ ਹੈ। ਕੇਂਦਰੀ ਖੁਫੀਆ ਏਜੰਸੀਆਂ ਨੇ ਇਸ ਗੱਲ ਦਾ ਖੁਲਾਸਾ ਕੀਤਾ ਹੈ ਕਿ ਸੂਬੇ ਵਿਚ ਚਲ ਰਹੀਆਂ ਜਹਾਦੀ ਸਰਗਰਮੀਆਂ ਅਤੇ ਅੱਤਵਾਦੀ ਸਿਖਲਾਈ ਕੈਂਪਾਂ ਪ੍ਰਤੀ ਸੂਬੇ ਦੀ ਪੁਲਿਸ ਲਾਪਰਵਾਹ ਰਹੀ ਹੈ। ਬੰਗਲੌਰ ਵਿਚ ਹੋਏ ਲੜੀਵਾਰ ਬੰਬ ਧਮਾਕਿਆਂ ਦਾ ਮੁੱਖ ਦੋਸ਼ੀ ਟੀ. ਨਾਸਿਰ ਕੇਰਲਾ ਪੁਲਿਸ ਦੀ ਗ੍ਰਿਫ਼ਤ 'ਚੋਂ ਭੱਜ ਗਿਆ ਸੀ ਤੇ ਦੂਜੇ ਸੂਬਿਆਂ ਦੀਆਂ ਖੁਫੀਆਂ ਏਜੰਸੀਆਂ ਨੇ ਉਸ ਦੇ ਬੰਗਲਾਦੇਸ਼ ਵਿਚ ਲੁਕੇ ਹੋਣ ਦਾ ਪਤਾ ਲਗਾਇਆ ਸੀ।

ਹੁਣ ਸੂਬੇ ਵਿਚ ਜਹਾਦੀ ਤੱਤਾਂ ਦੀਆਂ ਸਰਗਰਮੀਆਂ ਦੀ ਜਾਂਚ ਕਿਸੇ ਕੌਮੀ ਖੁਫੀਆ ਏਜੰਸੀ ਤੋਂ ਕਰਵਾਏ ਜਾਣ ਦੀ ਮੰਗ ਜ਼ੋਰ ਫੜਨ ਲੱਗੀ ਹੈ। ਹੁਣੇ-ਹੁਣੇ ਇਕ ਆਈ.ਜੀ. ਰੈਂਕ ਦੇ ਅਧਿਕਾਰੀ ਦੀ ਖਾੜੀ ਦੇਸ਼ਾਂ ਦੀ ਯਾਤਰਾ ਅਤੇ ਉਥੇ ਭਗੌੜੇ ਜਹਾਦੀ ਨੇਤਾਵਾਂ ਨਾਲ ਉਸ ਦੀ ਮੁਲਾਕਾਤ ਦਾ ਖੁਲਾਸਾ ਅਖਬਾਰਾਂ ਵਿਚ ਹੋਇਆ ਹੈ। ਉਪਰੋਕਤ ਪੁਲਿਸ ਅਧਿਕਾਰੀ ਸੀ. ਪੀ. ਐਮ. ਦੇ ਸੂਬਾ ਪਧਾਨ ਵਿਜਯਨ ਦਾ ਨਜ਼ਦੀਕੀ ਹੈ। ਜਹਾਦੀ ਅਨਸਰਾਂ ਨਾਲ ਇਸ ਅਧਿਕਾਰੀ ਦੀ ਗੰਢ-ਤੁੱਪ ਦੇ ਖੁਲਾਸੇ ਤੋਂ ਬਾਅਦ ਵਿਜਯਨ ਦੇ ਸਮਰਥਕ ਗ੍ਰਹਿ ਮੰਤਰੀ ਬਾਲਾਕ੍ਰਿਸ਼ਨਨ ਨੂੰ ਆਖਰ ਮੁੱਖ ਮੰਤਰੀ ਅਛੂਤਾਨੰਦ ਦੇ ਦਬਾਅ ਕਾਰਨ ਕਾਰਵਾਈ ਕਰਨ ਲਈ ਮਜਬੂਰ ਹੋਣਾ ਪਿਆ।

# ਭਾਰਤ-ਪਾਕਿਸਤਾਨ ਆਪਸੀ ਵਿਸ਼ਵਾਸ ਬਹਾਲੀ ਲਈ ਰਾਹ ਲੱਭਣ

**-ਇਮਤਿਆਜ਼ ਆਲਮ**

ਜਿਸ ਕੱਚ-ਘਰੜ ਤਰੀਕੇ ਨਾਲ ਭਾਰਤ-ਪਾਕਿ ਵਿਦੇਸ਼ ਮੰਤਰੀਆਂ ਦੀ ਕੁੰਜੀਵਤ ਮੀਟਿੰਗ ਨਾਲ ਨਜਿੱਠਿਆ ਗਿਆ ਹੈ, ਉਸ ਬਾਰੇ ਹਰੇਕ ਨੂੰ ਹੈਰਾਨੀ ਹੁੰਦੀ ਹੈ। ਇਸ ਮੀਟਿੰਗ ਦੇ ਸ਼ੁਰੂ ਵਿਚ ਹੀ ਗੈਰ-ਵਾਜਬ ਟਿੱਪਣੀਆਂ ਕਰ ਦਿੱਤੀਆਂ ਗਈਆਂ ਸਨ। ਪਹਿਲਾਂ ਭਾਰਤ ਦੇ ਗ੍ਰਹਿ-ਸਕੱਤਰ ਜੀ ਕੇ ਪਿੱਲੇ ਨੇ ਸ਼ੁਰੂਆਤ ਕੀਤੀ ਅਤੇ ਖ਼ਤਮ ਇਹ ਸਿਲਸਿਲਾ ਹੋਇਆ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੇਸ਼ੀ ਵਲੋਂ ਭਾਰਤ ਦੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਵਿਰੁਧ ਭੜਕਾਹਟ ਭਰੇ ਬਿਆਨ ਨਾਲ। ਜਿਹੜੀ ਗੱਲ ਬਹੁਤ ਵਧੀਆ ਆਰੰਭ ਹੋਣੀ ਸੀ, ਉਹ ਇਕ ਜਨਤਕ ਦੂਸ਼ਣਬਾਜ਼ੀ ਹੋ ਨਿੱਬੜੀ। ਦੋਵਾਂ ਸਥਾਪਤੀਆਂ ਨੇ ਉਸ ਸੂਝ ਭਰੇ ਰਾਹ ਵਿਚ ਰੁਕਾਵਟਾਂ ਖੜੀਆਂ ਕੀਤੀਆਂ, ਜਿਹੜਾ ਉਨ੍ਹਾਂ ਦੇ ਵਿਦੇਸ਼ ਮੰਤਰੀਆਂ ਨੇ ਅੜਿੱਕਾ ਤੋੜਨ ਲਈ ਅਪਣਾਇਆ ਸੀ। ਇਸ ਮਨਸ਼ੇ ਨਾਲ ਇਹ ਇਕ ਅੜਿੱਕਾ ਹੀ ਸੀ ਕਿ ਭਾਰਤ-ਪਾਕਿਸਤਾਨ ਗੱਲਬਾਤ ਦਾ ਕੋਈ ਦੌਰ ਚੱਲੇ ਹੀ ਨਾ। ਭਲਾ ਵਾਰਤਾਲਾਪਾਂ ਦਾ ਇਹ ਦੌਰ ਚੱਲੇ ਹੀ ਕਿਉਂ ? ਉਸ ਮੀਟਿੰਗ ਦੇ ਬਾਵਜੂਦ, ਜਿਹੜੀ ਦੋ ਵਿਦੇਸ਼ ਸਕੱਤਰਾਂ ਸਲਮਾਨ ਬਸ਼ੀਰ ਅਤੇ ਨਿਰੂਪਮਾ ਰਾਓ ਦੇ ਦਰਮਿਆਨ 24 ਜੂਨ ਨੂੰ ਇਸਲਾਮਾਬਾਦ ਵਿਚ ਹੋਈ ਸੀ ਤੇ ਜਿਸ ਨੇ ਵਿਦੇਸ਼ ਮੰਤਰੀਆਂ ਦੀ ਗੱਲਬਾਤ ਲਈ ਤਿਆਰੀ ਕਰਨੀ ਸੀ, ਵਿਦੇਸ਼ ਮੰਤਰੀਆਂ ਦੀਆਂ ਵਾਰਤਾਲਾਪਾਂ ਨੇ ਪਾੜੇ ਨੂੰ ਖਤਮ ਕਰਨ ਵਿਚ ਕੋਈ ਸਹਾਇਤਾ ਨਹੀਂ ਕੀਤੀ। ਵਿਦੇਸ਼ ਸਕੱਤਰ ਏਜੰਡੇ ਉੱਪਰ ਸਹਿਮਤ ਹੋ ਗਏ ਸਨ ਅਤੇ ਆਸ ਇਹ ਸੀ ਕਿ ਸੰਭਾਵਤ ਨਤੀਜਾ ਠੀਕ ਹੀ ਨਿਕਲੇਗਾ। ਜੇ ਹਾਲੇ ਵੀ ਸੁਰੱਖਿਆ ਸਰੋਕਾਰਾਂ ਬਾਰੇ ਕੋਈ ਅਲੰਘ ਪਾੜੇ ਸਨ ਤਾਂ ਦੋਵਾਂ ਧਿਰਾਂ ਨੂੰ ਆਪਸੀ ਖਿੱਚੋਤਾਣ ਵਧਾਉਣ ਦੀ ਥਾਂ ਹੋਰ ਸਮਾਂ ਲਗਾ ਕੇ ਪਰਦੇ ਪਿੱਛੇ ਇਨ੍ਹਾਂ ਨੂੰ ਹੱਲ ਕਰ ਲੈਣਾ ਚਾਹੀਦਾ ਸੀ। ਜੇ 26 ਜੂਨ ਵਾਲੇ ਦਿਨ ਆਪਣੀ ਇਸਲਾਮਾਬਾਦ ਦੀ ਫੇਰੀ ਵੇਲੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਬੜੇ ਵੇਰਵੇ ਸਹਿਤ ਨਵੀਂ ਜਾਣਕਾਰੀ ਦੇ ਦਸਤਾਵੇਜ਼ ਦਿੱਤੇ ਸਨ, ਜਿਨ੍ਹਾਂ ਵਿਚ ਡੇਵਿਡ ਕੋਲਮੈਨ ਹੈਡਲੀ ਨੇ ਇਹ ਇਕਬਾਲ ਕੀਤਾ ਸੀ ਕਿ ਆਈ ਐਸ ਆਈ ਅਤੇ ਕੁਝ ਫੌਜੀ ਅਫਸਰਾਂ ਅਤੇ ਲਸ਼ਕਰੇ ਤਾਇਬਾ ਦੇ ਦੂਜੇ ਅੱਤਿਆਚਾਰੀਆਂ ਨੇ ਪੂਰੀ ਸਾਜ਼ਿਸ਼ ਰਚੀ ਸੀ, ਤਾਂ ਫਿਰ ਸ੍ਰੀ ਪਿੱਲੇ ਨੇ ਭਲਾ ਵਿਦੇਸ਼ ਮੰਤਰੀਆਂ ਦੇ ਵਾਰਤਾਲਾਪਾਂ ਦੀ ਭੂਮਿਕਾ ਕਿਉਂ ਬੰਨ੍ਹੀ ਅਤੇ ਉਹ ਵੀ ਇਸ ਘਟਨਾ ਤੋਂ ਇਕ ਦਿਨ ਪਹਿਲਾਂ? ਜਾਪਦਾ ਇੰਜ ਹੈ ਕਿ ਭਾਰਤੀ ਗ੍ਰਹਿ ਮੰਤਰਾਲੇ ਨੇ ਕਿਸੇ ਪਾਸੇ ਵੀ ਹੋਣ ਵਾਲੀ ਕਿਸੇ ਪ੍ਰਗਤੀ ਨੂੰ ਵੀਟੋ ਕਰ ਦਿੱਤਾ ਸੀ, ਸਿਵਾਏ ਪਾਕਿਸਤਾਨ ਦੀ ਗ੍ਰਹਿ ਵਜ਼ਾਰਤ ਵਲੋਂ ਉਨ੍ਹਾਂ ਸਭ ਵਿਰੁਧ ਕਾਰਵਾਈ ਕਰਨ ਦੇ, ਜਿਹੜੇ ਅਖੌਤੀ ਤੌਰ 'ਤੇ ਮੁੰਬਈ ਵਾਲੇ ਦਹਿਸ਼ਤੀ ਹਮਲੇ ਵਿਚ ਸ਼ਾਮਲ ਸਨ।

ਸ੍ਰੀ ਕ੍ਰਿਸ਼ਨਾ ਨੇ ਖੁਦ ਸ੍ਰੀ ਕੁਰੈਸ਼ੀ ਨਾਲ ਆਪਣੀ ਸਾਂਝੀ ਪ੍ਰੈਸ ਕਾਨਫਰੰਸ ਵਿਚ ਕਿਹਾ ਸੀ ਕਿ ਉਹ ਏਥੇ ਆਏ ਹੀ ਇਹ ਵੇਖਣ ਸਨ ਕਿ ਹੁਣ ਤੱਕ ਪਾਕਿਸਤਾਨ ਨੇ ਹੈਡਲੀ ਦੇ ਇਕਬਾਲੀਆਂ ਬਿਆਨ ਬਾਰੇ ਕੀ ਕਾਰਵਾਈ ਕੀਤੀ ਹੈ। ਜੇ ਗੱਲ ਇਹ ਸੀ, ਜਿਸ ਨੇ ਸ੍ਰੀ ਕ੍ਰਿਸ਼ਨਾ ਦੇ ਪਾਕਿਸਤਾਨੀ ਹਮਪੱਲਾ ਨੂੰ ਸਭ ਤੋਂ ਵਧ ਪ੍ਰੇਸ਼ਾਨ ਕੀਤਾ ਸੀ ਅਤੇ ਉਨ੍ਹਾਂ ਦੀ ਮੀਟਿੰਗ ਨੂੰ ਇਕ ਦੁਖਦਾਈ ਅੰਤ ਉਤੇ ਲਿਆ ਖੜਾ ਕੀਤਾ ਸੀ, ਤਾਂ ਫਿਰ ਦੋਵਾਂ ਦੇਸ਼ਾਂ ਦੇ ਸੰਬੰਧਿਤ ਸੁਰੱਖਿਆ ਅਧਿਕਾਰੀਆਂ ਨੂੰ ਆਪਣੇ ਮੰਤਰੀਆਂ ਨੂੰ ਇਕ ਔਖੀ ਸਥਿਤੀ ਵਿਚ ਫਸਾਉਣ ਦੀ ਥਾਂ ਪਹਿਲਾਂ ਮਿਲ ਕੇ ਮੁੰਬਈ ਨਾਲ ਸੰਬੰਧਿਤ ਘਚੋਲੇ ਨੂੰ ਸਾਫ਼ ਕਰ ਲੈਣਾ ਚਾਹੀਦਾ ਸੀ। ਜਿਵੇਂ ਕਿਆਸ ਹੀ ਸੀ, ਭਾਰਤੀ ਵਫਦ ਆਪਣੀ ਗ੍ਰਹਿ ਵਜ਼ਾਰਤ ਦੇ ਬੁਨਿਆਦੀ ਸਰੋਕਾਰ ਉੱਤੇ ਡਟਿਆ ਰਿਹਾ ਕਿ ਮੁੰਬਈ ਹਮਲੇ ਦੇ ਦੋਸ਼ੀਆਂ ਵਿਰੁਧ ਕਾਰਵਾਈ ਨਹੀਂ ਹੋਈ, ਇਸ ਲਈ ਉਹ ਹੋਰ ਕਿਸੇ ਵੀ ਗੱਲ ਲਈ ਸਹਿਮਤ ਨਹੀਂ ਹੋਇਆ। ਜਨਾਬ ਕੁਰੇਸ਼ੀ ਦੀ ਮਿੱਠ-ਬੋਲੀ ਸਰਾਇਕੀ ਵਿਚ ਕੀਤੀ ਗੱਲਬਾਤ ਅਤੇ ਮੁੜ ਸਰਬ-ਪੱਖੀ ਵਾਰਤਾਲਾਪ ਲਈ ਉਨ੍ਹਾਂ ਦੀ ਇੱਛਾ ਇਸ ਗੱਲ ਦਾ ਬਦਲ ਸਾਬਤ ਨਾ ਹੋ ਸਕੀ ਕਿ ਪਾਕਿਸਤਾਨ ਦੀ ਵਜ਼ਾਰਤ-ਇ-ਦਾਖ਼ਲਾ ਨੇ ਹੈਡਲੀ ਦੇ ਪ੍ਰਗਟਾਵਿਆਂ ਬਾਰੇ ਕੋਈ ਕਾਰਵਾਈ ਕਿਉਂ ਨਹੀਂ ਕੀਤੀ? ਸਭ ਤੋਂ ਵੱਡੀ ਭਰੋਸਾ ਪੈਦਾ ਕਰਨ ਵਾਲੀ ਗੱਲ, ਜਿਸਦੀ ਸ੍ਰੀ ਕ੍ਰਿਸ਼ਨਾ ਨੂੰ ਝਾਕ ਸੀ, ਇਹ ਸੀ ਕਿ ਜਿਨ੍ਹਾਂ ਨੂੰ ਹੈਡਲੀ ਨੇ ਮੁਜਰਮ ਠਹਿਰਾਇਆ ਸੀ, ਉਨ੍ਹਾਂ ਵਿਰੁਧ ਬਣਦੀ ਕਾਰਵਾਈ ਕਿਉਂ ਨਹੀਂ ਕੀਤੀ ਗਈ? ਉਹ ਚਾਹੁੰਦੇ ਸਨ ਕਿ ਜਨਾਬ ਕੁਰੈਸ਼ੀ ਦੀਆਂ ਤਰਜ਼ੀਹਾਂ ਉੱਤੇ ਵਿਚਾਰ ਉਸ ਤੋਂ ਬਾਅਦ ਹੀ ਕੀਤਾ ਜਾਵੇ, ਕਿਉਂਕਿ ਇਸ ਬਾਰੇ ਤਾਂ ਦੋਵਾਂ ਵਿਚ ਸਹਿਮਤੀ ਸੀ। ਸਭ ਤੋਂ ਵਧ ਦੁੱਖਦਾਇਕ ਖੇਤਰ ਬਾਰੇ ਵਾਰਤਾਲਾਪ ਨਾ ਕਰਨ ਦੀ ਵਿਅਰਥਤਾ ਨੂੰ ਦੇਖਦਿਆਂ ਹੋਇਆਂ ਅਤੇ ਇਸ ਦੇ ਲਈ ਅਮਰੀਕਾ ਵਲੋਂ ਦਬਾਅ ਪਾਏ ਜਾਣ ਕਾਰਨ ਦੋਵਾਂ ਪ੍ਰਧਾਨ ਮੰਤਰੀਆਂ ਨੇ ਆਹਮੋ-ਸਾਹਮਣੇ ਬੈਠ ਕੇ ਥਿੰਪੂ ਵਿਚ ਇਹ ਫੈਸਲਾ ਕੀਤਾ ਸੀ ਕਿ ਗੱਲਬਾਤ ਦੀ ਇਕ ਹੋਰ ਕੋਸ਼ਿਸ਼ ਕੀਤੀ ਜਾਵੇ ਤਾਂ ਜੁ ਅਮਨ ਦਾ ਕੋਈ ਰਾਹ ਕੱਢਿਆ ਜਾ ਸਕੇ, ਜਿਹੜਾ ਕਿ ਮੁੰਬਈ ਦੇ 2008 ਦੇ ਹਮਲੇ ਤੋਂ ਬਾਅਦ ਲੀਹੋਂ ਲੱਥ ਗਿਆ ਸੀ। ਸ਼ਰਮ-ਅਲ-ਸ਼ੇਖ ਵਿਚ ਡਾ. ਮਨਮੋਹਨ ਸਿੰਘ ਅਤੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਦਾ ਪਹਿਲਾ ਯਤਨ ਭਾਰਤੀ ਪ੍ਰਧਾਨ ਮੰਤਰੀ ਨੂੰ ਉਲਟਾ ਪਿਆ ਸੀ, ਜਿਸ ਉੱਤੇ ਇਲਜ਼ਾਮ ਲੱਗਾ ਸੀ ਕਿ ਉਹ ਪਾਕਿਸਤਾਨ ਪ੍ਰਤੀ ਨਰਮ ਰਵੱਈਆ ਅਪਣਾ ਰਿਹਾ ਹੈ। ਦੋਵਾਂ ਹੀ ਯਤਨਾਂ ਦੀ ਅਸਫਲਤਾ ਇਹ ਜ਼ਾਹਿਰ ਕਰਦੀ ਹੈ ਕਿ ਸੰਬੰਧਿਤ ਸੁਰੱਖਿਆ ਤੰਤਰ ਵਲੋਂ ਸਖਤ ਪੈਂਤੜਾ ਮੱਲਣ ਕਾਰਨ ਅਤੇ ਉਨ੍ਹਾਂ ਵਲੋਂ ਬੁਨਿਆਦੀ ਸਰੋਕਾਰਾਂ ਬਾਰੇ ਇਕ-ਦੂਜੇ ਪ੍ਰਤੀ ਲੈ-ਦੇ ਕਰਨ ਬਾਰੇ ਗੈਰ-ਰਜ਼ਾਮੰਦ ਕੂਟਨੀਤੀ ਇਹ ਆਗਿਆ ਨਹੀਂ ਦੇ ਰਹੀ ਕਿ ਉਹ ਆਪਸੀ ਵਿਰੋਧੀਆਂ ਦੀਆਂ ਟਕਰਾਉਂਦੀਆਂ ਮੰਗਾਂ ਬਾਰੇ ਕੋਈ ਰਾਹ ਕੱਢ ਸਕੇ।

**ਇਕ ਪਾਕਿਸਤਾਨੀ ਪੱਤਰਕਾਰ ਦਾ ਨਜ਼ਰੀਆ**



ਭਾਰਤ ਅਤੇ ਪਾਕਿਸਤਾਨ ਓਸ ਥਾਂ ਆ ਖੜੇ ਹੋਏ ਹਨ, ਜਿਥੇ 2001 ਦੀ ਆਗਰਾ ਸਿਖਰ ਵਾਰਤਾ ਅਸਫਲ ਹੋਈ ਸੀ। ਕੇਵਲ ਉਹ ਯਕੀਨ-ਦਹਾਨੀਆਂ ਮਿਲਣ ਤੋਂ ਬਾਅਦ ਹੀ, ਜਿਹੜੀਆਂ ਭਾਰਤੀ ਲੀਡਰਸ਼ਿਪ ਨੇ ਅਖੌਤੀ ਦਹਿਸ਼ਤਵਾਦ ਵਿਰੁਧ ਮੰਗੀਆਂ ਸਨ ( ਜਿਹੜਾ ਕਿ ਪਾਕਿਸਤਾਨ ਦੇ ਨਿਯੰਤਰਣ ਹੇਠਲੇ ਇਲਾਕਿਆਂ ਵਿਚੋਂ ਪੈਦਾ ਹੁੰਦਾ ਹੈ) ਅਤੇ ਜਨਰਲ ਪ੍ਰਵੇਜ਼ ਮੁਸ਼ੱਰਫ ਨੇ ਦੇ ਦਿੱਤੀਆਂ ਸਨ, ਭਾਰਤ 6 ਜਨਵਰੀ 2004 ਦੇ ਐਲਾਨਨਾਮੇ ਉੱਤੇ ਇਸਲਾਮਾਬਾਦ ਵਿਚ ਦਸਤਖਤ ਕਰਨ ਨੂੰ ਤਿਆਰ ਹੋਇਆ ਸੀ।

ਬਾਅਦ ਵਿਚ ਸਰਹੱਦ ਪਾਰੋਂ ਹੋ ਰਹੀ ਘੁਸਪੈਠ ਨੂੰ ਰੋਕਣ ਲਈ ਪੁੱਟੇ ਗਏ ਕੁਝ ਕਦਮਾਂ ਨੇ ਬੇਮਿਸਾਲ ਦਰਜੇ ਦੀ ਅਗਾਂਹ ਵਧਣ ਦੀ ਪ੍ਰਕਿਰਿਆ ਲਈ ਰਾਹ ਪੱਧਰਾ ਕਰ ਦਿੱਤਾ ਸੀ, ਜਿਸ ਨਾਲ ਇਕ ਸਮੁੱਚੀ ਵਾਰਤਾਲਾਪਾਂ ਦੀ ਪ੍ਰਕਿਰਿਆ ਅੱਗੇ ਵਧੀ ਸੀ। ਚਾਰ-ਸਾਲਾ ਵਾਰਤਾਲਾਪਾਂ ਦੀ ਪ੍ਰਕਿਰਿਆ ਦੀ ਕਾਮਯਾਬੀ ਦਾ ਠੋਸ ਆਧਾਰ ਇਹ ਸੀ ਕਿ ਪਾਕਿਸਤਾਨੀ ਸਥਾਪਤੀ ਦੇ ਸਾਰੇ ਹੀ ਹਿੱਸੇ ਇਕੱਠੇ ਸਨ ਅਤੇ ਭਾਰਤ ਵਿਚ ਵੀ ਦੋ-ਧਿਰੀ ਆਮ ਸਹਿਮਤੀ ਸੀ, ਜਿਸ ਦੇ ਆਧਾਰ ਉੱਤੇ ਭਾਰਤੀ ਜਨਤਾ ਪਾਰਟੀ ਵਲੋਂ ਕੀਤੀ ਗਈ ਪਹਿਲਕਦਮੀ ਨੂੰ ਕਾਂਗਰਸ ਨੇ ਵੀ ਅੱਗੇ ਵਧਾਇਆ ਸੀ। ਹੁਣ ਦੋਵੇਂ ਹੀ ਤੱਥ ਮੌਜੂਦ ਨਹੀਂ ਹਨ। ਅੱਜ ਭਾਰਤ ਵਿਚ ਦੋ-ਧਿਰੀ ਆਮ ਸਹਿਮਤੀ ਮੌਜੂਦ ਨਹੀਂ ਹੈ ਅਤੇ ਰਹਿਨੁਮਾਈ ਦੀ ਏਕਤਾ, ਜਿਹੜੀ ਕਿ ਜਨਰਲ ਪ੍ਰਵੇਜ਼ ਮੁਸ਼ੱਰਫ ਵੇਲੇ ਇਕ ਵਿਸੇਸ਼ਤਾ ਸੀ, ਅੱਜ ਪਾਕਿਸਤਾਨ ਵਿਚ ਨਜ਼ਰ ਨਹੀਂ ਆ ਰਹੀ।

ਜਨਰਲ ਪ੍ਰਵੇਜ਼ ਮੁਸ਼ੱਰਫ ਨੇ ਕਸ਼ਮੀਰ ਬਾਰੇ ਵੀ ਇਸ ਪ੍ਰਕਿਰਿਆ ਨੂੰ ਅੱਗੇ ਵਧਾਇਆ ਸੀ, ਪ੍ਰੰਤੂ ਭਾਰਤ ਨੇ ਇਸ ਨੂੰ ਓਦੋਂ ਤੱਕ ਲਟਕਾਈ ਰੱਖਿਆ, ਜਦੋਂ ਤੱਕ ਫੌਜੀ ਤਾਨਾਸ਼ਾਹ ਸੱਤਾ ਤੋਂ ਬਾਹਰ ਨਹੀਂ ਸੀ ਹੋ ਗਿਆ। ਪਾਕਿਸਤਾਨ ਦੇ ਮਾਮਲੇ ਵਿਚ ਜ਼ਰਦਾਰੀ ਸਰਕਾਰ ਨੇ ਕੁਝ ਕਦਮ ਚੁੱਕਣ ਦਾ ਹੌਸਲਾ ਜ਼ਰੂਰ ਵਿਖਾਇਆ ਸੀ, ਪ੍ਰੰਤੂ ਇਸ ਦੇ ਰਸਤੇ ਵਿਚ ਮੁੰਬਈ ਦੇ ਪ੍ਰਤੀਕਰਮ ਨੇ ਰੋੜਾ ਅਟਕਾ ਦਿੱਤਾ ਸੀ। ਨਵੀਂ ਦਿੱਲੀ ਵਲੋਂ ਕੋਈ ਹੁੰਗਾਰਾ ਨਾ ਮਿਲਣ ਕਾਰਨ ਅਤੇ ਪ੍ਰਚਾਰ-ਪ੍ਰਸਾਰ ਸਾਧਨਾਂ ਅਤੇ ਨਿਆਂ ਪਾਲਿਕਾ ਵਲੋਂ ਪਾਏ ਗਏ ਦਬਾਅ ਕਾਰਨ ਜਮਹੂਰੀ ਸਰਕਾਰ ਨੇ ਇਸ ਵਿਚ ਹੀ ਭਲਾ ਸਮਝਿਆ ਕਿ ਸੁਰੱਖਿਆ ਸਥਾਪਤੀ ਭਾਰਤ ਵਲ ਆਪਣੀ ਬੇਰੁਖੀ ਨੂੰ ਕਾਇਮ ਰੱਖੇ। ਦੂਜੇ ਪਾਸੇ ਪਾਕਿਸਤਾਨੀ ਸਥਾਪਤੀ ਨੇ ਡਾ. ਮਨਮੋਹਨ ਸਿੰਘ ਨੂੰ ਕੋਈ ਰਾਹ ਹੀ ਨਹੀਂ ਸੀ ਦਿੱਤਾ, ਜਿਹੜੇ ਕਿ ਇਕ ਹਕੀਕੀ ਅਮਨ-ਪਸੰਦ ਹਨ ਅਤੇ ਉਹ ਮੁੰਬਈ ਹਮਲੇ ਦੇ ਅਵਾਮੀ ਪ੍ਰਤੀਕਰਮ ਹੇਠਾਂ ਹੀ ਦਰੜੇ ਗਏ। ਦਰ-ਹਕੀਕਤ ਪਾਕਿਸਤਾਨੀ ਸਥਾਪਤੀ ਤਾਂ ਘਿਸੇ-ਪਿਟੇ ਯੁੱਧ-ਚਾਲਕ ਰਾਹਾਂ ਵਿਚ ਬੜੀ ਖੁੱਭੀ ਹੋਈ ਹੈ, ਜਿਨ੍ਹਾਂ ਬਾਰੇ ਬੇਭਰੋਸਗੀ ਦੀ ਹੱਦ ਹੋ ਗਈ ਹੈ ਅਤੇ ਜਿਨ੍ਹਾਂ ਵਿਚੋਂ ਬਹੁਤਿਆਂ ਨੇ ਆਪਣੀਆਂ ਤੋਪਾਂ ਦੇ ਮੂੰਹ ਰਾਵਲਪਿੰਡੀ ਵਲ ਰੱਖੇ ਹਨ।

ਜਨਾਬ ਕੁਰੈਸ਼ੀ ਦੇ ਆਪਣੇ ਹਮਪੱਲਾ ਨੂੰ ਇਕ ਕਸੂਤੀ ਸਥਿਤੀ ਵਿਚ ਫਸਾਉਣ ਦੇ ਯਤਨਾਂ ਦੇ ਬਾਵਜੂਦ (ਜੋ ਕਿ ਸ਼ਾਇਦ ਇਸ ਕਾਰਨ ਕੀਤਾ ਗਿਆ ਹੈ ਕਿ ਭਾਰਤੀ ਇਹ ਕਹਿੰਦੇ ਆ ਰਹੇ ਹਨ ਪਈ ਪਾਕਿਸਤਾਨ ਵਿਚੋਂ ਗੱਲ ਕੀਹਦੇ ਨਾਲ ਕੀਤੀ ਜਾਵੇ) ਦੋਵੇਂ ਹੀ ਵਿਦੇਸ਼ ਮੰਤਰੀ ਫੈਸਲੇ ਲੈਣ ਬਾਰੇ ਖੁਦ-ਮੁਖਤਾਰ ਨਹੀਂ ਹਨ। ਪ੍ਰੰਤੂ ਆਪਣੇ ਹਮਪੱਲਾ ਨੂੰ ਪ੍ਰੇਸ਼ਾਨ ਕਰ ਕੇ ਜਨਾਬ ਕੁਰੈਸ਼ੀ ਨੇ ਆਪਣੀ ਆ ਰਹੀ ਦਿੱਲੀ ਦੀ ਯਾਤਰਾ ਲਈ ਇਕ ਮਾੜੀ ਮਿਸਾਲ ਕਾਇਮ ਕੀਤੀ ਹੈ, ਜਿਸ ਬਾਰੇ ਕਿਹਾ ਨਹੀਂ ਜਾ ਸਕਦਾ ਕਿ ਉਹ ਹੁੰਦੀ ਵੀ ਹੈ ਕਿ ਨਹੀਂ। ਸ਼ੱਕ ਪੈਦਾ ਹੁੰਦਾ ਹੈ ਕਿ ਉਨ੍ਹਾਂ ਦੀਆਂ ਟਿੱਪਣੀਆਂ ਨੇ ਉਨ੍ਹਾਂ ਨੂੰ ਇਕ ਅਜਿਹੀ ਸਥਿਤੀ ਵਿਚ ਫਸਾ ਦਿੱਤਾ ਹੈ, ਜਿੱਥੇ ਨਰਮ ਸੁਭਾਅ ਵਾਲੇ ਸ਼ਾਹ ਮਹਿਮੂਦ ਕੁਰੈਸ਼ੀ ਕਦੇ ਵੀ ਫਸਣਾ ਪਸੰਦ ਨਾ ਕਰਦੇ। ਭਾਰਤ-ਪਾਕਿ ਵਾਰਤਾਲਾਪਾਂ ਆਰੰਭ ਹੀ ਅਮਰੀਕੀਆਂ ਦੇ ਕੁਝ ਯਤਨਾਂ ਨਾਲ ਹੋਈਆਂ ਸਨ, ਜਿਹੜੇ ਪਾਕਿਸਤਾਨ ਨੂੰ ਦੋ ਮੁਹਾਜ਼ਾਂ ਉੱਪਰ ਵੰਡਿਆ ਹੋਇਆ ਨਹੀਂ ਵੇਖਣਾ ਚਾਹੁੰਦੇ। ਅਮਰੀਕੀਆਂ ਦੀ ਦੱਖਣੀ ਅਫਗਾਨਿਸਤਾਨ ਵਿਚ ਯਲਗਾਰ ਦੇ ਦਾਅ ਉੱਤੇ ਲੱਗੇ ਹੋਣ ਕਾਰਨ ਅਤੇ ਅਮਰੀਕਾ ਦੀ ਯੁੱਧ ਚਾਲਕ ਤੌਰ ਉੱਤੇ ਪਾਕਿਸਤਾਨ ਉੱਤੇ ਨਿਰਭਰਤਾ ਕਾਰਨ ਇਸਲਾਮਾਬਾਦ ਭਾਰਤ ਦੀਆਂ ਪੂਰਵ-ਸ਼ਰਤਾਂ ਮੰਨਣ ਲਈ ਕਿਸੇ ਕਾਹਲ ਵਿਚ ਨਹੀਂ ਹੈ।

ਪਾਕਿਸਤਾਨੀ ਸਥਾਪਤੀ ਅਫਗਾਨ ਮਾਮਲਿਆਂ ਵਿਚ ਆਪਣਾ ਹੱਥ ਉੱਪਰ ਕਰ ਸਕਦੀ ਹੈ, ਕਿਉਂਕਿ ਅਮਰੀਕਾ ਉੱਥੇ-ਥਿੜਕਿਆ ਹੋਇਆ ਹੈ, ਪ੍ਰੰਤੂ ਉਹ ਭਾਰਤ ਦੇ ਵਿਰੁਧ ਨਹੀਂ ਹੈ। ਅਕਤੂਬਰ 2010 ਵਿਚ ਨਵੀਂ ਦਿੱਲੀ ਵਿਖੇ ਹੋ ਰਹੀਆਂ ਕਾਮਨਵੈੱਲਥ ਖੇਡਾਂ ਦੌਰਾਨ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਲੋੜ ਬਾਰੇ ਸੁਚੇਤ ਹੁੰਦਿਆਂ ਹੋਇਆਂ ਮਨਮੋਹਨ ਸਿੰਘ ਸਰਕਾਰ ਦਾਅ-ਪੇਚਕ ਤੌਰ ਉੱਤੇ ਵਾਰਤਾਲਾਪਾਂ ਲਈ ਸਹਿਮਤ ਹੋ ਗਈ ਅਤੇ ਇਸ ਦੇ ਨਾਲ ਹੀ ਪਾਕਿਸਤਾਨ ਉਪਰ ਮੁੰਬਈ ਬਾਰੇ ਦਬਾਅ ਪਾਉਂਦਿਆਂ ਹੋਇਆਂ ਜਹਾਦੀਆਂ ਨੂੰ ਨਿਯੰਤਰਣ ਰੇਖਾ ਨੂੰ ਪਾਰ ਕਰਨ ਤੋਂ ਰੋਕਣ ਦੀ ਇੱਛਾ ਵੀ ਉਸ ਨੇ ਪ੍ਰਗਟ ਕੀਤੀ। ਇਸ ਯੁੱਧ ਚਾਲਕ ਗੈਰ-ਯਕੀਨੀ ਸੰਤੁਲਨ ਦੇ ਬਣੇ ਰਹਿਣ ਦੀ ਸੰਭਾਵਨਾ ਹੈ। ਭਾਰਤ ਉੱਤੇ ਇਕ ਹੋਰ ਦਹਿਸ਼ਤੀ ਹਮਲੇ ਦੇ ਅਦਿੱਖ ਅਤੇ ਨਾਕਾਬਲੇ ਬਰਦਾਸ਼ਤ ਸਿੱਟੇ ਨਿਕਲ ਸਕਦੇ ਹਨ। ਇਕ ਸੀਮਤ ਜੰਗ ਵੀ ਹੋ ਸਕਦੀ ਹੈ, ਜਿਸ ਦੇ ਹੱਥੋਂ ਨਿਕਲ ਜਾਣ ਦੀ ਸੰਭਾਵਨਾ ਵੀ ਹੈ ਅਤੇ ਇਸ ਨਾਲ ਸਮੁੱਚਾ ਯੁੱਧ ਚਾਲਕ ਵਾਤਾਵਰਣ ਵੀ ਬਦਲ ਸਕਦਾ ਹੈ ਅਤੇ ਦਹਿਸ਼ਤ ਵਿਰੁਧ ਜੰਗ ਦਾ ਨਕਸ਼ਾ ਵੀ।

ਇਹ ਹੈ ਉਹ ਸੰਭਾਵਤ ਨਕਸ਼ਾ, ਜਿਸ ਕਾਰਨ ਇਸ ਖੇਤਰ ਅਤੇ ਸਮੁੱਚੇ ਸੰਸਾਰ ਵਿਚ ਹਰੇਕ ਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ। ਦੋਵਾਂ ਧਿਰਾਂ ਨੂੰ ਹੀ ਆਤਮ-ਧੋਖੇ ਦੀਆਂ ਯੁੱਧ ਚਾਲਕ ਘੁਣਤਰਾਂ ਦੇ ਕੈਦੀ ਨਹੀਂ ਬਣ ਜਾਣਾ ਚਾਹੀਦਾ। ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚ ਦਹਿਸ਼ਤ ਵਿਰੁਧ ਜੰਗ ਇਕ ਨਾਜ਼ੁਕ ਸਥਿਤੀ ਵਿਚ ਪਹੁੰਚ ਚੁੱਕੀ ਹੈ, ਜਿਸ ਵਿਚ ਇਸ ਖੇਤਰ ਦੀ ਅਤੇ ਸੰਸਾਰ ਦੀ ਕੋਈ ਵੀ ਸ਼ਕਤੀ ਹਾਰਨਾ ਨਹੀਂ ਚਾਹੁੰਦੀ। ਦੋਹਾਂ ਹੀ ਧਿਰਾਂ ਨੂੰ ਕੋਈ ਰਸਤਾ ਲੱਭਣਾ ਚਾਹੀਦਾ ਹੈ।

ਮੁਜਰਮਾਂ ਉੱਤੇ ਮੁਕੱਦਮੇ ਚਲਾਉਣੇ ਚਾਹੀਦੇ ਹਨ। 6 ਜਨਵਰੀ, 2006 ਦੇ ਐਲਾਨਨਾਮੇ ਦੀ ਭਾਵਨਾ ਵਲ ਪਰਤਣਾ ਚਾਹੀਦਾ ਹੈ ਅਤੇ ਤੰਦ ਉੱਥੋਂ ਫੜਨੀ ਚਾਹੀਦੀ ਹੈ, ਜਿੱਥੇ 2007 ਵਿਚ ਛੱਡੀ ਗਈ ਸੀ ਅਤੇ ਪਹੀਏ ਨੂੰ ਪੁੱਠਾ ਗੇੜਾ ਨਹੀਂ ਦੇਣਾ ਚਾਹੀਦਾ। ਭਾਰਤ ਤੇ ਪਾਕਿਸਤਾਨ ਲਈ ਇਹੋ ਬਿਹਤਰ ਹੋਵੇਗਾ ਕਿ ਉਹ ਆਪਸੀ ਵਿਸ਼ਵਾਸ ਵਧਾਉਣ ਲਈ ਕੋਈ ਅਜਿਹਾ ਰਾਹ ਲੱਭਣ, ਜਿਸ ਨਾਲ ਦੋਹਾਂ ਦਾ ਮਾਣ-ਸਨਮਾਨ ਵੀ ਕਾਇਮ ਰਹਿ ਸਕੇ ਤੇ ਗੱਲਬਾਤ ਵੀ ਮੰਤਕੀ ਸਿੱਟੇ ਵਲ ਵਧ ਸਕੇ।

# ਵਿਕਿਲੀਕਜ਼ ਵਲੋਂ ਲੀਕ ਕੀਤੇ ਜੰਗੀ ਦਸਤਾਵੇਜ਼ਾਂ ਨੇ ਪੁਆੜੇ ਪਾਏ

**ਜਸਵੀਰ ਸਿੰਘ**

ਬੀਤੇ ਹਫਤੇ ਵਿਕਿਲੀਕਜ਼ ਨਾਂ ਦੀ ਇਕ ਵੈਬਸਾਈਟ ਵਲੋਂ ਅਫਗਾਨਿਸਤਾਨ ਵਿਚ ਨਾਟੋ ਫੌਜਾਂ ਦੀ ਜੰਗੀ ਸਥਿਤੀ ਸੰਬੰਧੀ 90 ਹਜ਼ਾਰ ਦੇ ਕਰੀਬ ਅਹਿਮ ਦਸਤਾਵੇਜ਼ ਲੀਕ ਕਰ ਦਿੱਤੇ ਗਏ ਹਨ। ਇਨ੍ਹਾਂ ਦਸਤਾਵੇਜ਼ਾਂ ਦੇ ਲੀਕ ਹੋਣ ਤੋਂ ਬਾਅਦ ਅਫਗਾਨਿਸਤਾਨ, ਪਾਕਿਸਤਾਨ, ਬਰਤਾਨੀਆ ਅਤੇ ਅਮਰੀਕੀ ਅਧਿਕਾਰੀਆਂ ਵਿਚਾਲੇ ਇਕ ਗੰਭੀਰ ਬਹਿਸ ਛਿੜ ਪਈ ਹੈ।

ਇਨ੍ਹਾਂ ਦਸਤਾਵੇਜ਼ਾਂ ਵਿਚ ਅਮਰੀਕੀ ਫੌਜਾਂ ਦੇ ਅਫਗਾਨ ਮੂਲ ਦੇ ਮੁਖਬਰਾਂ ਬਾਰੇ ਵੀ ਜਾਣਕਾਰੀ ਲੀਕ ਕੀਤੀ ਗਈ ਹੈ। ਇਸੇ ਕਰਕੇ ਇਹ ਸੁਆਲ ਵੀ ਉੱਠਣ ਲੱਗੇ ਹਨ ਕਿ ਇਨ੍ਹਾਂ ਦਸਤਾਵੇਜ਼ਾਂ ਦੇ ਜਨਤਕ ਹੋਣ ਨਾਲ ਕਿਧਰੇ ਨਾਟੋ ਫੌਜਾਂ ਦੀ ਮਦਦ ਕਰ ਰਹੇ ਅਫਗਾਨੀ ਮੁਖਬਰਾਂ ਦਾ ਜਿਸਮਾਨੀ ਤੌਰ 'ਤੇ ਨੁਕਸਾਨ ਨਾ ਹੋ ਜਾਵੇ। ਉਧਰ ਨਾਟੋ ਫੌਜਾਂ ਨਾਲ ਜੰਗ ਵਿਚ ਰੁੱਝੀ ਤਾਲਿਬਾਨ ਨੇ ਆਖਿਆ ਹੈ ਕਿ ਵਿਕਿਲੀਕਜ਼ ਵਲੋਂ ਲੀਕ ਕੀਤੇ ਗਏ ਨਾਂਵਾਂ ਵਾਲੇ ਮੁਖਬਰਾਂ ਦੇ ਸਿਰ ਕਲਮ ਕੀਤੇ ਜਾਣਗੇ। ਇੰਝ ਨਾਟੋ ਮਿਲਟਰੀ ਹਲਕਿਆਂ ਵਲੋਂ ਪ੍ਰਗਟ ਕੀਤੇ ਜਾ ਰਹੇ ਖਦਸ਼ਿਆਂ ਦੇ ਹਕੀਕਤ ਵਿਚ ਪਲਟਣ ਦੀ ਸੰਭਾਵਨਾ ਬਣੀ ਹੋਈ ਹੈ।

ਇਸ ਦੌਰਾਨ ਅਫਗਾਨਿਸਤਾਨ ਯੁੱਧ ਨਾਲ ਸੰਬੰਧਿਤ ਗੁਪਤ ਦਸਤਾਵੇਜ਼ਾਂ ਦੇ ਲੀਕ ਹੋਣ ਦੇ ਮਾਮਲੇ ਦੀ ਜਾਂਚ ਕਰ ਰਹੇ ਅਮਰੀਕੀ ਅਧਿਕਾਰੀਆਂ ਨੇ ਕੁਝ ਕੰਪਿਊਟਰ ਮਾਹਿਰਾਂ ਨੂੰ ਵਿਕਿਲੀਕਜ਼ ਵਿਚ ਘੁਸਪੈਠ ਕਰਨ ਲਈ ਨਕਦ ਰਾਸ਼ੀ ਦੇਣ ਦੀ ਪੇਸ਼ਕਸ਼ ਵੀ ਕੀਤੀ ਹੈ। ਸੂਤਰਾਂ ਅਨੁਸਾਰ ਇਹ ਅਧਿਕਾਰੀ ਚਾਹੁੰਦੇ ਹਨ ਕਿ ਕੰਪਿਊਟਰ ਮਾਹਿਰ ਗੁਪਤ ਦਸਤਾਵੇਜ਼ਾਂ ਨੂੰ ਜਨਤਕ ਹੋਣ ਤੋਂ ਬਚਾਉਣ। ਰਿਪੋਰਟਾਂ ਅਨੁਸਾਰ ਪੈਂਟਾਗਨ ਵਲੋਂ ਹਜ਼ਾਰਾਂ ਹੀ ਜੰਗ ਦੇ ਮੈਦਾਨ ਵਿਚ ਆਈਆਂ ਕਲਾਸੀਫਾਈਡ ਰਿਪੋਰਟਾਂ ਦਾ ਅਧਿਐਨ ਕੀਤਾ ਜਾ ਰਿਹਾ ਹੈ। ਇਸ ਤੋਂ ਪਿੱਛੋਂ ਹੀ ਇਹ ਪਤਾ ਲੱਗੇਗਾ ਕਿ ਅਫਗਾਨਿਸਤਾਨ ਵਿਚ ਫੌਜਾਂ ਲਈ ਮੁਖਬਰੀ ਕਰਨ ਵਾਲੇ ਵਿਅਕਤੀਆਂ ਨੂੰ ਖਤਰਾ ਹੈ ਜਾਂ ਨਹੀਂ। ਪੈਂਟਾਗਨ ਦੇ ਬੁਲਾਰੇ ਕਰਨਲ ਡੇਵਿਡ ਲੈਪਨ ਨੇ ਕਿਹਾ ਕਿ ਪੈਂਟਾਗਨ ਦੀ ਟੀਮ ਇਸ ਸਾਰੇ ਕੁਝ ਦਾ ਜਾਇਜ਼ਾ ਲੈ ਰਹੀ ਹੈ ਅਤੇ ਕਿਸੇ ਸਿੱਟੇ 'ਤੇ ਨਹੀਂ ਪਹੁੰਚੀ। ਉਨ੍ਹਾਂ ਕਿਹਾ ਕਿ ਆਮ ਰੂਪ ਵਿਚ ਮੁਖਬਰੀ ਕਰਨ ਵਾਲੇ ਵਿਅਕਤੀਆਂ ਦੇ ਜਨਤਕ

**ਨਾਟੋ ਫੌਜਾਂ ਦੇ ਮੁਖਬਰਾਂ ਨੂੰ ਭਾਜੜਾਂ**

ਕੀਤੇ ਨਾਂ ਨੁਕਸਾਨ ਪਹੁੰਚਾ ਸਕਦੇ ਹਨ। ਉਨ੍ਹਾਂ ਨੂੰ ਸਰੀਰਕ ਤੌਰ 'ਤੇ ਨੁਕਸਾਨ ਵੀ ਪਹੁੰਚਾਇਆ ਜਾ ਸਕਦਾ ਹੈ ਅਤੇ ਅਗਾਂਹ ਨੂੰ ਤਾਲਿਬਾਨ ਬਾਰੇ ਸੂਚਨਾ ਦੇਣ ਲਈ ਹੋਰ ਲੋਕ ਸਾਹਮਣੇ ਵੀ ਨਹੀਂ ਆਉਣਗੇ। ਅਖ਼ਬਾਰ 'ਨਿਊਯਾਰਕ ਟਾਈਮਜ਼' ਅਨੁਸਾਰ ਲੀਕ ਕੀਤੇ ਗਏ ਦਸਤਾਵੇਜ਼ਾਂ ਵਿਚ ਦਰਜਨਾਂ ਮੁਖਬਰਾਂ ਦੇ ਨਾਂ ਵੀ ਜਨਤਕ ਕਰ ਦਿੱਤੇ ਗਏ ਹਨ।

ਇਸ ਦੌਰਾਨ ਅਫਗਾਨਿਸਤਾਨ ਦੇ ਰਾਸ਼ਟਰਪਤੀ ਸ੍ਰੀ ਹਾਮਿਦ ਕਰਜ਼ਾਈ ਨੇ ਆਪਣੇ ਪੱਛਮੀ ਸੰਗੀਆਂ ਨੂੰ ਅਰਜ਼ ਕੀਤੀ ਹੈ ਕਿ ਲੀਕ ਹੋਈਆਂ ਰਿਪੋਰਟਾਂ ਤੋਂ ਇਹ ਗੱਲ ਸਾਫ ਹੋ ਗਈ ਹੈ ਕਿ ਤਾਲਿਬਾਨ ਅੱਤਵਾਦੀਆਂ ਦੇ ਟਿਕਾਣੇ ਅਫਗਾਨਿਸਤਾਨ ਵਿਚ ਨਹੀਂ ਸਗੋਂ ਸਰਹੱਦ ਦੇ ਪਾਕਿਸਤਾਨ ਵਾਲੇ ਪਾਸੇ ਹਨ। ਇਸ ਲਈ ਉਥੇ ਮੌਜੂਦ ਉਨ੍ਹਾਂ ਅੱਤਵਾਦੀਆਂ ਟਿਕਾਣਿਆਂ ਨੂੰ ਖਤਮ ਕੀਤਾ ਜਾਵੇ।

ਇਥੇ ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਵੀ ਪਾਕਿਸਤਾਨ ਵਲ ਉਂਗਲ ਉਠਾਉਂਦਿਆਂ ਕਿਹਾ ਸੀ ਕਿ ਸਾਰੀ ਦੁਨੀਆਂ ਵਿਚ ਅੱਤਵਾਦ ਵਾਲੀ ਬਿਮਾਰੀ ਪਾਕਿਸਤਾਨ ਵਲੋਂ ਫੈਲਾਈ ਜਾ ਰਹੀ ਹੈ। ਸ੍ਰੀ ਕੈਮਰੂਨ ਦੇ ਇਸ ਬਿਆਨ 'ਤੇ ਪਾਕਿਸਤਾਨ ਨੇ ਡੂੰਘੀ ਨਾਰਾਜ਼ਗੀ ਜ਼ਾਹਿਰ ਕੀਤੀ ਸੀ ਅਤੇ ਪਾਕਿਸਤਾਨ 'ਚ ਮੌਜੂਦ ਬਰਤਾਨਵੀ ਰਾਜਦੂਤ ਨੂੰ ਬੁਲਾ ਕੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਨੇ ਪਾਕਿਸਤਾਨ ਦੀ ਇਸ ਮਾਮਲੇ ਵਿਚ ਪਹੁੰਚ ਅਤੇ ਨਾਰਾਜ਼ਗੀ ਤੋਂ ਜਾਣੂ ਕਰਵਾਇਆ ਸੀ।


ਯਾਦ ਰਹੇ ਲੀਕ ਹੋਈਆਂ ਜੰਗੀ ਰਿਪੋਰਟਾਂ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਅਲ ਕਾਇਦਾ ਆਗੂ ਉਸਾਮਾ ਬਿਨ ਲਾਦੇਨ ਅਤੇ ਤਾਲਿਬਾਨ ਆਗੂ ਮੁੱਲਾ ਉਮਰ ਪਾਕਿਸਤਾਨੀ ਖੇਤਰ ਵਿਚ ਹੀ ਛੁਪੇ ਹੋਏ ਹਨ। ਇਸੇ ਜਾਣਕਾਰੀ ਨੂੰ ਆਧਾਰ ਬਣਾ ਕੇ ਅਫਗਾਨ ਰਾਸ਼ਟਰਪਤੀ ਹਾਮਿਦ ਕਰਜ਼ਾਈ ਨੇ ਕਿਹਾ ਹੈ ਕਿ ਸਾਡੇ ਅੰਤਰਰਾਸ਼ਟਰੀ ਸੰਗੀਆਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਅੱਤਵਾਦ ਅਫਗਾਨ ਖੇਤਰ ਵਿਚ ਨਹੀਂ ਹੈ। ਅਸਲ ਵਿਚ ਇਸ ਜੰਗ ਦੀਆਂ ਪਲਣਹਾਰ ਥਾਂਵਾਂ ਅਫਗਾਨਸਤਾਨ ਤੋਂ ਬਾਹਰ ਹਨ। ਉਨ੍ਹਾਂ ਕਿਹਾ ਕਿ ਸਾਡੇ ਅੰਤਰਰਾਸ਼ਟਰੀ ਸੰਗੀ ਇਨ੍ਹਾਂ ਥਾਵਾਂ ਉਪਰੋਂ ਅੱਤਵਾਦ ਦਾ ਸਫਾਇਆ ਕਰਨ ਦੇ ਕਾਬਿਲ ਹਨ। ਪਰ ਉਹ ਕਿਉਂ ਨਹੀਂ ਕਰ ਰਹੇ? ਇਹ ਵੱਡਾ ਸਵਾਲ ਹੈ।

ਯਾਦ ਰਹੇ ਹਾਲੇ ਕੁਝ ਦਿਨ ਪਹਿਲਾਂ ਹੀ ਅਫਗਾਨਿਸਤਾਨ ਦੇ ਕੌਮੀ ਸੁਰੱਖਿਆ ਸਲਾਹਕਾਰ ਰੰਗੀਨ ਦਾਦਫਰ ਸਪੰਤਾ ਨੇ ਪੱਛਮੀ ਤਾਕਤਾਂ ਨੂੰ ਕਿਹਾ ਹੈ ਕਿ ਉਹ ਪਾਕਿਸਤਾਨ ਪ੍ਰਤੀ ਆਪਣੀ ਨੀਤੀ ਉੱਪਰ ਮੁੜ ਗੌਰ ਕਰਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਵਿਕਿਲੀਕਜ਼ ਵਲੋਂ ਵੱਡੀ ਗਿਣਤੀ ਵਿਚ ਜਾਰੀ ਕੀਤੇ ਗਏ ਇਨ੍ਹਾਂ ਦਸਤਾਵੇਜ਼ਾਂ ਨੇ ਇਹ ਗੱਲ ਵੀ ਸਪੱਸ਼ਟ ਕੀਤੀ ਹੈ ਕਿ ਪਾਕਿਸਤਾਨ, ਤਾਲਿਬਾਨ ਅਤੇ ਅਲਕਾਇਦਾ ਖਾੜਕੂਆਂ ਦੇ ਮਾਮਲੇ ਵਿਚ ਦੁਵੱਲੀ ਨੀਤੀ ਅਪਣਾ ਰਿਹਾ ਹੈ। ਅਫਗਾਨਿਸਤਾਨ ਵਿਚ ਆਪਣੇ ਪ੍ਰਭਾਵ ਨੂੰ ਕਾਇਮ ਰੱਖਣ ਲਈ ਅਤੇ ਭਾਰਤ ਦਾ ਪ੍ਰਭਾਵ ਖਤਮ ਕਰਨ ਲਈ ਉਹ ਇਨ੍ਹਾਂ ਧਿਰਾਂ ਨੂੰ ਜਿਉਂਦਾ ਰੱਖ ਰਿਹਾ ਹੈ ਅਤੇ ਦੂਜੇ ਪਾਸੇ ਅੰਤਰਰਾਸ਼ਟਰੀ ਤਾਕਤਾਂ, ਖਾਸ ਕਰਕੇ ਅਮਰੀਕਾ ਨੂੰ ਖੁਸ਼ ਕਰਨ ਲਈ ਇਨ੍ਹਾਂ ਦੇ ਕੁਝ ਹਿੱਸਿਆਂ ਖਿਲਾਫ ਕਾਰਵਾਈ ਵੀ ਕਰਦਾ ਹੈ।

ਯਾਦ ਰਹੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਅਤੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਹਾਲ ਹੀ ਵਿਚ ਕਿਹਾ ਸੀ ਕਿ ਉਸਾਮਾ-ਬਿਨ-ਲਾਦੇਨ ਪਾਕਿਸਤਾਨ ਵਿਚ ਨਹੀਂ। ਪਰ ਵਿਕਿਲੀਕਜ਼ ਵਲੋਂ ਜਾਰੀ ਦਸਤਾਵੇਜ਼ ਉਸਾਮਾ ਦੇ ਪਾਕਿਸਤਾਨ 'ਚ ਹੋਣ ਦਾ ਇਸ਼ਾਰਾ ਕਰਦੇ ਹਨ। ਇਨ੍ਹਾਂ ਦਸਤਾਵੇਜ਼ਾਂ ਅਨੁਸਾਰ ਲਾਦੇਨ ਪਾਕਿਸਤਾਨ ਦੇ ਸ਼ਹਿਰ ਕੋਇਟਾ ਦੇ ਆਸੇ-ਪਾਸੇ ਕਿਧਰੇ ਰਹਿ ਰਿਹਾ ਹੈ। ਇਹ ਵੀ ਸਾਹਮਣੇ ਆਇਆ ਹੈ ਕਿ ਉਸਾਮਾ ਬਿਨ ਲਾਦੇਨ, ਮੂਲਾ ਦਾਦੂੱਲਾ ਅਤੇ ਮੂਲਾ ਬਰਾਦਰ ਜਿਹੇ ਆਗੂ ਇਸ ਇਲਾਕੇ ਵਿਚ ਆਏ ਮਹੀਨੇ ਮੀਟਿੰਗਾਂ ਕਰਦੇ ਰਹਿੰਦੇ ਹਨ।

# ਮੀਂਹ ਦੇ ਤਿਲ੍ਹਕੇ ਦਾ ਤੇ ਬਾਪੂ ਦੇ ਝਿੜਕੇ ਦਾ, ਗੁੱਸਾ ਨ੍ਹੀਂ ਕਰੀਦਾ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਆਪਣੀ ਮਾਂ-ਬੋਲੀ ਦੀ ਅਮੀਰੀ ਦੇਖੋ ਜ਼ਰਾ। ਮੂੰਹ ਥਾਣੀਂ ਖਾਧੀਆਂ ਜਾਣ ਵਾਲੀਆਂ ਵੱਖ-ਵੱਖ ਵਸਤਾਂ ਦੇ ਸੇਵਨ ਕਰਨ ਦੇ ਢੰਗ-ਤਰੀਕਿਆਂ ਦੇ ਨਾਂ ਵੀ ਅਲੱਗ ਅਲੱਗ ਹਨ। ਮੋਟੇ ਤੌਰ 'ਤੇ ਭਾਵੇਂ 'ਖਾਣਾ' ਜਾਂ 'ਪੀਣਾ' ਕਿਹਾ ਜਾਂਦਾ ਹੈ, ਪਰ ਇਨ੍ਹਾਂ ਦੋਹਾਂ ਲਫ਼ਜ਼ਾਂ ਤੋਂ ਇਲਾਵਾ ਹੋਰ ਵੰਨਗੀਆਂ ਦੇਖੋ- ਅੰਬ ਜਾਂ ਗੰਨੇ ਨੂੰ ਚੂਪਣਾ ਕਹੀਦੈ। ਭੁੱਜੇ ਹੋਏ ਦਾਣਿਆਂ ਨੂੰ ਚੱਬਣਾ, ਕਿਸੇ ਤਰਲ-ਪਦਾਰਥ ਨੂੰ ਹੌਲੀ ਹੌਲੀ ਪੀਣਾ ਹੋਵੇ ਤਾਂ ਘੁੱਟਾਂ-ਵੱਟੀ ਪੀਣਾ, ਲਗਾਤਾਰ ਪੀਣਾ ਹੋਵੇ ਤਾਂ ਡੀਕ ਲਾ ਕੇ ਪੀਣਾ ਆਖਿਆ ਜਾਂਦੈ। ਸੂਪ ਵਰਗੇ ਗਾੜ੍ਹੇ ਤਰਲ-ਪਦਾਰਥ ਨੂੰ ਪੀਣ ਨੂੰ ਸੜ੍ਹਪੇ ਭਰਨਾ ਅਤੇ ਕਈ ਚੀਜ਼ਾਂ ਨੂੰ 'ਥਿਆਲੀ 'ਤੇ ਰੱਖ ਕੇ ਚੱਟਣਾ ਆਖੀਦੈ। ਦਵਾਈ ਦੀਆਂ ਗੋਲੀਆਂ ਨੂੰ ਸਬੂਤਾ ਨਿਗਲਣਾ ਕਿਹਾ ਜਾਂਦੈ। ਮਲੱਠੀ ਜਾਂ ਚਿਊਇੰਗ ਗਮ ਨੂੰ ਚਿੱਥਣਾ ਜਾਂ ਚਗੋਲਣਾ ਕਿਹਾ ਜਾਂਦੈ। ਜੇ ਕੋਈ ਪੀਣ ਵਾਲੀ ਚੀਜ਼ ਨੂੰ ਬਹੁਤੀ ਮਾਤਰਾ ਵਿਚ ਪੀ ਲਵੇ, ਤਾਂ ਵਿਅੰਗ ਨਾਲ ਉਸ ਨੂੰ 'ਡੀਕ ਗਿਆ' ਜਾਂ 'ਡਕਾਰ ਗਿਆ' ਦਾ ਨਾਂ ਦਿੱਤਾ ਜਾਂਦਾ ਹੈ। ਭੁੱਜੀ ਹੋਈ ਛੱਲੀ ਨੂੰ ਆਮ ਕਰਕੇ ਚੱਬਣਾ ਕਹਿੰਦੇ ਨੇ, ਪਰ ਜੇ ਛੱਲੀ ਦੋਧਾ ਹੋਵੇ ਤਾਂ ਉਸ ਨੂੰ 'ਚਰੂੰਡਣਾ' ਆਖਿਆ ਜਾਂਦਾ ਹੈ। ਕਈ ਬਰੀਕ ਵਸਤਾਂ ਦੇ ਖਾਣ ਲਈ 'ਫੱਕਾ ਮਾਰਨਾ' ਕਹੀਦਾ ਹੈ ਅਤੇ ਜੇ ਕੋਈ ਪੇਟੂ ਵਿਅਕਤੀ ਵਾਧੂ ਰੋਟੀਆਂ ਖਾ ਲਵੇ ਤਾਂ ਗੁੱਸੇ ਅਤੇ ਵਿਅੰਗ ਦੇ ਰਲਵੇਂ-ਮਿਲਵੇਂ ਅਰਥਾਂ 'ਚ 'ਤੂੰਨ ਲਈਆਂ' ਜਾਂ 'ਚਿਣ ਲਈਆਂ' ਵੀ ਕਹਿ ਦਿੱਤਾ ਜਾਂਦਾ ਹੈ। ਦੋ ਲਫਜ਼ ਹੋਰ ਬੜੇ 'ਪਿਆਰੇ' ਨੇ ਜੋ ਅਕਸਰ ਸ਼ਰਾਬ ਪੀਣ ਵਾਲਿਆਂ ਲਈ ਵਰਤੇ ਜਾਂਦੇ ਨੇ-ਪੂਰੀ ਬੋਤਲ 'ਚੜ੍ਹਾ ਗਿਆ' ਜਾਂ 'ਡੱਫ ਗਿਆ'!

ਛਕਣ-ਛਕਾਉਣ ਦੀਆਂ ਕ੍ਰਿਆਵਾਂ ਦੇ ਇਹ ਸਾਰੇ ਨਾਮ ਤਾਂ ਹੋਏ ਸੋ ਹੋਏ। ਪ੍ਰੰਤੂ ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਸਾਡੀ ਬੋਲੀ ਵਿਚ 'ਕੁੱਟ' ਜਾਂ 'ਮਾਰ' ਜਿਹੇ ਲਫ਼ਜ਼ਾਂ ਨਾਲ ਵੀ 'ਖਾਣਾ' ਜਾਂ 'ਖਾਧੀ' ਦਾ ਪ੍ਰਯੋਗ ਦੇਖੀਦਾ ਹੈ! ਜਿਵੇਂ ਫਲਾਣੇ ਨੇ 'ਕੁੱਟ ਖਾਧੀ' ਜਾਂ 'ਮਾਰ ਖਾਧੀ'-ਜਦਕਿ ਕੁੱਟ ਜਾਂ ਮਾਰ ਕੋਈ ਪੀਜ਼ਾ-ਬਰਗਰ ਥੋੜ੍ਹੀ ਹਨ? ਇਸੇ ਤਰ੍ਹਾਂ ਆਪਣਾ ਮਨ-ਭਾਉਂਦਾ ਇਕ ਹੋਰ ਸ਼ਬਦ ਹੈ-ਫਲਾਣੇ ਨੇ ਮੈਥੋਂ ਜੁੱਤੀਆਂ ਖਾਧੀਆਂ ਜਾਂ ਢਿਮਕੇ ਨੇ ਮੇਰੇ ਪਾਸੋਂ ਛਿੱਤਰ ਖਾਧੇ ਜਾਂ ਗਾਲ੍ਹਾਂ ਖਾਧੀਆਂ! ਸੋਚਣ ਵਾਲੀ ਗੱਲ ਹੈ ਕਿ ਜੁੱਤੀਆਂ ਜਾਂ ਛਿੱਤਰਾਂ ਜਿਹੀ ਨਖਿੱਧ ਚੀਜ਼, ਜਿਸ ਨੂੰ ਹਰੇਕ ਧਰਮ-ਅਸਥਾਨ ਵਿਚ ਵੜਨ ਤੋਂ ਪਹਿਲਾਂ, ਪੈਰਾਂ 'ਚੋਂ ਉਤਾਰਨਾ ਜ਼ਰੂਰੀ ਹੁੰਦਾ ਹੈ, ਦੇ ਨਾਮ ਨਾਲ 'ਖਾਣੇ' ਜਾਂ 'ਖਾਧੇ' ਲਫਜ਼ ਕਿਵੇਂ ਜੁੜ ਗਏ ਹੋਣਗੇ? ਖੱਟੀਆਂ, ਮਿੱਠੀਆਂ ਅਤੇ ਸਲੂਣੇ ਸਵਾਦ ਵਾਲੀਆਂ ਹਜ਼ਾਰਾਂ ਨਿਆਮਤਾਂ ਲਈ ਵਰਤਿਆ ਜਾਂਦਾ ਸ਼ਬਦ ਖਾਣਾ ਜਾਂ ਖਾਧਾ, ਜੁੱਤੀਆਂ-ਛਿੱਤਰਾਂ ਲਈ ਵੀ ਕਿਵੇਂ ਵਰਤਿਆ ਜਾਣ ਲੱਗਾ ਹੋਵੇਗਾ? ... ਚਲੋ, ਆਪਾਂ ਇਸ ਖੋਜ-ਖਾਜੀ ਵਿਚ ਕਾਹਨੂੰ ਫਸਣਾ ਹੈ। ਅਖਾਣ ਹੈ ਨਾ-ਜਿਸ ਕਾ ਕਾਮ ਉਸੀ ਕੋ ਸਾਜੇ, ਔਰ ਕਰੇ ਤੋ ਠੀਂਗਾ ਬਾਜੇ! ਸ਼ਬਦਾਂ ਦੇ ਪੇਕਿਆਂ-ਸਹੁਰਿਆਂ ਬਾਰੇ ਕੋਈ 'ਲਿੰਗੁਇਸਟਿਕ' ਜਾਂ ਕੋਈ ਭਾਸ਼ਾ-ਵਿਗਿਆਨੀ ਹੀ ਨਿਰਨਾ ਕਰ ਸਕਦਾ ਹੈ। ਆਪਾਂ ਇਸ ਬਿਖੜੇ ਕੰਮ ਨੂੰ ਹੱਥ ਪਾਵਾਂਗੇ ਤਾਂ 'ਠੀਂਗਾ' ਖਾਵਾਂਗੇ! ਆਓ ਆਪਾਂ ਛਿੱਤਰਾਂ ਦੇ ਪ੍ਰਕਰਣ ਦੀ ਚਰਚਾ ਕਰਦੇ ਹਾਂ।

ਪਹਿਲਾਂ ਤਾਂ ਮੇਰੀ ਆਪਣੀ ਉਹ ਵਾਰਤਾ ਸੁਣ ਲਓ, ਜਦ ਮੈਂ ਤੇ ਛਿੱਤਰ ਆਹਮੋ-ਸਾਹਮਣੇ ਹੋਏ। ਇਹ ਵੀ ਦੱਸਦਾ ਜਾਵਾਂ ਕਿ ਛਿੱਤਰ ਨਾਲ ਮੇਰਾ ਇਹ ਪਹਿਲਾ 'ਰੂ-ਬਰੂ' ਸੀ। ਸਾਨੂੰ ਪੰਜਾਬੀਆਂ ਨੂੰ ਇਹ ਤਾਂ ਹੋਸ਼ ਸੰਭਾਲਦਿਆਂ ਹੀ ਸਮਝਾ ਦਿੱਤਾ ਜਾਂਦਾ ਹੈ ਕਿ ਮੀਂਹ ਦੇ ਤਿਲ੍ਹਕੇ ਦਾ ਅਤੇ ਸਰਕਾਰ ਜਾਂ ਪੁਲਿਸ ਦੇ ਝਿੜਕੇ ਦਾ ਗੁੱਸਾ ਨਹੀਂ ਕਰੀਦਾ! ਮੀਂਹ ਪੈਂਦੇ ਵਿਚ ਤਿਲਕਣ ਨਾਲ ਜ਼ਰੂਰੀ ਨਹੀਂ ਕਿ ਸੱਟ-ਫੇਟ ਲੱਗ ਜਾਏ, ਪਰ ਪੁਲਿਸ ਦੀ, ਖਾਸ ਕਰਕੇ ਪੰਜਾਬ ਪੁਲਿਸ ਦੀ 'ਝਿੜਕ', ਆਪਣੇ ਅੜਿੱਕੇ ਆਏ ਬੰਦੇ ਦੇ ਜ਼ਰੂਰ ਹੱਡੀਂ ਰਾਧ ਪਾ ਦਿੰਦੀ ਹੈ। ਹੁਣ ਸਾਇੰਸ ਦੀ ਕ੍ਰਿਪਾ ਨਾਲ ਅਹਿ ਜਿਹੜਾ 'ਨਾਰਕੋ ਟੈਸਟਾਂ' ਦਾ ਸਿਸਟਮ ਚੱਲਿਆ ਹੈ, ਮੈਨੂੰ ਨਹੀਂ ਉਮੀਦ ਕਿ ਇਹ ਪੰਜਾਬ ਪੁਲਿਸ ਦੀ 'ਝਿੜਕ' ਅਰਥਾਤ 'ਪਟਾ ਸਿਸਟਮ', ਨੂੰ ਮਾਤ ਪਾ ਸਕੇ! ਵੈਸੇ ਮੇਰੀ ਇਸ ਵਿਥਿਆ ਦਾ ਪੁਲਿਸ ਵਾਲੀ 'ਛਿਤਰੌਲ' ਨਾਲ ਕੋਈ ਸਬੰਧ ਨਹੀਂ ਹੈ। ਕਿਹਾ ਜਾਵੇ ਤਾਂ ਇਸਦਾ ਤਾਅਲੁਕ 'ਰੰਬਾ ਤੇ ਮੁੰਡਾ ਚੰਡੇ ਹੋਏ ਹੀ ਠੀਕ ਰਹਿੰਦੇ ਨੇ' ਵਾਲੇ ਅਖਾਣ ਨਾਲ ਜਾ ਜੁੜਦਾ ਹੈ।



ਵਿਆਹ-ਸ਼ਾਦੀਆਂ ਮੌਕੇ ਬਰਾਤਾਂ ਦੋ ਦੋ-ਤਿੰਨ ਤਿੰਨ ਦਿਨ ਰੱਖਣ ਦਾ ਰਿਵਾਜ਼, ਉਨ੍ਹਾਂ ਦਿਨਾਂ ਵਿਚ ਆਖਰੀ ਸਾਹਾਂ 'ਤੇ ਹੀ ਹੋਵੇਗਾ, ਜਿਨ੍ਹਾਂ ਦਿਨਾਂ ਦੀ ਮੈਂ ਗੱਲ ਸੁਣਾਉਣ ਜਾ ਰਿਹਾ ਹਾਂ। ਸਾਡੇ ਪਿੰਡ ਦੇ ਵਿਚਕਾਰ ਜਿਹੇ ਸਥਿਤ ਗੁਰਦੁਆਰੇ ਦੇ ਕੋਲ ਇਕ ਖੁੱਲ੍ਹੀ ਹਵੇਲੀ ਵਿਚ ਬਰਾਤੀਆਂ ਦਾ ਠਹਿਰਾਓ ਸੀ। ਬਰਾਤ ਆਈ ਨੂੰ ਦੂਜਾ ਦਿਨ ਚੜ੍ਹਿਆ। ਦੁਪਹਿਰੋਂ ਬਾਅਦ ਬਰਾਤੀਆਂ ਵਿਚ ਆਏ ਹੋਏ ਇਕ ਬੰਦੂਕ ਵਾਲੇ ਸੱਜਣ ਨੇ ਦੋ ਮੋਰ ਮਾਰ ਕੇ ਲਿਆਂਦੇ। ਵਿਹੜੇ ਵਿਚ ਇੱਟਾਂ ਦਾ ਚੁੱਲ੍ਹਾ ਬਣਾ ਕੇ ਵੱਡੇ ਪਤੀਲੇ ਵਿਚ ਮੀਟ ਤਿਆਰ ਕੀਤਾ ਗਿਆ। ਦਿਨ ਢਲਦੇ ਤੱਕ ਮੀਟ ਦੇ ਨਾਲ ਨਾਲ ਸ਼ਰਾਬ ਦੀਆਂ ਬੋਤਲਾਂ ਵੀ ਖੜਕਣ ਲੱਗ ਪਈਆਂ। ਸ਼ਾਮ ਪੈਂਦਿਆਂ ਹੀ ਪਿੰਡ ਵਿਚ ਨਾਈ ਨੇ ਘੁੰਮ ਫਿਰ ਕੇ ਮੁਨਾਦੀ ਕਰ ਦਿੱਤੀ ਕਿ ਹਵੇਲੀ ਵਿਚ ਨਕਲਾਂ ਸ਼ੁਰੂ ਹੋਣ ਲੱਗੀਆਂ ਹਨ। ਨਾਮਾ ਰਾਮ ਟਿੰਡੀ ਮੁੱਛਾ, ਸਿੰਬਲ ਮਜਾਰੇ ਵਾਲਾ ਆਪਣੇ ਸਾਥੀਆਂ ਨਾਲ ਪਹੁੰਚਿਆ ਹੋਇਆ ਹੈ। ਨਕਲਾਂ ਦੇਖਣ ਦੇ ਚਾਹਵਾਨ ਰੋਟੀ-ਪਾਣੀ ਛਕ ਕੇ ਜਲਦੀ ਜਲਦੀ ਹਵੇਲੀ ਪਹੁੰਚ ਜਾਣ!

ਆਪਣੇ ਸੰਗੀ-ਸਾਥੀਆਂ ਨਾਲ ਗੁਰਦੁਆਰੇ ਦੇ ਖੁੱਲ੍ਹੇ ਵਿਹੜੇ ਵਿਚ ਗੁੱਲੀ-ਡੰਡਾ ਖੇਡਣਾ ਵਿਚੇ ਛੱਡ ਕੇ, ਮੈਂ ਵੀ ਨਕਲਾਂ ਦੇਖਣ ਵਾਲੇ ਦਰਸ਼ਕਾਂ ਵਿਚ ਜਾ ਸ਼ਾਮਲ ਹੋਇਆ। ਜੰਗਾਲੀ ਜਿਹੇ ਵਾਲਾਂ ਵਾਲਾ ਇਕ ਕਲਾਕਾਰ ਹਾਰਮੋਨੀਅਮ ਵਜਾਉਣ ਲੱਗ ਪਿਆ। ਕੱਦੂ ਵਰਗੇ ਗੰਜੇ ਸਿਰ ਵਾਲਾ ਇਕ ਢਿੱਡਲ ਜਿਹਾ ਬੰਦਾ, ਜਿਸ ਨੇ ਹਰੇ ਰੰਗ ਦੀ ਕੁੜਤਾ-ਝੱਗੀ ਜਿਹੀ ਪਾਈ ਹੋਈ ਸੀ, ਤਬਲਾ ਵਜਾਉਣ ਲੱਗ ਪਿਆ। ਮੂੰਹ ਉਪਰ ਪਾਊਡਰ ਭੁੱਕ ਕੇ ਅਤੇ ਗੱਲ੍ਹਾਂ ਉਪਰ ਲੱਪ ਲੱਪ ਲਾਲੀ ਚਾੜ੍ਹ ਕੇ ਇਕ 'ਜਨਾਨੀ' ਉਨ੍ਹਾਂ ਦੇ ਮੋਹਰੇ ਨੱਚਣ ਲੱਗ ਪਈ। ਸਾਨੂੰ ਮਗਰੋਂ ਪਤਾ ਲੱਗਾ ਕਿ ਆਪਣੇ ਗਿੱਟਿਆਂ ਨਾਲ ਝੱਬਾ ਝੱਬਾ ਘੁੰਗਰੂ ਬੰਨ੍ਹ ਕੇ ਨੱਚਣ ਵਾਲੀ ਇਹ ਜਨਾਨੀ ਨਹੀਂ, ਸਗੋਂ ਇਕ ਮਰਦ ਨੇ ਜ਼ਨਾਨੀਆਂ ਵਾਲੇ ਕੱਪੜੇ ਪਹਿਨੇ ਹੋਏ ਨੇ! ਹਾਰਮੋਨੀਅਮ 'ਤੇ 'ਮੇਰਾ ਮਨ ਡੋਲੇ ਮੇਰਾ ਤਨ ਡੋਲੇ' ਦੀ ਤਰਜ਼ ਵਜਾਈ ਜਾ ਰਹੀ ਸੀ। ਤਬਲੇ ਵਾਲੇ ਨੇ ਵੀ ਆਪਣੇ ਇਕ ਗੁੱਟ ਉਪਰ ਘੁੰਗਰੂ ਬੰਨ੍ਹੇ ਹੋਏ ਸਨ। ਜਿਵੇਂ ਜੋਗੀਆਂ ਦੀ ਵੱਜਦੀ ਬੀਨ ਵੱਲ, ਫਨ ਫੈਲਾਈ ਬੈਠਾ ਸੱਪ, ਇਕ-ਟੱਕ ਦੇਖਦਾ ਰਹਿੰਦਾ ਹੈ। ਤਿਵੇਂ ਹੀ ਅਸੀਂ ਉਥੇ ਪੂਰੀ ਤਰ੍ਹਾਂ ਮਸਤ ਹੋਏ ਬੈਠੇ ਸਾਂ।

ਇੰਨੇ ਨੂੰ ਕਿਸੇ ਨੇ ਮੇਰਾ ਮੋਢਾ ਹਲੂਣਿਆਂ। ਮੈਂ ਪਿੱਛੇ ਨੂੰ ਮੂੰਹ ਭੰਵਾ ਕੇ ਦੇਖਿਆ। ਇਹ ਮੈਥੋਂ ਵੱਡੀ ਭੈਣ ਸੀ ਜੋ ਮੈਨੂੰ ਘਰੇ ਚੱਲਣ ਲਈ ਕਹਿ ਰਹੀ ਸੀ। ਉਸਦੀ ਗੱਲ ਨੂੰ ਮੈਂ ਅਣ-ਸੁਣਿਆ ਕਰ ਛੱਡਿਆ। ਪੰਜ-ਸੱਤ ਮਿੰਟ ਬਾਅਦ ਉਸਨੇ ਫੇਰ ਮੇਰਾ ਮੋਢਾ ਜ਼ੋਰ ਨਾਲ ਹਲੂਣਦਿਆਂ ਆਖਿਆ-"ਭਾਈਆ ਜੀ ਕਹਿੰਦੇ ਐ ਕਿ ਅਸੀਂ ਨਹੀਂ ਨਕਲਾਂ ਦੇਖਣੀਆਂ ਤੂੰ ਘਰ ਨੂੰ ਤੁਰ ਪੈ ਸਿੱਧਾ ਹੋ ਕੇ!" ਪਰ ਮੈਂ ਯਾਰ-ਬੇਲੀਆਂ ਨਾਲ ਤਬਲੇ-ਘੁੰਗਰੂਆਂ ਦੀ 'ਜੁਗਲਬੰਦੀ' ਵਿਚ ਖੁੱਭਿਆ ਬੈਠਾ ਸਾਂ। "ਅੱਛਾ, ਆਇਆ" ਕਹਿ ਕੇ ਮੈਂ ਮਸਤ ਹੋ ਕੇ ਬੈਠਾ ਰਿਹਾ। ਕੁਝ ਚਿਰ ਮਗਰੋਂ ਮੈਂ ਚੋਰ-ਅੱਖੀ ਪਿੱਛੇ ਨੂੰ ਮੁੜ ਕੇ ਦੇਖਿਆ। ਮੇਰੀ ਭੈਣ ਜਾ ਚੁੱਕੀ ਸੀ। ਮੈਂ ਨਿਸ਼ਚਿੰਤ ਹੁੰਦਿਆਂ ਸਾਹਮਣੇ ਅੱਖਾਂ ਗੱਡ ਕੇ ਬਹਿ ਗਿਆ।

ਇੱਧਰ ਪਿੜ ਵਿਚ ਹੁਣ ਨਚਾਰ ਦੇ ਨਾਲ ਨਾਲ 'ਟਿੰਡੀ-ਮੁੱਛਾ' ਵੀ ਆ ਗਿਆ। ਜਿਸ ਨੇ ਬੜਾ ਹੀ ਹਸਾਉਣਾ ਸਾਂਗ ਬਣਾਇਆ ਹੋਇਆ ਸੀ। ਪੂਰੀਆਂ ਬਾਹਾਂ ਵਾਲੀ ਲਾਲ ਰੰਗ ਦੀ ਕਮੀਜ਼ ਦੇ ਉਪਰੋਂ ਉਸਦੇ ਅੱਧੀਆਂ ਬਾਹਾਂ ਵਾਲੀ ਚਿੱਟੀ ਬੁਨੈਣ ਪਹਿਨੀ ਹੋਈ ਦੇਖ ਕੇ ਅਸੀਂ ਹੱਸ-ਹੱਸ ਲੋਟ-ਪੋਟ ਹੋ ਰਹੇ ਸਾਂ। ਉਦੋਂ ਸਾਨੂੰ ਕੀ ਪਤਾ ਸੀ ਕਿ ਤੀਹ-ਚਾਲੀ ਸਾਲਾਂ ਬਾਅਦ, ਟਿੰਡੀ-ਮੁੱਛੇ ਦੇ ਇਸ ਮੂਰਖਾਨਾ-ਪਹਿਰਾਵੇ ਨੂੰ ਅਮਰੀਕਾ ਦੇ ਮੁੰਡੇ-ਕੁੜੀਆਂ ਨੇ ਇਕ ਫੈਸ਼ਨ ਵਜੋਂ ਅਪਨਾ ਲੈਣਾ ਹੈ! ਇਹ ਵੀ ਨਹੀਂ ਸੀ ਪਤਾ ਕਿ ਉਦੋਂ ਸਾਨੂੰ ਇਸ ਬਦਰੰਗ ਤੇ ਕੁਚੱਜੇ ਪਹਿਰਾਵੇ ਵਲ ਦੇਖ ਕੇ ਹਾਸਾ ਬਿਲਕੁਲ ਨਹੀਂ ਆਉਣਾ! ਖੈਰ, ਟਿੰਡੀ-ਮੁੱਛਾ ਪੁੱਠੀਆਂ-ਸਿੱਧੀਆਂ ਹਰਕਤਾਂ ਕਰਦਾ ਹੋਇਆ, ਨਚਾਰ ਦੇ ਥਾਂ-ਕੁਥਾਂ ਹੱਥ ਮਾਰਨ ਲੱਗ ਪਿਆ। ਅਸੀਂ ਨਿਆਣੇ ਇਨ੍ਹਾਂ 'ਗੰਦੀਆਂ ਗੱਲਾਂ' ਨੂੰ ਦੇਖ ਦੇਖ ਮੁਸਕੜੀਏ ਹੱਸਦੇ ਰਹੇ।

ਅਚਾਨਕ ਸਾਡੇ ਪਿੱਛਿਉਂ ਅੱਗੇ ਨੂੰ ਆਉਣ ਲਈ ਰਾਹ ਬਣਾਉਂਦਾ ਮੇਰਾ ਭਰਾ ਮੈਨੂੰ ਦਿਸਿਆ। ਉਸ ਨੇ ਆਪਣੇ ਦੋਏ ਹੱਥ ਪਿੱਛੇ ਨੂੰ ਕੀਤੇ ਹੋਏ ਸਨ, ਜਿਵੇਂ ਕਿਤੇ ਪੁੱਠੀ ਹੱਥਕੜੀ ਮਾਰੀ ਹੁੰਦੀ ਹੈ। ਦੇਖਦਿਆਂ-ਦੇਖਦਿਆਂ ਉਹ ਮੇਰੇ ਮੋਹਰੇ ਆ ਖੜ੍ਹਾ ਹੋਇਆ। ਜਿਵੇਂ ਉਸ ਨੂੰ ਹਦਾਇਤ ਦਿੱਤੀ ਗਈ ਹੋਵੇਗੀ, ਉਸਨੇ ਉਸੇ ਤਰ੍ਹਾਂ ਕੀਤਾ। ਇਕ ਦਮ ਉਸਨੇ, ਇਕ ਹੱਥ ਵਿਚ ਫੜੀ ਹੋਈ ਚਮੜੇ ਦੀ ਜੁੱਤੀ (ਇੱਕੋ ਪੈਰ) ਸ਼ੀਸ਼ਾ ਦਿਖਾਣ ਵਾਂਗ, ਮੇਰੀਆਂ ਅੱਖਾਂ ਮੋਹਰੇ ਕੀਤੀ ਅਤੇ ਬਿਨਾਂ ਕੁਝ ਬੋਲਿਆਂ, ਵਾਪਸ ਪਿੱਛੇ ਨੂੰ ਮੁੜ ਪਿਆ। ਮੈਂ ਫੌਰਨ ਪਛਾਣ ਲਈ। ਇਹ ਜੁੱਤੀ ਭਾਈਆ ਜੀ ਦੀ ਸੀ! ਮੇਰੇ ਹੋਸ਼ ਉੜ ਗਏ-ਫਿਰ ਨਾ ਮੈਨੂੰ ਨਚਾਰ ਦਿੱਸਿਆ ਨਾ ਟਿੰਡੀ-ਮੁੱਛੇ ਦੀਆਂ ਹਸਾਉਣੀਆਂ ਹਰਕਤਾਂ! ਉਠ ਕੇ ਘਰ ਨੂੰ ਤੁਰ ਪਿਆ। ਜੁੱਤੀ ਹੱਥ 'ਚ ਫੜ ਕੇ ਮੇਰਾ ਭਰਾ ਮੋਹਰੇ ਮੋਹਰੇ ਚਟਖਾਰੇ ਲਾਉਂਦਾ ਜਾ ਰਿਹਾ ਸੀ। ਢਿੱਲਾ ਜਿਹਾ ਮੂੰਹ ਬਣਾ ਕੇ ਮੈਂ ਇਉਂ ਤੁਰਿਆ ਹੋਇਆ ਸਾਂ ਜਿਵੇਂ ਕੋਈ ਵਰ੍ਹਿਆਂ ਦਾ ਭਗੌੜਾ ਮੁਜਰਿਮ ਠਾਣੇ ਪੇਸ਼ ਹੋਣ ਜਾ ਰਿਹਾ ਹੋਵੇ! ਇਧਰੋਂ ਮੈਂ ਘਰ ਦੇ ਵਿਹੜੇ 'ਚ ਵੜਿਆ ਹੀ ਸਾਂ, ਉਧਰੋਂ 'ਟਰਨ-ਟਰਨ' ਸਾਈਕਲ ਦੀ ਘੰਟੀ ਖੜਕ ਪਈ! ਧਮਾਈ ਪਿੰਡ ਤੋਂ ਮੇਰਾ ਮਾਮਾ ਆ ਗਿਆ! ਆਪਣੀ ਮਾਂ ਨਾਲੋਂ ਵੀ ਵਧ ਕੇ ਮਾਮੇ ਦੇ ਆਉਣ ਦੀ 'ਖੁਸ਼ੀ' ਮੈਨੂੰ ਹੋਈ ਉਸ ਵੇਲੇ!

ਇਸ ਮੌਕੇ ਦੇ ਹੋਰ ਦਿਲਚਸਪ ਵੇਰਵੇ ਸੁਣਾਉਣ ਦੀ ਥਾਂ ਇੰਨਾ ਹੀ ਦੱਸ ਦਿੰਦਾ ਹਾਂ ਕਿ ਮਾਮੇ ਵਲੋਂ ਦੁੱਧ ਪੀ ਕੇ ਖਾਲੀ ਕੀਤਾ ਛੰਨਾ ਜਦ ਮੈਂ ਸਟੂਲ ਉਤੋਂ ਚੁੱਕਣ ਗਿਆ ਤਾਂ ਕੋਲ ਬੈਠੇ ਭਾਈਆ ਜੀ ਨੇ ਮੈਨੂੰ ਕੰਨੋਂ ਫੜ ਲਿਆ। ਮੇਰਾ 'ਲਿਹਾਜ' ਕਰਦਿਆਂ ਉਨ੍ਹਾਂ 'ਪ੍ਰੇਮ ਨਾਲ' ਮੇਰਾ ਕੰਨ ਮਰੋੜਦਿਆਂ ਇਹੀ ਨਸੀਹਤ ਦਿੱਤੀ, "ਸਹੁਰਿਆ, ਜੋ ਮੈਂ ਤੈਨੂੰ ਬਣਾਉਣਾ ਚਾਹੁੰਦਾਂ ਉਹ ਤੂੰ ਆਹ ਨਕਲਾਂ-ਡਰਾਮੇ ਦੇਖ ਕੇ ਨਹੀਂ ਬਣ ਸਕਣਾ!... ਬੰਦਾ ਬਣਜਾ, ਜੇ ਮੈਂ ਤੈਨੂੰ ਮੁੜਕੇ ਨਕਲਾਂ-ਨੁਕਲਾਂ ਦੇਖਣ ਗਿਆ ਫੜ ਲਿਆ, ਫੇ ਆਪਣਾ ਸੁੱਝਦਾ ਵਿਚਾਰ ਲਈਂ, ਅੱਛਾ?"

ਭਾਵੇਂ ਮੇਰੇ ਬਾਪ ਦੀ ਜੁੱਤੀ 'ਦਸ ਨੰਬਰ' ਦੀ ਨਹੀਂ, ਸਗੋਂ ਨੌਂ ਨੰਬਰ ਦੀ ਸੀ। ਪਰ ਵਾਹਿਗੁਰੂ ਜਾਣਦਾ, ਮੈਂ ਮੁੜ ਕੇ ਨਕਲਾਂ ਦੇਖਣ ਨਹੀਂ ਗਿਆ ਕਦੇ! ਹੋਰ ਅਨੇਕਾਂ ਗ਼ਲਤੀਆਂ ਤਾਂ ਹੋਈਆਂ ਹੋਣਗੀਆਂ। ਕਿਉਂ ਜੀ? ਇਹ ਜ਼ਰੂਰੀ ਤਾਂ ਨਹੀਂ ਕਿ 'ਜੁੱਤੀਆਂ ਖਾ ਕੇ' ਹੀ ਅਕਲ ਆਉਂਦੀ ਹੈ। ਜਿਨ੍ਹਾਂ ਨੂੰ ਨਹੀਂ ਆਉਣੀ, ਉਨ੍ਹਾਂ ਨੂੰ ਛਿੱਤਰ-ਪਰੇਡ ਵੀ ਬਦਲ ਨਹੀਂ ਸਕਦੀ! ਲਓ ਲਗਦੇ ਹੱਥ ਛਿੱਤਰਾਂ ਸਬੰਧੀ ਇਕ ਹੋਰ ਵਚਿੱਤਰ-ਗਾਥਾ ਵੀ ਸੁਣ ਲਓ।

ਸਾਡੇ ਪਿੰਡ ਦਾ ਭਗਤੂ, ਜਿਸ ਨੂੰ ਅਸੀਂ ਚਾਚਾ ਕਹਿ ਕੇ ਬੁਲਾਉਂਦੇ ਹੁੰਦੇ ਸਾਂ, ਕਦੇ ਕਦੇ ਸਾਡੀ ਉਮਰ ਦੇ ਮੁੰਡਿਆਂ ਦੀ ਢਾਣੀ ਵਿਚ ਬਹਿ ਕੇ ਬੜੀਆਂ ਹਾਸੇ-ਮਸ਼ਕੂਲੇ ਦੀਆਂ ਗੱਲਾਂ ਸੁਣਾਉਂਦਾ ਰਹਿੰਦਾ ਸੀ। ਸਿੱਧ-ਪਧਰੇ ਜਿਹੇ ਸੁਭਾਅ ਵਾਲੀ ਅਤੇ ਚਿੱਟੀ ਅਨਪੜ੍ਹ ਉਸਦੇ ਘਰ ਵਾਲੀ ਕੰਢੀ ਇਲਾਕੇ ਦੇ ਕਿਸੇ ਪਿੰਡੋਂ ਸੀ। ਬਹੁਤਾ ਕਰਕੇ ਚਾਚਾ ਭਗਤੂ ਆਪਣੀ ਪਤਨੀ ਦੀ ਅਨਪੜ੍ਹਤਾ ਦੇ ਕਿੱਸੇ ਵਿਅੰਗਮਈ ਅੰਦਾਜ਼ ਵਿਚ ਸੁਣਾਉਂਦਾ ਹੁੰਦਾ ਸੀ। ਸਿਆਲਾਂ ਦੀ ਰੁੱਤੇ ਗੰਨੇ ਚੂਪਦਿਆਂ ਜਾਂ ਧੂਣੀ ਸੇਕਦਿਆਂ ਹੋਇਆਂ ਕੋਲ ਆਉਂਦਿਆਂ ਉਸ ਨੇ ਸਾਨੂੰ ਆਖਣਾ:

"ਉਏ ਪਾੜ੍ਹਿਓ, ਬੜੇ ਹੋ ਕੇ ਪੜ੍ਹੀਆਂ-ਲਿਖੀਆਂ ਕੁੜੀਆਂ ਨਾਲ ਵਿਆਹ ਕਰਵਾਇਓ! ਐਵੇਂ ਨਾ ਆਪਣੀ ਚਾਚੀ (ਉਸਦੀ ਪਤਨੀ) ਵਰਗੀ ਕੋਈ 'ਨਪੈਥਰ' ਗਲ਼ ਪਾ ਲਿਓ?" ਇਕ ਵਾਰ ਉਸ ਨੇ ਆਪਣੇ ਸਹੁਰੇ ਘਰ ਹੋਈ ਬੀਤੀ ਘਟਨਾ ਸੁਣਾਈ, "ਮੇਰਾ ਵਿਆਹ ਹੋਏ ਨੂੰ ਉਦੋਂ ਭੁੜ੍ਹ ਕੁ ਸਾਲ ਹੋਇਆ ਸੀ। ਇਕ ਦਿਨ ਤੁਹਾਡੀ ਚਾਚੀ ਕਹਿੰਦੀ ਕਿ ਮੇਰਾ ਪੇਕਿਆਂ ਨੂੰ ਜਾਣ ਲਈ ਦਿਲ ਕਰਦੈ। ਮੈਂ ਬੜੀ ਟੌਹਰ ਨਾਲ ਖੜਕਵਾਂ ਚਾਦਰਾ ਬੰਨ੍ਹਿਆ, ਸ਼ਮਲ੍ਹੇ ਵਾਲੀ ਪੱਗ ਬੰਨ੍ਹੀ, ਨਾਈ ਕੋਲੋਂ ਖਤ ਕਰਾਇਆ ਅਤੇ ਨਵੀਂ ਗੁਰਗਾਬੀ ਪੈਰੀਂ ਪਾ ਕੇ ਸਹੁਰਿਆਂ ਨੂੰ ਤੁਰ ਪਿਆ। ਤੁਹਾਡੀ ਚਾਚੀ ਨੇ ਵੀ ਰੰਗਲੀ ਦਾਤਣ ਮਲ ਕੇ ਨਵਾਂ ਸੂਟ ਪਾ ਲਿਆ। ਦੋ ਕੁ ਘੰਟਿਆਂ ਵਿਚ ਸਾਈਕਲ 'ਤੇ ਅਸੀਂ ਉਥੇ ਜਾ ਪਹੁੰਚੇ।

ਘਰੇ ਜਾ ਕੇ ਹਾਲੇ ਅਸੀਂ ਚਾਹ ਵਾਲੇ ਗਿਲਾਸ ਖਾਲੀ ਕਰਕੇ ਰੱਖੇ ਸਨ, ਕਿ ਤੁਹਾਡੀ ਚਾਚੀ ਲੱਗ ਪਈ ਮੇਰੀਆਂ ਸ਼ਿਕਾਇਤਾਂ ਲਾਉਣ ਆਪਣੇ ਭਰਾਵਾਂ ਕੋਲ। '..ਇਹ ਮੇਰੀ ਬਣੀ ਹੋਈ ਦਾਲ-ਸਬਜ਼ੀ 'ਚ ਨੁਕਸ ਦੱਸ ਕੇ ਮੇਰੇ ਚਪੇੜਾਂ ਮਾਰ ਦਿੰਦੇ... ਕਦੇ ਕਹਿੰਦਾ ਮੈਨੂੰ 'ਤੂੰ-ਤੂੰ' ਨਾ ਕਰਿਆ ਕਰ 'ਤੁਸੀਂ ਕਿਹਾ ਕਰ... ਲੀੜੇ ਜ਼ਰਾ ਨਾ ਨਿੱਖਰੇ ਹੋਣ ਤਾਂ ਮੈਨੂੰ ਕੁੱਟ ਦਿੰਦਾ...ਇਹਨੂੰ ਸਿੱਧਾ ਕਰੋ ਜ਼ਰਾ, ਵੀਰਾ!' ਮੈਂ ਸ਼ਰਮਿੰਦਾ ਜਿਹਾ ਹੁੰਦਿਆਂ ਇਧਰ-ਉਧਰ ਨੂੰ ਝਾਕਣ ਲੱਗ ਪਿਆ। ਉਹ ਮੇਰਾ ਗੋਡਾ ਹਲੂਣਦਿਆਂ ਬੋਲੀ- "ਹੁਣ ਐਧਰ-ਉਧਰ ਨੂੰ ਕਿਆ ਝਾਕਦੈਂ?... ਹੁਣ ਖਾਹ ਛਿੱਤਰ ਸਿੱਧਾ ਹੋ ਕੇ ਮੇਰੇ ਭਰਾਵਾਂ ਦੇ!"

# ਗੁਰੂ ਘਰ ਅਲ ਸਬਰਾਂਟੇ ਵਿਵਾਦ ਬਾਰੇ ਕੌੜਾ ਸੱਚ

ਵਾਹਿਗੁਰੂ ਜੀ ਕਾ ਖਾਲਸਾ।

ਵਾਹਿਗੁਰੂ ਜੀ ਕੀ ਫ਼ਤਹਿ॥

ਅਸੀਂ ਇਸ ਖ਼ਤ ਰਾਹੀਂ ਗੁਰੂ ਘਰ ਅਲ ਸਬਰਾਂਟੇ ਦੇ ਪ੍ਰਬੰਧ ਵਿਚ ਦਿਲਚਸਪੀ ਲੈਣ ਵਾਲੇ ਵੀਰਾਂ ਨੂੰ ਕੁਝ ਤੱਥਾਂ ਤੋਂ ਜਾਣੂੰ ਕਰਵਾਉਣਾ ਚਾਹੁੰਦੇ ਹਾਂ ਜਿਨ੍ਹਾਂ ਕਰਕੇ ਇਸ ਗੁਰੂ ਘਰ ਵਿਚ ਭੈੜਾ ਵਿਵਾਦ ਛਿੜਿਆ ਹੋਇਆ ਹੈ।

ਮੌਜੂਦਾ ਪ੍ਰਬੰਧਕ ਕਮੇਟੀ ਨੇ ਜੋ ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਦੀ ਉਲੰਘਣਾ ਕੀਤੀ ਹੈ, ਇਹ ਗੁਰਦੁਆਰਾ ਪ੍ਰਬੰਧ ਨੂੰ ਆਪਣੇ ਹੱਥ ਵਿਚ ਰੱਖਣ ਦੀ ਸੋਚੀ ਸਮਝੀ ਹੋਈ ਇਕ ਕੋਝੀ ਚਾਲ ਹੈ। ਪੰਜਾਂ ਸਿੰਘਾਂ ਦੀ ਚੋਣ ਲਈ ਸੰਗਤ ਦੇ ਦਿੱਤੇ ਬੇਨਤੀ ਪੱਤਰਾਂ ਨੂੰ ਨਜ਼ਰਅੰਦਾਜ਼ ਕਰਨਾ ਤੇ ਇਕ ਮੁਲਾਜ਼ਮ ਨੂੰ ਪੰਜਾਂ ਸਿੰਘਾਂ ਵਿਚ ਸ਼ਾਮਿਲ ਕਰਨਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਨੂੰ ਗੈਰ-ਕਾਨੂੰਨੀ ਸਾਬਤ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਪਰਚੀਆਂ ਕੱਢਣੀਆਂ ਗ਼ਲਤ ਨਹੀਂ ਹਨ ਪਰ ਇਨ੍ਹਾਂ ਪੰਜ ਪਰਚੀਆਂ ਦੀ ਚੋਣ ਵਿਚ ਪਰਚੀ ਤੇ ਲਿਖੇ ਹੋਏ ਨਾਉਂ ਵਾਲਾ ਇਕ ਸ਼ਖਸ ਵਿਵਾਦਗ੍ਰਸਤ ਹੈ। ਇਹ ਕਹਿਣਾ ਕਿ ਗੁਰਦੁਆਰਾ ਸਾਹਿਬ ਦਾ ਵਿਧਾਨ ਉਥੋਂ ਦੇ ਮੁਲਾਜ਼ਮਾਂ ਨੂੰ ਆਪਣੇ ਪ੍ਰਬੰਧਕ ਸੁਪਰਵਾਈਜ਼ਰ ਚੁਨਣ ਦਾ ਹੱਕ ਦਿੰਦਾ ਹੈ, ਨਾ ਸਿਰਫ ਅਤਿਕਥਨੀ ਹੀ ਹੈ ਬਲਕਿ ਅਜਿਹੀ ਦਲੀਲ ਕੈਲੀਫੋਰਨੀਆ ਸਟੇਟ ਦੇ ਟਰੱਸਟ ਕਾਨੂੰਨਾਂ 'ਤੇ ਵੀ ਇਕ ਕਰਾਰੀ ਚਪੇੜ ਹੈ। ਅਜਿਹੀਆਂ ਗੈਰਜ਼ਿੰਮੇਵਾਰ ਦਲੀਲਾਂ ਇਹ ਵੀ ਸਾਬਤ ਕਰਦੀਆਂ ਹਨ ਕਿ ਸਿੱਖ ਕੌਮ ਦੇ ਪ੍ਰਬੰਧਕ ਨੁਮਾਇੰਦੇ, ਅਮਰੀਕਨ ਕਾਨੂੰਨ ਦੀਆਂ ਧੱਜੀਆਂ ਉਡਾਉਣੀਆਂ ਸਿੱਖ ਕੌਮ ਦਾ ਸਖ਼ਸ਼ੀ ਗੁਣ ਸਮਝਦੇ ਹਨ।

ਅਲ ਸਬਰਾਂਟੇ ਗੁਰਦੁਆਰਾ ਸਾਹਿਬ ਦੇ ਵਿਵਾਦ ਦਾ ਸਹੀ ਹੱਲ, ਗੁਰਦੁਆਰਾ ਪ੍ਰਬੰਧ ਨੂੰ ਗੁਰਦੁਆਰਾ ਸਾਹਿਬ ਦੇ ਲਿਖੇ ਹੋਏ ਵਿਧਾਨ ਅਨੁਸਾਰ ਚਲਾਉਣਾ ਹੈ। ਪ੍ਰਬੰਧਕ ਕਮੇਟੀ ਦੀ ਨਵੀਂ ਚੋਣ ਅਜਿਹੇ ਅਨੁਸਾਸ਼ਨਹੀਣ ਸ਼ੋਰ ਸ਼ਰਾਬੇ ਦਾ ਇੱਕੋ ਹੀ ਹੱਲ ਹੈ।

ਕੁਝ ਦਿਨਾਂ ਦੀ ਗੱਲ ਹੈ ਕਿ ਬੇ-ਏਰੀਏ ਤੋਂ ਛਪਦੇ ਇਕ ਪੰਜਾਬੀ ਅਖਬਾਰ ਵਲੋਂ ਨਾ ਸਿਰਫ ਅਲ ਸਬਰਾਂਟੇ ਦੀ ਸੰਗਤ ਦੀ ਸ਼ਿਕਾਇਤ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ, ਬਲਕਿ ਆਪਣੀ ਸੋਚੀ-ਸਮਝੀ ਧੜੇਬਾਜ਼ੀ ਵਾਲੀ ਆਵਾਜ਼ ਨੂੰ ਬੁਲੰਦ ਕਰਕੇ ਆਪਣੇ ਪਾਸੇ ਦੇ ਸਮਝੌਤਾਵਾਦੀ ਹੱਲ ਦੀ ਪ੍ਰੋੜਤਾ ਵੀ ਕੀਤੀ ਗਈ। ਉਮੀਦ ਹੈ ਕਿ ਅਖ਼ਬਾਰੀ ਮਾਧਿਅਮ ਰਾਹੀਂ ਕਿਸੇ ਵੀ ਮਾਮਲੇ ਨੂੰ ਨਿਧੜਕ ਹੋ ਕੇ ਸੱਚਾਈ ਦੇ ਤੱਥਾਂ ਨੂੰ ਹੀ ਪੇਸ਼ ਕੀਤਾ ਜਾਵੇ।

ਇਹ ਅਖਬਾਰ ਹਰ ਵਾਰ ਗੁਰਦੁਆਰਾ ਫਰੀਮਾਂਟ ਅਤੇ ਸੈਨ ਹੋਜ਼ੇ ਦੀਆਂ ਚੋਣਾਂ ਵੇਲੇ ਕਈ ਮਹੀਨੇ ਵੱਡੀਆਂ ਸੁਰਖੀਆਂ ਦੇ ਕੇ ਆਪਣੇ ਕਾਬਜ਼ ਧੜੇ ਦੀਆਂ ਦਲੀਲਾਂ ਨੂੰ ਚਮਕਾਉਣ ਵਿਚ ਕਿਸੇ ਧਿਰ ਤੋਂ ਪਿੱਛੇ ਨਹੀਂ ਰਿਹਾ। ਇਨ੍ਹਾਂ ਖੁਦ ਕਦੇ ਵੀ ਗੁਰਦੁਆਰਾ ਫਰੀਮਾਂਟ ਤੇ ਸੈਨ ਹੋਜ਼ੇ ਵਿਚ ਸੁਲਾਹ-ਸਫਾਈ ਵਾਲੀ ਗੱਲ 'ਤੇ ਜ਼ੋਰ ਨਹੀਂ ਦਿੱਤਾ। ਹਮੇਸ਼ਾ ਇਕਪਾਸੜ ਖ਼ਬਰਾਂ ਛਾਪੀਆਂ ਹਨ। ਕਹਿਣ ਦੀ ਲੋੜ ਨਹੀਂ ਕਿ ਇਸ ਤਰ੍ਹਾਂ ਕਦੀ ਵੀ ਸਾਂਝੀਵਾਲਤਾ ਵਾਲੇ ਮੁੱਦੇ ਨੇਪਰੇ ਨਹੀਂ ਚੜ੍ਹ ਸਕਦੇ।

ਅਸੀਂ ਗੁਰਦੁਆਰਾ ਅਲ ਸਬਰਾਂਟੇ ਦੀ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਉਹ ਨਵੀਂ ਪ੍ਰਬੰਧਕ ਕਮੇਟੀ ਦੀ ਦੁਬਾਰਾ ਚੋਣ ਕਰਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿਚ ਜ਼ਰੂਰੀ ਸੁਧਾਰ ਦਾ ਮੁੱਢ ਬੰਨ੍ਹੇ।

***ਭਾਈ ਅਮਰਜੀਤ ਸਿੰਘ,***
***707-246-6986***
***ਭਾਈ ਗੁਰਦਿਆਲ ਸਿੰਘ,***
***707-554-4087***

ਪਾਠਕਾਂ ਦੀ ਰਾਏ

# REMEMBRANCE OF THE DISAPPEARED

## the light for justice in Punjab still shines bright



## ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਦੀ 15ਵੀਂ ਵਰ੍ਹੇਗੰਢ

### ਲਾਪਤਾ ਕਰ ਦਿਤੇ ਗਿਆਂ ਨੂੰ ਚੇਤੇ ਕਰਦਿਆਂ

**September 4th • 10AM—5PM**

***Youth Workshops & Discussion***

**September 5th • 10AM—3PM**

***Kirtan Diwan, Movie & Panthic Vichar***

**Gurdwara Sahib West Sacramento**
**2301 Evergreen Avenue • West Sacramento, CA 95691**

***SPEAKERS INCLUDE:***
- » **Navkiran Kaur Khalra,** *Daughter of S. Jaswant Singh Khalra*
- » **Harinder Singh,** *Sikh Research Institute*
- » **Naindeep Singh,** *Jakara Movement*

*I know that if there is to be any hope for Punjab and all of South Asia, there has to be a resurgence of that spirit for freedom and the courage of conviction, embodied by my late son*
—Kartar Singh (father of S. Jaswant Singh Khalra)

*As a leading human-rights activist, S. Jaswant Singh Khalra investigated the thousands of "disappearances" of innocent Sikhs by the Indian State armed forces. Men, women, and children were secretly arrested, tortured during interrogation, and murdered in custody, without ever a conveyance of the death to the family. Khalra led the efforts to begin the process of documenting those victims. Finding 2,100 people killed and made to 'disappear' in one district in Punjab alone, he estimated state-wide the number may have been as large as 25,000.*

*Despite death threats by Indian state officials to desist from his search for truth, Khalra never waivered. On the morning of September 6, 1995, Khalra was abducted in full-view of witnesses from his home and made to 'disappear.' Later a police officer confirmed that Khalra was brutally tortured in custody, before being shot dead and left in a canal. Today, his family continues S. Jaswant Singh Khalra's legacy in promoting life, human rights, and liberty throughout South Asia.*



**Organized by:**
**Ensaaf • Jakara Movement • Sikh Information Centre • Sikh Research Institute • Sikh Sangat of Sacramento**
**For more info, please contact: 1-888-551-SIKH • khalramission.org@gmail.com**

Entry Free

'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'

Entry Free

# PUNJABI CULTURAL SOCIETY SACRAMENTO (U.S.A.)

ਪੇਸ਼ ਕਰਦੀ ਹੈ

# ਤੀਆਂ

# TEEYAN



## On Sunday, the 15th AUGUST 2010 At 1.00 P. M.

## AT S.E.S. Hall

10427 E. STOCKTON BLVD. ELK GROVE, CA 95624

Featuring : Songs, Gidha, Dances, Skits, D.J. and Much More

ALL LADIES AND GIRLS ARE INVITED

ORGANIZING COMMITTEE

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Parmjeet Sandhu, Balbir Pooni, Surinder Chahal, Gujan Aulkh, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Kuldeep Banwait & Mandeep Pharwala

New Attraction:
Miss Teeyan Contest
Age 14-20
Call To Participate

For Participation & Stalls Please Call :

Mandeep Pharwala @ 916-682-7321, Rashpal Parhar @ 730-7191, Baldev Kaur @ 996-2010, Email: palpharwala@yahoo.com

ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।

ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ


SAI PRODUCTIONS PRESENTS
www.saiproductions.ca
presents
National Sponsors
dish NETWORK
GURDAS MAAN LIVE IN CONCERT
VIP & VVIP SOLD OUT
BAKERSFIELD SHOW
VIRSA ENTERTAINMENT GROUP
07 AUG 2010
BAKERSFIELD, CA
RABOBANK CONVENTION CENTER
1001 TRUXTUN AVE, BAKERSFIELD, CA - 93301
PINDER DHILLON – 661-301 7870
BALBIR SHERGILL – 661-205-1616
www.rabobankarena.com
08 AUG 2010
LOS ANGLES, CA
REDONDO BEACH PERFORMING
1935 MANHATTAN BEACH BOULEVARD, CA - 90278
NEEMA'S SARI – 562-860-1135 KAMAL SINGH -661-210-8984
Ticket Price : $39, $49, $59, $69, $79 (J-O), VIP $100 (G-I), VIP $125 (D-F), VVIP (A-D)
For VVIP Info Call at 661-319-7427
ਪੰਜਾਬੀਆਂ ਦਾ ਮਾਣ
ਗੁਰਦਾਸ ਮਾਨ
LIVE IN CONCERT
Gurdas Maan
jus punjabi
Quik Signs 661-703-8795 * 661-900-7357
Saturday, August 7, 2010 @ 7:00 pm
Rabobank Convention Center 1001 Truxtun Ave, Bakersfield CA 93301
For Sponsorship, Booth, Tickets & More Info Call : 661-319-7427, 661-301-7870, 510-557-9670
VVIP, VIP, $75, $55, $35, $25 Children Under 3 Free (No Seat) @ ticketmaster & Box Office
SPONSORS FOR BAKERSFIELD CA SHOW
PLATINUM SPONSORS
Gurcharan Singh Dhillon
(Dhillon Farms)
Parmjit S. Dosanjh
(Dosanjh Borthers)
Raj Dillon
(Dillon Healthcare Consultants)
Pal. S. Chadha
(Chadha Construction & Remodeling)
DIAMOND SPONSOR
• Balwant Singh Braich • Balbir Singh Shergill
• Baljit Singh Nirwaan • Palvinder Singh Shergill
• Nirmal Singh Chandi • Narinder Dosanjh
• Pinder Singh Dhillon • Majer Singh
• Babbu Gurpal • Dr. Mushtaq Ahmed
GOLD SPONSORS
• Balbir Singh
• Dr. Paramvir Singh Rahal
• Amar Mohammed
• Vikram Reddy
• Hero Singh
• B & B Travel & Registration
• Michael Flooring Inc.
• Sukhpal Singh
SILVER SPONSOR
Sukhmander Singh Samra, Sukhvir Johal & Manmohan Singh (Roadliner Express), Dr. Ajitpal Tiwana, Dr. Bhambi, Amrik Singh Atwal, Bir Singh Dhillon (Sikh Farms) Kamal Gill (Panama Pharmacy), Royal Truck Wash (Anant) Parmjit Sidhu (Real Estate Developer), Gamdoor Singh Gill, Balbir Singh (Armaan Palace)
Respectable Supporters
Lalla Gillson, Vinod Kamboj, Dr. Mukand Singh Sandhu, Dr. Micheal Fassett, Daljit Singh Bhutto, balwinder Singh Brar, Hardip Singh Virk, H &H Chevron, Gurkaran Singh, Sukhvir Singh Dhillon, Rishi Challana, Manmit Singh & Tanjit Singh (Quik Signs)
PUNJABI AMERICAN SENIOR CITIZEN CENTER OF BAKERSFIELD - CA
CATERING BY MALHI'S INDIAN CUISINE
Tickets Available @ All India Sweets & Spices (Wible Rd. & Panama Ln.) A-I Groceries (Wible Rd.), Simran Groceries Hughes Ln. & Amar Mohammed Insurance Services


## Apna Punjab Association
## & Indo American Cultural Org., Bay Area

*Presents*

# ਪੰਜਾਬ ਮੇਲਾ

**August, 28 th, 2010 • 8:00 AM to 7:00 PM**

Calstate University • 25800 Carlos Bee Blvd., Hayward, CA 94542



**ਕਬੱਡੀ ਓਪਨ** **ਅੰਡਰ 21 ਅਤੇ ਵਾਲੀਬਾਲ**

Singer **Sarabjit Cheema**

And **Local Artists**

**Gadar Movement Exibition & Bhangra/Gidha Competition**

Free Food (Langar) sponsored by our sponsors - ਛੋਲੇ ਭਠੂਰੇ, ਗਰਮਾ ਗਰਮ ਜਲੇਬੀਆਂ ਅਤੇ ਹੋਰ ਬਹੁਤ ਕੁਝ

*Guest Singer* *Stage*



Manki



Asha Sharma

**Punjab Mela Executive Commitee**

Kashmir Singh Dhugga (Chairman) 510-816-9044
Manjit Gill (Vice Chairman) 510-415-2368
Jaswant Sra (President) 510-715-9017
Avtar Singh Tari (President) 510-750-5152
Santokh S. Takhar (Vice President) 510-755-3607
Darshan Aujla (Secretary) 510-750-6116
Mehnga S. Sarpanch (Secretary) 510-755-0767
Manjit Singh Virk (Treasurer) 510-676-8992
Dr. Harbhajan Phull 510-206-6808
Kanwaljit Atwal 510-750- 4303
Surjit Sandhu

www.apnapunjabusa.com

**Event Contact**

(Kabaddi) Darshan Aujla 510-750-6116 or Jaswant Sra 510-915-9017, (Volley Ball) Santokh Takhar 510-755-3607, (Bhangra/Gidha) Kashmir Dhuga 510-816-9044 or Manjeet Virk 510-676-8992

**Sponsors:**
Gill Financial & Insurance Services
Kash Fabrics
Four Way Trucking
Fairway Auto Body Shop
R.D. Express
S.S. Trucking
Jeet Bazar
Mountain Mike Pizza
Kulwant Nijjar

Lots of family activities, booths, food, entertainment and shopping, bhangra, gidha, international & local singers, exibitions of gadar movement, kooka movement, namdhari movement, sikh history&freedom fighters.

**ਇਨ੍ਹਾਂ ਖੇਡ ਮੁਕਾਬਲਿਆਂ ਨੂੰ ਵੇਖਣ ਲਈ ਸਮੂਹ ਭਾਈਚਾਰੇ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ।**

**For Sponsorship & Booths contact Manjit Gill, Ph: 510-415-2368**

# ਸੰਨੀ ਦਿਓਲ ਵਲੋਂ ਫਿਲਮ 'ਗੁਰੂ ਮਾਨਿਓ ਗ੍ਰੰਥ' ਦੀ ਸ਼ਲਾਘਾ

**ਸੈਕਰਾਮੈਂਟੋ:** ਹਿੰਦੀ ਫਿਲਮਾਂ ਦੇ ਸੁਪਰ ਸਟਾਰ ਸੰਨੀ ਦਿਓਲ ਇਨ੍ਹੀਂ ਦਿਨੀਂ ਅਮਰੀਕਾ ਦੇ ਦੌਰੇ 'ਤੇ ਹਨ। ਆਪਣੇ ਇਸ ਦੌਰੇ ਦੌਰਾਨ ਉਹ ਆਪਣੇ ਪਰਿਵਾਰਕ ਮਿੱਤਰ ਅਤੇ ਕਾਨੂੰਨੀ ਸਲਾਹਕਾਰ ਜਸਪ੍ਰੀਤ ਸਿੰਘ ਅਟਾਰਨੀ ਨੂੰ ਵੀ ਵਿਸ਼ੇਸ਼ ਤੌਰ 'ਤੇ ਮਿਲਣ ਲਈ ਪਹੁੰਚੇ। ਸੰਨੀ ਦਿਓਲ ਨਾਲ ਇਸ ਸਮੇਂ ਉਸ ਦੇ ਮਾਤਾ ਬੀਬੀ ਪ੍ਰਕਾਸ਼ ਕੌਰ ਦਿਓਲ ਅਤੇ ਨਿਜੀ ਸਹਾਇਕ ਨਵਨੀਤ ਚੌਹਾਨ ਵੀ ਹਾਜ਼ਰ ਸਨ।

ਸ੍ਰੀ ਸੰਨੀ ਦਿਓਲ ਅਤੇ ਬੀਬੀ ਪ੍ਰਕਾਸ਼ ਕੌਰ ਨੇ ਅਟਾਰਨੀ ਜਸਪ੍ਰੀਤ ਸਿੰਘ ਵਲੋਂ ਬਣਾਈ ਜਾ ਰਹੀ ਫਿਲਮ ਗੁਰੂ ਮਾਨਿਓ ਗ੍ਰੰਥ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬੀ ਵਿਚ ਅਜਿਹੀਆਂ ਹੋਰ ਫਿਲਮਾਂ ਵੀ ਬਣਨੀਆਂ ਚਾਹੀਦੀਆਂ ਹਨ। ਇਥੇ ਜ਼ਿਕਰਯੋਗ ਹੈ ਕਿ ਇਸ ਫਿਲਮ ਵਿਚ ਸੰਨੀ ਦਿਓਲ ਦੇ ਪਿਤਾ ਆਪਣੇ ਸਮੇਂ ਦੇ ਸੁਪਰ ਸਟਾਰ ਧਰਮਿੰਦਰ ਨੇ ਵੀ ਕੰਮ ਕੀਤਾ ਹੈ। ਫਿਲਮ ਦੀ ਸ਼ੂਟਿੰਗ ਪੂਰੀ ਹੋ ਚੁਕੀ ਹੈ ਅਤੇ ਇਹ ਅਕਤੂਬਰ ਮਹੀਨੇ ਰਿਲੀਜ਼ ਕੀਤੀ ਜਾਏਗੀ।

ਇਸ ਮੌਕੇ ਸੰਨੀ ਦਿਓਲ ਨੇ ਦੱਸਿਆ ਕਿ ਫਿਲਮ 'ਯਮਲਾ ਪਗਲਾ ਦੀਵਾਨਾ' ਦੀ ਸ਼ੂਟਿੰਗ ਖਤਮ ਹੋ ਚੁਕੀ ਹੈ ਅਤੇ ਇਹ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗੀ।
















PUNJABI SANGEET GROUP
Bakersfield Ca
ਬੜੇ ਮਾਣ ਨਾਲ ਪੇਸ਼ ਕਰਦੇ ਹਨ
Sarabjit Cheema
Satinder Satti
Feroz Khan
Jassi from Zee TV
Sunday, Sep 19, 2010 @ 7:00 pm
@ PARADISE PALACE
1440 Weedpatch Hwy, Bakersfield CA
For Sponsorship & More Info. Please Call
ਮਹਿੰਦਰ ਸਿੰਘ ਧਾਲੀਵਾਲ 661.932.3772
ਗੁਰਮੀਤ ਸਿੰਘ ਪ੍ਰਧਾਨ 661.717.2896
ਨਾਜ਼ਰ ਸਿੰਘ ਕੂਨਰ 661.303.1313
ਰੁਪਿੰਦਰ ਸਿੰਘ ਝੱਜ 661.703.5368
ਗੁਰਸ਼ਰਨ ਸਿੰਘ ਗਰੇਵਾਲ 661.496.4927
ਹਾਕਮ ਸਿੰਘ ਜੱਸਲ 661.205.5200
ਸੁਰਜੀਤ ਧਾਲੀਵਾਲ 661.703.5618
ਮੰਗਲ ਸਿੰਘ ਸਰਪੰਚ 661.303.5107
ਤਰਮਿੰਦਰ ਸਿੰਘ ਧਰਮਾ 661.330.7760
ਜੋਬਨਜੀਤ ਸਿੰਘ ਬੌਬੀ 661.808.7181

# DR. HARMESH KUMAR OF SABH FOUNDATION PROUDLY PRESENTS

Tickets
$29, $39, $49, $75, VIP, VVIP




## GRAND SPONSORS

**TAJ RANDHAWA**
Commercial Realtor-RemaxGold
(for all your Commercial/Business
Needs to buy or sell
(LIC # 01495361)
559-259-4247

**VOHRA BROTHERS**
Fast n Esy Group
(Gas Station/Liquor Stores)
Viney Vohra
559-213-0462
Vikram Vohra
559-213-0459

## SPONSORED & SUPPORTED BY:

Dr. Kuldip Thusu
Dr. Pedro Eva
Dr. Paramjit Sandhu
Valley Wide Beverages Distributors (Fresno, CA)
Donaghey Sales (Fresno, CA)
Coca Cola (Fresno, CA)
Pepsi Cola (Fresno, CA)
Narinder Sahota
(Central Valley Engg. & Surveying)
559-891-8811
Paul Dhaliwal
Amrit Dhaliwal
Mickey Sra
Taj Mahal Photography
Sukhbir Bhandal
Remax Gold
(for all kind of Real Estate needs)
Jim Mueller (Borrego Springs Bank)
for all kinds of commercial Loans needs
559-230-1330
TJ (Express Graphics)
Jaswinder Singh
(New India Sweets & Spices)
Paul Sihota (Royal Express)
Nijjar Brothers (Madera)
Pritam Pasla (Liquor King)
Avtar Gill & Harry Gill
(Gill Insurance)
Realty World
(Dany Singh & Harpreet Bali)
Sudarshan Sharma
Royal India Market &
Royal Fabrics
Pritam Gill (A-1 Realty)
Balraj Brar
Charanjit Bath

## MARKETING CONSULTANT

Jai Singh

# Saroyan Theatre

**700 M Street • Fresno, CA 93721**

## Saturday August 28, 2010 at 7:30 PM

## Fundraiser show for South Asian Seniors Home

**For Sponsorship, Tickets and other Info. Call:**
Dr. Harmesh Kumar: 408-821-9325, Taj Randhawa: 559-259-4247,
Viney Vohra: 559-213-0462, Dilbag Banger: 559-940-2500,
Sukhi Gill: 559-472-8680, Aditi Khullar: 510-610-0750


Attorney Harjot Ginny Walia, Legal Advisor for Gurdas Maan, Tel: (800)-598-0716

# ਕਸ਼ਮੀਰ ਦੇ ਸਿੱਖਾਂ ਵਲੋਂ ਸ਼੍ਰੋਮਣੀ ਕਮੇਟੀ ਨੂੰ ਸੁਰੱਖਿਆ ਲਈ ਅਪੀਲ

**ਅੰਮ੍ਰਿਤਸਰ:** ਕਸ਼ਮੀਰ ਵਾਦੀ ਦੇ ਜ਼ਿਲ੍ਹਾ ਪੁਲਵਾਮਾ ਦੇ ਦੋ ਪਿੰਡਾਂ ਗੰਡਪੁਰਾ ਅਤੇ ਜੀਵਰ ਵਿਚ ਦੋ ਸਿੱਖ ਨੌਜਵਾਨਾਂ ਦੇ ਕੇਸ ਕਤਲ ਕਰਕੇ ਉਨ੍ਹਾਂ ਨੂੰ ਧਰਮ ਪਰਿਵਰਤਨ ਕਰਨ ਲਈ ਮਜਬੂਰ ਕਰਨ 'ਤੇ ਇਥੋਂ ਦੇ ਸਿੱਖ ਭਾਈਚਾਰੇ ਵਿਚ ਰੋਸ ਫੈਲ ਗਿਆ ਹੈ। ਵਾਦੀ ਵਿਚ ਵਸਦੇ ਸਿੱਖ ਭਾਈਚਾਰੇ ਨੇ ਸਿੱਖ ਜਥੇਬੰਦੀਆਂ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਦਿੱਲੀ ਕਮੇਟੀ ਸਮੇਤ ਹੋਰਨਾਂ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਵਿਚ ਆਪਣਾ ਅਸਰ ਰਸੂਖ ਵਰਤ ਕੇ ਉਥੇ ਰਹਿ ਰਹੇ ਸਿੱਖਾਂ ਦੀ ਜਾਨ-ਮਾਲ ਅਤੇ ਬਹੂ-ਬੇਟੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਵਾਦੀ ਦੇ ਸਿੱਖਾਂ ਨੂੰ ਆਖਿਆ ਕਿ ਲੋੜ ਪੈਣ 'ਤੇ ਉਹ ਆਪਣੇ ਬੱਚੇ ਅਤੇ ਪਰਿਵਾਰ ਕੁਝ ਸਮੇਂ ਲਈ ਇਥੇ ਭੇਜ ਸਕਦੇ ਹਨ। ਇਸ ਸਬੰਧੀ ਲੋੜੀਂਦੇ ਪ੍ਰਬੰਧ ਸ਼੍ਰੋਮਣੀ ਕਮੇਟੀ ਵਲੋਂ ਕੀਤੇ ਜਾਣਗੇ।ਇਸ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਜਾਇਜ਼ਾ ਲੈਣ ਲਈ ਇਕ ਟੀਮ ਵੀ ਜੰਮੂ ਕਸ਼ਮੀਰ ਵਿਚ ਭੇਜੀ ਗਈ ਹੈ।

ਜ਼ਿਲ੍ਹਾ ਪੁਲਵਾਮਾ ਦੇ ਪਿੰਡ ਮੋਗਾਮਾ ਵਿਚ ਬੀਤੀ 30 ਜੁਲਾਈ ਦੀ ਸ਼ਾਮ ਸਿੱਖ ਭਾਈਚਾਰੇ ਦੀ ਹੋਈ ਇਕੱਤਰਤਾ ਬਾਰੇ ਜਾਣਕਾਰੀ ਦਿੰਦਿਆਂ ਸਿੱਖ ਆਗੂ ਕੁਲਵੰਤ ਸਿੰਘ ਤਰਾਲੀ ਨੇ ਦੱਸਿਆ ਕਿ 13 ਜੁਲਾਈ ਤੋਂ ਬਾਅਦ ਇਥੇ ਬਹੁ-ਗਿਣਤੀ ਫਿਰਕੇ ਵਲੋਂ ਸਿੱਖ ਬੱਚਿਆਂ ਅਤੇ ਨੌਜਵਾਨਾਂ ਨੂੰ ਬੇਲੋੜਾ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸੇ ਤਹਿਤ ਹੀ 28 ਜੁਲਾਈ ਨੂੰ ਪਿੰਡ ਜੀਵਰ ਦੇ ਸਿੱਖ ਨੌਜਵਾਨ ਮਿਥਨ ਸਿੰਘ ਜੋ ਨੌਕਰੀ ਤੋਂ ਪਰਤ ਰਿਹਾ ਸੀ, ਦੀ ਮਾਰ-ਕੁਟਾਈ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਬਹੁ-ਗਿਣਤੀ ਫਿਰਕੇ ਦੇ ਲੋਕਾਂ ਨੇ ਸਿੱਖ ਨੌਜਵਾਨ ਨੂੰ ਕਸ਼ਮੀਰ ਦੀ ਆਜ਼ਾਦੀ ਲਈ ਨਾਅਰੇ ਲਾਉਣ ਵਾਸਤੇ ਮਜਬੂਰ ਕੀਤਾ। ਇਸ ਤੋਂ ਬਾਅਦ ਉਸਨੂੰ ਕਲਮਾ ਪੜ੍ਹਨ ਲਈ ਵੀ ਮਜਬੂਰ ਕੀਤਾ ਗਿਆ। ਉਸ ਵਲੋਂ ਨਾਂਹ ਕਰਨ 'ਤੇ ਉਸਦੀ ਮਾਰ-ਕੁਟਾਈ ਕਰਦਿਆਂ ਕੇਸ ਕਤਲ ਕਰ ਦਿੱਤੇ ਅਤੇ ਅੱਧ-ਮਰਿਆ ਕਰਕੇ ਛੱਡ ਗਏ। ਬਾਅਦ ਵਿਚ ਉਹ ਸੀ.ਆਰ.ਪੀ.ਐਫ. ਦੇ ਕੈਂਪ ਵਿਚ ਪਹੁੰਚਿਆ। ਫੋਰਸ ਦੇ ਅਧਿਕਾਰੀਆਂ ਨੇ ਉਸਨੂੰ ਗੁਰਦੁਆਰਾ ਅਵੰਤੀਪੁਰ ਵਿਖੇ ਪਹੁੰਚਾਇਆ। ਇਸੇ ਤਰ੍ਹਾਂ ਦੀ ਘਟਨਾ ਪਿੰਡ ਗੰਡਪੁਰਾ ਤਰਾਲ ਦੇ 13 ਸਾਲਾ ਸ਼ੁੱਗੁ ਸਿੰਘ ਨਾਲ ਵਾਪਰੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਘਟਨਾਵਾਂ ਤੋਂ ਬਾਅਦ ਬੀਤੇ ਦਿਨੀਂ ਸਿੱਖ ਭਾਈਚਾਰੇ ਵਲੋਂ ਗੁਰਦੁਆਰਾ ਅਵੰਤੀਪੁਰ ਵਿਖੇ ਰੋਸ ਪ੍ਰਗਟਾਵਾ ਕੀਤਾ ਗਿਆ ਸੀ ਅਤੇ ਸਰਕਾਰ ਤੋਂ ਨਿਆਂ ਦੀ ਮੰਗ ਕੀਤੀ ਗਈ ਸੀ। ਇਸ ਰੋਸ ਪ੍ਰਗਟਾਵੇ ਤੋਂ ਬਾਅਦ ਬਹੁ-ਗਿਣਤੀ ਫਿਰਕੇ ਵਲੋਂ ਮੁੜ ਭੜਕਾਹਟ ਵਾਲੀ ਕਾਰਵਾਈ ਕੀਤੀ ਗਈ ਹੈ, ਜਿਸ ਕਾਰਨ ਉਥੇ ਰਹਿੰਦੇ ਸਿੱਖ ਭਾਈਚਾਰੇ ਵਿਚ ਡਰ ਵਾਲਾ ਮਾਹੌਲ ਹੈ।

ਉਨ੍ਹਾਂ ਦੱਸਿਆ ਕਿ ਇਸ ਵੇਲੇ ਕਸ਼ਮੀਰ ਵਾਦੀ ਦੇ 6 ਜ਼ਿਲ੍ਹਿਆਂ ਵਿਚ 70 ਤੋਂ 80 ਹਜ਼ਾਰ ਦੀ ਗਿਣਤੀ ਵਿਚ ਸਿੱਖ



ਵਸੋਂ ਹੈ। ਅੱਜ-ਕੱਲ੍ਹ ਉਥੇ ਹੜਤਾਲ ਅਤੇ ਕਰਫਿਊ ਵਾਲੀ ਸਥਿਤੀ ਕਾਰਨ ਸਿੱਖ ਭਾਈਚਾਰੇ ਦਾ ਇਕੱਠੇ ਹੋਣਾ ਵੀ ਮੁਸ਼ਕਲ ਹੈ। ਉਨ੍ਹਾਂ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਵਾਦੀ ਵਿਚ ਵਸਦੇ ਸਿੱਖ ਭਾਈਚਾਰੇ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

ਇਸ ਦੌਰਾਨ ਸ੍ਰੀ ਮੱਕੜ ਨੇ ਦੱਸਿਆ ਕਿ ਜੰਮੂ ਅਤੇ ਕਸ਼ਮੀਰ ਸੂਬੇ ਦੇ ਮੁੱਖ ਮੰਤਰੀ ਨੂੰ ਇਸ ਸਬੰਧੀ ਲਿਖੇ ਪੱਤਰ ਦਾ ਉਤਰ ਆਇਆ ਹੈ, ਜਿਸ ਵਿਚ ਮੁੱਖ ਮੰਤਰੀ ਨੇ ਸਿੱਖਾਂ ਦੀ ਜਾਨ-ਮਾਲ ਦੀ ਸੁਰੱਖਿਆ ਦਾ ਭਰੋਸਾ ਦਿੱਤਾ ਅਤੇ ਜਲਦੀ ਹੀ ਇਸ ਸਬੰਧੀ ਗੱਲਬਾਤ ਲਈ ਸਮਾਂ ਨਿਰਧਾਰਤ ਕਰਨ ਲਈ ਕਿਹਾ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਗੱਲਬਾਤ ਕੀਤੀ ਹੈ ਅਤੇ ਸ੍ਰੀ ਬਾਦਲ ਵਲੋਂ ਵੀ ਯੋਗ ਪ੍ਰਬੰਧ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਸ੍ਰੀ ਮੱਕੜ ਨੇ ਉਥੋਂ ਦੇ ਬਹੁ-ਗਿਣਤੀ ਮੁਸਲਿਮ ਭਾਈਚਾਰੇ ਨੂੰ ਵੀ ਅਪੀਲ ਕੀਤੀ ਕਿ ਸਿੱਖ ਭਾਈਚਾਰੇ ਵਲੋਂ ਕਸ਼ਮੀਰ ਦੀ ਤਰੱਕੀ ਲਈ ਪਾਏ ਯੋਗਦਾਨ ਨੂੰ ਧਿਆਨ ਵਿਚ ਰੱਖਦਿਆਂ ਉਥੇ ਸ਼ਾਂਤੀ ਕਾਇਮ ਰੱਖੀ ਜਾਵੇ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨੇ ਦੱਸਿਆ ਕਿ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਦੇ ਆਦੇਸ਼ਾਂ ਅਨੁਸਾਰ, ਉਨ੍ਹਾਂ ਦੇ ਸਿਆਸੀ ਸਲਾਹਕਾਰ ਦਵਿੰਦਰ ਸਿੰਘ ਰਾਣਾ ਵਲੋਂ ਇਸ ਸਬੰਧੀ ਪੱਤਰ ਭੇਜ ਕੇ ਸ਼੍ਰੋਮਣੀ ਕਮੇਟੀ ਨੂੰ ਉਥੇ ਰਹਿੰਦੇ ਸਿੱਖ ਭਾਈਚਾਰੇ ਦੀ ਸੁਰੱਖਿਆ ਦਾ ਯਕੀਨ ਦੁਆਇਆ ਹੈ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰਕੇ ਕਮੇਟੀ ਮੈਂਬਰਾਂ ਨੂੰ ਪ੍ਰਭਾਵਤ ਇਲਾਕੇ 'ਚ ਭੇਜ ਦਿੱਤਾ ਹੈ।

ਇਸ ਪੜਤਾਲੀਆ ਕਮੇਟੀ ਵਿਚ ਸ਼ਾਮਲ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ, ਵਧੀਕ ਸਕੱਤਰ ਰੂਪ ਸਿੰਘ ਅਤੇ ਸਤਬੀਰ ਸਿੰਘ ਨੇ ਦੱਸਿਆ ਕਿ ਅਸੀਂ ਜੰਮੂ-ਕਸ਼ਮੀਰ ਦੇ ਪ੍ਰਭਾਵਤ ਇਲਾਕਿਆਂ ਦਾ ਦੌਰਾ ਕਰਕੇ ਵਾਪਰੀ ਘਟਨਾ ਦੀ ਸਚਾਈ ਜਾਣਨ ਦੀ ਕੋਸ਼ਿਸ਼ ਕਰਾਂਗੇ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਅਸੀਂ ਲੋਕਲ ਪੁਲਿਸ ਤੇ ਪ੍ਰਭਾਵਤ ਸਿੱਖਾਂ ਨੂੰ ਮਿਲਣ ਤੋਂ ਇਲਾਵਾ ਮੁਸਲਿਮ ਭਾਈਚਾਰੇ ਦੇ ਕੁਝ ਨੁਮਾਇੰਦਿਆਂ ਨੂੰ ਮਿਲ ਕੇ ਟੁੱਟ ਰਹੀ ਸਿੱਖ-ਮੁਸਲਮਾਨ ਏਕਤਾ ਨੂੰ ਬਰਕਰਾਰ ਰੱਖਣ ਦੀ ਅਪੀਲ ਕਰਾਂਗੇ।

ਚੇਤੇ ਰਹੇ ਕਿ ਜਥੇਦਾਰ ਮੱਕੜ ਨੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਜਨਾਬ ਉਮਰ ਅਬਦੁੱਲਾ ਨਾਲ ਮੁਲਾਕਾਤ ਕਰਨ ਦਾ ਸਮਾਂ ਮੰਗਿਆ ਸੀ, ਪਰ ਸਰਕਾਰ ਵਲੋਂ ਫੌਰੀ ਤੌਰ 'ਤੇ ਸਮਾਂ ਨਾ ਦਿੱਤੇ ਜਾਣ ਤੇ ਪ੍ਰਭਾਵਤ ਸਿੱਖਾਂ ਵਲੋਂ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਇਹ ਟੀਮ ਭੇਜਣਾ ਮੁਨਾਸਿਬ ਸਮਝਿਆ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤਿੰਨ ਮੈਂਬਰੀ ਕਮੇਟੀ ਵਲੋਂ ਇਸ ਸਬੰਧੀ ਰਿਪੋਰਟ ਦਿੱਤੇ ਜਾਣ ਤੋਂ ਬਾਅਦ ਮੁੱਖ ਮੰਤਰੀ ਉਮਰ ਅਬਦੁੱਲਾ ਨਾਲ ਮੁਲਾਕਾਤ ਕਰਕੇ ਸਿੱਖਾਂ ਦੀ ਸੁਰੱਖਿਆ ਬਾਰੇ ਨੁਕਤੇ ਉਠਾਏ ਜਾਣਗੇ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਪੰਚ ਪ੍ਰਧਾਨੀ) ਦੇ ਕੌਮੀ ਵਿਸ਼ੇਸ਼ ਸਕੱਤਰ ਭਾਈ ਬਲਦੇਵ ਸਿੰਘ ਸਿਰਸਾ ਨੇ ਇਸ ਮਾਮਲੇ 'ਚ ਦਖਲਅੰਦਾਜ਼ੀ ਨਾ ਕਰਨ 'ਤੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਪੰਜਾਬ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਸ ਅਕਾਲੀ ਦਲ ਦੇ ਪ੍ਰਧਾਨ ਕੋਲ ਸਿੱਖਾਂ ਦੀ ਸਾਰ ਲੈਣ ਦਾ ਸਮਾਂ ਨਹੀਂ ਹੈ, ਉਹ ਅਕਾਲੀ ਦਲ ਦੀ ਪ੍ਰਧਾਨਗੀ ਦੇ ਯੋਗ ਨਹੀਂ ਹੈ।

## ਪ੍ਰਧਾਨ ਮੰਤਰੀ ਦਖਲ ਦੇਣ- ਬਡੂੰਗਰ

**ਫਤਹਿਗੜ੍ਹ ਸਾਹਿਬ:** ਜੰਮੂ ਕਸ਼ਮੀਰ ਦੇ ਸਿੱਖਾਂ 'ਤੇ ਢਾਹੇ ਜਾ ਰਹੇ ਤਸ਼ੱਦਦ 'ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਜੰਮੂ ਕਸ਼ਮੀਰ ਸਰਕਾਰ ਉਥੇ ਵਸ ਰਹੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਪ੍ਰੋ. ਬਡੂੰਗਰ ਨੇ ਭਾਰਤ ਦੇ ਪ੍ਰਧਾਨ ਡਾ. ਮਨਮੋਹਨ ਸਿੰਘ ਤੋਂ ਪੁਰਜ਼ੋਰ ਮੰਗ ਕੀਤੀ ਕਿ ਉਹ ਨਿੱਜੀ ਦਖ਼ਲ ਦੇ ਕੇ ਜੰਮੂ ਕਸ਼ਮੀਰ ਵਿਚ ਸਿੱਖ ਘੱਟ ਗਿਣਤੀ ਦੀ ਜਾਨੀ ਤੇ ਮਾਲੀ ਸੁਰੱਖਿਆ ਯਕੀਨੀ ਬਣਾਉਣ। ਪ੍ਰੋ. ਬਡੂੰਗਰ ਨੇ ਦੋਸ਼ ਲਗਾਉਂਦਿਆਂ ਕਿਹਾ ਕਿ 15 ਅਗਸਤ 1947 ਨੂੰ ਦੇਸ਼ ਦੀ ਵੰਡ ਸਮੇਂ ਅਤੇ 1965 ਤੋਂ 1971 ਦੀਆਂ ਪਾਕਿ-ਭਾਰਤ ਜੰਗਾਂ ਦੌਰਾਨ ਤਤਕਾਲੀਨ ਰਾਸ਼ਟਰੀ ਲੀਡਰਸ਼ਿਪ ਵਲੋਂ ਨਿਭਾਇਆ ਗਿਆ ਘਿਨੌਣਾ ਰੋਲ ਹੀ ਜੰਮੂ ਕਸ਼ਮੀਰ ਅਤੇ ਪਾਕਿ ਭਾਰਤ ਸਮੱਸਿਆ ਦਾ ਮੂਲ ਕਾਰਨ ਹੈ।

ਪ੍ਰੋ. ਬਡੂੰਗਰ ਨੇ ਦੋਸ਼ ਲਗਾਇਆ ਕਿ ਕਾਂਗਰਸ ਸਰਕਾਰ ਨੇ ਇਨ੍ਹਾਂ ਸਮੱਸਿਆਵਾਂ ਨੂੰ ਸੁਹਿਰਦਤਾ ਨਾਲ ਹੱਲ ਕਰਨ ਦੀ ਬਜਾਏ ਇਨ੍ਹਾਂ ਦੁਖਦਾਇਕ ਮੁੱਦਿਆਂ ਉਤੇ ਰਾਜਨੀਤੀ ਜ਼ਰੂਰ ਕੀਤੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਅਪੀਲ ਕੀਤੀ ਕਿ ਉਹ ਪ੍ਰਧਾਨ ਮੰਤਰੀ ਨੂੰ ਮਿਲ ਕੇ ਇਸ ਗੰਭੀਰ ਸਮੱਸਿਆ ਦਾ ਮੁੱਦਾ ਉਠਾਉਣ।

## ਸਿੱਖ ਵਿਖਾਵਾਕਾਰੀਆਂ ਵਲੋਂ ਜੰਮੂ-ਪਠਾਨਕੋਟ ਸੜਕ ਠੱਪ

**ਜੰਮੂ:** ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਬੀਤੇ ਹਫਤੇ ਇਕ ਸਿੱਖ ਨੌਜਵਾਨ ਨਾਲ ਮਾੜਾ ਵਰਤਾਓ ਕਰਨ ਵਾਲਿਆਂ ਦੀ ਗ੍ਰਿਫਤਾਰੀ ਦੀ ਮੰਗ ਕਰਦਿਆਂ ਸਿੱਖ ਭਾਈਚਾਰੇ ਦੇ ਲੋਕਾਂ ਨੇ ਬੀਤੀ 2 ਅਗਸਤ ਸੋਮਵਾਰ ਨੂੰ ਭਾਰੀ ਵਿਖਾਵਾ ਕੀਤਾ ਅਤੇ ਕਠੂਆ ਜ਼ਿਲ੍ਹੇ ਵਿਚ ਜੰਮੂ-ਪਠਾਨਕੋਟ ਜਰਨੈਲੀ ਸੜਕ 'ਤੇ ਆਵਾਜਾਈ ਠੱਪ ਕਰ ਦਿੱਤੀ। ਪਿਛਲੇ ਬੁੱਧਵਾਰ ਨੂੰ ਮਾੜੇ ਕੰਮਾਂ ਵਿਚ ਲੱਗੇ ਹੋਏ ਲੋਕਾਂ ਵਿਰੁਧ ਕਾਰਵਾਈ ਕਰਨ ਵਿਚ ਨਾਕਾਮ ਰਹਿਣ ਦਾ ਜੰਮੂ-ਕਸ਼ਮੀਰ ਦੀ ਉਮਰ ਅਬਦੁੱਲਾ ਸਰਕਾਰ 'ਤੇ ਦੋਸ਼ ਲਾਉਂਦਿਆਂ ਸਿੱਖ ਭਾਈਚਾਰੇ ਦੇ 300 ਤੋਂ ਵਧ ਮੈਂਬਰਾਂ ਨੇ ਜੰਮੂ ਤੋਂ 75 ਕਿਲੋਮੀਟਰ ਦੂਰ ਰਾਜਬਾਗ ਵਿਖੇ ਸੜਕੀ ਆਵਾਜਾਈ ਠੱਪ ਕੀਤੀ ਸੀ। ਵਿਖਾਵਾਕਾਰੀਆਂ ਨੇ ਸੜਕ 'ਤੇ ਟਾਇਰ ਸਾੜੇ ਅਤੇ ਪੁਲਸ ਤੇ ਸਰਕਾਰ ਵਿਰੋਧੀ ਨਾਅਰੇ ਲਗਾਏ। ਇਸ ਜਾਮ ਕਾਰਨ ਇਕ ਹਜ਼ਾਰ ਤੋਂ ਵਧ ਮੋਟਰ-ਗੱਡੀਆਂ ਦੋਵੇਂ ਪਾਸੇ ਰੁਕ ਗਈਆਂ। ਮੁੱਖ ਮੰਤਰੀ ਉਮਰ ਅਬਦੁਲਾ ਨੇ ਸਿੱਖ ਭਾਈਚਾਰੇ ਨੂੰ ਭਰੋਸਾ ਦਿੱਤਾ ਹੈ ਕਿ ਉਕਤ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਜਲਦੀ ਹੀ ਗ੍ਰਿਫਤਾਰ ਕੀਤਾ ਜਾਵੇਗਾ।

# ਹਿੰਸਾ ਰੋਕਣ ਲਈ ਉਮਰ ਨੇ ਮੰਗਿਆ ਸਿਆਸੀ ਪੈਕੇਜ

**ਨਵੀਂ ਦਿੱਲੀ:** ਵਾਦੀ ਵਿਚ ਚਲ ਰਹੇ ਹਿੰਸਾ ਦੇ ਦੌਰ ਨਾਲ ਸਿੱਝ ਰਹੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਬੀਤੀ 2 ਅਗਸਤ ਨੂੰ ਕਿਹਾ ਕਿ ਸਥਿਤੀ ਨੂੰ ਸਾਂਭਣ ਲਈ ਸੂਬੇ ਨੂੰ ਇਕ ਸਿਆਸੀ ਪਹਿਲਕਦਮੀ ਦੀ ਲੋੜ ਹੈ ਪਰ ਉਨ੍ਹਾਂ ਸਪਸ਼ਟ ਕੀਤਾ ਕਿ ਅਜਿਹਾ ਹੋਣ ਲਈ ਹਾਲਾਤ ਆਮ ਵਰਗੇ ਹੋਣੇ ਜ਼ਰੂਰੀ ਹਨ।

ਪ੍ਰਧਾਨ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਉਮਰ ਨੇ ਕਿਹਾ ਕਿ ਕਰਫਿਊ ਦੀ ਸਖਤੀ ਨਾਲ ਪਾਲਣਾ ਕਰਵਾਈ ਜਾਵੇਗੀ ਅਤੇ ਉਨ੍ਹਾਂ ਵਿਖਾਵਾਕਾਰੀਆਂ ਨਾਲ ਸਿੱਝਣ ਲਈ ਹੋਰ ਨੀਮ ਫੌਜੀ ਦਸਤੇ ਖਾਸ ਕਰਕੇ ਰੈਪਿਡ ਐਕਸ਼ਨ ਫੋਰਸ ਭੇਜਣ ਦੀ ਮੰਗ ਕੀਤੀ। ਉਨ੍ਹਾਂ ਕਿਹਾ, "ਜੰਮੂ-ਕਸ਼ਮੀਰ ਦੀ ਇਕ ਸਿਆਸੀ ਸਥਿਤੀ ਹੈ। ਇਸ ਨੂੰ ਸਿਆਸੀ ਤੌਰ 'ਤੇ ਸਿੱਝਣ ਦੀ ਲੋੜ ਹੈ। ਇਸ ਨੂੰ ਆਰਥਿਕ ਪੈਕੇਜ ਨਾਲੋਂ ਸਿਆਸੀ ਪੈਕੇਜ ਦੀ ਵਧ ਲੋੜ ਹੈ। ਮੁੱਖ ਮੰਤਰੀ ਨੇ ਇਸ ਦਾ ਖੁਲਾਸਾ ਕਰਦਿਆਂ ਕਿਹਾ ਕਿ ਹਥਿਆਰਬੰਦ ਦਸਤਿਆਂ ਦੀਆਂ ਵਿਸ਼ੇਸ਼ ਤਾਕਤਾਂ, ਸੁਰੱਖਿਆ ਦਸਤਿਆਂ ਦੀ ਨਫ਼ਰੀ, ਕੰਟਰੋਲ ਰੇਖਾ ਪਾਰ ਕਰਨ ਵਾਲੇ ਨੌਜਵਾਨਾਂ ਦੇ ਮੁੜ ਵਸੇਬੇ ਅਤੇ ਚੱਲ ਰਹੀ ਗੜਬੜ ਦੇ ਪੀੜਤਾਂ ਲਈ ਮੁਆਵਜ਼ੇ ਜਿਹੇ ਮੁੱਦੇ ਹੱਲ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰੀ ਪੀ.ਚਿਦੰਬਰਮ ਨੇ ਉਨ੍ਹਾਂ ਨੂੰ ਵਾਧੂ ਦਸਤੇ ਭੇਜਣ ਦਾ ਭਰੋਸਾ ਦੁਆਇਆ ਹੈ ਪਰ ਉਹ (ਮੁੱਖ ਮੰਤਰੀ) ਚਾਹੁੰਦੇ ਹਨ ਕਿ ਅਮਨ-ਕਾਨੂੰਨ ਦੀ ਸਥਿਤੀ ਨਾਲ ਸਿੱਝਦਿਆਂ ਜਾਨੀ ਨੁਕਸਾਨ ਘੱਟ ਤੋਂ ਘੱਟ ਹੋਵੇ। ਹਾਲ ਹੀ ਉਨ੍ਹਾਂ ਆਖਿਆ ਕਿ ਦੋਵਾਂ ਧਿਰਾਂ ਨੂੰ ਤਹੱਮਲ ਰੱਖਣ ਦੀ ਲੋੜ ਹੈ ਅਤੇ ਇਹ ਇਕਪਾਸੜ ਨਹੀਂ ਹੋ ਸਕਦਾ। ਵਾਦੀ ਵਿਚ ਹੋ ਰਹੀ ਹਿੰਸਾ ਬਾਰੇ ਪੁੱਛੇ ਇਕ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਕੋਈ ਇਕ ਗਰੁੱਪ ਜਾਂ ਵਿਅਕਤੀ ਇਸ ਤਰ੍ਹਾਂ ਦੇ ਮੁਜ਼ਾਹਰਿਆਂ ਨੂੰ ਸ਼ਾਇਦ ਚਲਾਉਣ ਦੀ ਸਮਰੱਥਾ ਨਹੀਂ ਰੱਖਦਾ।

ਸੂਤਰਾਂ ਨੇ ਦੱਸਿਆ ਕਿ ਕੇਂਦਰ ਵਾਦੀ ਵਿਚ ਸਿਆਸੀ ਕਦਮਾਂ ਦੀ ਲੜੀ ਸ਼ੁਰੂ ਕਰਨ ਲਈ ਤਿਆਰ ਹੈ ਪਰ ਇਸ ਲਈ ਸ਼ਾਂਤੀ ਦੀ ਲੋੜ ਹੈ।

ਇਸ ਦੌਰਾਨ ਕਸ਼ਮੀਰ ਵਾਦੀ ਵਿਚ ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪਹੁੰਚਾ ਰਹੀ ਅਤੇ ਪੱਥਰਬਾਜ਼ੀ ਕਰ ਰਹੀਆਂ ਭੀੜਾਂ 'ਤੇ ਕੀਤੀ ਪੁਲੀਸ ਫਾਇਰਿੰਗ ਵਿਚ ਬੀਤੀ 2 ਅਗਸਤ ਨੂੰ 7 ਜਣੇ ਮਾਰੇ ਗਏ ਅਤੇ 250 ਜ਼ਖ਼ਮੀ ਹੋ ਗਏ।

ਦੱਖਣੀ ਕਸ਼ਮੀਰ ਵਿਚ ਵੱਖ-ਵੱਖ ਥਾਈਂ ਲੋਕਾਂ ਨੇ ਕਰਫਿਊ ਤੋੜ ਕੇ ਰੋਸ ਮੁਜ਼ਾਹਰੇ ਕੀਤੇ ਅਤੇ ਕਈ ਪੁਲੀਸ ਸਟੇਸ਼ਨਾਂ ਅਤੇ ਸੁਰੱਖਿਆ ਦਸਤਿਆਂ ਦੇ ਕੈਂਪਾਂ ਉਤੇ ਹਮਲੇ ਕੀਤੇ। ਸ਼ੁੱਕਰਵਾਰ ਤੋਂ ਫਿਰ ਸ਼ੁਰੂ ਹੋਈ ਹਿੰਸਾ ਵਿਚ ਹੁਣ ਤੱਕ 22 ਵਿਅਕਤੀ ਮਾਰੇ ਜਾ ਚੁੱਕੇ ਹਨ। ਕੁਲਗਾਮ ਜ਼ਿਲ੍ਹੇ ਵਿਚ ਵਿਖਾਵਾਕਾਰੀਆਂ ਵਲੋਂ ਇਕ ਪੁਲੀਸ ਸਟੇਸ਼ਨ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਅਤੇ ਪੁਲੀਸ ਫਾਇਰਿੰਗ ਵਿਚ ਇਕ ਮੁਜ਼ਾਹਰਾਕਾਰੀ ਮਾਰਿਆ ਗਿਆ। ਪੁਲੀਸ ਨੇ ਦੱਸਿਆ ਕਿ ਅਨੰਤਨਾਗ ਜ਼ਿਲ੍ਹੇ ਵਿਚ ਸੰਗਮ ਵਿਖੇ ਇਕ ਵਿਅਕਤੀ ਉਦੋਂ ਹਲਾਕ ਹੋ ਗਿਆ, ਜਦੋਂ ਸੀ.ਆਰ.ਪੀ.ਐਫ. ਕਰਮੀਆਂ ਨੇ ਆਪਣੇ ਕੈਂਪ 'ਤੇ ਹੋਏ ਪਥਰਾਅ ਦੇ ਜਵਾਬ ਵਿਚ ਗੋਲੀ ਚਲਾਈ। ਇਕ ਵਿਅਕਤੀ ਦੀ ਭੀੜ ਵਿਚ ਭਾਜੜ ਪੈਣ ਕਾਰਨ ਮੌਤ ਹੋ ਗਈ। ਕੁਪਵਾੜਾ ਜ਼ਿਲ੍ਹੇ ਦੇ ਕਰਾਲਪੁਰਾ ਵਿਚ ਵੀ ਇਕ ਵਿਅਕਤੀ ਉਦੋਂ ਮਾਰਿਆ ਗਿਆ ਜਦੋਂ ਪੁਲੀਸ ਨੇ ਇਕ ਚੌਕੀ 'ਚੋਂ ਹਥਿਆਰ ਲੁੱਟਣ ਦੀ ਕੋਸ਼ਿਸ਼ ਕਰ ਰਹੇ ਵਿਖਾਵਾਕਾਰੀਆਂ 'ਤੇ ਫਾਇਰਿੰਗ ਕੀਤੀ। ਵਿਖਾਵਾਕਾਰੀ ਚਾਰ ਰਾਈਫਲਾਂ ਲੈ ਗਏ। ਪੁਲੀਸ ਮਹਿਕਮੇ ਨੇ ਇਕ ਬਿਆਨ ਵਿਚ ਕਿਹਾ ਕਿ ਭੀੜ ਨੇ ਕਾਕਾਪੁਰਾ, ਪੁਲਵਾਮਾ, ਬਡਗਾਮ, ਅਨੰਤਨਾਗ, ਕੁਲਗਾਮ, ਕੁਪਵਾੜਾ ਵਿਚ ਕਰਫਿਊ ਰੋਕਾਂ ਤੋੜ ਕੇ ਪੁਲੀਸ ਅਤੇ ਸਰਕਾਰੀ ਸੰਪਤੀ ਦੀ ਭੰਨ-ਤੋੜ ਕੀਤੀ।

ਇਸ ਤੋਂ ਇਲਾਵਾ ਕਸ਼ਮੀਰ ਵਿਚ ਚਲ ਰਹੀ ਬਦਅਮਨੀ ਦੀ ਗੂੰਜ ਲੋਕ ਸਭਾ ਵਿਚ ਵੀ ਸੁਣਾਈ ਦਿੱਤੀ ਜਿਥੇ ਮੈਂਬਰਾਂ ਨੇ ਇਸ ਬਾਰੇ ਚਿੰਤਾ ਪ੍ਰਗਟ ਕੀਤੀ ਅਤੇ ਸਰਕਾਰ ਨੇ ਮੰਨਿਆ ਕਿ ਸਥਿਤੀ ਨੇ ਇਕ ਨਾਜ਼ੁਕ ਮੋੜ ਲੈ ਲਿਆ ਹੈ। ਸਰੋਕਾਰ ਜ਼ਾਹਿਰ ਕਰਨ ਵਾਲਿਆਂ ਵਿਚ ਭਾਜਪਾ ਸੰਸਦੀ ਪਾਰਟੀ ਦੇ ਚੇਅਰਮੈਨ ਐਲ.ਕੇ. ਅਡਵਾਨੀ, ਜਨਤਾ ਦਲ (ਯੂ) ਦੇ ਮੁਖੀ ਸ਼ਰਦ ਯਾਦਵ, ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਅਤੇ ਸੀ.ਪੀ.ਆਈ.(ਐਮ) ਦੇ ਆਗੂ ਬਾਸੁਦੇਬ ਅਚਾਰੀਆ ਸ਼ਾਮਲ ਸਨ ਅਤੇ ਇਨ੍ਹਾਂ ਨੇ ਸਰਕਾਰ ਨੂੰ ਤੇਜ਼ੀ ਨਾਲ ਕਾਰਵਾਈ ਕਰਨ ਦੀ ਅਪੀਲ ਕੀਤੀ। ਗ੍ਰਹਿ ਮੰਤਰੀ ਪੀ.ਚਿਦੰਬਰਮ ਨੇ ਕਿਹਾ, "ਜੰਮੂ-ਕਸ਼ਮੀਰ ਇਕ ਬਹੁਤ ਹੀ ਨਾਜ਼ੁਕ ਸੂਬਾ ਹੈ ਅਤੇ ਸਮੱਸਿਆਵਾਂ ਬਾਰੇ ਸਭ ਚੰਗੀ ਤਰ੍ਹਾਂ ਜਾਣਦੇ ਹਨ। 10 ਜੁਲਾਈ ਤੋਂ ਬਾਅਦ ਸ਼ਾਂਤੀ ਹੋ ਗਈ ਸੀ ਪਰ 30 ਜੁਲਾਈ ਤੋਂ ਬਾਅਦ ਸਥਿਤੀ ਫੇਰ ਨਾਜ਼ੁਕ ਮੋੜ 'ਤੇ ਪੁੱਜ ਗਈ।"

ਪਹਿਲਾਂ ਸ੍ਰੀ ਅਡਵਾਨੀ ਨੇ ਸਦਨ ਵਿਚ ਸਿਫਰ ਕਾਲ ਦੌਰਾਨ ਇਹ ਮੁੱਦਾ ਉਠਾਇਆ ਅਤੇ ਉਨ੍ਹਾਂ ਸਰਕਾਰ ਤੋਂ ਪੁੱਛਿਆ ਕਿ ਉਹ ਸਥਿਤੀ ਨੂੰ ਸੰਭਾਲਣ ਲਈ ਕੀ ਕਦਮ ਉਠਾ ਰਹੀ ਹੈ। ਐਨ.ਡੀ.ਏ. ਦੇ ਕਨਵੀਨਰ ਸ਼ਰਦ ਯਾਦਵ ਨੇ ਕਿਹਾ ਕਿ ਵਾਦੀ ਦੇ ਹਾਲਾਤ ਨੂੰ ਲੈ ਕੇ ਸਮੁੱਚਾ ਦੇਸ਼ ਚਿੰਤਤ ਹੈ ਅਤੇ ਸਰਕਾਰ ਨੂੰ ਇਸ ਬਾਰੇ ਵਿਰੋਧੀ ਧਿਰ ਨੂੰ ਭਰੋਸੇ ਵਿਚ ਲੈਣਾ ਚਾਹੀਦਾ ਹੈ। ਸੀ.ਪੀ.ਆਈ.(ਐਮ) ਦੇ ਬਾਸੁਦੇਬ ਅਚਾਰੀਆ ਨੇ ਕਿਹਾ ਕਿ ਕਸ਼ਮੀਰ ਦੀ ਸਥਿਤੀ ਬੇਹੱਦ ਗੰਭੀਰ ਹੈ ਅਤੇ ਇਸ ਦਾ ਕਾਰਨ ਇਹ ਹੈ ਕਿ ਵਾਦੀ ਦੇ ਲੋਕ ਬਿਲਕੁਲ ਬੇਮੁੱਖ ਹੋ ਗਏ ਹਨ।

## ਆਰ.ਐਸ. ਐਸ. ਚਿੰਤਕ 'ਹਿੰਦੂ ਅੱਤਵਾਦ' ਸ਼ਬਦ ਤੋਂ ਚਿੰਤਤ

**ਨਾਗਪੁਰ:** ਆਰ.ਐਸ.ਐਸ. ਦੇ ਚਿੰਤਕ ਐਮ. ਜੀ ਵੈਦਿਆ ਉਰਫ ਬਾਬੂ ਰਾਏ ਵੈਦਿਆ ਨੇ ਹਾਲ ਹੀ ਵਿਚ 'ਹਿੰਦੂ ਅੱਤਵਾਦ' ਸ਼ਬਦ ਦੀ ਵਰਤੋਂ ਹੋਣ 'ਤੇ ਚਿੰਤਾ ਜ਼ਾਹਰ ਕੀਤੀ ਹੈ ਅਤੇ ਹਿੰਦੂ ਆਗੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਤੋਹਮਤ ਨੂੰ ਹਟਾਉਣ।

ਵੈਦਿਆ ਨੇ ਸਥਾਨਕ ਮਰਾਠੀ ਅਖਬਾਰ ਵਿਚ 1 ਅਗਸਤ ਨੂੰ ਛਪੇ ਆਪਣੇ ਲੇਖ ਵਿਚ ਲਿਖਿਆ ਹੈ ਕਿ ਹਿੰਦੂ ਅੱਤਵਾਦ ਸ਼ਬਦ ਨੇ ਮੀਡੀਆ ਵਿਚ ਜਗ੍ਹਾ ਬਣਾ ਲਈ ਹੈ ਅਤੇ ਕੋਈ ਨਹੀਂ ਜਾਣਦਾ ਕਿ ਇਸ ਨੂੰ ਕਿਸਨੇ ਇਜਾਦ ਕੀਤਾ। ਕੁਝ ਲੋਕ ਇਸ ਦਾ ਸਿਹਰਾ ਰਾਕਾਂਪਾ ਪ੍ਰਧਾਨ ਸ਼ਰਦ ਪਵਾਰ ਨੂੰ ਦਿੰਦੇ ਹਨ ਜਦਕਿ ਹੋਰ ਲੋਕ ਕਹਿੰਦੇ ਹਨ ਕਿ ਇਸ ਧਾਰਨਾ ਨੂੰ ਕਾਂਗਰਸ ਜਨਰਲ ਸਕੱਤਰ ਦਿਗਵਿਜੇ ਸਿੰਘ ਨੇ ਉਛਾਲਿਆ। ਉਨ੍ਹਾਂ ਕਿਹਾ ਕਿ ਸਰਕਾਰ ਨੇ ਅਭਿਨਵ ਭਾਰਤ ਤੇ ਸਨਾਤਨ ਸੰਸਥਾ 'ਤੇ ਹਿੰਸਾ ਵਿਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ ਅਤੇ ਇਸ ਸੰਬੰਧ ਵਿਚ ਕੁਝ ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਪਰ ਹੁਣ ਤਕ ਅਦਾਲਤਾਂ ਨੇ ਕਿਸੇ ਵੀ ਮੁਲਜ਼ਮ ਨੂੰ ਦੋਸ਼ੀ ਕਰਾਰ ਨਹੀਂ ਦਿੱਤਾ।

## ਆਸਟਰੇਲੀਆ 'ਚ ਨਸਲੀ ਨਫਰਤ ਵਿਰੋਧੀ ਕਾਨੂੰਨ ਵਰਤਣ ਦਾ ਸਵਾਗਤ

**ਮੈਲਬਰਨ:** ਵਿਕਟੋਰੀਆ ਦੇ ਪ੍ਰਧਾਨ ਮੰਤਰੀ ਜੌਹਨ ਬਰੰਬੀ ਨੇ ਆਸਟਰੇਲੀਆ ਵਿਚ ਭਾਰਤੀ ਭਾਈਚਾਰੇ ਦੇ ਆਗੂਆਂ ਵਲੋਂ ਪਹਿਲੀ ਵਾਰ ਨਸਲੀ ਨਫਰਤ ਸਬੰਧੀ ਕਾਨੂੰਨ ਦੀ ਵਰਤੋਂ ਕੀਤੇ ਜਾਣ ਦਾ ਸਵਾਗਤ ਕੀਤਾ ਹੈ। ਵਿਕਟੋਰੀਆ ਪੁਲੀਸ ਨੇ ਦੋ ਵਿਅਕਤੀਆਂ 'ਤੇ ਬੱਸ 'ਚ ਇਕ ਭਾਰਤੀ ਵਿਦਿਆਰਥੀ ਦੀ ਸ਼ਰਾਬੀ ਹਾਲਤ 'ਚ 45 ਮਿੰਟ ਨਸਲੀ ਨਫਰਤ ਤਹਿਤ ਕੁੱਟਮਾਰ ਕਰਨ ਦੇ ਦੋਸ਼ ਲਾਏ ਹਨ।

ਫੈਡਰੇਸ਼ਨ ਆਫ ਇੰਡੀਆ ਐਸੋਸੀਏਸ਼ਨ ਆਫ ਵਿਕਟੋਰੀਆ ਦੇ ਪ੍ਰਧਾਨ ਵਾਸਨ ਸ੍ਰੀ ਨਿਵਾਸਨ ਨੇ ਕਿਹਾ ਕਿ ਭਾਵੇਂ ਇਹ ਦੋਸ਼ ਹਾਲੇ ਸਿੱਧ ਹੋਣੇ ਬਾਕੀ ਹਨ ਪਰ ਇਸ ਸਦਕਾ ਇਹ ਜ਼ੋਰਦਾਰ ਸੁਨੇਹਾ ਹਰ ਇਕ ਨੂੰ ਜਾਏਗਾ ਕਿ ਨਸਲ, ਧਰਮ ਜਾਂ ਰੰਗ ਦੇ ਆਧਾਰ 'ਤੇ ਕੀਤੇ ਗਏ ਅਪਰਾਧ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕੀਤੇ ਜਾਣਗੇ। ਵਾਸਨ ਨੇ ਕਿਹਾ ਹੈ ਕਿ ਇਹ ਬੜੀ ਉਦਾਸੀ ਵਾਲੀ ਗੱਲ ਹੈ ਕਿ ਇਕ ਭਾਈਚਾਰੇ ਨੂੰ ਇਹ ਸਿਖਾਉਣਾ ਪੈ ਰਿਹਾ ਹੈ ਕਿ ਕੀ ਕਰਨਾ ਹੈ ਤੇ ਕੀ ਨਹੀਂ ਕਰਨਾ। ਇਹ ਚਿੰਨਾਤਮਕ ਹੀ ਨਹੀਂ ਹੈ ਬਲਕਿ ਉਦਾਸੀ ਭਰਿਆ ਵੀ ਹੈ ਕਿ ਕਿਸੇ ਭਾਈਚਾਰੇ ਨੂੰ ਕੁਝ ਸਿਖਾਉਣ ਲਈ ਇਸ ਹੱਦ ਤੱਕ ਜਾਣਾ ਪੈ ਰਿਹਾ ਹੈ।

ਗ੍ਰਾਫਿਕਸ ਦੇ ਵਿਦਿਆਰਥੀ ਰਾਜਨ ਕੁਮਾਰ ਕਥਮ ਨੇ ਦੋਸ਼ ਲਾਏ ਸਨ ਕਿ ਉਹ ਛੇ ਫਰਵਰੀ ਦੁਪਹਿਰ ਮਗਰੋਂ ਫਰੈਂਕਸਟਨ ਤੋਂ ਰਾਇ ਨੂੰ ਬੱਸ ਰਾਹੀਂ ਪਰਤ ਰਿਹਾ ਸੀ ਤਾਂ ਤਿੰਨ ਸ਼ਰਾਬੀ ਨੌਜਵਾਨਾਂ ਨੇ 45 ਮਿੰਟ ਉਹਦੀ ਕੁੱਟਮਾਰ ਕੀਤੀ। ਉਹਦੇ ਘਸੁੰਨ ਤੇ ਠੁੱਡੇ ਮਾਰੇ ਅਤੇ ਨਸਲੀ ਵਿਅੰਗ ਕੱਸੇ। ਕਥਮ ਨੇ ਦੱਸਿਆ ਕਿ ਉਸ ਦਿਨ ਬੁੱਧਵਾਰ ਦਾ ਦਿਨ ਸੀ ਤੇ ਇਹ ਘਟਨਾ ਭੀੜ ਭਰੀ ਬੱਸ 'ਚ ਹੋਈ ਸੀ। ਕੁਮਾਰ ਨੇ ਦੋਸ਼ ਲਾਇਆ ਕਿ ਉਹਦੀ ਪਿੱਠ, ਸਿਰ 'ਤੇ ਲੱਤਾਂ ਮੁੱਕੇ ਮਾਰਨ ਵਾਲੇ ਉਨ੍ਹਾਂ ਸ਼ਰਾਬੀਆਂ ਨੇ ਉਹਦੀ ਚਮੜੀ ਦੇ ਰੰਗ ਬਾਰੇ ਟਿੱਪਣੀਆਂ ਕੀਤੀਆਂ ਤੇ ਕਿਹਾ ਕਿ ਕਾਲੇ ਰੰਗ ਦੇ ਲੋਕਾਂ ਨੂੰ ਗੁਲਾਮਾਂ ਜਿਹੇ ਵਰਤਾਓ ਦੀ ਲੋੜ ਹੁੰਦੀ ਹੈ। ਹਮਲਾਵਰਾਂ 'ਚੋਂ ਇਕ ਬੋਤਲ ਚੁੱਕੀ ਉਹਦੇ ਵਲ ਆਇਆ ਤੇ ਕਿਹਾ, "ਤੁਸੀਂ ਲੋਕ ਨਸਲਵਾਦੀ ਹੋ, ਅਸੀਂ ਨਸਲਵਾਦੀ ਨਹੀਂ ਹਾਂ।" 20ਵਿਆਂ ਦੀ ਉਮਰ ਦੇ ਦੋ ਮਸ਼ਕੂਕਾਂ ਨੂੰ ਇਸ ਸਬੰਧ 'ਚ ਸੰਮਨ ਭੇਜ ਕੇ ਪਹਿਲੀ ਸਤੰਬਰ ਨੂੰ ਫਰੈਂਕਸਟਨ ਮੈਜਿਸਟਰੇਟੀ ਦੀ ਅਦਾਲਤ 'ਚ ਪੇਸ਼ ਹੋਣ ਲਈ ਕਿਹਾ ਗਿਆ ਹੈ।

## ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜਿਹੜੇ ਕੈਲੀਫੋਰਨੀਆ ਤੋਂ ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ ਆਦਿ ਸ਼ਹਿਰਾਂ ਵਿਚ ਆ-ਜਾ ਸਕਦੇ ਹੋਣ।

*ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।*

ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ



ਫੋਨ:(510) 881-8008
ਸੈਲ:408-896-4518

**Email:** cctransinc@gmail.com

# C and C Trans Inc.

**Hayward, CA**



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu**
**Cell:916-502-7733**

**4585 Pell Dr. Secramento CA, 95838**



# DOT Physical Exams Only $60

## Absolutely No Waiting

ਟਰੱਕਰ ਵੀਰਾਂ ਦੇ ਧਿਆਨਯੋਗ
ਫਿਜ਼ੀਕਲ ਐਗਜ਼ਾਮ ਲਈ ਤੁਸੀਂ ਕਲੀਨਿਕ ਆਓ, ਸਿਰਫ 20 ਮਿੰਟ ਵਿਚ ਫਾਰਗ ਕਰਾਂਗੇ
ਅੱਜ ਹੀ ਆਪਣੀ ਅਪੁਆਇੰਟਮੈਂਟ ਬਣਾਓ



ਡਾ. ਜਗਜੀਤ ਸਿੰਘ ਸਿਹੋਤਾ ਡੀ ਸੀ
ਫੋਨ: 209-464-7738

ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ
ਫੋਨ: 209-464-7738

**2531 N. California Street**
**(North California St. & Ellis St.**
**Stockton, CA 95204-5501**

ਸਾਡੀ ਕਲੀਨਿਕ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ।

# ਪੰਜਾਬ ਪੁਲਿਸ ਦੇ ਕਿਰਦਾਰ ਦੀ ਕੌੜੀ ਸੱਚਾਈ ਅਤੇ ਅਮਨ-ਕਾਨੂੰਨ

**-ਜਤਿੰਦਰ ਪਨੂੰ**

'ਪੰਜਾਬ ਦਾ ਅਮਨ-ਕਾਨੂੰਨ ਖਤਰੇ ਵਿਚ ਹੈ।' ਇਹ ਗੱਲ ਪੁਲਿਸ ਦੇ ਕੁਝ ਜ਼ਿਲ੍ਹਾ ਜਾਂ ਜ਼ੋਨ ਪੱਧਰ ਤੱਕ ਦੇ ਵੱਡੇ ਅਫਸਰ ਆਖਦੇ ਹਨ। 'ਪੰਜਾਬ ਦੇ ਅਮਨ ਨੂੰ ਕੋਈ ਖ਼ਤਰਾ ਹੀ ਨਹੀਂ।' ਇਹ ਗੱਲ ਚੰਡੀਗੜ੍ਹ ਤੋਂ ਆਖੀ ਜਾ ਰਹੀ ਹੈ ਤੇ ਆਖਣ ਵਾਲਾ ਵਿਅਕਤੀ ਪੰਜਾਬ ਦੇ ਗ੍ਰਹਿ ਵਿਭਾਗ ਦਾ ਇੰਚਾਰਜ ਡਿਪਟੀ ਮੁੱਖ ਮੰਤਰੀ ਹੈ। ਨਾ ਜ਼ਿਲ੍ਹਿਆਂ ਵਾਲਿਆਂ ਕੋਲ ਸੂਚਨਾਵਾਂ ਦੀ ਘਾਟ ਹੈ ਤੇ ਨਾ ਚੰਡੀਗੜ੍ਹ ਵਾਲਿਆਂ ਕੋਲ। ਇਸ ਦੇ ਬਾਵਜੂਦ ਦੋ ਕਿਸਮ ਦੀ ਬੋਲੀ ਬੋਲਣ ਦਾ ਅਮਲ ਹੋ ਰਿਹਾ ਹੈ ਤੇ ਇਸ ਦੇ ਵੱਖੋ-ਵੱਖਰੇ ਅਰਥ ਲਏ ਜਾ ਰਹੇ ਹਨ। ਕੁਝ ਲੋਕ ਇਹ ਕਹਿੰਦੇ ਹਨ ਕਿ ਖਤਰਾ ਤਾਂ ਹੈ, ਪਰ ਰਾਜ ਦੀ ਰਾਜਨੀਤਕ ਲੀਡਰਸ਼ਿਪ ਇਸ ਦੀ ਹਕੀਕਤ ਨੂੰ ਪ੍ਰਵਾਨ ਨਹੀਂ ਕਰਨਾ ਚਾਹੁੰਦੀ। ਦੂਜੇ ਪਾਸੇ ਕੁਝ ਲੋਕਾਂ ਦਾ ਇਹ ਖਿਆਲ ਹੈ ਕਿ ਖਤਰਾ ਹੀ ਕੋਈ ਖਾਸ ਨਹੀਂ, ਸਿਰਫ ਪੁਲਿਸ ਦੇ ਕੁਝ ਅਫ਼ਸਰ ਹਊਆ ਖੜਾ ਕਰ ਕੇ ਆਪਣੀ ਚੌਧਰ ਕਾਇਮ ਰੱਖਣਾ ਚਾਹੁੰਦੇ ਹਨ। ਆਮ ਲੋਕਾਂ ਸਾਹਮਣੇ ਇਹ ਭੰਬਲਭੂਸਾ ਹੈ ਕਿ ਉਹ ਇਕ ਜਾਂ ਦੂਜੀ ਵਿਚੋਂ ਕਿਸ ਧਿਰ ਨੂੰ ਸੱਚ ਮੰਨਣ, ਜਦ ਕਿ ਸਚਾਈ ਦਾ ਅੰਸ਼ ਇਨ੍ਹਾਂ ਸਾਰੇ ਪੱਖਾਂ ਵਿਚ ਹੀ ਥੋੜ੍ਹਾ-ਬਹੁਤ ਸ਼ਾਮਲ ਹੈ।

ਰਾਜਸੀ ਲੀਡਰਸ਼ਿਪ ਇਸ ਨੂੰ ਬਾਹਲਾ ਕਿਉਂ ਨਹੀਂ ਉਭਾਰਨਾ ਚਾਹੁੰਦੀ, ਇਸ ਦਾ ਕਾਰਨ ਉਸ ਨੂੰ ਪਤਾ ਹੋਵੇਗਾ, ਪਰ ਸੱਚ ਇਹੋ ਹੈ ਕਿ ਉਹ ਸਾਰਾ ਕੁਝ ਕਾਬੂ ਹੇਠ ਹੋਣ ਦਾ ਪ੍ਰਭਾਵ ਦੇਣਾ ਚਾਹੁੰਦੀ ਹੈ। ਕੁਝ ਪੁਰਾਣੇ ਕੱਟੜਪੰਥੀਏ ਹੁਣ ਇਸ ਰਾਜਸੀ ਲੀਡਰਸ਼ਿਪ ਦੇ ਏਨੇ ਬਰਖੁਰਦਾਰ ਬਣ ਚੁੱਕੇ ਹਨ ਕਿ ਪਹਿਲਾਂ ਕਹਿੰਦੇ ਹੁੰਦੇ ਸਨ ਕਿ ਕਿਸੇ ਬਾਬੇ ਦੇ ਪੈਰ ਵੀ ਨਹੀਂ ਛੂਹਣੇ, ਹੁਣ ਆਪਣੇ ਤੋਂ ਛੋਟਿਆਂ ਦੇ ਵੀ ਛੂੰਹਦੇ ਫਿਰਦੇ ਹਨ। ਉਨ੍ਹਾਂ ਦੇ ਕੁਝ ਭਾਈਬੰਦ ਸਰਕਾਰੀ ਤੇ ਖਾਲਿਸਤਾਨੀ ਦੋਵੀਂ ਪਾਸੀਂ ਖੇਡਦੇ ਹਨ। ਨਤੀਜੇ ਵਜੋਂ ਰਾਜਸੀ ਲੀਡਰਸ਼ਿਪ ਓਨਾ ਭਰੋਸਾ ਮਹਿਕਮਾਨਾ ਰਿਪੋਰਟਾਂ ਉਤੇ ਨਹੀਂ ਕਰਦੀ ਜਾਪਦੀ, ਜਿੰਨਾ ਇਤਬਾਰ ਉਸ ਨੂੰ ਇਨ੍ਹਾਂ 'ਨਿੱਜੀ' ਸਰੋਤਾਂ ਉਤੇ ਜਾਪਦਾ ਹੈ।

ਹਾਲਾਤ ਦਾ ਦੂਜਾ ਪੱਖ ਇਹ ਹੈ ਕਿ ਪਿਛਲੇ ਦਿਨਾਂ ਵਿਚ ਪੁਲਸ ਨੇ ਮੁੜ-ਮੁੜ ਕੇ ਇਹੋ ਜਿਹਾ ਸਾਮਾਨ ਬਰਾਮਦ ਕੀਤਾ ਹੈ, ਜਿਤਣਾ ਅੱਜ ਤੋਂ ਵੀਹ ਕੁ ਸਾਲ ਪਹਿਲਾਂ ਪੰਜਾਬ ਵਿਚ ਥਾਂ-ਥਾਂ ਕਹਿਰ ਵਰਤਾਉਣ ਦੇ ਕੰਮ ਆਉਂਦਾ ਹੁੰਦਾ ਸੀ। ਕੁਝ ਲੋਕਾਂ ਦਾ ਖਿਆਲ ਹੈ ਕਿ ਓਦੋਂ ਦਾ ਦੱਬਿਆ ਪਿਆ ਮਾਲ ਹੀ ਸੂਚਨਾਵਾਂ ਦੇ ਆਧਾਰ ਉਤੇ ਲੱਭ ਕੇ ਹੁਣ ਵਿਖਾਲਾ ਪਾਇਆ ਜਾ ਰਿਹਾ ਹੈ, ਪਰ ਇਹ ਵਿਚਾਰ ਮੰਨਣ ਯੋਗ ਨਹੀਂ, ਕਿਉਂਕਿ ਇਸ ਵਿਚ ਕੁਝ 'ਸੰਦ' ਇਹੋ ਜਿਹੇ ਹਨ, ਜਿਹੜੇ ਓਦੋਂ ਕਦੇ ਵੀ ਪੰਜਾਬ ਵਿਚ ਨਹੀਂ ਵਰਤੇ ਗਏ ਸਨ। ਉਹ ਸਾਰਾ ਕੁਝ ਓਦੋਂ ਵਾਲਾ ਨਹੀਂ ਤੇ ਸਬਕਾ ਤੇ ਜਿਹੜੀਆਂ ਜਥੇਬੰਦੀਆਂ ਦੇ ਨਾਂ ਲਏ ਜਾ ਰਹੇ ਹਨ, ਉਨ੍ਹਾਂ ਵਿਚ ਵੀ ਕਈ ਉਸ ਦੌਰ ਤੋਂ ਬਾਅਦ ਜੰਮੀਆਂ ਤੇ ਨਿੰਮੀਆਂ ਹਨ। ਪੰਜਾਬ ਵਿਚ ਉਨ੍ਹਾਂ ਦਾ ਨਾਂ ਲਿਆਂ ਕੁਝ ਲੋਕਾਂ ਨੂੰ ਓਪਰਾ ਲੱਗ ਸਕਦਾ ਹੈ, ਪਰ ਵਿਦੇਸ਼ਾਂ ਦੇ ਇਕ ਖਾਸ ਸੋਚ ਦੇ ਪੰਜਾਬੀ ਅਖ਼ਬਾਰਾਂ ਵਿਚ ਉਨ੍ਹਾਂ ਜਥੇਬੰਦੀਆਂ ਦਾ ਜ਼ਿਕਰ ਚਿਰਾਂ ਦਾ ਹੁੰਦਾ ਆ ਰਿਹਾ ਹੈ।

ਉਂਜ ਵੀ ਪੁਰਾਣੀ ਖਾਲਿਸਤਾਨੀ ਲਹਿਰ ਜਦੋਂ ਪੰਜਾਬ ਵਿਚ ਮੱਠੀ ਪੈ ਗਈ ਸੀ, ਉਸ ਤੋਂ ਪਿੱਛੋਂ ਵੀ ਉਹ ਵਿਦੇਸ਼ਾਂ ਵਿਚ ਲਗਾਤਾਰ ਸਰਗਰਮ ਰਹੀ ਸੀ। ਨਵੇਂ ਵਿਦੇਸ਼ ਗਏ ਜਿਹੜੇ ਪੰਜਾਬੀਆਂ ਦੇ ਹੋਰ ਕਿਸੇ ਤਰ੍ਹਾਂ ਪੈਰ ਨਹੀਂ ਸਨ ਲੱਗ ਰਹੇ, ਉਨ੍ਹਾਂ ਨੂੰ ਰਾਜਸੀ ਸ਼ਰਨ ਮੰਗਣੀ ਪਈ ਤੇ ਇਸ ਕੰਮ ਵਿਚ ਉਨ੍ਹਾਂ ਜਥੇਬੰਦੀਆਂ ਦੀ ਮਦਦ ਉਨ੍ਹਾਂ ਨੂੰ ਮਿਲ ਜਾਂਦੀ ਰਹੀ ਸੀ। ਤਰੀਕਾ ਸੌਖਾ ਸੀ ਕਿ ਓਥੇ ਗਏ ਬੰਦੇ ਬਾਰੇ ਭਾਰਤ ਵਿਚ ਪੰਜਾਬੀ ਦੇ ਕਿਸੇ ਅਖਬਾਰ ਵਿਚ ਇਕ ਡੱਬੀ ਛਪਵਾ ਕੇ ਉਸ ਦੇ ਮਾਂ-ਬਾਪ ਵਲੋਂ ਇਹ ਬਿਆਨ ਦਿੱਤਾ ਜਾਂਦਾ ਸੀ ਕਿ ਮੁੰਡਾ 'ਸਿੱਖ ਸੰਘਰਸ਼ ਦੇ ਰਾਹ ਪੈ ਗਿਆ ਹੈ, ਸਾਡਾ ਉਸ ਨਾਲ ਕੋਈ ਸੰਬੰਧ ਨਹੀਂ, ਅਸੀਂ ਉਸ ਨੂੰ ਬੇਦਖ਼ਲ ਕਰ ਦਿੱਤਾ ਹੈ, ਇਸ ਲਈ ਪੁਲਿਸ ਸਾਨੂੰ ਤੰਗ ਨਾ ਕਰੇ।' ਇਹ ਡੱਬੀ ਓਥੇ ਪੇਸ਼ ਕਰ ਦਿੱਤੀ ਜਾਂਦੀ ਸੀ ਕਿ ਇਸ ਨੂੰ ਪੰਜਾਬ ਦੀ ਪੁਲਿਸ ਲੱਭਦੀ ਫਿਰਦੀ ਹੈ, ਜੇ ਲੱਭ ਗਿਆ ਤਾਂ ਮਾਰ ਦੇਵੇਗੀ, ਇਸ ਕਰ ਕੇ ਇਸ ਨੂੰ ਰਾਜਸੀ ਸ਼ਰਨ ਦੇ ਦਿੱਤੀ ਜਾਵੇ। ਓਦੋਂ ਤਾਂ ਉਹ ਮੁੰਡੇ ਖੁਸ਼ ਹੁੰਦੇ ਸਨ, ਪਰ ਕੁਝ ਚਿਰ ਪਿੱਛੋਂ ਪਤਾ ਲਗਦਾ ਸੀ ਕਿ ਉਹ ਡੱਬੀ ਛਪਵਾਉਣ ਨਾਲ ਉਹ ਪੰਜਾਬ ਪੁਲਿਸ ਦੇ ਕਾਗਜ਼ਾਂ ਵਿਚ ਵੀ ਸਚਮੁੱਚ ਚੜ੍ਹ ਗਏ ਸਨ। ਇਹ ਪਿੱਛੋਂ ਉਨ੍ਹਾਂ ਨੂੰ ਡਰਾ ਕੇ ਵਰਤਣ ਦੀ ਉਹ ਖੇਡ ਸ਼ੁਰੂ ਹੁੰਦੀ ਸੀ, ਜਿਸ ਵਿਚ ਨੇਪਾਲ ਰਾਹੀਂ ਪੰਜਾਬ ਭੇਜ ਕੇ ਵਾਰਦਾਤ ਕਰਵਾ ਲੈਣਾ ਵੀ ਸ਼ਾਮਲ ਹੁੰਦਾ ਸੀ।

ਪਿਛਲੇ ਸਾਲ ਆਰ ਐਸ ਐਸ ਨਾਲ ਸੰਬੰਧਿਤ ਰਾਸ਼ਟਰੀ ਸਿੱਖ ਸੰਗਤ ਦੇ ਮੁਖੀ ਰੁਲਦਾ ਸਿੰਘ ਦਾ ਕਤਲ ਹੋ ਗਿਆ ਸੀ। ਕੇਸ ਦੀ ਜਾਂਚ ਨੇ ਕਾਤਲਾਂ ਦੀ ਪੈੜ ਬਰਤਾਨੀਆ ਤੱਕ ਜਾ ਕੱਢੀ। ਓਥੇ ਭੇਜੀ ਗਈ ਰਿਪੋਰਟ ਦੇ ਆਧਾਰ ਉਤੇ ਬਰਤਾਨੀਆ ਦੀ ਪੁਲਿਸ ਨੇ ਕੁਝ ਮੁੰਡੇ ਫੜ ਲਏ ਤੇ ਅਦਾਲਤ ਵਿਚ ਪੇਸ਼ ਕਰ ਦਿੱਤੇ। ਬਰਤਾਨੀਆ ਦੀ ਪੁਲਿਸ ਨੂੰ ਪੰਜਾਬ ਵਾਲੀ ਵਾਂਗ ਇਹ ਦੋਸ਼ ਨਹੀਂ ਦਿੱਤਾ ਜਾ ਸਕਦਾ ਕਿ ਉਹ ਵੀ ਝੂਠੇ ਸਬੂਤ ਘੜ ਕੇ ਇਨ੍ਹਾਂ ਨੂੰ ਫੜਨ ਤੁਰ ਪਈ ਸੀ। ਐਨ ਏਸੇ ਕੇਸ ਵਰਗਾ ਤਾਲਮੇਲ ਹੁਣ ਪੰਜਾਬ ਦੀ ਪੁਲਿਸ ਅਤੇ ਕੇਂਦਰ ਸਰਕਾਰ ਦੀਆਂ ਕੁਝ ਏਜੰਸੀਆਂ ਕੁਝ ਹੋਰਨਾਂ ਦੇਸ਼ਾਂ ਦੀ ਪੁਲਸ ਨਾਲ ਵੀ ਕਰ ਰਹੀਆਂ ਸੁਣੀਦੀਆਂ ਹਨ। ਨਵੇਂ ਨਾਂ ਮਲੇਸ਼ੀਆ ਅਤੇ ਥਾਈਲੈਂਡ ਦੇ ਤਾਂ ਅਖ਼ਬਾਰਾਂ ਵਿਚ ਆ ਹੀ ਚੁੱਕੇ ਹਨ, ਤੰਦ ਕੁਝ ਹੋਰਨਾਂ ਦੇਸ਼ਾਂ ਤੱਕ ਵੀ ਜੁੜ ਸਕਦੀ ਹੈ।

ਹਾਲਾਤ ਦਾ ਤੀਜਾ ਪੱਖ ਹੈ ਪੰਜਾਬ ਦੀ ਪੁਲਿਸ ਦਾ, ਜਿਸ ਨੇ ਵੀਹ ਕੁ ਸਾਲ ਪਹਿਲਾਂ ਏਸੇ ਹਿੰਸਕ ਦੌਰ ਦਾ ਖਾਤਮਾ ਕਰਨ ਦਾ ਸਿਹਰਾ ਲਿਆ ਤੇ ਹੁਣ ਤੱਕ ਓਸੇ ਦੇ ਬਹਾਨੇ ਆਪਣੀ ਪਿੱਠ ਥਾਪੜਦੀ ਫਿਰਦੀ ਹੈ। ਨਾ ਹਾਲਾਤ ਹੁਣ ਉਹ ਹਨ ਤੇ ਨਾ ਹੀ ਪੁਲਿਸ ਓਦੋਂ ਵਾਲੀ ਹੈ। ਸਾਰਾ ਕੁਝ ਬਦਲ ਚੁੱਕਾ ਹੈ। ਜਿੰਨੇ ਸਾਲਾਂ ਦਾ ਸਮਾਂ ਗੁਜ਼ਰ ਚੁੱਕਾ ਹੈ, ਏਨੇ ਚਿਰ ਵਿਚ ਪਹਿਲੀ ਪੀੜ੍ਹੀ ਮੈਦਾਨ ਤੋਂ ਪਾਸੇ ਹੋ ਕੇ ਨਵੀਂ ਪੀੜ੍ਹੀ ਅੱਗੇ ਆ ਜਾਂਦੀ ਹੈ, ਜਿਸ ਦਾ ਸੋਚਣ ਦਾ ਢੰਗ ਹੀ ਵੱਖਰਾ ਹੁੰਦਾ ਹੈ। ਉਸ ਦੌਰ ਵਿਚ ਦੋ ਵਾਰੀ ਗੋਲੀ ਖਾ ਕੇ ਮਸਾਂ ਜ਼ਿੰਦਾ ਬਚਣ ਅਤੇ ਬਹਾਦਰੀ ਦੇ ਪੁਲਿਸ ਮੈਡਲ ਲੈਣ ਵਾਲਾ ਇਕ ਇੰਸਪੈਕਟਰ ਉਸ ਤੋਂ ਚਾਰ-ਪੰਜ ਸਾਲ ਬਾਅਦ ਇਕ ਨਵੇਂ ਆਏ ਆਈ ਪੀ ਐਸ ਅਫਸਰ ਅੱਗੇ ਪੇਸ਼ ਹੋਇਆ ਸੀ। ਫਰਿਆਦ ਉਸ ਨੇ ਇਹ ਕੀਤੀ ਕਿ ਓਦੋਂ ਲੱਗੀਆਂ ਗੋਲੀਆਂ ਦਾ ਇਲਾਜ ਅਜੇ ਤੱਕ ਚੱਲਦਾ ਹੈ, ਡਾਕਟਰੀ ਬਿੱਲ ਪਾਸ ਹੋ ਕੇ ਵੀ ਪੈਸੇ ਦੇਣ ਲੱਗੇ ਦਫਤਰ ਵਾਲੇ ਰਿਸ਼ਵਤ ਮੰਗਦੇ ਹਨ, ਮੇਰੇ ਵਲੋਂ ਦੇਸ਼ ਦੀ ਸੇਵਾ ਕੀਤੀ ਦਾ ਕੁਝ ਤਾਂ ਖਿਆਲ ਰੱਖਣਾ ਚਾਹੀਦਾ ਹੈ। ਨਵੇਂ ਆਏ ਉਸ ਤੋਂ ਅੱਧੀ ਉਮਰ ਦੇ ਅਫਸਰ ਨੇ ਅੱਗੋਂ ਇਹ ਕਿਹਾ ਸੀ, 'ਜਿਸ ਸੇਵਾ ਕੀ ਬਾਤ ਤੁਮ ਕਰਤੇ ਹੋ, ਉਸ ਵਕਤ ਮੈਂ ਕਾਲਜ ਮੇਂ ਪੜਤਾ ਥਾ। ਮੁਝੇ ਨਹੀਂ ਪਤਾ, ਤੁਮ ਨੇ ਕਿਆ ਸੇਵਾ ਕੀ ਹੈ, ਆਜ ਕੀ ਬਾਤ ਕਰੋ।' ਉਸ ਵਿਚਾਰੇ ਨੂੰ ਪੁਰਾਣੇ ਦੌਰ ਦੇ ਇਕ ਆਈ ਜੀ ਦੇ ਪੈਰ ਚੰਡੀਗੜ੍ਹ ਜਾ ਕੇ ਫੜਨੇ ਪਏ ਸਨ ਤੇ ਫੇਰ ਇਲਾਜ ਜੋਗੇ ਪੈਸੇ ਮਿਲੇ ਸਨ। ਹੁਣ ਉਹ ਬਾਅਦ ਵਿਚ ਆਏ ਅਫਸਰ ਡੀ ਆਈ ਜੀ ਅਤੇ ਕੁਝ ਤਾਂ ਇੰਸਪੈਕਟਰ ਜਨਰਲ ਵੀ ਬਣ ਚੁੱਕੇ ਹਨ, ਪੁਰਾਣੇ ਹਾਲਾਤ ਬਾਰੇ ਉਹ ਸੋਚ ਵੀ ਨਹੀਂ ਸਕਦੇ।



ਸਿਰਫ ਇਹੋ ਨਹੀਂ, ਉਸ ਦੌਰ ਵਿਚ ਪੁਲਿਸ ਦੀ ਜਿਸ ਕਾਮਯਾਬੀ ਦਾ ਸਿਹਰਾ ਹੁਣ ਦੀ ਪੁਲਿਸ ਲੈਂਦੀ ਹੈ, ਉਸ ਪਿੱਛੇ ਦੋ ਵੱਡੇ ਕਾਰਨ ਸਨ। ਪਹਿਲਾ ਇਹ ਕਿ ਬੇਅੰਤ ਸਿੰਘ ਮੁੱਖ ਮੰਤਰੀ ਦੇ ਸਮੇਂ ਰਾਜਸੀ ਲੀਡਰਸ਼ਿਪ ਨੇ ਜਦੋਂ ਪੁਲਿਸ ਦੇ ਕੰਮ ਵਿਚ ਦਖ਼ਲ ਬੰਦ ਕੀਤਾ, ਸਿੱਟੇ ਓਦੋਂ ਨਿਕਲ ਸਕੇ ਸਨ ਤੇ ਦੂਜਾ ਇਹ ਕਿ ਪੁਲਿਸ ਓਦੋਂ ਹੁਣ ਜਿੰਨੀ ਪਾਟਕ ਦਾ ਸ਼ਿਕਾਰ ਨਹੀਂ ਸੀ, ਕੇ ਪੀ ਐਸ ਗਿੱਲ ਵਰਗੇ ਇੱਕੋ ਮੁਖੀ ਦੀ ਜਕੜ ਵਿਚ ਖੰਭ ਫੜਕਾਏ ਬਿਨਾਂ ਕੰਮ ਕਰਦੀ ਸੀ। ਹੁਣ ਇਹ ਦੋਵੇਂ ਗੱਲਾਂ ਉਸ ਤੋਂ ਉਲਟੀਆਂ ਹਨ। ਰਾਜਨੀਤਕ ਦਖਲ ਧੁਰ ਉਪਰ ਤੋਂ ਲੈ ਕੇ ਚੌਕ ਵਿਚ ਖੜੇ ਸਿਪਾਹੀ ਨੂੰ ਮੋਬਾਈਲ ਫੋਨ ਉਤੇ ਦਬਕਾ ਮਾਰਨ ਤੱਕ ਪਹੁੰਚ ਰਿਹਾ ਹੈ ਤੇ ਪੁਲਿਸ ਵਿਚ ਓਨੇ ਜ਼ਿਲ੍ਹੇ ਨਹੀਂ, ਜਿੰਨੇ ਧੜੇ ਬਣੇ ਫਿਰਦੇ ਹਨ। ਐਡੀਸ਼ਨਲ ਡੀ ਜੀ ਪੀ ਪੱਧਰ ਦੇ ਤਿੰਨ ਅਫਸਰ ਆਪੋ ਵਿਚ ਇਕ ਦੂਜੇ ਵਿਰੁਧ ਹਾਈ ਕੋਰਟ ਤੱਕ ਮੁਕੱਦਮੇਬਾਜ਼ੀ ਕਰ ਚੁੱਕੇ ਹਨ, ਡੀ ਆਈ ਜੀ ਪੱਧਰ ਦੇ ਦੋ ਅਫ਼ਸਰਾਂ ਨੇ ਇਕ ਦੂਜੇ ਵਿਰੁਧ ਜਾਨ ਤੋਂ ਖ਼ਤਰੇ ਦੇ ਦੋਸ਼ ਲਾ ਕੇ ਸ਼ਿਕਾਇਤਾਂ ਕੀਤੀਆਂ ਹੋਈਆਂ ਹਨ। ਜਿਹੜੇ ਦੋਸ਼ ਇਕ ਦੂਜੇ ਵਿਰੁਧ ਲਾਏ ਗਏ ਹਨ, ਉਹ ਕਿਸੇ ਤੀਜੇ ਨੇ ਲਾਏ ਹੁੰਦੇ ਤਾਂ ਪੁਲਿਸ ਫੋਰਸ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਦਾ ਹਿੱਸਾ ਕਰਾਰ ਦਿੱਤੇ ਜਾਣੇ ਸਨ, ਪਰ ਹੁਣ ਉਨ੍ਹਾਂ ਨੇ ਆਪੋ ਵਿਚ ਹੀ ਪੋਤੜੇ ਫੋਲਣ ਵਿਚ ਕਸਰ ਨਹੀਂ ਛੱਡੀ ਹੋਈ।

ਇਸੇ ਪੁਲਿਸ ਵਿਚ ਕੁਝ ਅਫਸਰ ਉਹ ਵੀ ਹਨ, ਜਿਹੜੇ ਉਸ ਦੌਰ ਵਿਚ ਨੌਕਰੀ ਨਾਲੋਂ ਵੱਧ ਨਿੱਜੀ ਦੁਸ਼ਮਣੀਆਂ ਕੱਢਣ ਦਾ ਕੰਮ ਕਰਦੇ ਹੁੰਦੇ ਸਨ, ਪਰ ਉਪਰਲਿਆਂ ਦੀ ਨਜ਼ਰ ਵਿਚ ਬੜੇ 'ਲੜਾਕੂ' ਹੋਣ ਦਾ ਅਕਸ ਬਣਾਈ ਰੱਖਦੇ ਸਨ। ਉਨ੍ਹਾਂ ਵਿਚੋਂ ਕੁਝ ਨੇ ਪੈਸੇ ਖਾਤਰ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਨਾਜਾਇਜ਼ ਬੰਦੇ ਵੀ ਮਾਰੇ ਦੱਸੇ ਜਾਂਦੇ ਹਨ, ਪਰ ਕੁਝ ਬੰਦੇ ਫੜ ਕੇ ਪੈਸੇ ਲੈ ਕੇ ਛੱਡੇ ਵੀ ਹੋਏ ਸਨ। ਇਕ ਬੰਦੇ ਨੂੰ ਬੜਾ ਖਤਰਨਾਕ ਕਹਿ ਕੇ ਮਾਰ ਦਿੱਤਾ ਗਿਆ, ਉਸ ਦੇ ਪਰਿਵਾਰ ਨੇ ਅੰਤਮ ਸਸਕਾਰ ਕਰ ਕੇ ਅਖੰਡ ਪਾਠ ਦਾ ਭੋਗ ਵੀ ਪਾ ਦਿੱਤਾ ਤੇ ਛੇ ਮਹੀਨੇ ਮਗਰੋਂ ਉਹ ਫੇਰ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ। ਇਸ ਵਾਰੀ ਫਿਰ ਭੋਗ ਪਾ ਦਿੱਤਾ ਤੇ ਦੋ ਸਾਲ ਬਾਅਦ ਉਹਨੂੰ ਫਿਰ ਪੁਲਿਸ ਨੇ 'ਮੁਕਾਬਲੇ ਵਿਚ ਮਾਰਿਆ ਗਿਆ' ਆਖ ਦਿੱਤਾ। ਹੈਰਾਨੀ ਵਾਲੀ ਗੱਲ ਇਹ ਕਿ ਤਿੰਨ ਵਾਰੀ ਮਾਰਿਆ ਗਿਆ ਇਹ ਬੰਦਾ ਉਸ ਪਿੱਛੋਂ ਰਾਜਸਥਾਨ ਪੁਲਸ ਦੇ ਕਾਬੂ ਆ ਗਿਆ ਤੇ ਓਥੋਂ ਦੀ ਜੇਲ੍ਹ ਵਿਚ ਕਈ ਸਾਲ ਗੁਜ਼ਾਰਨ ਪਿੱਛੋਂ ਹੁਣ ਮਾਝੇ ਦੇ ਪਿੰਡਾਂ ਵਿਚ ਤੁਰਿਆ ਫਿਰਦਾ ਹੈ। ਕੁਝ ਲੋਕ ਉਸ ਨੂੰ ਪੈਸੇ ਦੇ ਕੇ ਬਚ ਗਿਆ ਆਖਦੇ ਹਨ ਤੇ ਕੁਝ 'ਪੁਲਿਸ ਦਾ ਕੈਟ' ਵੀ ਕਹੀ ਜਾਂਦੇ ਹਨ। ਇਹੋ ਜਿਹੇ ਅੱਧੀ ਦਰਜਨ ਦੇ ਕਰੀਬ ਬੰਦੇ ਓਦੋਂ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਪਿੱਛੋਂ ਅੱਜ ਵੀ ਜਿੰਦਾ ਹਨ ਤੇ ਜਿਹੜੇ ਪੁਲਿਸ ਅਫਸਰਾਂ ਨੇ ਇਹ ਮੁਕਾਬਲੇ ਸਿਰੇ ਚੜ੍ਹਾ ਕੇ ਉਨ੍ਹਾਂ ਦੇ ਸਿਰ ਉਤੇ ਰੱਖਿਆ ਇਨਾਮ ਅਤੇ ਮੈਡਲ ਪ੍ਰਾਪਤ ਕੀਤੇ ਸਨ, ਉਨ੍ਹਾਂ ਦੇ ਮੋਢਿਆਂ ਦੇ ਤਾਰੇ ਹੁਣ ਤੱਕ ਵਧੀ ਜਾਂਦੇ ਹਨ।

ਹਰ ਦੌਰ ਵਿਚ ਕੁਝ ਜੀ-ਹਜ਼ੂਰੀਏ ਹਾਕਮ ਧਿਰ ਦੇ ਨੇੜੇ ਹੁੰਦੇ ਹਨ ਤੇ ਉਸ ਦੇ ਕਹੇ ਉਤੇ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਰਹਿੰਦੇ ਹਨ। ਇਹੋ ਜਿਹੇ ਸੱਜਣ ਹੁਣ ਵੀ ਰਾਜ ਦਰਬਾਰ ਦੇ ਗਲਿਆਰਿਆਂ ਵਿਚ ਟੱਪਦੇ ਫਿਰਦੇ ਹਨ। ਪਿਛਲੇ ਕੈਪਟਨ ਅਮਰਿੰਦਰ ਸਿੰਘ ਵਾਲੇ ਰਾਜ ਦੌਰਾਨ ਉਹ ਬੰਦੇ ਬਾਦਲ ਪਰਿਵਾਰ ਦੇ ਫਾਰਮ ਹਾਊਸਾਂ ਤੇ ਕੋਠੀਆਂ ਦੀ ਗਿਣਤੀ ਕਰਦੇ ਤੇ ਕੰਧਾਂ ਦੀਆਂ ਇੱਟਾਂ ਉਖਾੜ ਕੇ ਵੇਖਦੇ ਹੁੰਦੇ ਸਨ। ਜਦੋਂ ਰਾਜ ਬਦਲਿਆ ਤਾਂ ਉਹ ਰਾਤੋ-ਰਾਤ ਬਾਦਲ ਪਰਿਵਾਰ ਦੇ ਵੱਡੇ ਖਿਦਮਤਗਾਰ ਬਣ ਕੇ ਪਟਿਆਲੇ ਵਾਲੇ ਮਹਿਲ ਉਤੇ ਗੋਲੇ ਦਾਗਣ ਲਈ ਤਿਆਰੀ ਕਰਨ ਲੱਗ ਪਏ ਸਨ। ਕਾਲੂ ਜੱਲਾਦ ਦੀ ਹਰ ਸਰਕਾਰ ਨੂੰ ਲੋੜ ਹੁੰਦੀ ਹੈ। ਰਾਜ ਵਾਜਪਾਈ ਦਾ ਹੋਵੇ ਜਾਂ ਮਨਮੋਹਨ ਸਿੰਘ ਦਾ, ਜਦੋਂ ਕਿਸੇ ਨੂੰ ਫਾਂਸੀ ਟੰਗਣਾ ਹੋਵੇ ਤਾਂ ਪ੍ਰਧਾਨ ਮੰਤਰੀ ਨੇ ਇਹ ਕੰਮ ਨਹੀਂ ਕਰਨਾ ਹੁੰਦਾ, ਜੱਲਾਦ ਹੀ ਇਹ ਜ਼ਿੰਮੇਵਾਰੀ ਨਿਭਾਉਂਦੇ ਹਨ। ਪੰਜਾਬ ਦੀ ਪੁਲਿਸ ਵਿਚ ਵੀ ਕੁਝ ਬੰਦੇ 'ਕਾਲੂ ਜੱਲਾਦ' ਗਿਣੇ ਜਾਂਦੇ ਹਨ। ਜਿਹੜੇ ਮੌਕੇ ਦੇ ਮੁੱਖ ਮੰਤਰੀ ਦਾ ਇਸ਼ਾਰਾ ਮਿਲਦੇ ਸਾਰ ਵਿਰੋਧੀਆਂ ਦੇ ਗਲ ਰੱਸਾ ਪਾਉਣ ਤੁਰ ਪੈਂਦੇ ਹਨ। ਉਹ ਕਿਸੇ ਦੇ ਵੀ ਵਫ਼ਾਦਾਰ ਨਹੀਂ ਹੁੰਦੇ, ਪਰ ਸਾਰੇ 'ਸਿਆਣੇ' ਉਨ੍ਹਾਂ ਨੂੰ 'ਆਪਣਾ ਬੰਦਾ' ਸਮਝ ਲੈਂਦੇ ਹਨ।

ਰਾਜ ਕੈਪਟਨ ਅਮਰਿੰਦਰ ਸਿੰਘ ਦਾ ਸੀ ਤੇ ਚਾਰਜਸ਼ੀਟ ਬਾਦਲਾਂ ਦੇ ਵਿਰੁਧ ਬਣਾਈ ਗਈ ਸੀ। ਜਿਸ ਦਿਨ ਦਾਇਰ ਕੀਤੀ ਜਾਣੀ ਸੀ, ਉਸ ਤੋਂ ਦੋ ਦਿਨ ਪਹਿਲਾਂ ਸਾਰੀ ਫਾਈਲ ਦੀ ਫੋਟੋ ਕਾਪੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕੋਲ ਪਹੁੰਚ ਗਈ ਤੇ ਉਨ੍ਹਾਂ ਨੇ ਪ੍ਰੈਸ ਕਾਨਫਰੰਸ ਲਾ ਕੇ ਪੱਤਰਕਾਰਾਂ ਮੂਹਰੇ ਰੱਖ ਦਿੱਤੀ ਸੀ। ਉਹ ਫਾਈਲ ਬਾਦਲ ਸਾਹਿਬ ਖੁਦ ਫੋਟੋ-ਸਟੇਟ ਕਰਵਾਉਣ ਨਹੀਂ ਸੀ ਗਏ, ਕੁਝ ਪੁਲਿਸ ਵਾਲਿਆਂ ਨੇ ਕਰਵਾ ਕੇ ਦਿੱਤੀ ਸੀ, ਪਰ ਉਸ ਤੋਂ ਪਹਿਲਾਂ ਉਨ੍ਹਾਂ ਦੇ ਆਪਣੇ ਵੇਲੇ ਵੀ ਏਦਾਂ ਦਾ ਕੁਝ ਹੋ ਚੁੱਕਾ ਸੀ। ਆਪਣੀ ਪਿਛਲੀ ਵਾਰੀ ਦੇ ਰਾਜ ਦੇ ਆਖਰੀ ਮਹੀਨਿਆਂ ਵਿਚ ਬਾਦਲ ਸਾਹਿਬ ਤਿਲਕ ਕੇ ਡਿੱਗ ਪਏ ਸਨ ਤੇ ਚੂਲਾ ਟੁੱਟ ਗਿਆ ਸੀ। ਜਦੋਂ ਰਾਜ ਬਦਲ ਗਿਆ, ਓਦੋਂ ਪਹਿਲੇ ਅਸੈਂਬਲੀ ਇਜਲਾਸ ਵਿਚ ਹੀ ਉਨ੍ਹਾਂ ਨੇ ਅਮਰਿੰਦਰ ਸਿੰਘ ਮੁੱਖ ਮੰਤਰੀ ਨੂੰ ਕਿਹਾ ਸੀ, 'ਮੈਨੂੰ ਤਾਂ ਅਫ਼ਸਰਸ਼ਾਹੀ ਨੇ ਧੋਖਾ ਦਿੱਤਾ ਹੈ। ਜਿਸ ਦਿਨ ਮੇਰਾ ਚੂਲਾ ਟੁੱਟਾ, ਮੇਰੀ ਸੁਰੱਖਿਆ ਦੇ ਇੰਚਾਰਜ ਅਫਸਰ ਨੇ ਡਾਕਟਰ ਨੂੰ ਫੋਨ ਪਿੱਛੋਂ ਕੀਤਾ ਸੀ ਤੇ ਤੁਹਾਨੂੰ ਕਪਤਾਨ ਸਾਹਿਬ, ਪਹਿਲਾਂ ਕਰ ਦਿੱਤਾ ਸੀ।' ਜੋ ਪੁਲਿਸ ਦੇ ਅਫਸਰ ਅਮਰਿੰਦਰ ਸਿੰਘ ਦੇ ਵਕਤ ਚਾਰਜਸ਼ੀਟ ਦੀ ਕਾਪੀ ਬਾਦਲ ਸਾਹਿਬ ਨੂੰ ਪੁਚਾਉਂਦੇ ਰਹੇ ਹਨ ਤੇ ਬਾਦਲ ਸਾਹਿਬ ਦੇ ਓਦੋਂ ਪਿਛਲੇ ਰਾਜ ਵਿਚ ਸੰਪਰਕ ਕੈਪਟਨ ਅਮਰਿੰਦਰ ਸਿੰਘ ਨਾਲ ਰੱਖਦੇ ਰਹੇ ਹਨ ਤਾਂ ਹੁਣ ਇਹ ਕਿਵੇਂ ਨਾ ਹੁੰਦਾ ਹੋਵੇਗਾ? ਅੱਜ ਦੀ ਪੰਜਾਬ ਦੀ ਪੁਲਿਸ ਦੇ ਸਮੁੱਚੇ ਕਿਰਦਾਰ ਦੀ ਕੌੜੀ ਸੱਚਾਈ ਹੀ ਇਹੋ ਹੈ।

ਹੁਣ ਆਈਏ ਉਸ ਮੁੱਦੇ ਵੱਲ, ਜਿੱਥੋਂ ਗੱਲ ਸ਼ੁਰੂ ਕੀਤੀ ਗਈ ਸੀ। ਪੰਜਾਬ ਵਿਚ ਜਿਹੜੀ ਹਥਿਆਰਾਂ ਅਤੇ ਹਥਿਆਰਬਾਜ਼ਾਂ ਦੀ ਫੜੋਫੜੀ ਹੋ ਰਹੀ ਹੈ, ਉਹ ਸਾਰੀ ਦੀ ਸਾਰੀ ਗਲਤ ਨਹੀਂ, ਪਰ ਪੰਜਾਬ ਦੀ ਪੁਲਿਸ ਦਾ ਜਿੰਦਾਂ ਦਾ ਅਕਸ ਬਣ ਚੁੱਕਾ ਹੈ, ਉਸ ਵਿਚ ਬਹੁਤ ਸਾਰੇ ਲੋਕਾਂ ਦੀ ਇਹ ਰਾਏ ਹੈ ਕਿ ਕੁਝ ਪੁਲਿਸ ਅਫਸਰ ਨਹਿਲੇ ਤੇ ਦਹਿਲਾ ਮਾਰਨ ਦੀ ਖੇਡ ਵੀ ਖੇਡਦੇ ਹੋ ਸਕਦੇ ਹਨ। ਉਨ੍ਹਾਂ ਨੂੰ ਪੰਜਾਬ ਦੇ ਅਮਨ-ਕਾਨੂੰਨ ਦੀ ਓਨੀ ਚਿੰਤਾ ਨਹੀਂ, ਜਿੰਨੀ ਇਸ ਗੱਲ ਦੀ ਹੈ ਕਿ ਫਲਾਣਾ ਮੇਰੇ ਨਾਲੋਂ ਵੱਧ ਨੰਬਰ ਨਾ ਬਣਾ ਜਾਂਦਾ ਹੋਵੇ। ਇਹ ਹੁਣ ਰਾਜ ਕਰਨ ਵਾਲਿਆਂ ਦੀ ਜ਼ਿੰਮੇਵਾਰੀ ਹੈ ਕਿ ਸਥਿਤੀ ਨੂੰ ਸਪੱਸ਼ਟ ਕਰਨ ਕਿ ਇਸ ਵਿਚ ਸੱਚ ਕੀ ਹੈ? ਪੈ ਚੁੱਕੇ ਭੰਬਲਭੂਸੇ ਨੂੰ ਜੇ ਇਵੇਂ ਹੀ ਵਧਦਾ ਜਾਣ ਦਿੱਤਾ ਗਿਆ ਤਾਂ ਇਹ ਨਾ ਰਾਜ ਦੇ ਹਿੱਤਾਂ ਵਿਚ ਚੰਗਾ ਸਾਬਤ ਹੋਵੇਗਾ, ਨਾ ਰਾਜ ਕਰਨ ਵਾਲਿਆਂ ਦੇ। ਗੱਲ ਅੱਜ ਦੀ ਨਹੀਂ, ਕੁਝ ਅੱਗੋਂ ਦੀ ਵੀ ਸੋਚਣੀ ਚਾਹੀਦੀ ਹੈ, ਪਰ ਕੀ ਉਹ ਕਰ ਸਕਣਗੇ ਏਦਾਂ?

# ਪੰਜਾਬ ਦੇ ਖੱਬੇ ਪੱਖੀ ਦਲਾਂ ਦੀ ਹੋਂਦ ਖ਼ਤਰੇ ਵਿਚ ਪਈ

**ਜਲੰਧਰ:** ਕਿਰਤੀਆਂ ਦੀ ਅਗਵਾਈ ਕਰਨ ਦਾ ਦਾਅਵਾ ਕਰਨ ਵਾਲੇ ਖੱਬੇਪੱਖੀ ਦਲ ਇਸ ਸਮੇਂ ਖ਼ੁਦ ਲੀਹ 'ਤੋਂ ਲੱਥੇ ਹੋਏ ਹਨ। ਅਕਸਰ ਵੱਡੇ ਇਕੱਠ ਕਰਨ ਵਾਲੇ ਕਾਮਰੇਡ ਚੋਣਾਂ ਵੇਲੇ ਬੁਰੀ ਤਰ੍ਹਾਂ ਪੱਛੜ ਜਾਂਦੇ ਹਨ, ਜਿਸ ਕਾਰਨ ਇਨ੍ਹਾਂ ਦਲਾਂ ਲਈ ਸੱਤਾ ਪ੍ਰਾਪਤੀ ਕਦੇ ਨਾ ਪੂਰਾ ਹੋਣ ਵਾਲਾ ਸੁਪਨਾ ਬਣ ਕੇ ਰਹਿ ਗਈ ਹੈ ਤੇ ਪਾਰਟੀ ਲੀਡਰਸ਼ਿਪ ਵੀ ਗੂੜ੍ਹੀ ਨੀਂਦ ਸੁੱਤੀ ਹੋਈ ਹੈ। ਇਨ੍ਹਾਂ ਦਲਾਂ ਵਲੋਂ ਲੋਕ ਮੁੱਦਿਆਂ 'ਤੇ ਕਦੇ-ਕਦਾਈਂ ਕੀਤੇ ਜਾਂਦੇ ਇਕੱਠ ਵੀ ਹੋਂਦ ਨੂੰ ਬਣਾਈ ਰੱਖਣ ਦਾ ਉਪਰਾਲਾ ਮਾਤਰ ਹੀ ਹਨ, ਜਦਕਿ ਇਨ੍ਹਾਂ ਮੁੱਦਿਆਂ 'ਤੇ ਜਨਤਕ ਲਾਮਬੰਦੀ ਕਰਨ ਤੇ ਹਾਂ ਪੱਖੀ ਨਤੀਜੇ ਹਾਸਲ ਕਰਨ ਵਿਚ ਇਹ ਦਲ ਅਜੇ ਸਫਲ ਹੁੰਦੇ ਦਿਖਾਈ ਨਹੀਂ ਦਿੰਦੇ।

ਪਾਰਟੀ ਅੰਦਰਲੇ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਸਾਲ 'ਚ ਇਕ ਅੱਧ ਵਾਰ ਕੀਤੇ ਜਾਂਦੇ ਇਕੱਠ ਵੀ ਸੱਤਾਧਾਰੀਆਂ ਕੋਲ ਆਪਣਾ 'ਹਿੱਸਾ' ਪੱਕਾ ਕਰਨ ਲਈ ਹੀ ਕੀਤੇ ਜਾਂਦੇ ਹਨ ਤੇ ਉਨ੍ਹਾਂ ਦਾ ਆਮ ਲੋਕਾਂ ਦੀਆਂ ਸਮੱਸਿਆਵਾਂ ਨਾਲ ਕੋਈ ਸਰੋਕਾਰ ਨਹੀਂ। ਇਸ ਤੋਂ ਇਲਾਵਾ ਲੋਕ ਮੁੱਦਿਆਂ 'ਤੇ ਲੋਕਾਂ ਨਾਲ ਖੜਨ ਤੇ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦਾ ਵਿਰੋਧ ਕਰਨ ਦੀ ਬਜਾਇ ਕਾਮਰੇਡ ਅੱਜ ਕੱਲ੍ਹ ਥਾਣਿਆਂ 'ਚ ਲੋਕਾਂ ਦੇ ਰਾਜ਼ੀਨਾਮੇ ਕਰਵਾਉਣ 'ਚ ਜ਼ਿਆਦਾ ਮਸ਼ਰੂਫ ਹਨ।

ਖੱਬੇ ਪੱਖੀ ਦਲਾਂ ਨੇ ਅਕਾਲੀ-ਭਾਜਪਾ ਤੇ ਕਾਂਗਰਸ ਦਾ ਬਦਲ ਤਾਂ ਕੀ ਬਣਨਾ ਹੈ, ਸਗੋਂ ਚੋਣਾਂ ਸਮੇਂ ਇਹ ਖੁਦ ਹੀ ਕਾਂਗਰਸ ਦੇ ਹੱਥ 'ਚ ਦਾਤੀ-ਹਥੌੜਾ ਤੇ ਦਾਤੀ-ਬੱਲੀ ਫੜ੍ਹਾ ਕੇ ਸੁਰਖਰੂ ਹੋ ਜਾਂਦੇ ਹਨ, ਜਿਸ ਕਾਰਨ ਆਮ ਲੋਕ ਇਨ੍ਹਾਂ ਦਲਾਂ ਤੋਂ ਕਿਨਾਰਾ ਕਰ ਲੈਂਦੇ ਹਨ। ਇਸਦਾ ਸਬੂਤ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਹੀ ਹਨ। 2002 ਦੀਆਂ ਚੋਣਾਂ ਮੌਕੇ ਕਾਂਗਰਸ ਨਾਲ ਰਲਕੇ ਚੋਣ ਲੜਨ ਸਮੇਂ ਪਾਰਟੀ ਦੇ ਬਣੇ ਦੋ ਵਿਧਾਇਕ ਵੀ ਕਾਂਗਰਸ 'ਚ ਸ਼ਾਮਿਲ ਹੋ ਗਏ ਸਨ ਤੇ 2007 'ਚ ਇਕੱਲਿਆਂ ਚੋਣ ਲੜਕੇ ਪਾਰਟੀ ਖਾਤਾ ਵੀ ਖੋਲ੍ਹ ਨਹੀਂ ਸਕੀ ਸੀ। ਰਾਜਨੀਤਕ ਵਿਸ਼ਲੇਸ਼ਕਾਂ ਦਾ ਇਹ ਕਹਿਣਾ ਹੈ, ਕਿ ਇਨ੍ਹਾਂ ਦਲਾਂ ਵਲੋਂ ਆਪਣੇ ਇਤਿਹਾਸ, ਸੱਭਿਆਚਾਰ, ਮਾਂ-ਬੋਲੀ, ਆਰਥਿਕ ਤੇ ਸਮਾਜਿਕ ਸਰੋਕਾਰਾਂ ਤੋਂ ਕਿਨਾਰਾ ਕੀਤੇ ਜਾਣ ਕਾਰਨ ਵੀ ਲੋਕਾਂ ਇਨ੍ਹਾਂ ਦਲਾਂ ਤੋਂ ਪਾਸਾ ਵੱਟਿਆ ਹੈ। ਇਸ ਤੋਂ ਇਲਾਵਾ ਪਾਰਟੀ ਲੀਡਰਸ਼ਿਪ ਨਵੀਂ ਪੀੜ੍ਹੀ ਨੂੰ ਵੀ ਕਾਮਰੇਡ ਵਿਚਾਰਧਾਰਾ ਨਾਲ ਜੋੜਨ ਵਿਚ ਕਾਮਯਾਬ ਹੁੰਦੀ ਨਹੀਂ ਦਿਸਦੀ।

ਦੂਜੇ ਪਾਸੇ ਭਵਿੱਖ ਬਾਰੇ ਆਸਵੰਦ ਦਿਖ ਰਹੇ (ਸੀ.ਪੀ.ਐਮ. ਪਾਸਲਾ) ਦੇ ਸਕੱਤਰ ਸ੍ਰੀ ਮੰਗਤ ਰਾਮ ਪਾਸਲਾ ਨੇ ਕਿਹਾ ਹੈ ਕਿ ਖੱਬੇਪੱਖੀ ਰਾਜ ਲਿਆਉਣ 'ਚ ਅਜੇ ਸਮਾਂ ਤਾਂ ਲੱਗੇਗਾ ਪਰ ਗਰੀਬਾਂ ਤੇ ਮਿਹਨਤਕਸ਼ਾਂ ਲੋਕਾਂ ਦੀ ਜਿੱਤ ਯਕੀਨੀ ਹੈ। ਉਨ੍ਹਾਂ ਮੰਨਿਆ ਕਿ ਕਾਲਜਾਂ 'ਚ ਜਿਸ ਤਰ੍ਹਾਂ ਦੀ ਲਹਿਰ ਚਲਾਈ ਜਾਣੀ ਚਾਹੀਦੀ ਸੀ ਉਹ ਨਹੀਂ ਚੱਲ ਰਹੀ, ਪਰ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਵਰਗੀਆਂ ਜਥੇਬੰਦੀਆਂ ਨੌਜਵਾਨ ਪੀੜ੍ਹੀ ਦੀ ਤਰਜਮਾਨੀ ਕਰਦੀਆਂ ਹਨ। ਸੀ.ਪੀ.ਆਈ. ਪੰਜਾਬ ਦੇ ਸਕੱਤਰ ਸ੍ਰੀ ਭੁਪਿੰਦਰ ਸਾਂਬਰ ਨੇ ਮੰਨਿਆ ਕਿ ਭਾਵੇਂ ਚੋਣਾਂ ਵੇਲੇ ਉਨ੍ਹਾਂ ਨੂੰ ਵੋਟਾਂ ਘੱਟ ਪੈਂਦੀਆਂ ਹਨ ਪਰ ਫਿਰ ਵੀ ਉਹ ਇਕ ਦਿਨ ਸੱਤਾ ਹਾਸਲ ਕਰਨ 'ਚ ਜ਼ਰੂਰ ਕਾਮਯਾਬ ਹੋਣਗੇ। ਉਨ੍ਹਾਂ ਦਾਅਵਾ ਕੀਤਾ ਕਿ ਨੌਜਵਾਨ ਵਰਗ ਉਨ੍ਹਾਂ ਦੀ ਪਾਰਟੀ ਨਾਲ ਜੁੜ ਰਿਹਾ ਹੈ। ਸੀ.ਪੀ.ਐਮ. ਪੰਜਾਬ ਦੇ ਸਕੱਤਰ ਸ੍ਰੀ ਚਰਨ ਸਿੰਘ ਵਿਰਦੀ ਨੇ ਚੋਣਾਂ ਵੇਲੇ ਮਾੜੇ ਪ੍ਰਦਰਸ਼ਨ ਦੀ ਗੱਲ ਕਬੂਲਦਿਆਂ ਕਿਹਾ ਕਿ ਕਿਸੇ ਨੇ ਸੱਤਾ ਪਰੋਸ ਕੇ ਨਹੀਂ ਦੇਣੀ ਇਸ ਲਈ ਕਾਮਰੇਡਾਂ ਨੂੰ ਕਮੀਆਂ ਦੂਰ ਕਰਨੀਆਂ ਪੈਣੀਆਂ ਹਨ।

# ਪੰਜਾਬ ਕਾਂਗਰਸ ਦੀ ਪ੍ਰਧਾਨਗੀ ਚੋਣ ਲਟਕੀ

**ਜਲੰਧਰ :** ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਦੇ ਵਿਦੇਸ਼ ਜਾਣ ਕਰਕੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਦੀ ਚੋਣ ਕੁਝ ਹੋਰ ਸਮੇਂ ਲਈ ਲਟਕ ਸਕਦੀ ਹੈ। ਕਾਂਗਰਸ ਪ੍ਰਧਾਨ ਦੀ ਮਾਂ ਸਖ਼ਤ ਬਿਮਾਰ ਹੈ, ਜਿਸ ਕਰਕੇ ਉਹ ਆਪਣੇ ਸਾਰੇ ਪ੍ਰੋਗਰਾਮ ਰੱਦ ਕਰਕੇ ਬਾਹਰ ਚਲੀ ਗਈ ਹੈ। ਪਾਰਟੀ ਸੂਤਰਾਂ ਮੁਤਾਬਕ ਉਨ੍ਹਾਂ ਨੂੰ ਕੁਝ ਦਿਨ ਉਥੇ ਹੋਰ ਲੱਗ ਸਕਦੇ ਹਨ। ਸੋਨੀਆ ਗਾਂਧੀ ਦੇ ਜਾਣ ਕਰਕੇ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਲਈ ਪੱਬਾਂ-ਭਾਰ ਹੋਏ ਕਾਂਗਰਸੀ ਆਗੂਆਂ ਦੀਆਂ ਸਰਗਰਮੀਆਂ ਕੁਝ ਮੱਠੀਆਂ ਪੈ ਗਈਆਂ ਹਨ।

ਸੂਤਰਾਂ ਅਨੁਸਾਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ., ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਅਤੇ ਸਾਬਕਾ ਐਮ.ਪੀ. ਜਗਮੀਤ ਸਿੰਘ ਬਰਾੜ ਦੇ ਧੜੇ ਆਪੋ-ਆਪਣੇ ਡੈਲੀਗੇਟ ਬਣਾਉਣ 'ਚ ਲੱਗੇ ਹੋਏ ਹਨ। ਕਾਂਗਰਸੀ ਡੈਲੀਗੇਟ ਭਾਵੇਂ ਪਿਛਲੇ ਦਿਨੀਂ ਨਾਮਜ਼ਦ ਕਰ ਦਿੱਤੇ ਗਏ ਸਨ, ਪਰ ਕਈ ਕਾਂਗਰਸੀ ਆਗੂ ਅਜੇ ਵੀ ਆਪਣੇ ਡੈਲੀਗੇਟਾਂ ਨੂੰ ਬਦਲਾਉਣ 'ਚ ਲੱਗੇ ਹੋਏ ਹਨ ਅਤੇ ਆਪਣੇ ਖਾਸਮ-ਖਾਸ ਨੂੰ ਡੈਲੀਗੇਟ ਬਣਵਾ ਰਹੇ ਹਨ। ਕਾਂਗਰਸ ਸੂਤਰਾਂ ਅਨੁਸਾਰ ਬਣਾਏ ਗਏ ਡੈਲੀਗੇਟਾਂ 'ਚ ਵੀ ਪਿਲੜਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਧੜੇ ਦਾ ਹੀ ਭਾਰੀ ਰਹਿਣ ਦੀ ਆਸ ਹੈ, ਕਿਉਂਕਿ ਕਾਂਗਰਸ ਪਾਰਟੀ ਦੇ 44 ਵਿਧਾਇਕਾਂ 'ਚੋਂ ਲਗਭਗ ਤਿੰਨ ਦਰਜਨ ਵਿਧਾਇਕ ਕੈਪਟਨ ਖੇਮੇ 'ਚ ਆਏ ਹੋਏ ਹਨ। ਸਾਬਕਾ ਕਾਂਗਰਸੀ ਵਿਧਾਇਕਾਂ 'ਚੋਂ ਵੀ ਲਗਭਗ 45 ਕੈਪਟਨ ਧੜੇ ਨਾਲ ਸੰਬੰਧਿਤ ਹਨ। ਇਹ ਸਾਰੇ ਹੀ ਆਗੂ ਡੈਲੀਗੇਟ ਬਣੇ ਹੋਏ ਹਨ। ਕਾਂਗਰਸ ਦੀ ਪ੍ਰਧਾਨਗੀ ਹਥਿਆਉਣ ਲਈ ਭਾਵੇਂ ਪਿਛਲੇ ਲਗਭਗ ਡੇਢ ਸਾਲ ਤੋਂ ਕਾਂਗਰਸੀ ਆਗੂ ਤਰਲੋਮੱਛੀ ਹੋ ਰਹੇ ਹਨ, ਪਰ ਪ੍ਰਧਾਨਗੀ 'ਚ ਅਜੇ ਕੁਝ ਹੋਰ ਦੇਰੀ ਹੋ ਗਈ ਹੈ।

ਆਲ ਇੰਡੀਆ ਕਾਂਗਰਸ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਦੀ ਪ੍ਰਧਾਨਗੀ ਦੀ ਚੋਣ ਜਿਹੜੀ ਅਗਸਤ ਦੇ ਪਹਿਲੇ ਹਫਤੇ ਹੋਣੀ ਸੀ, ਦੇ ਹੁਣ ਅਗਸਤ ਦੇ ਪਿਛਲੇ ਹਫਤੇ ਹੋਣ ਦੀ ਸੰਭਾਵਨਾ ਹੈ। ਸੋਨੀਆ ਗਾਂਧੀ ਦੀ ਪ੍ਰਧਾਨਗੀ ਦੀ ਚੋਣ ਤੋਂ ਮਗਰੋਂ ਹੀ ਕਿਸੇ ਆਗੂ ਦਾ ਪੰਜਾਬ ਦੀ ਪ੍ਰਧਾਨਗੀ ਲਈ ਗੁਣਾ ਪਵੇਗਾ। ਸੂਤਰਾਂ ਮੁਤਾਬਕ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਚੋਣ ਸਤੰਬਰ ਦੇ ਪਹਿਲੇ ਹਫਤੇ ਹੋਣ ਦੀ ਸੰਭਾਵਨਾ ਬਣਦੀ ਜਾ ਰਹੀ ਹੈ।

## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

# ਕੀ ਖੱਟਿਆ ਕੀ ਪਾਇਆ

ਇਹ ਗੱਲ ਆਮ ਹੀ ਜਾਣੀ ਜਾਂਦੀ ਹੈ ਕਿ ਪੰਜਾਬ ਵਿਚ ਆਰੀਆ ਸਮਾਜ ਦੇ ਤਿੰਨ ਥੰਮ ਰਹੇ ਹਨ: ਹਿੰਦ ਸਮਾਚਾਰ ਅਖਬਾਰ ਟੋਲਾ, ਪੰਜਾਬ ਯੂਨੀਵਰਸਿਟੀ ਅਤੇ ਟ੍ਰਿਬਿਊਨ। ਤਿੰਨੇ ਸੰਸਥਾਵਾਂ ਪੰਜਾਬੀ ਵਿਰੋਧ ਵਿਚ ਵੀ ਸਰਗਰਮ ਰਹੀਆਂ ਹਨ ਭਾਵੇਂ ਹੁਣ ਸਥਿਤੀ ਚੰਗੇ ਰੁਖ ਵੱਲ ਕਾਫੀ ਬਦਲ ਗਈ ਹੈ। ਪੰਜਾਬ ਯੂਨੀਵਰਸਿਟੀ ਦਾ ਪੰਜਾਬੀ ਤੇ ਕੁਝ ਹੱਦ ਤੱਕ ਪੰਜਾਬ ਵਿਰੋਧ ਇਸ ਦੇ ਹੱਡਾਂ ਵਿਚ ਰਚਿਆ ਹੋਇਆ ਹੈ। ਇਸ ਵਿਰੋਧ ਨੂੰ ਬਲ ਮਿਲਿਆ ਜਦ ਚੰਡੀਗੜ੍ਹ ਨੂੰ ਪੰਜਾਬ ਨਾਲੋਂ ਵੱਖ ਕਰਕੇ ਕੇਂਦਰ ਸ਼ਾਸਤ-ਖੇਤਰ ਬਣਾ ਦਿੱਤਾ ਗਿਆ ਜਿਸ ਦੇ ਸਿੱਟੇ ਵਜੋਂ ਇਸ ਉਤੇ ਪੰਜਾਬ ਸਰਕਾਰ ਦਾ ਕੰਟਰੋਲ ਲਗਭਗ ਖਤਮ ਹੋ ਗਿਆ। ਪੰਜਾਬ ਸਰਕਾਰ ਇਸ ਦੇ ਬਜਟ ਦਾ 40% ਹਿੱਸਾ ਤਾਂ ਚੁੱਕ ਰਹੀ ਹੈ ਪਰ ਇਸ ਦੀਆਂ ਨੀਤੀਆਂ 'ਤੇ ਅਸਰ-ਅੰਦਾਜ਼ ਨਹੀਂ ਹੋ ਸਕਦੀ। ਅਜਿਹੀ ਹਾਲਤ ਵਿਚ ਹੀ ਸ਼ਕਤੀ ਦੀ ਸਿਖਰ ਧਾਰਨ ਕਰ ਚੁੱਕਾ ਹਰਿਆਣੇ ਦਾ ਪੂਰਵ ਵਰਣਿਤ ਪ੍ਰੋਫੈਸਰ ਲੁਕਵੇਂ ਤੇ ਡਟਵੇਂ ਰੂਪ ਵਿਚ ਪੰਜਾਬੀ ਦਾ ਵਿਰੋਧ ਕਰਨ ਵਾਲਿਆਂ ਵਿਚ ਚੌਧਰੀ ਬਣਿਆ ਰਿਹਾ। ਸੰਸਥਾ ਰੂਪ ਵਿਚ ਯੂਨੀਵਰਸਿਟੀ ਪੰਜਾਬੀ ਦੇ ਇਕ ਸੀਮਿਤ ਤੇ ਨਿਯੰਤ੍ਰਿਤ ਵਿਕਾਸ ਪ੍ਰਤੀ ਹੀ ਰੁਚਿਤ ਸੀ। ਢਿਲੇ ਮੱਠੇ ਚਲਦੇ ਸਰਕਾਰੀ ਕੰਮਾਂ ਕਾਰਨ ਪੰਜਾਬ ਸਰਕਾਰ ਵਲੋਂ ਸਾਡੇ ਡਿਕਸ਼ਨਰੀ ਪ੍ਰਾਜੈਕਟ ਲਈ ਗਰਾਂਟ ਦੇਣ ਵਿਚ ਦੇਰੀ ਹੋਈ ਰਹਿੰਦੀ। ਸਾਡੀ ਮੰਗ ਸੀ ਕਿ ਯੂਨੀਵਰਸਿਟੀ ਡਿਕਸ਼ਨਰੀ ਪ੍ਰਾਜੈਕਟ ਦਾ ਖਰਚਾ ਆਪਣੇ ਬਜਟ ਵਿਚ ਪਾਵੇ, ਗਰਾਂਟਾਂ ਦੀ ਝਾਕ ਨਾ ਰਖੇ।

ਉਨ੍ਹਾਂ ਦਿਨਾਂ ਵਿਚ ਸਾਡੀਆਂ ਸਰਕਾਰੇ-ਦਰਬਾਰੇ ਫੇਰੀਆਂ ਲਗਦੀਆਂ ਹੀ ਰਹਿੰਦੀਆਂ; ਕਦੇ ਵਿਤ ਸਕੱਤਰ ਅਮਰੀਕ ਸਿੰਘ ਪੂਨੀ, ਕਦੇ ਮਨਮੋਹਨ ਸਿੰਘ ਤੇ ਕਦੇ ਖਾਸ ਵਿਤ ਮੰਤਰੀ ਬਲਵੰਤ ਸਿੰਘ ਪਾਸ। ਅਮਰੀਕ ਸਿੰਘ ਪੂਨੀ ਤਾਂ ਕਈ ਵਾਰੀ ਸਾਨੂੰ ਆਪਣੀਆਂ ਕਵਿਤਾਵਾਂ ਸੁਣਾ ਕੇ ਹੀ ਮਿਲਿਆ ਵਕਤ ਲੰਘਾ ਛੱਡਦਾ। ਬਲਵੰਤ ਸਿੰਘ ਇਕ ਵਾਰੀ ਸਾਡੇ ਦੁਖੜੇ ਸੁਣ ਕੇ ਗੁੱਸੇ ਵਿਚ ਆਇਆ ਕਹਿੰਦਾ ਕਿ ਜੇ ਉਹ ਤੁਹਾਡਾ ਕੰਮ ਨਹੀਂ ਕਰਦੇ ਤਾਂ ਮੈਂ ਯੂਨੀਵਰਸਿਟੀ ਦੀਆਂ ਬਜਟ ਮੰਗਾਂ 'ਤੇ ਕਾਟਾ ਫੇਰ ਦੇਵਾਂਗਾ। ਮੀਟਿੰਗਾਂ ਵਿਚ ਸਾਨੂੰ ਬੜੀ ਹਮਦਰਦੀ ਦਿਖਾਈ ਜਾਂਦੀ ਪਰ ਪਰਿਣਾਮ ਬਹੁਤਾ ਠੋਸ ਨਹੀਂ ਸੀ ਨਿਕਲਦਾ। ਇਕ ਵਾਰੀ ਅਸੀਂ ਪ੍ਰਕਾਸ਼ ਸਿੰਘ ਬਾਦਲ ਨੂੰ ਉਸਦੇ ਨਿਵਾਸ 'ਤੇ ਮਿਲਣ ਗਏ। ਉਦੋਂ ਐਮਰਜੈਂਸੀ ਚੱਕੇ ਜਾਣ ਤੋਂ ਬਾਅਦ ਹੋਈਆਂ ਰਾਜਾਂ ਦੀਆਂ ਚੋਣਾਂ ਦੌਰਾਨ ਪੰਜਾਬ ਤੋਂ ਅਕਾਲੀ ਦਲ ਭਾਰੀ ਬਹੁਮਤ ਨਾਲ ਜਿੱਤਿਆ ਸੀ ਤੇ ਸ. ਬਾਦਲ ਮੁਖ ਮੰਤਰੀ ਬਣੇ ਸਨ। ਦੇਸ਼ ਭਰ ਵਿਚ ਖੁਸ਼ੀਆਂ ਹੀ ਖੁਸ਼ੀਆਂ



ਡਾ. ਰਾਮ ਪ੍ਰਕਾਸ਼

ਸਨ; ਕੇਂਦਰ ਵਿਚ ਨਵੀਂ ਬਣੀ ਜਨਤਾ ਸਰਕਾਰ ਗਠਜੋੜ ਦੇ ਮਸਲਿਆਂ ਨਾਲ ਜੂਝ ਰਹੀ ਸੀ। ਚਾਰਖਾਨਿਆਂ ਵਾਲਾ ਕੋਟ ਪਹਿਨੇ ਬਾਦਲ ਸਾਹਿਬ ਕੇਂਦਰੀ ਨੇਤਾਵਾਂ ਨਾਲ ਗਹਿਰੇ ਮਸ਼ਵਰਿਆਂ ਲਈ ਦਿੱਲੀ ਰਵਾਨਾ ਹੋਣ ਲਈ ਘਰ ਤੋਂ ਬਾਹਰ ਆ ਰਹੇ ਸਨ। ਉਨ੍ਹਾਂ ਵਿਹੜੇ ਵਿਚ ਖੜ੍ਹੇ-ਖੜ੍ਹੇ ਹੀ ਮੁਲਾਕਾਤ ਕੀਤੀ। ਗੱਲਬਾਤ ਉਨ੍ਹਾਂ ਗੁੱਟ-ਘੜੀ ਵੱਲ ਦੇਖਦਿਆਂ ਕੀਤੀ ਤੇ ਹਫੜਾ-ਦਫੜੀ ਵਿਚ ਕੁਝ ਨੋਟਸ ਆਪਣੇ ਸਹਾਇਕ ਨੂੰ ਲਿਖਾ ਦਿੱਤੇ। ਪੂਰਾ ਦੇਸ਼ ਇਕ ਇਤਿਹਾਸਕ ਦੌਰ ਵਿਚੋਂ ਗੁਜ਼ਰ ਰਿਹਾ ਸੀ, ਨਗਾਰਖਾਨੇ ਵਿਚ ਤੂਤੀ ਦੀ ਕਿਸ ਨੇ ਸੁਣਨੀ ਸੀ? ਅਸੀਂ ਇਹ ਗੱਲ ਭਲੀ ਭਾਂਤ ਮਹਿਸੂਸਦੇ ਸਾਂ ਤੇ ਅੰਦਰੋਂ ਸਾਨੂੰ ਉਨ੍ਹਾਂ ਦਾ ਇੰਜ ਮਸਰੂਫ ਹੋਣਾ ਚੰਗਾ ਲੱਗਾ ਕਿਉਂਕਿ ਅਸੀਂ ਖੁਦ ਜਨਤਾ ਸਰਕਾਰ ਦੇ ਖ਼ੈਰਖਵਾਹ ਸਾਂ।

ਐਮਰਜੈਂਸੀ ਇਕ ਚੁਪ ਚੁਪੀਤੀ ਜਿਹੀ ਘਟਨਾ ਪ੍ਰਤੀਤ ਹੁੰਦੀ ਸੀ। ਆਮ ਲੋਕਾਂ ਵਲੋਂ ਇਸ ਦਾ ਕੋਈ ਪ੍ਰਤੱਖ ਤੇ ਵਿਆਪਕ ਵਿਰੋਧ ਨਹੀਂ ਸੀ ਹੋਇਆ ਪਰ ਅੰਦਰੋ ਅੰਦਰ ਵਿਸ ਘੁਲ ਰਹੀ ਸੀ। ਇਸ ਘੁਲ ਰਹੀ ਵਿਸ ਦੀ ਬਹੁਤ ਸਾਰੇ ਬੁਧੀਜੀਵੀ, ਸਰਕਾਰੀ ਪਿੱਠੂ ਤੇ ਖੁਫੀਆ ਏਜੰਸੀਆਂ ਵੀ ਥਾਹ ਨਹੀਂ ਸਨ ਪਾ ਸਕੇ। ਉਹ ਸਮਝਦੇ ਸਨ ਕਿ ਲੋਕ ਐਮਰਜੈਂਸੀ ਨੂੰ ਸਵੀਕਾਰ ਕਰੀ ਬੈਠੇ ਹਨ। ਯੂਨੀਵਰਸਿਟੀ ਤੇ ਹੋਰ ਥਾਵਾਂ 'ਤੇ ਬੈਠੇ ਬੁਧੀਜੀਵੀਆਂ ਨੂੰ ਸਰਕਾਰੀ ਪ੍ਰਭੂਆਂ ਨਾਲ ਆਪਣੀ ਨੇੜਤਾ ਗੂੜ੍ਹੀ ਕਰਨ ਦਾ ਸੁਨਹਿਰੀ



ਅਮਰੀਕ ਸਿੰਘ ਪੂਨੀ

ਮੌਕਾ ਮਿਲ ਗਿਆ। ਭਾਈ ਵੀਰ ਸਿੰਘ ਚੇਅਰ ਦੇ ਮੁਖੀ ਵੀ. ਐਨ. ਤਿਵਾੜੀ ਨੇ ਆਪਣੇ ਕੋਈ ਸੌ ਕੁ ਪਿਛਲੱਗ ਵਿਦਿਆਰਥੀਆਂ, ਖੋਜਕਾਰਾਂ, ਮਿੱਤਰਾਂ ਤੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਤੋਂ ਉਨ੍ਹਾਂ ਦੇ ਖੂਨ ਨਾਲ ਦਸਤਖਤ ਕਰਵਾ ਕੇ ਐਮਰਜੈਂਸੀ ਦੇ ਹੱਕ ਵਿਚ ਬਿਆਨ ਦਿੱਤਾ ਜਿਸ ਨੂੰ ਉਹ ਨਿੱਜੀ ਤੌਰ 'ਤੇ ਆਪਣੇ ਕੁਝ ਸ਼ਰਧਾਲੂਆਂ ਸਮੇਤ ਇੰਦਰਾ ਗਾਂਧੀ ਨੂੰ ਭੇਟਾ ਕਰਕੇ ਆਏ। ਡਾ. ਅਤਰ ਸਿੰਘ ਤੇ ਡਾ. ਤਿਵਾੜੀ ਨੇ ਮਿਲ ਕੇ ਕੈਂਪਸ ਵਿਚ ਐਮਰਜੈਂਸੀ ਦੇ ਹੱਕ ਵਿਚ ਸਮਾਗਮ ਕਰਵਾਇਆ ਜਿਸ ਦੇ ਮੁਖ ਮਹਿਮਾਨ ਮੁਖ ਮੰਤਰੀ ਗਿਆਨੀ ਜ਼ੈਲ ਸਿੰਘ ਸਨ। ਦਰਸ਼ਕਾਂ ਨੂੰ ਸਰਕਾਰੀ ਖਰਚੇ 'ਤੇ ਨਿਕਸੁਕ ਸਮੇਤ ਚਿਕਨ ਨਾਲ ਭਰੇ ਡਬਿਆਂ ਵਾਲਾ ਲੰਚ ਦਿਤੇ ਜਾਣ ਦਾ ਲਾਲਚ ਦਿੱਤਾ ਗਿਆ। ਮੈਨੂੰ ਇਹ ਲਿਖਣ ਵਿਚ ਭੋਰਾ ਹਿਚਕਚਾਹਟ ਨਹੀਂ ਕਿ ਯੂਨੀਵਰਸਿਟੀ ਪੱਧਰ ਤੱਕ ਦੇ ਬੁਧੀਮਾਨ ਭਾਰੀ ਮੁਖਾਲਫ਼ਤ ਰੱਖਦਿਆਂ ਕੇਵਲ ਕੁਕੜ ਮਰੋੜਨ ਲਈ ਅਜਿਹੇ ਫੰਕਸ਼ਨਾਂ ਵਿਚ ਹੁੰਮ ਹੁੰਮਾ ਕੇ ਪਹੁੰਚ ਜਾਂਦੇ ਹਨ। ਅਸੀਂ ਵੀ ਇਸ ਵਿਚ ਸ਼ਿਰਕਤ ਕੀਤੀ ਕਿਉਂਕਿ ਸਾਡੇ ਬਾਸ ਅਤਰ ਸਿੰਘ ਦਾ ਹੁਕਮ ਸੀ ਪਰ ਕੁਕੜ ਖਾਂਦਿਆਂ ਅਸੀਂ ਕਚਿਆਣ ਮਹਿਸੂਸ ਕੀਤੀ; ਕਈਆਂ ਨੇ ਡੱਬੇ ਸੁੱਟ ਦਿੱਤੇ। ਯੂਨੀਵਰਸਿਟੀ ਦਾ ਹਿੰਦੀ ਕਵੀ ਕੁਮਾਰ ਵਿਕਲ ਸ਼ਰਾਬ ਪੀ ਕੇ ਸ਼ਰੇਆਮ ਪ੍ਰਬੰਧਕਾਂ ਨੂੰ ਗਾਲਾਂ ਕਢ ਰਿਹਾ ਸੀ। ਉਨ੍ਹਾਂ ਹੀ ਦਿਨਾਂ ਵਿਚ ਮੁਹਾਲੀ ਲਾਗੇ ਹੋਏ ਆਲ ਇੰਡੀਆ ਕਾਂਗਰਸ ਕਮੇਟੀ ਦੇ ਸੈਸ਼ਨ ਦੌਰਾਨ ਇਕ ਦਿਨ ਇੰਦਰਾ ਦਾ ਸਾਹਿਬਜ਼ਾਦਾ ਸੰਜੇ ਗਾਂਧੀ ਆਪਣੇ ਲਾਣੇ ਸਮੇਤ ਸੈਸ਼ਨ ਤੋਂ ਬਾਹਰ ਆ ਰਿਹਾ ਸੀ। ਤੇਜ਼ ਚਲਦੇ ਹੋਏ ਸੰਜੇ ਗਾਂਧੀ ਦੇ ਪੈਰਾਂ 'ਚੋਂ ਇਕ ਚਪਲ ਨਿਕਲ ਗਈ। ਪਿਛੇ ਪਿਛੇ ਅਹੁਲ ਕੇ ਰਲਣ ਦੀ ਕੋਸ਼ਿਸ਼ ਕਰ ਰਹੇ ਗਿਆਨੀ ਜੀ ਨੇ ਉਸੇ ਵੇਲੇ ਝੁਕ ਕੇ ਚਪਲ ਚੁੱਕੀ ਤੇ ਬੜੇ ਅਦਬ ਨਾਲ ਗੁਲਦਸਤੇ ਦੀ ਤਰ੍ਹਾਂ ਸੰਜੇ ਨੂੰ ਜਾ ਫੜਾਈ। ਅਖਬਾਰਾਂ ਨੇ ਦੂਜੇ ਦਿਨ ਇਹ ਤਸਵੀਰ ਖੂਬ ਚਮਕਾਈ। ਐਮਰਜੈਂਸੀ ਪਿਛੋਂ ਪੱਤਰਕਾਰਾਂ ਤੇ ਬੁਧੀਜੀਵੀਆਂ ਦੇ ਕਿਰਦਾਰ ਬਾਰੇ ਕਿਸੇ ਨੇ ਕਿਹਾ ਸੀ, "ਤੁਹਾਨੂੰ ਕੇਵਲ ਝੁਕਣ ਲਈ ਕਿਹਾ ਗਿਆ ਸੀ ਪਰ ਤੁਸੀਂ ਤਾਂ ਡੰਡੌਤ ਹੀ ਕਰਨ ਲੱਗ ਪਏ।"

ਐਮਰਜੈਂਸੀ ਪਿਛੋਂ ਚੋਣਾਂ ਦੌਰਾਨ ਅਤਰ ਸਿੰਘ ਦੇ ਦਫਤਰ ਵਿਚ ਕਾਂਗਰਸੀ ਲੀਡਰਾਂ ਦੀਆਂ ਵਹੀਰਾਂ ਲੱਗੀਆਂ ਰਹਿੰਦੀਆਂ। ਇਕ ਦਿਨ ਅਸੀਂ ਅਤਰ ਸਿੰਘ ਨੂੰ ਉਸ ਦੇ ਦਫਤਰ ਤੋਂ ਬਾਹਰ ਨਿਕਲ ਰਹੇ ਕਿਸੇ ਅਜਿਹੇ ਕਾਂਗਰਸੀ ਨੂੰ ਉਚੀ ਆਵਾਜ਼ ਵਿਚ ਕਹਿੰਦਿਆਂ ਸੁਣਿਆ, "ਯਾਦ ਰੱਖੀਂ, ਜੀ ਪਲੱਸ ਟਵੈਂਟੀ।" ਅਸੀਂ ਸੋਚੀਂ ਪੈ ਗਏ, ਇਹ ਜੀ ਪਲੱਸ ਟਵੈਂਟੀ ਕੀ ਹੋਇਆ? ਸਾਨੂੰ ਪਤਾ ਸੀ ਕਿ ਅਤਰ ਸਿੰਘ ਹੁਰੀਂ ਟੋਹੜਾ ਦੇ ਵਿਰੋਧ ਤੇ ਅਮਰਿੰਦਰ ਸਿੰਘ ਦੇ ਹੱਕ 'ਚ ਚੋਣ ਮੁਹਿੰਮ ਦੌਰਾਨ ਵਧ ਚੜ੍ਹ ਕੇ ਹਿੱਸਾ ਲੈ ਰਹੇ ਸਨ। ਅਸੀਂ ਇਸ ਕੋਡ ਨੂੰ ਬੁਝਣ ਵਿਚ ਫੋਰਾ ਨਾ ਲਾਇਆ। ਇਸਦਾ ਅਰਥ ਹੋਵੇਗਾ, 'ਜੀਪ ਦੇ ਨਾਲ ਵੀਹ ਹਜ਼ਾਰ ਰੁਪਏ' ਅਰਥਾਤ ਡਾਕਟਰ ਸਾਹਿਬ ਨੇ ਕਿਸੇ ਚੋਣ ਦੌਰੇ 'ਤੇ ਜਾਣ ਲਈ ਇਨ੍ਹਾਂ ਦੋ ਥੋਕਾਂ ਦੀ ਮੰਗ ਕੀਤੀ ਸੀ। ਦੋ ਕੁ ਘੰਟਿਆਂ ਬਾਅਦ ਅਸੀਂ ਦੇਖਿਆ, ਦਫਤਰ ਦੇ ਬਾਹਰ ਖੜੀ ਹਾਰਨ 'ਤੇ ਹਾਰਨ ਮਾਰਦੀ ਇਕ ਜੀਪ ਡਾਕਟਰ ਸਾਹਿਬ ਨੂੰ ਬੁਲਾਵਾ ਦੇ ਰਹੀ ਸੀ। ਵੀਹ ਹਜ਼ਾਰ ਦੀ ਥੈਲੀ ਵੀ ਅਵੱਸ਼ ਉਸਦੇ ਗਲੱਵ ਬਾਕਸ ਵਿਚ ਹੋਵੇਗੀ। ਇਨ੍ਹਾਂ ਚੋਣਾਂ ਵਿਚ ਉਤਰੀ ਭਾਰਤ ਵਿਚ ਕਾਂਗਰਸ ਦਾ ਮੁਕੰਮਲ ਸਫਾਇਆ ਹੋ ਗਿਆ। ਯੂਨੀਵਰਸਿਟੀ ਵਿਚ ਕਾਂਗਰਸ-ਪੱਖੀਆਂ ਦੇ ਮਾਪੇ ਮਰ ਗਏ। ਦੂਜੇ ਹੀ ਦਿਨ ਅਤਰ ਸਿੰਘ ਨੇ ਰਘਬੀਰ ਸਿੰਘ ਸਿਰਜਣਾ ਨੂੰ ਆਪਣੇ ਕਮਰੇ ਵਿਚ ਬੁਲਾਇਆ ਤੇ ਕੁਝ ਹੋਰ ਗੱਲਾਂ ਪਿਛੋਂ ਕਿਹਾ, "ਰਘਬੀਰ, ਤੈਨੂੰ ਤਾਂ ਪਤਾ ਹੀ ਹੈ, ਮੇਰੀਆਂ ਅੰਦਰੋਂ ਹਮਦਰਦੀਆਂ ਕਿਨ੍ਹਾਂ ਨਾਲ ਹਨ।" ਅਤਰ ਸਿੰਘ ਦੀਆਂ ਅੱਖਾਂ 'ਚੋਂ ਤ੍ਰਿਪ ਤ੍ਰਿਪ ਅਥਰੂ 'ਚੋ ਰਹੇ ਸਨ। ਡਾਕਟਰ ਸਾਹਿਬ ਬੌਧਿਕ ਤੌਰ 'ਤੇ ਖੱਬੀ ਵਿਚਾਰਧਾਰਾ ਰਖਦੇ ਹੋਏ ਵੀ ਅਮਲੀ ਤੌਰ 'ਤੇ ਹਰ ਹਾਕਮ ਪਾਰਟੀ ਨਾਲ ਚਲਦੇ ਸਨ। ਉਹ ਸੋਚਦੇ ਸਨ ਕਿ ਅਸੀਂ ਸ਼ਾਇਦ ਕਾਂਗਰਸ ਵਿਰੋਧੀ ਜੇਤੂ ਦਲਾਂ, ਖਾਸ ਤੌਰ 'ਤੇ ਕਮਿਊਨਿਸਟਾਂ ਦੇ ਬਹੁਤ ਕਰੀਬ ਸਾਂ, ਇਸ ਲਈ ਅਸੀਂ ਉਨ੍ਹਾਂ ਦੀਆਂ ਅਸਲੀ ਹਮਦਰਦੀਆਂ ਨਵੇਂ ਸ਼ਾਸਕਾਂ ਤੱਕ ਪਹੁੰਚਾ ਦੇਈਏ। ਕੁਝ ਹੀ ਦਿਨਾਂ ਵਿਚ ਅਸੀਂ ਦਫ਼ਤਰ ਦੇ ਇਕ ਕਲਰਕ ਨੂੰ ਚਿੱਠੀ ਟਾਈਪ ਕਰਦੇ ਦੇਖਿਆ ਜਿਸ ਨੂੰ "ਅਤੀ ਸਤਿਕਾਰਯੋਗ ਸ. ਬਾਦਲ ਸਾਹਿਬ ਜੀਓ" ਦੇ ਸੰਬੋਧਨੀ ਸ਼ਬਦਾਂ ਨਾਲ ਸ਼ੁਰੂ ਕੀਤਾ ਗਿਆ ਸੀ ਤੇ ਅੱਗੋਂ ਇਸ ਵਿਚ ਢੇਰ ਸਾਰੇ ਖੁਸ਼ਾਮਦੀ ਸ਼ਬਦਾਂ ਪਿਛੋਂ ਬਾਦਲ ਸਾਹਿਬ ਨੂੰ ਚੋਣਾਂ ਵਿਚ ਹੋਈ ਜਿੱਤ ਕਾਰਨ ਤਹਿ ਦਿਲੋਂ ਵਧਾਈ ਦੇ ਭਾਵ ਓਤਪੋਤ ਸਨ।

ਅਸੀਂ ਆਪਣੇ ਪ੍ਰਾਜੈਕਟ ਨੂੰ ਇਕ ਪੱਕਾ ਵਿਭਾਗ ਬਣਾਉਣਾ ਚਾਹੁੰਦੇ ਸਾਂ ਜਿਸ ਵਿਚ ਤਰ੍ਹਾਂ ਤਰ੍ਹਾਂ ਦੇ ਕੋਸ਼ ਬਣਨ। ਇਸ ਮੰਗ ਦੀ ਖਾਤਰ ਅਸੀਂ ਮੁਹਿੰਮ ਵਿਢੀ ਹੋਈ ਸੀ। ਇਸ ਜਾਣ ਨਾਲ ਸਾਡੀਆਂ ਨੌਕਰੀਆਂ ਵੀ ਪੱਕੀਆਂ ਹੁੰਦੀਆਂ ਸਨ ਤੇ ਪੰਜਾਬੀ ਦਾ ਕੰਮ ਕਰਨ ਵਾਲਾ ਯੂਨੀਵਰਸਿਟੀ 'ਚ ਇਕ ਬਹੁਤ ਵੱਡਾ ਸਥਾਈ ਵਿਭਾਗ ਵੀ ਹੋਂਦ ਵਿਚ ਆਉਂਦਾ ਸੀ। ਯੂਨੀਵਰਸਿਟੀ ਅਧਿਕਾਰੀ ਕਹਿੰਦੇ ਸਨ ਕਿ ਕੋਸ਼ ਮੁਕੰਮਲ ਹੋਣ ਪਿਛੋਂ ਅਸੀਂ ਵਰਤਮਾਨ ਪੰਜਾਬੀ ਵਿਭਾਗਾਂ, ਪੰਜਾਬੀ ਅਧਿਆਪਨ ਵਿਭਾਗ, ਯੂਨੀਵਰਸਿਟੀ ਈਵਨਿੰਗ ਕਾਲਜ, ਪੱਤਰਵਿਹਾਰ ਵਿਭਾਗ ਆਦਿ ਦੀਆਂ ਖਾਲੀ ਹੁੰਦੀਆਂ ਆਸਾਮੀਆਂ ਲਈ ਅਪਲਾਈ ਕਰਦੇ ਜਾਈਏ, ਯੂਨੀਵਰਸਿਟੀ ਸਾਨੂੰ ਰੱਖਦੀ ਜਾਏਗੀ। ਪਰ ਸਾਨੂੰ ਇਹ ਗੱਲ ਇਕ ਬਹੁਤ ਲੰਮਾ ਲਾਰਾ ਲਗਦੀ ਸੀ। ਕੀ ਪਤਾ ਕਿਸੇ ਨੂੰ ਨੌਕਰੀ ਮਿਲ ਜਾਵੇ, ਕੋਈ ਰਹਿ ਜਾਵੇ; ਅਸੀਂ ਜੋ ਕਿਛੁ ਪਾਇਆ ਸੁ ਏਕਾ ਵਾਰ ਦੇ ਅਭਿਲਾਸ਼ੀ ਸਾਂ। ਨਾਲੇ ਇਸ ਵਿਧੀ ਨਾਲ ਯੂਨੀਵਰਸਿਟੀ ਵਿਚ ਪੰਜਾਬੀ ਦੇ ਕੰਮ ਦਾ ਵਿਸਤਾਰ ਨਹੀਂ ਸੀ ਹੁੰਦਾ ਜੋ ਸਾਡੇ ਸੰਘਰਸ਼ ਦੀ ਸਦੀਵੀ ਪ੍ਰਾਪਤੀ ਬਣਨਾ ਸੀ।

ਅਸੀਂ ਪੂਟਾ ਦੀਆਂ ਮੰਗਾਂ ਵਿਚ ਆਪਣੀ ਮੰਗ ਸ਼ਾਮਿਲ ਕਰਵਾਈ। ਇਸ ਦੀਆਂ ਮੀਟਿੰਗਾਂ, ਧਰਨਿਆਂ, ਜਲੂਸਾਂ ਵਿਚ ਆਪਣੀਆਂ ਮੰਗਾਂ ਜ਼ੋਰ ਨਾਲ ਉਠਾਈਆਂ। ਕਈ ਵਾਰ ਸਾਡੇ ਉਮੀਦਵਾਰ ਪੂਟਾ ਦੇ ਵਖ ਵਖ ਅਹੁਦਿਆਂ ਲਈ ਚੁਣੇ ਗਏ। ਅਸੀਂ ਅਖਬਾਰਾਂ ਦੇ ਮਾਧਿਅਮ ਰਾਹੀਂ ਪੰਜਾਬੀ ਡਿਕਸ਼ਨਰੀਆਂ ਦੀ ਲੋੜ ਬਾਰੇ ਲੇਖ ਲਿਖੇ ਅਤੇ ਆਪਣੀਆਂ ਜਾਇਜ਼ ਮੰਗਾਂ ਦਾ ਪ੍ਰਸਾਰ ਕੀਤਾ। ਪੰਜਾਬੀ ਦੇ ਲੇਖਕ ਸਾਡੇ ਨਾਲ ਜੁੜ ਗਏ। ਕੇਂਦਰੀ ਪੰਜਾਬੀ ਲੇਖਕ ਸਭਾ ਨੇ ਬਿਆਨ ਦੇ ਕੇ ਸਾਡੇ ਵਿਭਾਗ ਨੂੰ ਪੱਕਾ ਕਰਨ ਦੀ ਅਪੀਲ ਕੀਤੀ। ਏਥੋਂ ਤੱਕ ਕਿ ਇਕ ਵਾਰੀ ਇਸ ਸਭਾ ਨੇ ਵੀ. ਸੀ. ਦਫਤਰ ਅੱਗੇ ਰੈਲੀ ਵੀ ਕੀਤੀ ਜਿਸ ਵਿਚ ਕਈ ਲੇਖਕਾਂ ਨੇ ਧੂੰਆਂਧਾਰ ਭਾਸ਼ਨ ਦਿੱਤੇ। ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਅਧਿਆਪਕਾਂ ਨੇ ਵੀ ਇਸ ਰੈਲੀ ਵਿਚ ਹਿੱਸਾ ਲਿਆ।

ਸਾਡੇ ਬਾਰੇ ਪ੍ਰਚਾਰਿਆ ਜਾਂਦਾ ਸੀ ਕਿ ਇਹ ਲੋਕ ਕੰਮ ਨਹੀਂ ਕਰਦੇ। ਕਈ ਲੋਕ ਮਖੌਲ ਨਾਲ ਆਖਦੇ ਕਿ ਤੁਹਾਡੇ ਉਤੇ ਤਾਂ ਪਾਰਕਿਨਸਨ ਦਾ ਨਿਯਮ ਲਾਗੂ ਹੁੰਦਾ ਹੈ ਜਿਸ ਅਨੁਸਾਰ ਕੰਮ ਨੂੰ ਮੁਕਾਉਣ ਵਿਚ ਜਿੰਨਾ ਵੱਧ ਸਮਾਂ ਮਿਲ ਜਾਵੇ, ਕੰਮ ਓਨਾ ਹੀ ਲਮਕ ਜਾਂਦਾ ਹੈ। ਕੋਸ਼ ਬਣਾਉਂਦੇ ਸਮੇਂ ਅਸੀਂ ਦਲੀਲ ਦਿਆ ਕਰਦੇ ਸੀ ਕਿ ਕੋਸ਼ਕਾਰੀ ਦਾ ਕੰਮ ਸੁਭਾਵਕ ਤੌਰ 'ਤੇ ਹੀ ਸਮਾਂ ਖਾਣ ਵਾਲਾ ਹੈ। ਆਪਣੀ ਪੁਸ਼ਟੀ ਲਈ ਅਸੀਂ ਦਸਦੇ ਕਿ ਵੈਬਸਟਰ ਦੇ ਤੀਜੇ ਅੰਗਰੇਜ਼ੀ ਕੋਸ਼ ਦੀ ਤਿਆਰੀ ਵਿਚ 757 ਸੰਪਾਦਕੀ ਸਾਲ ਲੱਗੇ ਸਨ ਤੇ ਇਸਨੂੰ ਤਿਆਰ ਕਰਨ ਵਿਚ 315 ਮਿਲੀਅਨ ਡਾਲਰ ਖਰਚਾ ਹੋਇਆ ਸੀ। ਸਾਡੇ 'ਚੋਂ ਕੁਝ ਜਣੇ ਇਹ ਵੀ ਕਹਿ ਦਿੰਦੇ ਸਨ ਕਿ ਇਕ ਵਾਰੀ ਡਿਕਸ਼ਨਰੀ ਛਪ ਗਈ ਤਾਂ ਇਸ ਦੀ ਮੰਗ ਏਨੀ ਹੋਵੇਗੀ ਕਿ ਸਾਰੇ ਖਰਚੇ ਪੂਰੇ ਹੋ ਜਾਣਗੇ। ਅੰਗਰੇਜ਼ੀ ਦੀਆਂ ਡਿਕਸ਼ਨਰੀਆਂ ਦੀ ਏਨੀ ਮੰਗ ਹੁੰਦੀ ਹੈ ਕਿ ਡਿਕਸ਼ਨਰੀਆਂ ਬਣਾਉਣਾ ਇਕ ਜ਼ਬਰਦਸਤ ਮੁਨਾਫਾ-ਕਮਾਊ ਬਿਜ਼ਨਿਸ ਬਣ ਚੁੱਕਾ ਹੈ। ਪਰ ਸਾਡੇ ਵਿਚੋਂ ਕਈਆਂ ਦਾ ਵਿਚਾਰ ਸੀ ਕਿ ਅਕਾਦਮਿਕ ਗੱਲਾਂ ਲਈ ਮਾਇਕ ਨਫੇ-ਨੁਕਸਾਨ ਦੀ ਦਲੀਲ ਦੇਣੀ ਯੋਗ ਨਹੀਂ ਹੈ। ਜਦ ਸਾਡਾ ਕੋਸ਼ ਤਿਆਰੀ ਦੇ ਕੋਲ ਪਹੁੰਚ ਗਿਆ ਤਾਂ ਅਸੀਂ ਕਹਿਣ ਲੱਗ ਪਏ ਕਿ ਅਸੀਂ ਤਾਂ ਕੰਮ ਨਿਬੇੜਿਆ ਪਿਆ ਹੈ, ਯੂਨੀਵਰਸਿਟੀ ਹੀ ਹੈ ਜੋ ਸਾਨੂੰ ਪੱਕਾ ਕਰਕੇ ਸਾਡੇ ਤੋਂ ਹੋਰ ਕੰਮ ਨਹੀਂ ਲੈ ਰਹੀ।

ਇਤਿਹਾਸਕ ਕਾਰਨਾਂ ਕਰਕੇ ਭਾਵੇਂ ਪੰਜਾਬ ਯੂਨੀਵਰਸਿਟੀ ਦਾ ਖਾਸਾ ਪੰਜਾਬੀ ਵਿਰੋਧੀ ਹੀ ਰਿਹਾ ਹੈ ਤੇ ਇਸਦੇ ਮੁਲਾਜ਼ਮਾਂ ਦੀ ਬਹੁ-ਗਿਣਤੀ ਹਿੰਦੂ ਧਰਮ ਨਾਲ ਸੰਬੰਧਤ ਰਹੀ ਹੈ ਪਰ ਫਿਰ ਵੀ ਅਸੀਂ ਆਪਣੀ ਲੜਾਈ ਵਿਚ ਫਿਰਕੂ ਕਾਰਡ ਨਹੀਂ ਵਰਤਿਆ। ਬਹੁਤ ਲੋਕ ਛੋਟਾ ਰਾਹ ਲਭਦੇ ਇਸ ਰਾਹ 'ਤੇ ਤੁਰ ਪੈਂਦੇ ਹਨ ਪਰ ਅਸੀਂ ਜ਼ਿਹਨੀ ਤੌਰ 'ਤੇ ਸੰਕੀਰਣ ਨਹੀਂ ਸਾਂ। ਵਿਦਿਅਕ ਖੇਤਰ ਵਿਚ ਹਿੰਦੂਆਂ ਦੀ ਬਹੁ-ਸੰਖਿਆ ਦੇ ਕਾਰਨ ਪੰਜਾਬ ਦੀ ਵਿਸ਼ੇਸ਼ ਜਨਸੰਖਿਅਕ ਵੰਡ ਵਿਚ ਨਿਹਿਤ ਹਨ। ਪਿੰਡਾਂ ਵਿਚ ਸਿੱਖਾਂ ਦੀ ਗਿਣਤੀ ਵਧੇਰੇ ਹੈ ਤੇ ਸ਼ਹਿਰਾਂ ਵਿਚ ਹਿੰਦੂਆਂ ਦੀ। ਵਿਦਿਆ ਦਾ ਪਸਾਰ ਸ਼ਹਿਰਾਂ ਵਿਚ ਵਧੇਰੇ ਹੁੰਦਾ ਹੈ ਇਸ ਲਈ ਵਧੇਰੇ ਹਿੰਦੂ ਪੜ੍ਹ ਜਾਂਦੇ ਹਨ ਤੇ ਬੌਧਿਕ ਕੰਮਾਂ ਕਾਰਾਂ 'ਤੇ ਲੱਗ ਜਾਂਦੇ ਹਨ। ਪਿੰਡਾਂ ਵਿਚ ਅੱਜ ਤਾਂ ਹਾਲਾਤ ਹੋਰ ਵੀ ਖਰਾਬ ਹੋ ਗਏ ਹਨ। ਪੂਟਾ ਵਿਚ ਆਮ ਤੌਰ 'ਤੇ ਅਫਿਰਕੂ ਸੋਚ ਵਾਲੇ ਲੋਕ ਹੀ ਚੁਣੇ ਜਾਂਦੇ ਸਨ। ਇਸ ਲਈ ਯੂਨੀਵਰਸਿਟੀ ਦੇ ਬਹੁ-ਗਿਣਤੀ ਹਿੰਦੂ ਸਾਡੀਆਂ ਮੰਗਾਂ ਦਾ ਸਮਰਥਨ ਹੀ ਕਰਦੇ ਸਨ।

ਹੁਸ਼ਿਆਰਪੁਰ ਵਿਚ ਸਾਧੂ ਆਸ਼ਰਮ ਨਾਂ ਦੀ ਇਕ ਸੰਸਥਾ ਸੀ ਜਿਥੇ ਕਈ ਸਾਰੇ ਪੰਡਿਤ ਸ਼ਾਸਤਰੀ ਵੇਦਾਂ ਦਾ ਕੋਸ਼ ਤਿਆਰ ਕਰ ਰਹੇ ਸਨ ਜਿਸਨੂੰ ਵੈਦਿਕ ਪਦਅਨੁਕਰਮ ਕੋਸ਼ ਕਿਹਾ ਗਿਆ ਹੈ। 1965 ਵਿਚ ਪੰਜਾਬ ਯੂਨੀਵਰਸਿਟੀ ਨੇ ਇਸ ਪ੍ਰਾਈਵੇਟ ਸੰਸਥਾ ਨੂੰ ਆਪਣਾ ਹਿੱਸਾ ਬਣਾ ਕੇ ਇਸਦਾ ਲੱਖਾਂ ਰੁਪਏ ਦਾ ਖਰਚਾ ਆਪਣੇ ਬਾਕਾਇਦਾ ਬਜਟ ਵਿਚ ਪਾ ਲਿਆ। ਬਾਅਦ ਵਿਚ ਇਸਦੇ ਤੱਪੜਾਂ 'ਤੇ ਬੈਠ ਕੇ ਕੰਮ ਕਰਦੇ ਪੰਡਤਾਂ, ਸ਼ਾਸਤਰੀਆਂ ਨੂੰ ਯੂਨੀਵਰਸਿਟੀ ਅਧਿਆਪਕਾਂ ਦੇ ਅਹੁਦੇ ਤੇ ਗਰੇਡ ਵੀ ਦੇ ਦਿੱਤੇ ਗਏ। ਅਸੀਂ ਵੱਖ ਵੱਖ ਫੋਰਮਾਂ 'ਤੇ ਇਹ ਕਹਿੰਦੇ ਸਾਂ ਕਿ ਜੇ



ਅਜਮੇਰ ਸਿੰਘ, ਅਤਰ ਸਿੰਘ ਅਤੇ ਰਘਬੀਰ ਸਿਰਜਣਾ

ਯੂਨੀਵਰਸਿਟੀ ਨੇ ਵੈਦਿਕ ਕੋਸ਼ ਤੇ ਕੰਮ ਕਰਨ ਵਾਲਿਆਂ ਦਾ ਏਨਾ ਖਰਚਾ ਆਪਣੇ ਬਾਕਾਇਦਾ ਬਜਟ ਵਿਚ ਪਾ ਲਿਆ ਹੈ ਤਾਂ ਸਾਡੀ ਵਾਰੀ ਕਿਉਂ ਢਿੱਡ ਪੀੜ ਹੁੰਦੀ ਹੈ? ਰਾਮ ਪ੍ਰਕਾਸ਼ ਪੂਟਾ ਮੀਟਿੰਗਾਂ ਵਿਚ ਕਿਹਾ ਕਰਦਾ ਸੀ ਕਿ ਉਹ ਇਕ ਅੰਤਰਰਾਸ਼ਟਰੀ ਪੱਧਰ ਦਾ ਕੰਮ ਕਰ ਰਹੇ ਹਨ। ਅਸੀਂ ਇਸ ਗੱਲ ਦਾ ਖਿਆਲ ਰੱਖਦੇ ਸਾਂ ਕਿ ਸਾਡਾ ਮਸਲਾ ਫਿਰਕੂ ਰੰਗ ਨਾ ਫੜੇ ਇਸ ਲਈ ਅਸੀਂ ਸਾਧੂ ਆਸ਼ਰਮ ਦਾ ਹਵਾਲਾ ਦੇ ਕੇ ਏਹੀ ਕਹਿੰਦੇ ਸਾਂ ਕਿ ਜੇ ਸੰਸਕ੍ਰਿਤ ਦੀ ਉਨਤੀ ਲਈ ਚੰਗਾ ਕੰਮ ਕੀਤਾ ਹੈ ਤਾਂ ਜੀਵਤ ਪੰਜਾਬੀ ਦੇ ਭਲੇ ਲਈ ਵੀ ਕਰੋ।

ਅਸੀਂ ਸਾਧੂ ਆਸ਼ਰਮ 'ਤੇ ਹੋ ਚੁਕੇ ਤੇ ਹੋ ਰਹੇ ਖਰਚੇ ਅਤੇ ਹੋਰ ਵੇਰਵਿਆਂ ਦੀ ਖੋਜ ਕਰਕੇ ਇਕ ਬਹੁਤ ਵੱਡਾ ਚਿੱਠਾ ਤਿਆਰ ਕੀਤਾ ਜਿਸ ਵਿਚ ਮੁਕਾਬਲਾ ਕਰਕੇ ਇਹ ਦੱਸਿਆ ਗਿਆ ਸੀ ਕਿ ਸੰਸਕ੍ਰਿਤ ਜਿਹੀ ਇਕ ਮ੍ਰਿਤ ਭਾਸ਼ਾ ਲਈ ਯੂਨੀਵਰਸਿਟੀ ਕਿੰਨੇ ਕਰੋੜ ਰੁਪਏ ਖਰਚ ਰਹੀ ਹੈ ਤੇ ਜੀਵਤ ਭਾਸ਼ਾ ਪੰਜਾਬੀ ਲਈ ਕਿੰਨਾ ਨਿਗੂਣਾ। ਅਸੀਂ ਇਹ ਵੀ ਲਿਖਿਆ ਕਿ ਸਾਧੂ ਆਸ਼ਰਮ ਦੇ ਇਹ ਲੋਕ ਸ਼ਾਸਤਰੀ ਪਾਸ ਹੀ ਹਨ ਜਦ ਕਿ ਅਸੀਂ ਡਬਲ ਐਮ.ਏ. ਤੇ ਕਈ ਪੀ.ਐਚ.ਡੀ. ਵੀ ਹਾਂ ਤੇ ਯੂਨੀਵਰਸਿਟੀ ਅਧਿਆਪਕਾਂ ਦੀਆਂ ਸਾਰੀਆਂ ਯੋਗਤਾਵਾਂ ਪੂਰੀਆਂ ਕਰਦੇ ਹਾਂ। ਕਈ ਤਾਂ ਕਾਲਜਾਂ/ਯੂਨੀਵਰਸਿਟੀਆਂ ਦੀ ਪ੍ਰੋਫੈਸਰੀ ਛੱਡ ਕੇ ਆਏ ਸਨ। ਅਸੀਂ ਇਸ ਚਿੱਠੇ ਨੂੰ ਕਿਸੇ ਢੁਕਵੇਂ ਸਮੇਂ, ਜਦੋਂ ਚਾਰੇ ਸਿਰੇ ਗੱਲ ਨਾ ਬਣੇ, ਨਸ਼ਰ ਕਰਨ ਦਾ ਫੈਸਲਾ ਕੀਤਾ ਸੀ ਕਿਉਂਕਿ ਇਸ ਦੇ ਪਾਠ ਵਿਚੋਂ ਕੁਝ ਫਿਰਕੂ ਨਿਮਨ-ਧੁਨੀਆਂ ਉਭਰਦੀਆਂ ਸਨ। ਅਸੀਂ ਆਪੋ ਵਿਚ ਇਸ ਨੂੰ "ਬੰਬ" ਆਖਦੇ ਸਾਂ ਕਿਉਂਕਿ ਇਹ ਇਕ ਤਰ੍ਹਾਂ ਅੱਗਲਾਊ ਦਸਤਾਵੇਜ਼ ਸੀ। ਹਕੀਕਤ ਵਿਚ ਅਸੀਂ ਇਸ ਦੀ ਕਦੇ ਵਰਤੋਂ ਨਹੀਂ ਕੀਤੀ, ਬੰਬ ਨੂੰ ਬੰਦ ਹੀ ਰਖਿਆ। ਸ਼ਾਇਦ ਅੱਜ ਇਸ 'ਬੰਬ' ਦੀਆਂ ਸੈਂਕੜੇ ਕਾਪੀਆਂ ਨੂੰ ਕਿਧਰੇ ਸਿਉਂਕ ਲੱਗ ਚੁਕੀ ਹੋਵੇਗੀ।

ਸਾਡੇ ਯਤਨਾਂ ਦਾ ਨਤੀਜਾ ਇਹ ਨਿਕਲਿਆ ਕਿ ਕੋਸ਼ ਮੁਕੰਮਲ ਹੋਣ ਪਿਛੋਂ ਸਾਡੇ 'ਪ੍ਰਾਜੈਕਟ' ਨੂੰ ਯੂਨੀਵਰਸਿਟੀ ਦੇ ਬਾਕਾਇਦਾ ਬਜਟ ਦਾ ਹਿੱਸਾ ਬਣਾ ਲਿਆ ਗਿਆ ਕਿਉਂਕਿ ਪੰਜਾਬ ਸਰਕਾਰ ਨੇ ਅੱਗੇ ਤੋਂ ਤਾਂ ਕੋਈ ਪੈਸੇ ਦੇਣੇ ਨਹੀਂ ਸਨ ਪਰ ਫਿਰ ਵੀ ਵਿਭਾਗ ਅਜੇ ਕੱਚਾ ਪੱਕਾ ਹੀ ਰਿਹਾ।

ਭਾਈ ਵੀਰ ਸਿੰਘ ਚੇਅਰ ਦੇ ਮੁਖੀ ਸਾਹਿਤਕ ਬਜਰੰਗ ਬਲੀ ਵੀ.ਐਨ. ਤਿਵਾੜੀ ਅਤੇ ਸ਼ੇਖ ਫਰੀਦ ਚੇਅਰ ਦੇ ਮੁਖੀ ਅਤਰ ਸਿੰਘ ਨੇ ਸਲਾਹ ਬਣਾਈ ਕਿ ਸਾਡੇ ਵਿਭਾਗ ਸਮੇਤ ਸਾਰੇ ਪੰਜਾਬੀ ਦੇ ਵਿਭਾਗ ਮਿਲਾ ਕੇ ਇਕ 'ਸਕੂਲ ਆਫ ਪੰਜਾਬੀ ਸਟਡੀਜ਼' ਬਣਾਇਆ ਜਾਵੇ ਜਿਸ ਨਾਲ ਪੰਜਾਬੀ ਦੇ ਸਮੁਚੇ ਕੰਮ ਦਾ ਤਾਲਮੇਲ ਹੋ ਸਕੇ ਤੇ ਸਾਂਝੀਆਂ ਸਕੀਮਾਂ ਉਲੀਕੀਆਂ ਜਾ ਸਕਣ। ਦਰਅਸਲ ਉਨ੍ਹਾਂ ਦਾ ਅੰਦਰੋਂ ਇਰਾਦਾ ਇਹ ਸੀ ਕਿ ਦੋਨੋਂ ਵਾਰੀ ਵਾਰੀ

(ਬਾਕੀ ਅਗਲੇ ਸਫੇ 'ਤੇ)

# ਅਸਲੀ "ਕੌਰ" ਤੇ ਨਕਲੀ "ਸਿੰਘ"

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856

ਤਰੱਕੀ ਨੇ ਹਮੇਸ਼ਾਂ ਉਨ੍ਹਾਂ ਦੇ ਪੈਰ ਚੁੰਮੇ ਨੇ, ਜਿੰਨਾਂ ਨੇ ਮੁਸੀਬਤਾਂ ਉਪਰ ਜਿੱਤ ਪ੍ਰਾਪਤ ਕੀਤੀ। ਕਈ ਘਰੋਂ ਤਾਂ ਨਿਕਲੇ ਸੀ ਕਿਸੇ ਦਾ ਸ਼ਿਕਾਰ ਕਰਨ ਪਰ ਆਪ ਕਿਸੇ ਦਾ ਸ਼ਿਕਾਰ ਹੋ ਗਏ। ਜਿਨ੍ਹਾਂ ਦੇ ਵਿਹੜੇ ਵਿਚ ਸ਼ਹਿਨਾਈਆਂ ਨਹੀਂ ਵੱਜੀਆਂ, ਉਨ੍ਹਾਂ ਨੇ ਦੂਜਿਆਂ ਦੇ ਵਿਹੜੇ ਵਿਚ ਵੈਣ ਪਵਾਉਣ ਲਈ ਹਮੇਸ਼ਾਂ ਘਿਨੌਣੀਆਂ ਚਾਲਾਂ ਚੱਲੀਆਂ। ਹੰਕਾਰ ਦੇ ਬਨ੍ਹੇਰੇ ਉਚੇ ਕਰਨ ਨਾਲੋਂ ਨਿਮਰਤਾ ਦੀਆਂ ਨੀਂਹਾਂ ਮਜ਼ਬੂਤ ਕਰਨ ਵਾਲੇ ਕਦੇ ਲਾਲਚ, ਹੰਕਾਰ ਤੇ ਨਫਰਤ ਵਾਲੇ ਤੂਫਾਨਾਂ ਤੋਂ ਨਹੀਂ ਡਰੇ। ਕਈਆਂ ਨੇ ਦੀਵਾਲੀ ਵਿਚ ਆਪਣੇ ਅਰਮਾਨ ਅੱਗ ਦੀ ਭੇਟਾ ਕੀਤੇ, ਕਈਆਂ ਨੇ ਖੁਸ਼ੀ ਵਧਾਉਣ ਲਈ ਪਟਾਖਿਆਂ ਨੂੰ ਅੱਗ ਲਾਈ। ਕਿਸੇ ਦੇ ਮਾਰਨ ਲਈ ਚੁੱਕਿਆ ਸੋਟਾ ਪਹਿਲਾਂ ਆਪਣੇ ਮੰਜੇ ਥੱਲੇ ਫੇਰ ਲਵੋ, ਫਿਰ ਤੁਹਾਨੂੰ ਸੋਟਾ ਚੁੱਕਣ ਦੀ ਲੋੜ ਹੀ ਨਹੀਂ ਪਵੇਗੀ, ਕਈ ਵਾਰ ਜ਼ਿੰਦਗੀ ਵਿਚ ਉਹ ਕੁਝ ਨਹੀਂ ਹੁੰਦਾ ਜੋ ਅਸੀਂ ਚਾਹੁੰਦੇ ਹਾਂ। ਪਰ ਕਈ ਵਾਰ ਉਹ ਕੁਝ ਹੋ ਜਾਂਦਾ ਹੈ ਜਿਸ ਬਾਰੇ ਕਦੇ ਸੋਚਿਆ ਵੀ ਨਹੀਂ ਹੁੰਦਾ ਤੇ ਜ਼ਿੰਦਗੀ ਅਨੰਦਮਈ ਬਣ ਕੇ ਉਮਰਾਂ ਤੱਕ ਸੁੱਖ ਭੋਗਦੀ ਹੈ, ਜਿਵੇਂ ਅਸਲੀ ਕੌਰ ਆਪਣੀ ਜ਼ਿੰਦਗੀ ਦੇ ਦਿਨ ਵਧੀਆ ਲੰਘਾਉਂਦੀ ਹੈ।

ਮੈਂ ਅੱਜ ਵੀ ਜਦੋਂ ਯਾਦਾਂ ਵਾਲੀ ਐਲਬਮ ਖੋਲ੍ਹ ਕੇ ਉਸ ਪੰਨੇ 'ਤੇ ਰੁਕਦਾ ਹਾਂ ਜਿੱਥੇ ਅਸਲੀ ਕੌਰ ਮੇਰੇ ਨਾਲ ਲੱਗ ਕੇ ਖੜ੍ਹੀ ਹੈ। ਮੇਰੀ ਯਾਦਾਂ ਵਾਲੀ ਸੂਈ ਛੇਵੀਂ ਕਲਾਸ ਵਾਲੇ ਦਿਨਾਂ ਤੇ ਰੁਕ ਜਾਂਦੀ ਹੈ। ਅਸਲੀ ਕੌਰ ਮੇਰੇ ਨਾਲ ਛੇਵੀਂ ਕਲਾਸ ਤੋਂ ਲੈ ਕਾਲਜ ਤੱਕ ਪੜ੍ਹੀ ਹੈ। ਪਹਿਲੇ ਦਿਨ ਹੀ ਅਸਲੀ ਕੌਰ ਨੇ ਇਕ ਕੁੜੀ ਨੂੰ ਕੁੱਟ ਸੁੱਟਿਆ। ਉਹ ਸਾਡੇ ਪਿੰਡ ਆਪਣੀ ਭੂਆ ਕੋਲ ਆ ਕੇ ਪੜ੍ਹਨ ਲੱਗੀ ਸੀ। ਭੂਆ ਦੇ ਕੋਈ ਬੱਚਾ ਨਹੀਂ ਸੀ ਤੇ ਇਕ ਅਸਲੀ ਕੌਰ ਲੜਾਕੂ ਬੜੀ ਸੀ। ਭੂਆ ਦਾ ਇਕੱਲਾਪਨ ਤੇ ਦੂਜਿਆਂ ਭਰਾਵਾਂ ਨੂੰ ਕੁੱਟ ਤੋਂ ਬਚਾਉਣ ਲਈ ਅਸਲੀ ਕੌਰ ਨੂੰ ਸਾਡੇ ਪਿੰਡ ਪੜ੍ਹਨ ਲਾ ਦਿੱਤਾ। ਅਸਲੀ ਕੌਰ ਕੁੜੀਆਂ ਦੀ ਮੋਢੀ ਬਣ ਗਈ, ਮੈਂ ਮੁੰਡਿਆਂ ਦਾ ਕਮਾਂਡਰ ਅਖਵਾਉਂਦਾ ਸੀ। ਇਕ ਦਿਨ ਮੈਂ ਤੇ ਅਸਲੀ ਕੌਰ ਝਗੜ ਪਏ, ਅਜੇ ਜਿੱਤ ਹਾਰ ਨਹੀਂ ਸੀ ਹੋਈ ਕਿ ਸਾਡਾ ਮਾਸਟਰ ਆ ਗਿਆ। ਸਾਡੀ ਦੁਸ਼ਮਣੀ ਵਧਣ ਨਾਲੋਂ ਸਾਡੀ ਆਪਸ ਵਿਚ ਨੇੜਤਾ ਹੋਣ ਲੱਗੀ। ਅਸੀਂ ਇਸ ਦੋਸਤੀ ਨੂੰ ਕੋਈ ਰਿਸ਼ਤੇ ਦਾ ਨਾਂ ਨਾ ਦੇ ਸਕੇ, ਖੈਰ ਇਕ ਦੂਜੇ ਉਪਰ ਹੱਕ ਬਹੁਤ ਜਤਾਉਂਦੇ। ਇਕ ਦੂਜੇ ਨੂੰ ਮਿਲੇ ਤੋਂ ਬਗੈਰ ਰਹਿ ਨਾ ਸਕਦੇ। ਨਾਮ ਤਾਂ ਉਸ ਦਾ ਕੁਲਦੀਪ ਕੌਰ ਸੀ, ਪਰ ਲੜਾਕੂ, ਦਲੇਰ, ਹੋਣ ਕਰਕੇ ਉਹ ਆਪਣੇ ਆਪ ਨੂੰ ਮਾਈ ਭਾਗੋ ਦੀ ਸ਼ੇਰ ਬੱਚੀ ਅਖਵਾਉਂਦੀ ਤੇ ਆਖਦੀ ਮੈਂ ਅਸਲੀ "ਕੌਰ" ਹਾਂ। ਫਿਲਮਾਂ ਦੀ ਬੜੀ ਸ਼ੌਕੀਨ, ਗੁਰਦੁਆਰੇ ਮੱਸਿਆ ਸੰਗਰਾਂਦ ਨੂੰ ਜਾਂਦੀ, ਪਾਠ ਕਦੇ ਕਰ ਕੇ ਵੇਖਿਆ ਨਹੀਂ ਸੀ। ਦਸਵੀਂ ਤੋਂ ਬਾਅਦ ਮੈਂ ਗੁਰਦੁਆਰੇ ਸੰਥਿਆ ਲੈਣ ਲੱਗ ਪਿਆ। ਅੰਮ੍ਰਿਤਧਾਰੀ ਨਾ ਹੋਣ ਕਰਕੇ ਮੈਨੂੰ ਉਹ ਨਕਲੀ ਸਿੰਘ ਆਖਦੀ, ਜਾਂ ਆਖਦੀ ਤੁਸੀਂ ਕੜਾਹ ਖਾਣ ਜਾਂਦੇ ਹੋ। ਮੈਨੂੰ ਉਸ 'ਤੇ ਗੁੱਸਾ ਵੀ ਬਹੁਤ ਆਉਂਦਾ ਪਰ ਮੈਂ ਉਸ ਨੂੰ ਛੱਡ ਵੀ ਨਹੀਂ ਸਕਦਾ ਸੀ। ਅਸੀਂ ਇਕ ਦੂਜੇ ਨੂੰ ਨਾਂ ਨਾਲ ਪੁਕਾਰਦੇ, ਉਹ ਫਿਲਮੀ ਦੁਨੀਆਂ ਨੂੰ ਪਹਿਲ ਦਿੰਦੀ, ਮੈਂ ਧਾਰਮਿਕ ਖਿਆਲਾਂ ਤੇ ਵਿਚਾਰਾਂ ਨੂੰ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦਾ। ਸਾਡਾ ਕਾਪੀਆਂ ਕਿਤਾਬਾਂ ਦਾ ਵਟਾਂਦਰਾ ਚੱਲਦਾ ਰਹਿੰਦਾ। ਉਹ ਮੇਰੀਆਂ ਕਿਤਾਬਾਂ ਲੈ ਜਾਂਦੀ, ਉਨ੍ਹਾਂ ਉਪਰ ਫਿਲਮੀ ਅੰਕ ਦੀਆਂ ਜਿਲਦਾਂ ਚੜ੍ਹਾ ਦਿੰਦੀ, ਮੈਂ ਜਿਲਦਾਂ ਉਤਾਰ ਦਿੰਦਾ ਨਿੱਕੀ-ਨਿੱਕੀ ਗੱਲ ਤੇ ਲੜਾਈ ਹੁੰਦੀ ਰਹਿੰਦੀ।

ਹੁਣ ਅਸੀਂ ਇਕੱਠੇ ਕਾਲਜ ਚਲੇ ਗਏ, ਉਹ ਮੇਰੇ ਨਾਲ ਮੇਰਾ ਪਰਛਾਵਾਂ ਬਣੀ ਰਹੀ, ਮੁੰਡਿਆਂ-ਕੁੜੀਆਂ ਨੇ ਆਪਣੇ ਗੈਸ ਲਾਈ ਜਾਣੇ ਕਿ ਉਹ ਦੋਵੇਂ ਛੇਤੀ ਵਿਆਹ ਕਰਵਾ ਲੈਣਗੇ, ਪਰ ਸਾਡੇ ਦਿਲਾਂ ਵਿਚ ਐਸੀ ਕੋਈ ਗੱਲ ਵੀ ਨਹੀਂ ਸੀ। ਅਸਲੀ ਕੌਰ ਦਾ ਸੁਭਾਅ ਕਾਲਜ ਵਿਚ ਜਾ ਕੇ ਨਹੀਂ ਬਦਲਿਆ। ਸਾਰੇ ਕਹਿੰਦੇ ਕਿ ਇਹ ਨਕਲੀ ਸਿੰਘ ਤੋਂ ਡਰਦੀ ਹੈ, ਪਰ ਉਹ ਸ਼ਾਇਦ ਡਰਦੀ ਨਹੀਂ ਸੀ, ਦਿਲੋਂ ਮੇਰੀ ਇੱਜ਼ਤ ਕਰਦੀ ਸੀ। ਮੈਂ ਕਈ ਗੱਲਾਂ ਵਿਚ ਉਸ ਨੂੰ ਵਿਚਾਰਿਆ ਸੀ।

ਆਪਣੀ ਭੂਆ ਨਾਲ ਲੜ ਕੇ ਉਸ ਨੇ ਰੰਗੀਨ ਟੀ.ਵੀ. ਲਵਾਇਆ। ਫਿਲਮਾਂ ਦਾ ਬੇਹੱਦ ਸ਼ੌਕ ਸੀ। ਬੋਲੀਆਂ ਬਹੁਤ ਜਾਣਦੀ ਸੀ। ਪੀਂਘ ਚੜ੍ਹਾਉਣਾ, ਕੁੜੀਆਂ ਨਾਲ ਖੁੱਲ੍ਹ ਕੇ ਮਖੌਲ ਕਰਨਾ, ਵਧੀਆ ਸੂਟ ਪਾਉਣੇ ਉਸ ਦੇ ਮੁੱਢਲੇ ਸ਼ੌਕ ਸਨ। ਮੈਨੂੰ ਨਾਵਲ ਤੇ ਇਤਿਹਾਸ ਪੜ੍ਹਨ ਦਾ ਜ਼ਿਆਦਾ ਸ਼ੌਕ ਸੀ। ਜਦੋਂ ਪੇਪਰਾਂ ਦੇ ਦਿਨ ਆਏ, ਮੈਂ ਸੋਲਾਂ ਨਾਵਲ ਇਕ ਮੁੰਡੇ ਨੂੰ ਚੁਕਾ ਦਿੱਤੇ, ਬੀਬੀ ਵੇਖ ਕੇ ਕਹਿੰਦੀ "ਪੁੱਤ ਕਿਤਾਬਾਂ ਸਾਰੀਆਂ ਚੁੱਕਾ ਦਿੱਤੀਆਂ, ਤੂੰ ਕੀ ਪੜ੍ਹੇਂਗਾ। ਪਾਸ ਕਿਵੇਂ ਹੋਵੇਂਗਾ?" ਪਰ ਮਾਂ ਵਿਚਾਰੀ ਨੂੰ ਇਹ ਨਹੀਂ ਪਤਾ ਸੀ ਕਿ ਇਹ ਨਾਵਲ ਹਨ। ਮੇਰੇ ਕਾਲਜ ਦੀ ਪੜ੍ਹਾਈ ਕਰਦਿਆਂ ਬੀਬੀ ਜੀ ਅਚਾਨਕ ਬਿਮਾਰ ਰਹਿਣ ਲੱਗੇ ਗਏ। ਘਰਦਿਆਂ ਮੇਰਾ ਵਿਆਹ ਕਰਨ ਦੀਆਂ ਸਕੀਮਾਂ ਸ਼ੁਰੂ ਕਰ ਦਿੱਤੀਆਂ, ਮੈਂ ਪੜ੍ਹ ਲਿਖ ਕੇ ਫਿਰ ਵਿਆਹ ਕਰਵਾਉਣਾ ਚਾਹੁੰਦਾ ਸੀ ਪਰ ਮੇਰੀ ਕੋਈ ਪੇਸ਼ ਨਾ ਗਈ। ਫਿਰ ਮੈਂ ਇਕ ਦਿਨ ਵਿਆਹ ਵਾਲੇ ਵਿਸ਼ੇ 'ਤੇ ਗੱਲ ਕੀਤੀ, "ਅਸਲੀ ਕੌਰ ਤੈਨੂੰ ਪਤਾ ਹੈ ਕਿ ਮੇਰੇ ਘਰ ਦੇ ਹੁਣ ਮੇਰਾ ਵਿਆਹ ਕਰਨ ਲੱਗੇ ਨੇ, ਮੈਂ ਕੋਈ ਸਲਾਹ ਕਰਨ ਦੇ ਬਹਾਨੇ ਨਾਲ ਪੁੱਛਿਆ"।

ਜੇ ਤੂੰ ਮੈਨੂੰ ਦੱਸੇਂਗਾ ਫਿਰ ਹੀ ਪਤਾ ਲੱਗੂ, "ਉਸ ਨੇ ਹੋਰ ਜਾਣਕਾਰੀ ਲੈਣ ਦੇ ਰੁੱਖ ਵਿਚ ਉਤਰ ਦਿੱਤਾ।"

"ਮੈਂ ਪੜ੍ਹ ਲਿਖ ਕੇ ਕੁਝ ਬਣਨਾ ਚਾਹੁੰਦਾ ਹਾਂ" ਮੈਂ ਆਪਣਾ ਭਵਿੱਖ ਵੇਖਦੇ ਹੋਏ ਕਿਹਾ।

"ਜੇ ਤੂੰ ਮੇਰੇ ਨਾਲ ਵਿਆਹ ਕਰਵਾ ਲਵੇਂ" ਉਸ ਨੇ ਮਜ਼ਾਕੀਆ ਅੰਦਾਜ਼ ਵਿਚ ਪੁੱਛਿਆ।

"ਮੈਂ ਸੁਧਾਰ ਵਾਲੀ ਨਹਿਰ ਵਿਚ ਛਾਲ ਮਾਰ ਦੇਊ ਤੇਰੇ ਨਾਲ ਵਿਆਹ ਨਹੀਂ ਕਰਵਾਊਂਗਾ, ਨਾਲੇ ਤੈਨੂੰ ਗਿਆਨੀ ਮੁੰਡੇ ਪਸੰਦ ਨਹੀਂ", ਮੈਂ ਉਸ ਨੂੰ ਜਵਾਬ ਦੇ ਕੇ ਆਪਣਾ ਖਹਿੜਾ ਛੁਡਾਉਣਾ ਚਾਹਿਆ।

"ਮੈਂ ਤਾਂ ਤੇਰਾ ਦਿਲ ਵੇਖਦੀ ਸੀ, ਮੈਂ ਨਹੀਂ ਕਰਵਾਉਂਦੀ ਤੇਰੇ ਵਰਗੇ ਨਾਲ ਵਿਆਹ, ਮੈਂ ਤਾਂ ਉਸ ਮੁੰਡੇ ਨਾਲ ਵਿਆਹ ਕਰਵਾਊਂ, ਜਿਹੜਾ ਐਕਟਰਾਂ ਵਰਗਾ ਹੋਊ, ਨੱਚਣ ਟੱਪਣ ਜਾਣਦਾ ਹੋਊ, ਮੈਨੂੰ ਸਿਨਮੇ ਵਿਚ ਫਿਲਮਾਂ ਵਿਖਾਊ, ਕਾਲੀਆਂ ਐਨਕਾਂ ਲਾ ਕੇ ਮੋਟਰਸਾਈਕਲ ਤੇ ਗੇੜੇ ਦਿਵਾਊ। ਮੈਂ ਤੇਰੇ ਕੋਲੋਂ ਕੀ ਇਹ ਸਾਰੀਆਂ ਖਾਹਸ਼ਾਂ ਪੂਰੀਆਂ ਕਰ ਲਊਂ? ਨਹੀਂ ਸਾਰੀ ਉਮਰ ਨਹੀਂ।" ਉਹ ਗੁੱਸੇ ਵਿਚ ਕਿਤਾਬਾਂ ਚੁੱਕ ਤੁਰ ਗਈ। ਮੈਂ ਬੈਠਾ ਘਾਹ ਪੁੱਟਣ ਜੋਗਾ ਰਹਿ ਗਿਆ।

ਇਸ ਵਾਰਤਾਲਾਪ ਤੋਂ ਬਾਅਦ ਸਾਡੀ ਦੋਸਤੀ ਵਿਚ ਵਾਲ ਵਰਗੀ ਤ੍ਰੇੜ ਪੈ ਗਈ, ਜੋ ਹੌਲੀ ਹੌਲੀ ਵਧਦੀ ਗਈ। ਪੇਪਰਾਂ ਤੋਂ ਬਾਅਦ ਮੇਰਾ ਘਰਦਿਆਂ ਵਿਆਹ ਪੱਕਾ ਕਰ ਦਿੱਤਾ। ਉਹ ਪੇਪਰ ਦੇ ਕੇ ਆਪਣੇ ਪਿੰਡ ਚਲੀ ਗਈ, ਮੈਂ ਜਿੰਨਾ ਚਿਰ ਪਿੰਡ ਰਿਹਾ, ਉਨਾਂ ਚਿਰ ਉਸ ਨੂੰ ਸਾਡੇ ਪਿੰਡ ਆਈ ਨੂੰ ਨਹੀਂ ਵੇਖਿਆ। ਇਸ ਤਰ੍ਹਾਂ ਲੱਗਦਾ ਜਿਵੇਂ ਉਹ ਸਾਡੇ ਪਿੰਡ ਦੀ ਰੌਣਕ ਹੀ ਨਾਲ ਲੈ ਗਈ ਹੋਵੇ।

ਉਸ ਦੀ ਭੂਆ ਰਾਹੀਂ ਮੈਂ ਆਪਣੇ ਵਿਆਹ ਦਾ ਕਾਰਡ ਭੇਜ ਦਿੱਤਾ। ਉਹ ਮੇਰੇ ਵਿਆਹ ਆਈ ਬਹੁਤ ਨੱਚੀ, ਟੱਪੀ, ਮੇਰੇ ਨਾਲ ਇਕ ਫੋਟੋ ਵੀ ਖਿਚਵਾਈ, ਉਸ ਨੂੰ ਵੇਖ ਕੇ ਲੱਗਦਾ ਸੀ ਕਿ ਉਹ ਆਪਣੇ ਦੁੱਖ ਦੀ ਝਲਕ, ਮੁੱਖ ਉਪਰ ਖੁਸ਼ੀ ਬਣਾ ਕੇ ਵਿਖਾ ਰਹੀ ਸੀ। ਪਤਾ ਨਹੀਂ ਉਹ ਸੱਚੀਂ ਮੇਰੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ? ਪਰ ਸਾਡੇ ਪੁਰਾਣੇ ਖਿਆਲਾਂ ਦੇ ਲਾਣੇ ਨੇ ਇਹ ਵਿਆਹ ਕਦੇ ਸਿਰੇ ਚੜ੍ਹਨ ਨਹੀਂ ਸੀ ਦੇਣਾ। ਮੇਰੇ ਵਿਚ ਇੰਨੀ ਤਾਕਤ ਨਹੀਂ ਸੀ ਕਿ ਮੈਂ ਬਾਗੀ ਹੋ ਕੇ ਵਿਆਹ ਕਰਵਾ ਲਵਾਂ, ਸਮਾਂ ਬੀਤਦਾ ਗਿਆ। ਉਸ ਦੀ ਭੂਆ ਤੋਂ ਮੈਂ ਉਸ ਦਾ ਹਾਲ-ਚਾਲ ਪਤਾ ਕਰਦਾ ਰਹਿੰਦਾ।

ਹੁਣ ਅਸਲੀ ਕੌਰ ਦੇ ਲਈ ਮੁੰਡੇ ਦੀ ਤਲਾਸ਼ ਹੋਣ ਲੱਗੀ। ਕਈ ਥਾਂਈ ਮੁੰਡੇ ਵੇਖੇ, ਪਰ ਗੱਲ ਨਾ ਬਣੀ, ਫਿਰ ਜਿੱਥੇ ਸਭ ਕੁੱਝ ਠੀਕ ਲੱਗਿਆ ਉਥੇ ਮੁੰਡਾ ਅੰਮ੍ਰਿਤਧਾਰੀ ਸੀ। ਅੰਮ੍ਰਿਤਧਾਰੀ, ਅਸਲੀ ਕੌਰ ਨੂੰ ਪਸੰਦ ਨਹੀਂ ਸੀ ਪਰ ਖਾਨਦਾਨ ਵਧੀਆ ਹੋਣ ਕਰਕੇ ਘਰਦਿਆਂ ਹਾਂ ਕਰ ਦਿੱਤੀ। ਮੁੰਡੇ ਵਾਲਿਆਂ ਆਖਿਆ ਬੀਬਾ ਆਉਂਦੀ ਵਿਸਾਖੀ 'ਤੇ ਅੰਮ੍ਰਿਤ ਛਕ ਲਵੇ ਫਿਰ ਵਿਆਹ ਕਰਾਂਗੇ, ਅਸਲੀ ਕੌਰ ਅੰਮ੍ਰਿਤ ਛਕਣ ਲਈ ਤਿਆਰ ਨਹੀਂ ਸੀ। ਘਰਦਿਆਂ ਧੱਕੇ ਨਾਲ ਹੀ ਅੰਮ੍ਰਿਤ ਛਕਾਇਆ ਅਸਲੀ ਕੌਰ ਦਾ ਵਿਆਹ ਹੋ ਗਿਆ, ਮੈਂ ਆਪਣੇ ਪਰਿਵਾਰ ਸਮੇਤ ਵਿਆਹ 'ਤੇ ਗਿਆ। ਅਸਲੀ ਕੌਰ ਨੂੰ ਵੇਖ ਕੇ ਲੱਗਿਆ ਕਿ ਉਸ ਦੇ ਸਾਰੇ ਅਰਮਾਨ ਅਗਨੀ ਭੇਟ ਹੋ ਗਏ, ਉਸ ਦੇ ਸੁਪਨੇ ਅਧੂਰੇ ਰਹਿ ਗਏ ਹੋਣ, ਪਰ ਉਹ ਚੜ੍ਹਦੀ ਕਲਾ ਵਿਚ ਸੀ ਉਸ ਦੇ ਚਿਹਰੇ ਦਾ ਨੂਰ ਠਾਠਾਂ ਮਾਰਦਾ ਸੀ, ਸਾਦੇ ਪਹਿਰਾਵੇ ਵਿਚ ਉਹ ਬਹੁਤ ਸੋਹਣੀ ਲੱਗਦੀ ਸੀ।

ਮੈਂ ਵਿਆਹ ਕਰਵਾ ਕੇ ਵੀ ਬਾਹਰ ਦੇ ਚੱਕਰਾਂ ਵਿਚ ਦਿੱਲੀ, ਚੰਡੀਗੜ੍ਹ ਘੁੰਮਦਾ ਰਿਹਾ, ਏਜੰਟਾਂ ਦੇ ਧੱਕਿਆਂ ਤੇ ਬਾਹਰ ਦੇ ਚਾਅ ਨੇ ਮੇਰੀ ਦਾੜੀ ਤੇ ਕੇਸ ਕਤਲ ਕਰਵਾ ਦਿੱਤੇ, ਮੇਰੀ ਪੱਗ ਲੁਹਾ ਕੇ ਮੇਰੇ ਬੈਗ ਵਿਚ ਪਾ ਦਿੱਤੀ, ਜਦੋਂ ਆਪਣੀ ਜ਼ਮੀਰ ਨੂੰ ਕਤਲ ਕਰਵਾ ਕੇ ਘਰ ਆਇਆ, ਤਾਂ ਘਰ ਦਾ ਮਾਹੌਲ ਇਸ ਤਰ੍ਹਾਂ ਦਾ ਸੀ ਜਿਵੇਂ ਹੁਣੇ ਹੁਣੇ ਹੀ ਘਰੋਂ ਕਿਸੇ ਗੱਭਰੂ ਦੀ ਅਰਥੀ ਨਿਕਲੀ ਹੋਵੇ, ਮੈਂ ਉਸ ਦਿਨ ਦਾ ਮਾਰਿਆ ਅੱਜ ਤੱਕ ਲਾਸ਼ ਬਣ ਘੁੰਮਦਾ ਹਾਂ।

ਅੱਜ ਪੂਰੇ ਅਠਾਰਾਂ ਸਾਲਾਂ ਬਾਅਦ ਮੇਰੀ ਉਸ ਨਾਲ ਇੰਟਰਨੈਟ ਦੇ ਜ਼ਰੀਏ ਮੁਲਾਕਾਤ ਹੋਈ। ਮੇਰੀ ਈਮੇਲ ਤੇ ਉਸ ਨੇ ਖੱਤ ਭੇਜਿਆ, ਜੋ ਖੱਤ ਵਿਚ ਲਿਖਿਆ ਇਹ ਸੀ:-

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ॥

ਪਿਆਰੇ ਦੋਸਤ ਨਕਲੀ ਸਿੰਘ ਜੀ, ਮੈਂ ਕੁਲਦੀਪ ਕੌਰ, ਗੁਰੂ ਗੋਬਿੰਦ ਸਿੰਘ ਦੀ ਸ਼ੇਰ ਪੁੱਤਰੀ ਤੁਹਾਨੂੰ ਖੱਤ ਭੇਜ ਰਹੀ ਹਾਂ। ਤੇਰੀ ਫੋਟੋ ਵੇਖ ਕੇ ਮੈਂ ਭੁੱਬਾਂ ਮਾਰ-ਮਾਰ ਰੋਈ, ਮੁੱਖ ਤੋਂ ਦਾਹੜਾ ਕਿੱਥੇ ਗਿਆ? ਕੇਸ ਕਿੱਥੇ ਚਲੇ ਗਏ? ਮੋਢੇ 'ਤੇ ਅਮੀਰੀ ਵਾਲੀ ਫੀਤੀ ਲਵਾਉਂਦਿਆਂ ਬਾਜ਼ਾਂ ਵਾਲੇ ਦੀ ਮੋਹਰ ਹੀ ਹਟਾ ਦਿੱਤੀ। ਕਾਲਜ ਪੜ੍ਹਦੇ ਤਾਂ ਬੜਾ ਭੱਜ-ਭੱਜ ਕੇ ਗੁਰਦੁਆਰੇ ਜਾਂਦੇ ਸੀ। ਕੀ ਉਹ ਸਭ ਵਿਖਾਵਾ ਸੀ? ਗੁਰੂ ਗ੍ਰੰਥ ਸਾਹਿਬ ਦੇ ਇੰਨਾ ਨਜ਼ਦੀਕ ਰਹਿਣ ਵਾਲੇ ਵੀ ਤੇਰੇ ਵਰਗੇ ਨਿਕਲ ਸਕਦੇ ਨੇ, ਮੈਨੂੰ ਵਿਸ਼ਵਾਸ ਨਹੀਂ ਆਉਂਦਾ, ਭਾਈ ਤਾਰੂ ਸਿੰਘ ਨੇ ਆਪਣੀ ਖੋਪਰੀ ਲੁਹਾ ਦਿੱਤੀ ਸੀ, ਇਕ ਵੀ ਰੋਮ ਕਤਲ ਨਹੀਂ ਸੀ ਕਰਵਾਇਆ, ਮੇਰੇ ਨਾਲੋਂ ਇਤਿਹਾਸ ਦੀ ਜਾਣਕਾਰੀ ਤੈਨੂੰ ਵੱਧ ਸੀ। ਇਸ ਸਭ ਕੁਝ ਨੂੰ ਤੂੰ ਮਜਬੂਰੀ ਦਾ ਨਾਂ ਦੇਵੇਂਗਾ, ਸਭ ਝੂਠ ਹੈ, ਜੇ ਮੇਰੇ ਮਨ ਨੂੰ ਤਸੱਲੀ ਹੋਈ ਉਹ ਤੇਰੀ ਦਸਤਾਰ ਵੇਖ ਕੇ, ਜੇ ਸਿਰ ਤੇ ਦਸਤਾਰ ਨਾ ਹੁੰਦੀ ਮੈਂ ਤੈਨੂੰ ਕੀਰਤਪੁਰ ਜਲ ਪ੍ਰਵਾਹ ਕਰ ਆਉਣਾ ਸੀ।

ਹੁਣ ਆਪਣੀ ਸੁਣਾਉਂਦੀ ਹਾਂ-ਵਿਆਹ ਤੋਂ ਬਾਅਦ ਮੈਂ ਦਿੱਲੀ ਆ ਗਈ, ਘਰਦਿਆਂ ਦਾ ਧੱਕੇ ਨਾਲ ਛਕਾਇਆ ਅੰਮ੍ਰਿਤ ਮੈਨੂੰ ਰਾਸ ਆ ਗਿਆ, ਜਿਸ ਨੇ ਮੇਰੀ ਅੰਦਰਲੀ ਕੁਲਦੀਪ ਕੌਰ ਮਾਰ ਕੇ ਗੁਰੂ ਜੀ ਦੀ ਅਸਲੀ "ਕੌਰ" ਬਣਾ ਦਿੱਤਾ। ਪਤੀ ਸਾਹਿਬ ਨੂੰ ਵੇਖ ਕੇ ਮੈਨੂੰ ਪਤਾ ਚਲਿਆ ਕਿ ਰਹਿਤ ਮਰਿਯਾਦਾ ਤੇ ਸਿਮਰਨ ਵਾਲੇ ਸਿੰਘ ਬ੍ਰਹਮਗਿਆਨੀ ਤੋਂ ਘੱਟ ਨਹੀਂ ਹੁੰਦੇ। ਇਨ੍ਹਾਂ ਦਾ ਰੋਜ਼ ਅੱਠ ਘੰਟੇ ਦਾ ਸਿਮਰਨ ਹੈ। ਮੈਂ ਰੋਜ਼ ਚਾਰ ਘੰਟੇ ਸਿਮਰਨ ਕਰਦੀ ਹਾਂ, ਰੋਜ਼ ਗੁਰਦੁਆਰੇ ਜਾਂਦੀ ਹਾਂ। ਸਾਡਾ ਕਾਰੋਬਾਰ ਬਹੁਤ ਵਧੀਆ ਹੈ। ਮੈਂ ਆਪਣੀ ਜ਼ਿੰਦਗੀ ਵਿਚ ਬਹੁਤ ਖੁਸ਼ ਹਾਂ। ਮੇਰੇ ਪਤੀ ਦੇਵ ਨੇ, ਮੇਰੀ ਝੋਲੀ ਵਿਚ ਦੁਨੀਆਂ ਦੀ ਹਰ ਖੁਸ਼ੀ ਪਾਈ ਹੈ। ਜੇ ਮੈਂ ਆਪਣੇ ਅਰਮਾਨਾਂ ਨੂੰ ਪਹਿਲ ਦਿੰਦੀ, ਸ਼ਾਇਦ ਕਦੇ ਵੀ ਇਹੋ ਜੇਹੀ ਜ਼ਿੰਦਗੀ ਨਸੀਬ ਨਾ ਹੁੰਦੀ। ਬਾਜ਼ਾਂ ਵਾਲੇ ਦੇ ਅੰਮ੍ਰਿਤ ਨੇ ਮੈਨੂੰ ਅਸਲੀ 'ਕੌਰ' ਬਣਾਇਆ।

ਹੁਣ ਤੁਸੀਂ ਦੱਸੋ ਨਕਲੀ ਸਿੰਘ ਜੀ, ਕਦੋਂ ਬਾਜ਼ਾਂ ਵਾਲੇ ਦੇ ਅਸਲੀ ਸਿੰਘ ਸੱਜਣਾ ਹੈ। ਇਕ ਵਾਰ ਅੰਮ੍ਰਿਤ ਛਕ ਕੇ ਸਿੰਘ ਬਣ ਕੇ ਵੇਖੋ ਜ਼ਿੰਦਗੀ ਕਿੰਨੀ ਸੋਹਣੀ ਬਣ ਜਾਂਦੀ ਹੈ। ਅੰਮ੍ਰਿਤ ਵੇਲੇ ਤੋਂ ਆਸਾ ਜੀ ਦੀ ਵਾਰ ਸ਼ੁਰੂ ਕਰਕੇ, ਸ਼ਾਮ ਨੂੰ ਕੀਰਤਨ ਸੋਹਿਲੇ ਦੀ ਸੰਪੂਰਨਤਾ ਤੱਕ ਸਾਰੇ ਦਿਨ ਦਾ ਵੱਖਰਾ ਹੀ ਅਨੰਦ ਹੈ। ਮੈਂ ਅੱਜ ਉਨ੍ਹਾਂ ਸਾਲਾਂ ਨੂੰ ਯਾਦ ਕਰਕੇ ਪਛਤਾਉਂਦੀ ਹਾਂ ਜਿਹੜੇ ਬਗੈਰ ਗੁਰੂ ਵਾਲੇ ਬਣਿਆਂ ਲੰਘਾ ਦਿੱਤੇ। ਸਾਡੇ ਸਾਰੇ ਪਰਿਵਾਰ ਨੂੰ ਵੇਖ ਕੇ ਮੇਰਾ ਪੇਕਾ ਪਿੰਡ ਵੀ ਗੁਰੂ ਵਾਲਾ ਬਣ ਗਿਆ। ਵਾਹਿਗੁਰੂ ਨੇ ਮੈਨੂੰ ਇਕ ਭੁਜੰਗੀ ਤੇ ਇਕ ਭੁਜੰਗਣ ਬਖਸ਼ਿਸ਼ ਕੀਤੇ, ਜੋ ਦੋਵੇਂ ਹੀ ਅੰਮ੍ਰਿਤਧਾਰੀ ਹਨ। ਜੇ ਕਦੇ ਦਿੱਲੀ ਆਇਆ, ਇਸ ਫੋਨ ਨੰਬਰ... ਤੇ ਫੋਨ ਕਰ ਲਵੀਂ। ਪਰ ਜਦੋਂ ਮਿਲਿਆ ਸਿੰਘ ਸੱਜ ਕੇ ਮਿਲੀਂ, ਫਿਰ ਤੈਨੂੰ ਵੇਖ ਕੇ ਵੱਖਰਾ ਅਨੰਦ ਆਵੇਗਾ, ਇਨ੍ਹਾਂ ਕੁੱਝ ਲਿਖਦੀ ਫਿਰ ਫਤਹਿ ਬੁਲਾਉਂਦੀ ਹਾਂ।

ਬਾਜ਼ਾਂ ਵਾਲੇ ਦੀ ਦਲੇਰ ਪੁੱਤਰੀ
ਕੁਲਦੀਪ "ਕੌਰ"

ਮੈਨੂੰ ਇਹ ਖੱਤ ਪੜ੍ਹ ਕੇ ਲੱਗਿਆ ਕਿ ਇਸ ਨਾਲੋਂ ਤਾਂ ਮੈਨੂੰ ਮੌਤ ਦੇ ਵਾਰੰਟ ਆ ਜਾਂਦੇ, ਜਿਉਂਦੀ ਲਾਸ਼ ਦਾ ਅੰਤ ਹੋ ਜਾਂਦਾ ਤਾਂ ਬਹੁਤ ਚੰਗਾ ਹੋਣਾ ਸੀ। ਅਸਲੀ ਕੌਰ ਦੀ ਇਕ-ਇਕ ਗੱਲ ਵਿਚ ਲੱਖਾਂ ਮਣ ਵਜ਼ਨ ਸੀ। ਮੈਨੂੰ ਯਕੀਨ ਨਹੀਂ ਆ ਰਿਹਾ ਕਿ ਇਹ ਉਹੀ ਕੁੜੀ ਹੈ ਤੇ ਅੱਜ ਗੁਰੂ ਵਾਲੀ ਬਣ ਕੇ ਕਿੰਨਾ ਬਦਲ ਗਈ। ਮੈਂ ਪੈਸੇ ਦੀ ਚਮਕ ਨਾਲ ਆਪਣਾ ਸਾਰਾ ਕੁਝ ਗਵਾ ਬੈਠਾ। ਸੱਚ ਇਹ ਹੈ ਕਿ ਅੰਮ੍ਰਿਤ ਵਿਚ ਸ਼ਕਤੀ ਹੈ। ਜਿਸ ਨਾਲ ਅਸਲੀ ਕੌਰ "ਕੌਰ" ਬਣ ਕੇ ਸਿੰਘਣੀ ਸਜ ਗਈ। ਮੈਂ ਅੱਜ ਫਿਰ ਬਾਜ਼ਾਂ ਵਾਲੇ ਗੁਰੂ ਜੀ ਨੂੰ ਬੇਨਤੀ ਕਰਦਾ ਹਾਂ ਕਿ ਮੈਨੂੰ ਜਲਦੀ ਤੋਂ ਜਲਦੀ ਸਿੰਘ ਸਜਾ ਕੇ, ਨਕਲੀ ਤੋਂ ਅਸਲੀ ਬਣਾ ਕੇ, ਅਸਲੀ ਕੌਰ ਨਾਲ ਮਿਲਾ ਦੇਵੋ। ਰੱਬ ਰਾਖਾ!


## ਮਕੈਨਿਕ ਮੈਨੇਜਰ ਦੀ ਲੋੜ ਹੈ

GILL EXPRESS

ਇੰਡੀਆਨਾ ਵਿਚ ਇਕ ਟਰੱਕ ਰਿਪੇਅਰ ਸ਼ਾਪ ਵਾਸਤੇ ਇਕ ਜ਼ਿੰਮੇਵਾਰ ਮਕੈਨਿਕ ਮੈਨੇਜਰ ਦੀ ਲੋੜ ਹੈ ਜੋ ਕਿ ਆਪਣੇ ਸਟਾਫ ਅਤੇ ਸ਼ਾਪ ਵਿਚ ਵਰਤੇ ਜਾਣ ਵਾਲੇ ਸਾਮਾਨ ਦੀ ਰੋਜ਼ਾਨਾ ਖਰੀਦੋ-ਫਰੋਖਤ ਲਈ ਜ਼ਿੰਮੇਵਾਰ ਹੋਵੇਗਾ। ਤਨਖਾਹ ਯੋਗਤਾ ਅਨੁਸਾਰ ਦਿੱਤੀ ਜਾਵੇਗੀ।

ਸੰਪਰਕ ਕਰੋ: ਜੱਸੀ, ਫੋਨ:765-987-7000

HWY 70 Exit 123, Spiceland, IN


## ਕੀ ਖੱਟਿਆ ਕੀ ਪਾਇਆ

ਤਿੰਨ ਤਿੰਨ ਸਾਲ ਲਈ ਇਸ ਵੱਡੇ ਸਕੂਲ ਦੇ ਮੁਖੀ ਬਣ ਜਾਣਗੇ। ਇਸ ਨਾਲ ਉਨ੍ਹਾਂ ਦੀ ਹਉਮੈ ਨੂੰ ਖੂਬ ਪੱਠੇ ਪੈਂਦੇ ਸਨ। ਉਨ੍ਹਾਂ ਦੇ ਯਤਨਾਂ ਸਦਕਾ ਆਖਰ ਇਹ ਸਕੂਲ ਹੋਂਦ ਵਿਚ ਆ ਗਿਆ। ਅਸੀਂ ਕੇਰਲਾ ਦੇ 'ਮਲਿਆਲਮ ਲੈਕਸੀਕਨਜ਼' ਵਿਭਾਗ ਦੇ ਨਾਂ ਤੋਂ ਸੰਕੇਤ ਲੈ ਕੇ ਆਪਣੇ ਪੱਕੇ ਵਿਭਾਗ ਦਾ ਨਾਂ ਰੱਖ ਲਿਆ 'ਪੰਜਾਬੀ ਕੋਸ਼ਕਾਰੀ ਵਿਭਾਗ' ਤੇ ਪ੍ਰਾਜੈਕਟ ਨੂੰ ਇਸ ਨਾਂ ਵਿਚ ਬਦਲੇ ਜਾਣ ਦੀ ਤਜਵੀਜ਼ ਰੱਖ ਦਿੱਤੀ। ਇਸ ਗੱਲ ਦਾ ਬਹੁਤਾ ਇਤਰਾਜ਼ ਕੀ ਹੋ ਸਕਦਾ ਸੀ ਪਰ ਫਿਰ ਵੀ ਆਦਤਨ ਇਕ ਮੀਂਗਣ ਪਾ ਦਿੱਤੀ ਗਈ। ਪੂਰਾ ਸਕੂਲ ਇਕ ਵਿਭਾਗੀ ਇਕਾਈ ਵਜੋਂ ਹੋਂਦ ਵਿਚ ਲੈ ਆਂਦਾ ਗਿਆ ਪਰ ਦਫਤਰੀ ਕਾਗਜ਼ਾਂ ਵਿਚ ਇਸਦੇ ਬਾਕੀ ਵਿਭਾਗਾਂ ਦੇ ਨਾਂ ਤਾਂ ਠੀਕ ਠੀਕ ਲਿਖੇ ਗਏ ਪਰ ਸਾਡੇ ਵਿਭਾਗ ਦੇ ਨਾਂ ਪਿੱਛੇ 'ਯੂਨਿਟ' ਲਿਖ ਦਿੱਤਾ ਯਾਨਿ ਪੰਜਾਬੀ ਕੋਸ਼ਕਾਰੀ (ਯੂਨਿਟ)। ਇਸ ਦੇ ਅਰਥ ਨਿਕਲਦੇ ਸਨ ਕਿ ਅਸੀਂ ਇਕ ਯੂਨਿਟ ਹੋਣ ਦੇ ਨਾਤੇ ਬਾਕੀਆਂ ਦੇ ਅਧੀਨ ਸਾਂ, ਸਾਡੀ ਕੋਈ ਸੁਤੰਤਰ ਹੋਂਦ ਨਹੀਂ ਸੀ, ਸਾਡੀਆਂ ਕਮੇਟੀਆਂ ਨਹੀਂ ਸਨ, ਤੇ ਸਾਡੇ ਬੰਦੇ ਵਾਰੀ ਆਉਣ 'ਤੇ ਚੇਅਰਮੈਨ ਨਹੀਂ ਸੀ ਬਣ ਸਕਦੇ। ਅਜਿਹੀਆਂ ਸ਼ਰਾਰਤਾਂ ਸਾਨੂੰ ਪ੍ਰੇਸ਼ਾਨ ਕਰਨ ਤੇ ਨੀਚਾ ਦਿਖਾਉਣ ਲਈ ਕੀਤੀਆਂ ਜਾਂਦੀਆਂ ਸਨ।

ਇਕ ਵਾਰੀ ਰਘਬੀਰ ਸਿੰਘ ਸਿਰਜਣਾ ਸੈਨਿਟ ਦੇ ਮੈਂਬਰ ਬਣ ਗਏ। ਉਨ੍ਹਾਂ ਬੜੇ ਜ਼ੋਰਦਾਰ ਢੰਗ ਨਾਲ ਸਵਾਲ ਉਠਾਇਆ ਕਿ ਇਸ ਯੂਨਿਟ ਸ਼ਬਦ ਦਾ ਏਥੇ ਕੀ ਕੰਮ ਹੈ। ਕਿਸੇ ਕੋਲ ਜਵਾਬ ਨਹੀਂ ਸੀ। ਉਸੇ ਵੇਲੇ ਇਹ ਸ਼ਬਦ ਕੱਟ ਦੇਣ ਦਾ ਫੈਸਲਾ ਹੋਇਆ। ਫਿਰ ਸਕੂਲ ਦੀਆਂ ਕਮੇਟੀਆਂ ਬਣੀਆਂ ਤਾਂ ਸਾਡੇ ਬੰਦੇ ਵੀ ਵਿਚ ਆਏ, ਵਾਰੀ ਆਉਣ ਤੇ ਵਸਿਸ਼ਟ ਤੇ ਬਖਸ਼ੀਸ਼ ਸਿੰਘ ਹੁਰੀਂ ਸਾਰੇ ਸਕੂਲ ਦੇ ਚੇਅਰਮੈਨ ਵੀ ਬਣੇ। ਅਸੀਂ ਕਈ ਡਿਕਸ਼ਨਰੀਆਂ ਦੇ ਪ੍ਰਾਜੈਕਟ ਸ਼ੁਰੂ ਕਰ ਲਏ। ਪ੍ਰੋ. ਤਿਵਾੜੀ, ਬਲਬੀਰ ਸਿੰਘ ਸੰਧੂ ਅਤੇ ਅਤਰ ਸਿੰਘ ਸਾਰੇ ਅਨਿਆਈ ਮੌਤੇ ਹੀ ਚਲ ਵਸੇ। ਤਿਵਾੜੀ ਸਾਹਿਬ ਅਤਿਵਾਦੀ ਲਹਿਰ ਦਾ ਸ਼ਿਕਾਰ ਹੋ ਗਏ, ਸੰਧੂ ਸਾਹਿਬ ਦੀ ਇਕ ਹੌਲਨਾਕ ਹਾਦਸੇ ਨੇ ਜਾਨ ਲੈ ਲਈ ਅਤੇ ਅਤਰ ਸਿੰਘ ਇਕ ਗੰਭੀਰ ਬੀਮਾਰੀ ਤੋਂ ਰਾਜ਼ੀ ਨਾ ਹੋ ਸਕੇ। ਆਪਣੀ ਆਪਣੀ ਤਰ੍ਹਾਂ ਵਿਭਾਗ ਨੂੰ ਕਾਇਮ ਕਰਨ ਵਿਚ ਤਿੰਨਾਂ ਪ੍ਰੋਫੈਸਰਾਂ ਦੇ ਯੋਗਦਾਨ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਰਿਆਲ ਸਾਹਿਬ ਸਭ ਤੋਂ ਵੱਡੇ ਹੋਣ ਦੇ ਨਾਤੇ ਸਭ ਤੋਂ ਪਹਿਲਾਂ ਰਿਟਾਇਰ ਹੋਏ। ਅਮਰੀਕਾ ਦਾ ਮੇਰੇ ਖੂਨੋਂ ਕੁਝ ਖੁਸ਼ਿਆ ਹੋਇਆ ਸੀ, ਇਸ ਨੇ ਰਿਟਾਇਰਮੈਂਟ ਤੋਂ ਪਹਿਲਾਂ ਹੀ ਮੈਨੂੰ ਏਧਰ ਬੁਲਾ ਲਿਆ। ਕੁਝ ਹੀ ਸਾਲਾਂ ਵਿਚ ਵਿਭਾਗ ਨੂੰ ਹੋਂਦ ਵਿਚ ਲਿਆਉਣ ਵਾਲਾ ਬਾਕੀ ਸਾਰਾ ਮੁਢਲਾ ਘੁਲਾਟੀਆ ਸਟਾਫ ਵੀ ਰੀਟਾਇਰ ਹੋ ਗਿਆ। ਐਸ ਵੇਲੇ ਅੱਠਾਂ ਦੀ ਥਾਂ ਸਿਰਫ ਤਿੰਨ ਬੰਦਿਆਂ ਦਾ ਸਟਾਫ ਰਹਿ ਗਿਆ ਹੈ, ਬੰਦਿਆਂ ਦਾ ਕਾਹਦਾ ਬੰਦੀਆਂ ਦਾ, ਕਿਉਂਕਿ ਤਿੰਨੋ ਇਸਤਰੀਆਂ ਹਨ। ਕੀ ਕੰਮ ਹੋ ਰਿਹਾ ਹੋਵੇਗਾ, ਇਹ ਮੈਂ ਨਹੀਂ ਕਹਿ ਸਕਦਾ ਪਰ ਅੱਠਾਂ ਤੋਂ ਤਿੰਨ ਰਹਿ ਗਏ ਸਟਾਫ ਮੈਂਬਰਾਂ ਵਾਲਾ ਵਿਭਾਗ ਕੀ ਨਿਵਾਣਾਂ ਵੱਲ ਨਹੀਂ ਜਾ ਰਿਹਾ?


## ਟੈਕਸਸ ਕੁਇਕ ਸਟਾਪ

## ਲੋੜ ਹੈ

ਟੈਕਸਸ ਵਿਚ ਟਰੱਕ ਸਟਾਪ ਉਤੇ ਕੰਮ ਕਰਨ ਲਈ ਕੈਸ਼ੀਅਰ ਅਤੇ ਰੈਸਟੋਰੈਂਟ ਸਟਾਫ ਦੀ ਲੋੜ ਹੈ।

ਵਾਜ਼ਬ ਤਨਖਾਹ

ਰਿਹਾਇਸ਼ ਦਾ ਬੰਦੋਬਸਤ ਵੀ ਕਰ ਸਕਦੇ ਹਾਂ।

ਸੰਪਰਕ ਕਰੋ

ਕੁਲਵੰਤ ਸਿੰਘ ਜਾਂ ਮਹਿੰਦਰ ਸਿੰਘ ਸਿੱਧੂ

ਫੋਨ: 661-667-3158, 661-667-1188

# ਮਾਇਆ ਨਗਰੀ ਵਾਂਗ ਹਰ ਖੇਤਰ 'ਚ ਭਾਰੂ ਨੇ 'ਮੌਕੇ ਲਈ ਸਮਝੌਤੇ'

**ਸਵਰਨ ਸਿੰਘ ਟਹਿਣਾ***



ਸਵਰਨ ਸਿੰਘ ਟਹਿਣਾ

## ਕੀ ਮੈਂ ਝੂਠ ਬੋਲਿਐ...

'ਮੌਕੇ ਲਈ ਸਮਝੌਤੇ' ਵਾਲਾ ਫਾਰਮੂਲਾ ਫ਼ਿਲਮ ਨਗਰੀ ਵਿਚ 'ਕਾਸਟਿੰਗ ਕਾਊਚ' ਦੇ ਨਾਂ ਨਾਲ ਬੜਾ ਮਸ਼ਹੂਰ ਐ। ਅਣਗਿਣਤ ਕੁੜੀਆਂ 'ਸੱਤ ਬਚਨ' ਕਹਿ ਕੇ ਇਸ ਪੜਾਅ ਵਿਚੋਂ ਲੰਘ ਜਾਂਦੀਆਂ ਨੇ। ਮਸਾਂ ਦੋ-ਚਾਰ ਫ਼ੀਸਦੀ ਮਾਮਲੇ ਅਜਿਹੇ ਹੁੰਦੇ ਨੇ, ਜਿਨ੍ਹਾਂ ਵਿਚ ਦਲੇਰੀ ਵਿਖਾਈ ਜਾਂਦੀ ਹੈ ਤੇ 'ਸਮਝੌਤੇ' ਦੀ ਪੇਸ਼ਕਸ਼ ਕਰਨ ਵਾਲੇ ਦੇ ਪੋਤੜੇ ਫੋਲ ਦਿੱਤੇ ਜਾਂਦੇ ਨੇ। ਫੇਰ ਦੋਸ਼ ਲੱਗਣ ਵਾਲਾ 'ਸਾਜਿਸ਼' ਘੜੇ ਜਾਣ ਦੀ ਗੱਲ ਕਰਦੈ ਤੇ ਦੋਸ਼ ਲਾਉਣ ਵਾਲੇ ਦੇ ਹੱਕ 'ਚ ਉਹ ਲੋਕ ਖੜ੍ਹ ਜਾਂਦੇ ਨੇ, ਜਿਨ੍ਹਾਂ ਦੀ ਦੋਸ਼ਾਂ 'ਚ ਘਿਰੇ ਨਾਲ ਦਾਲ਼ ਨਹੀਂ ਗਲਦੀ ਹੁੰਦੀ। ਕੁਝ ਮਹੀਨਿਆਂ ਬਾਅਦ ਗੱਲ ਆਈ-ਗਈ ਹੋ ਜਾਂਦੀ ਐ ਤੇ ਥੋੜ੍ਹੇ ਸਮੇਂ ਬਾਅਦ ਇਹੋ ਜਿਹਾ ਨਵਾਂ ਕੇਸ ਸਾਹਮਣੇ ਆ ਜਾਂਦੈ।

ਹੁਣ ਜਦੋਂ ਹਾਕੀ ਤੇ ਵੇਟ ਲਿਫ਼ਟਿੰਗ ਦੇ ਕੋਚਾਂ ਅਤੇ ਹੋਰ ਪ੍ਰਬੰਧਕਾਂ 'ਤੇ ਦੋਸ਼ ਲੱਗਣੇ ਸ਼ੁਰੂ ਹੋਏ ਨੇ ਕਿ ਉਨ੍ਹਾਂ ਵਲੋਂ ਖਿਡਾਰਨਾਂ ਨੂੰ ਮੈਦਾਨ ਵਿਚ ਖੇਡਣ ਤੋਂ ਪਹਿਲਾਂ ਬਿਸਤਰ 'ਤੇ 'ਖੇਡਣ' ਲਈ ਮਜਬੂਰ ਕੀਤਾ ਜਾਂਦੈ ਤਾਂ ਮੀਡੀਏ ਤੇ ਆਮ ਲੋਕਾਂ ਦੇ ਕੰਨ ਖੜ੍ਹੇ ਹੋ ਗਏ ਨੇ। ਹਰ ਪਾਸੇ ਖੇਡ ਪ੍ਰਬੰਧਾਂ ਦੀ ਤੋਏ-ਤੋਏ ਹੋਣ ਲੱਗੀ ਏ ਕਿ ਜਿੰਨੀ ਦੇਰ ਅੰਦਰ ਖਾਤੇ ਇਹ ਸਭ ਚੱਲਦਾ ਰਹੇਗਾ, ਓਨੀ ਦੇਰ ਦੇਸ ਦੀ ਝੋਲੀ ਮੈਡਲਾਂ ਨਾਲ ਕਿਵੇਂ ਭਰ ਸਕਦੀ ਏ?

ਘਟਨਾ ਭਾਵੇਂ ਇਹ ਬੇਹੱਦ ਦੁੱਖ ਵਾਲੀ ਹੈ, ਪਰ ਇਹ ਪਹਿਲੀ ਵਾਰ ਨਹੀਂ ਵਾਪਰੀ। ਖੇਤਰ ਕੋਈ ਵੀ ਹੋਵੇ, ਕੁੜੀਆਂ ਨੂੰ ਸਮਝੌਤੇ ਕਰਨ ਲਈ ਮਜਬੂਰ ਕੀਤਾ ਜਾਂਦੈ ਤੇ ਜਿੰਨੀ ਦੇਰ ਰੰਗੀਨ ਮਿਜਾਜ਼ ਲੋਕਾਂ ਦੇ ਨੱਥ ਨਹੀਂ ਪੈਂਦੀ, ਓਨਾ ਚਿਰ ਏਦਾਂ ਹੀ ਹੁੰਦਾ ਰਹੇਗਾ। ਭਲਾ ਕਿਹੜਾ ਖੇਤਰ ਹੈ, ਜਿੱਥੇ ਮੁੰਡਿਆਂ ਦੀ ਜੇਬ ਤੇ ਕੁੜੀਆਂ ਦੀ ਇੱਜ਼ਤ 'ਤੇ ਅੱਖ ਨਹੀਂ ਰੱਖੀ ਜਾਂਦੀ? ਅੱਜ ਜਦੋਂ ਦੁਕਾਨਾਂ ਤੇ ਦਫ਼ਤਰਾਂ ਵਿਚ ਕੰਮ ਕਰਨ ਲਈ ਕੁੜੀ ਰੱਖਣ ਵਾਲੇ ਇਸ਼ਤਿਹਾਰਾਂ 'ਚ ਲਿਖਿਆ ਜਾਂਦਾ ਹੋਵੇ ਕਿ, 'ਯੋਗਤਾ ਨਾਲੋਂ ਸੁੰਦਰਤਾ ਨੂੰ ਪਹਿਲ ਦਿੱਤੀ ਜਾਵੇਗੀ...' ਤਾਂ ਆਪ ਹਿਸਾਬ ਲਗਾ ਲਵੋ ਕਿ ਹਰ ਪਾਸੇ ਮਾਇਆ ਨਗਰੀ, ਹਾਕੀ ਤੇ ਵੇਟ ਲਿਫ਼ਟਿੰਗ ਵਾਲਾ ਹਾਲ ਹੀ ਹੈ।

ਹਾਕੀ ਟੀਮ ਦੇ ਵਿਦੇਸ਼ੀ ਦੌਰਿਆਂ ਮੌਕੇ ਵੀਡੀਓਗ੍ਰਾਫ਼ਰ ਬਸਵ ਰਾਜ 'ਤੇ ਬਾਜ਼ਾਰੂ ਔਰਤਾਂ ਨੂੰ ਹੋਟਲ ਦੇ ਕਮਰਿਆਂ 'ਚ ਸੱਦਣ ਦੇ ਜਿਹੜੇ ਦੋਸ਼ ਲੱਗੇ ਨੇ, ਉਹ ਵੀ ਨਵੇਂ ਨਹੀਂ। ਹਾਕੀ ਫੈਡਰੇਸ਼ਨ ਨੇ ਉਹਨੂੰ ਬਰਖਾਸਤ ਕਰਕੇ ਬਦਨਾਮੀ ਦੇ ਟਿੱਕੇ ਤੋਂ ਬਚਣ ਦੀ ਕੋਸ਼ਿਸ਼ ਜ਼ਰੂਰ ਕੀਤੀ ਐ, ਪਰ ਬਚਾਅ ਹੋਇਆ ਕਿੰਨਾ ਕੁ ਐ, ਸਭ ਜਾਣਦੇ ਨੇ। ਟੀਮ ਦੇ ਕੋਚ ਕੌਸ਼ਿਕ 'ਤੇ ਖਿਡਾਰਨ ਰਨਜੀਤਾ ਵੱਲੋਂ ਲਗਾਏ ਜਿਸਮ ਸਪੁਰਦੀ ਵਾਲੇ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਉਹਨੂੰ ਮੁਅੱਤਲ ਕਰ ਦਿੱਤਾ ਗਿਐ ਤੇ ਹੁਣ ਉਹਦੀ ਥਾਂ ਲੈਣ ਲਈ ਕਈ ਜਣੇ ਇਵੇਂ ਪੱਬਾਂ ਭਾਰ ਹੋਏ ਨੇ, ਜਿਵੇਂ ਕਿਸੇ ਲੀਡਰ ਦੇ ਮਰਨ ਤੋਂ ਬਾਅਦ ਜ਼ਿਮਨੀ ਚੋਣ ਦੀ ਉਮੀਦਵਾਰੀ ਲੈਣ ਵਾਲੇ ਹੁੰਦੇ ਨੇ।

ਹਰ ਬੰਦਾ ਦਿਮਾਗ਼ ਘਸਾਈ ਕਰ ਰਿਹੈ ਕਿ ਭਾਰਤੀ ਖੇਡ ਪ੍ਰਬੰਧ ਲਗਾਤਾਰ ਢਹਿੰਦੀ ਕਲਾਂ ਵੱਲ ਕਿਉਂ ਜਾ ਰਿਹੈ? ਸੋਨੇ, ਚਾਂਦੀ ਤੇ ਕਾਂਸੀ ਦੇ ਤਮਗਿਆਂ ਦੀ ਥਾਂ ਬਦਨਾਮੀ ਦੇ 'ਮੈਡਲ' ਕਿਉਂ ਮਿਲ ਰਹੇ ਨੇ? ਕੀ ਉਪਰਲਿਆਂ ਨੂੰ ਹੇਠਲਿਆਂ ਦੇ ਕਿਰਦਾਰਾਂ ਬਾਰੇ ਗਿਆਨ ਨਹੀਂ ਜਾਂ ਹੇਠਲੇ ਉਪਰਲਿਆਂ ਦੀਆਂ ਕਰਤੂਤਾਂ ਤੋਂ ਵਾਕਫ਼ ਹੋਣ ਕਰਕੇ ਚੰਮ ਦੀਆਂ ਚਲਾ ਰਹੇ ਨੇ? ਇਨ੍ਹਾਂ ਸਵਾਲਾਂ ਦੇ ਜਵਾਬ ਨਾ ਅੱਜ ਤੱਕ ਕਿਸੇ ਨੇ ਦਿੱਤੇ ਨੇ ਤੇ ਸ਼ਾਇਦ ਨਾ ਹੀ ਕੋਈ ਦੇ ਸਕੇ। ਹਾਂ, ਜਦੋਂ-ਜਦੋਂ ਵੀ ਇਨ੍ਹਾਂ ਮਾਮਲਿਆਂ ਦੀਆਂ ਗੰਢਾਂ ਖੁੱਲ੍ਹਣਗੀਆਂ, ਉਦੋਂ-ਉਦੋਂ ਕਈ ਬਲੀ ਦੇ ਬੱਕਰੇ ਸਾਹਮਣੇ ਆਉਣਗੇ।

ਕੌਣ ਨਹੀਂ ਜਾਣਦਾ ਕਿ ਕੁਝ ਮਹੀਨੇ ਪਹਿਲਾਂ ਭਾਰਤ ਦੀਆਂ ਹਾਕੀ ਖਿਡਾਰਨਾਂ ਨੇ ਆਰਥਿਕ ਤੰਗੀਆਂ-ਤੁਰਸ਼ੀਆਂ ਤੋਂ ਤੰਗ ਆ ਕੇ ਹਾਕੀ ਪ੍ਰਬੰਧਾਂ ਖਿਲਾਫ਼ ਬਗਾਵਤ ਦਾ ਝੰਡਾ ਚੁੱਕ ਲਿਆ ਸੀ। ਉਸ ਤੋਂ ਪਹਿਲਾਂ ਮੁੰਡਿਆਂ ਦੀ ਟੀਮ ਨੇ ਅਭਿਆਸ ਕੈਂਪਾਂ ਦਾ ਬਾਈਕਾਟ ਕਰ ਦਿੱਤਾ ਸੀ। ਸ਼ਿਕਾਇਤ ਸੀ ਕਿ ਜਦੋਂ ਸਾਡੇ 'ਗੋਲਾਂ' ਦੀ ਕ੍ਰਿਕਟ ਦੇ 'ਚੌਕਿਆਂ-ਛੱਕਿਆਂ' ਅੱਗੇ ਕੋਈ ਵੁੱਕਤ ਨਹੀਂ ਤੇ ਢਾਈ ਫੁੱਟ ਦੀ ਹਾਕੀ ਸਾਡਾ ਭਵਿੱਖ ਨਹੀਂ ਸੰਵਾਰ ਸਕਦੀ ਤਾਂ ਦੇਸ਼ ਲਈ ਖੇਡ ਕੇ ਕੀ ਕਰਨੈ? ਉਨ੍ਹਾਂ ਨੂੰ ਹਾਕੀ ਆਕਾਵਾਂ ਦੀ ਘੁਰਕੀ ਦਾ ਸਾਹਮਣਾ ਵੀ ਕਰਨਾ ਪਿਆ ਸੀ ਤੇ ਅਖੀਰ 'ਸਹਾਰਾ' ਦੇ ਸਹਾਰੇ ਨਾਲ ਸਾਰਾ ਮਾਮਲਾ ਸੁਲਝਿਆ ਸੀ।

ਇਸ ਤਰ੍ਹਾਂ ਕੁੜੀਆਂ ਦੀ ਹਾਕੀ ਟੀਮ ਨੇ ਇੱਕ ਸਾਂਝਾ ਬੈਂਕ ਖਾਤਾ ਖੋਲ੍ਹ ਕੇ ਆਖਿਆ ਸੀ ਕਿ 'ਗੁਰੂ ਦੀ ਗੋਲਕ' ਸਮਝ ਕੇ ਸ਼ਰਧਾ ਨਾਲ ਜੀਹਨੇ ਜੋ ਇਹਦੇ 'ਚ ਪਾਉਣੈ, ਪਾ ਦੇਵੇ। ਕਈਆਂ ਨੇ ਇਸ ਗੋਲਕ 'ਚ ਪੈਸੇ ਪਾਏ ਵੀ ਸਨ ਤੇ ਫੇਰ ਹਾਕੀ ਪ੍ਰਬੰਧਕਾਂ ਨੇ ਸ਼ਰਮਸਾਰ ਹੁੰਦਿਆਂ ਉਨ੍ਹਾਂ ਦੀਆਂ ਅੱਧ-ਪਚੱਧੀਆਂ ਮੰਗਾਂ ਮੰਨ ਲਈਆਂ ਸਨ।

ਸੋ ਜਦੋਂ ਹਾਲਾਤ ਇਹੋ ਜਿਹੇ ਹੋਣ, ਉਦੋਂ ਖਿਡਾਰਨਾਂ ਅੰਦਰ ਜਿੱਤਾਂ ਲਈ ਜੋਸ਼ ਭਰਨ ਦੀ ਥਾਂ ਰੰਗੀਨੀਆਂ ਲਈ ਉਤਸ਼ਾਹਤ ਕਰਨ ਵਾਲਾ ਕਾਰਾ ਸੱਚਮੁੱਚ ਸ਼ਰਮਨਾਕ ਹੈ। ਦੂਜੇ ਨਜ਼ਰੀਏ ਤੋਂ ਭਾਵੇਂ ਇਹ ਵੀ ਸੋਚਿਆ ਜਾ ਰਿਹੈ ਕਿ ਇਹ ਸਭ ਸਿਰ 'ਤੇ ਆਈਆਂ ਹਾਕੀ ਇੰਡੀਆ ਦੀਆਂ ਚੋਣਾਂ ਕਰਕੇ ਕੀਤਾ ਜਾ ਰਿਹੈ, ਪਰ ਦੋਸ਼ਾਂ ਦੀ ਵਾਛੜ ਨਾਲ ਭਾਰਤੀ ਖੇਡ ਪ੍ਰਬੰਧਾਂ ਦੀ ਇੱਜ਼ਤ ਜਿਵੇਂ ਪਾਣੀਓਂ ਪਤਲੀ ਹੋਈ ਹੈ, ਉਹ ਘੱਟ ਸ਼ਰਮਨਾਕ ਨਹੀਂ। ਕੌਸ਼ਿਕ ਨੇ ਦੋਸ਼ਾਂ ਕਾਰਨ ਭਾਵੇਂ ਅਸਤੀਫ਼ਾ ਦੇ ਦਿੱਤਾ ਤੇ ਕਿਹਾ ਕਿ ਜਦੋਂ ਤੱਕ ਉਹ ਦੁੱਧ ਧੋਤਾ ਸਾਬਤ ਨਹੀਂ ਹੁੰਦਾ, ਓਨਾ ਚਿਰ ਹਾਕੀ ਨਾਲ ਨਹੀਂ ਜੁੜੇਗਾ, ਪਰ ਸ਼ਾਇਦ ਉਸ ਨੂੰ ਦੁਬਾਰਾ ਨੇੜੇ ਆਉਣ ਦੀ ਖੇਚਲ ਨਾ ਹੀ ਕਰਨੀ ਪਵੇ।







ਹਾਕੀ ਖਿਡਾਰਨ ਰਨਜੀਤਾ ਦੀ ਹਿੰਮਤ ਤੋਂ ਬਾਅਦ ਭਾਰ ਤੋਲਕ ਕਰਣਮ ਮਲੇਸ਼ਵਰੀ ਵੱਲੋਂ ਵੀ ਕੋਚ ਤੇ ਸਕੱਤਰ 'ਤੇ ਜਿਣਸੀ ਸਬੰਧਾਂ ਵਾਲੇ ਦੋਸ਼ ਲਗਾਏ ਗਏ। ਉਸ ਨੇ ਕਿਹਾ ਕਿ ਵੇਟ ਲਿਫ਼ਟਿੰਗ ਦਾ ਸਕੱਤਰ ਸਹਿਦੇਵ ਯਾਦਵ ਅਤੇ ਕੋਚ ਮਹੇਸ਼ ਮਲਹੋਤਰਾ ਵੀ ਹਾਕੀ ਕੋਚ ਕੌਸ਼ਿਕ ਤੇ ਬਸਵ ਰਾਜ ਵਰਗੇ ਹੀ ਹਨ। ਮਲੇਸ਼ਵਰੀ, ਜਿਹੜੀ ਕਿ ਸਿਡਨੀ ਉਲੰਪਿਕ ਵਿਚ ਕਾਂਸੀ ਦਾ ਤਮਗ਼ਾ ਜਿੱਤਣ 'ਚ ਸਫ਼ਲ ਹੋਈ ਸੀ, ਨੇ ਕਿਹਾ ਕਿ ਹਾਕੀ ਵਾਂਗ ਵੇਟ ਲਿਫ਼ਟਿੰਗ 'ਚ ਵੀ ਸਭ ਚੰਗਾ ਨਹੀਂ, ਇੱਥੇ ਵੀ ਕੁੜੀਆਂ ਨੂੰ 'ਸਮਝੌਤੇ' ਲਈ ਉਕਸਾਇਆ ਜਾਂਦੈ ਤੇ ਜਿਹੜੀ ਕੁੜੀ ਨਾਂਹ-ਨੁੱਕਰ ਕਰੇ, ਉਸ ਨੂੰ ਬਾਹਰ ਦਾ ਰਾਸਤਾ ਦਿਖਾਇਆ ਜਾਂਦੈ। ਉਸ ਦੇ ਦੋਸ਼ ਮਲਹੋਤਰੇ ਨੂੰ ਲੈ ਡੁੱਬੇ, ਪਰ ਉਹ ਯਾਦਵ ਦੀ ਛੁੱਟੀ 'ਤੇ ਅੜ੍ਹੀ ਹੋਈ ਹੈ।

ਤਸੱਲੀ ਇਸ ਗੱਲ ਦੀ ਹੈ ਕਿ ਭਾਰਤੀ ਖਿਡਾਰਨਾਂ ਨੇ ਚੁੱਪ ਰਹਿਣ ਦੀ ਥਾਂ ਇੱਜ਼ਤਾਂ ਨਾਲ ਸੌਦਬਾਜ਼ੀ ਕਰਨ ਵਾਲਿਆਂ ਦਾ ਚਿਹਰਾ ਨੰਗਾ ਕੀਤਾ ਹੈ ਤੇ ਦੁੱਖ ਇਸ ਗੱਲ ਦਾ ਹੈ ਕਿ ਜਦੋਂ ਇਨ੍ਹਾਂ ਨੂੰ ਪਤਾ ਸੀ ਕਿ ਸਾਡੀਆਂ ਟੀਮਾਂ ਦੇ ਮੁਖੀ ਇਹੋ ਜਿਹੇ ਨੇ ਤਾਂ ਹੁਣ ਤੱਕ ਇਹ ਕਿਹੜਾ ਮਹੂਰਤ ਕਢਾਉਣ ਲਈ ਚੁੱਪ ਬੈਠੀਆਂ ਰਹੀਆਂ? ਜੇ 'ਖੇਡਾਂ ਦੀ ਸੇਵਾ' ਕਰਨ ਵਾਲਿਆਂ ਦਾ ਚਿਹਰਾ ਪਹਿਲਾਂ ਹੀ ਸਾਹਮਣੇ ਲਿਆਂਦਾ ਹੁੰਦਾ ਤਾਂ ਉਲਝੀ ਹੋਈ ਤਾਣੀ ਦੀ ਤੰਦ ਹੁਣ ਤੱਕ ਸ਼ਾਇਦ ਲੱਭ ਹੀ ਜਾਂਦੀ।

ਰਾਸ਼ਟਰੀ ਖੇਡ ਵਿਚਲੇ ਲੁੱਚੇ ਚੌਧਰੀਆਂ ਦੇ ਕਿਰਦਾਰ ਸਾਹਮਣੇ ਆਉਣ ਨਾਲ 'ਸਮਝੌਤੇ ਦੀ ਚੱਕੀ' 'ਚ ਪਿਸ ਰਹੀਆਂ ਮੁਟਿਆਰਾਂ ਨੂੰ ਭਵਿੱਖ 'ਚ ਪਾਰਦਰਸ਼ਤਾ ਨਾਲ ਮੌਕੇ ਮਿਲਣਗੇ, ਇਸ ਗੱਲ ਦੀ ਹਾਲੇ ਵੀ ਕੋਈ ਗਾਰੰਟੀ ਨਹੀਂ। ਦੋਸ਼ਾਂ ਦੇ ਚੱਲਦਿਆਂ ਪੈਰ ਮਿੱਧਣ ਵਾਲੀ ਜਿਹੜੀ ਰਾਜਨੀਤੀ ਸ਼ੁਰੂ ਹੋਈ ਹੈ, ਉਸ ਵਿਚ ਖਿਡਾਰਨਾਂ ਦਾ ਭਲਾ ਹੋਵੇ ਜਾਂ ਨਾ, ਪਰ 'ਵਿਰੋਧੀਆਂ' ਵਿਚੋਂ ਕਈਆਂ ਦੇ ਨਿਸ਼ਾਨੇ ਸਹੀ ਥਾਂ ਜ਼ਰੂਰ ਲੱਗ ਜਾਣਗੇ। ਜਿਹੜੀਆਂ ਮੱਛੀਆਂ ਵੱਲ ਉਂਗਲ ਹੋਈ ਹੈ, ਇਨ੍ਹਾਂ ਦੇ ਜਾਲ 'ਚ ਫ਼ਸਣ 'ਤੇ ਬਹੁਤੀਆਂ ਟਾਹਰਾਂ ਮਾਰਨ ਦੀ ਹਾਲੇ ਲੋੜ ਨਹੀਂ ਕਿਉਂਕਿ ਉਨ੍ਹਾਂ ਲੋਕਾਂ ਦੇ ਕਿਰਦਾਰ ਵੀ ਬਹੁਤ ਦੁੱਧ ਧੋਤੇ ਨਹੀਂ, ਜਿਹੜੇ ਲੰਮਾ ਸਮਾਂ ਹਾਕੀ ਨੂੰ ਅਗਾਂਹ ਲਿਜਾਣ ਦੀ ਥਾਂ ਪਿਛਾਂਹ ਲਿਜਾਂਦੇ ਰਹੇ ਨੇ। ਜਿਸ ਤਰ੍ਹਾਂ ਅੱਜ ਕੌਸ਼ਿਕਾਂ, ਬਸਵ ਰਾਜਾਂ, ਯਾਦਵਾਂ ਤੇ ਮਲਹੋਤਰਿਆਂ ਦੀ ਤੋਏ-ਤੋਏ ਹੋ ਰਹੀ ਹੈ, ਕੁਝ ਸਮਾਂ ਪਹਿਲਾਂ 'ਗਿੱਲਾਂ' ਦੀ ਵੀ ਹੁੰਦੀ ਰਹੀ ਹੈ। ਇਹ ਵੱਖਰੀ ਗੱਲ ਹੈ ਉਨ੍ਹਾਂ 'ਤੇ ਲੱਗੇ ਦੋਸ਼ ਹੋਰ ਤਰ੍ਹਾਂ ਦੇ ਸਨ ਪਰ ਅੱਜ ਉਹ ਸਭ ਭੁੱਲ ਭੁਲਾ ਮੁੜ ਖੇਡ ਫੈਡਰੇਸ਼ਨਾਂ 'ਚ ਪੈਰ ਪੱਕੇ ਕਰਨ ਲਈ ਜੁਗਾੜ ਲਾ ਰਹੇ ਨੇ।

ਜੇ ਖੇਡਾਂ ਤੋਂ ਉਰ੍ਹੇ-ਪਰ੍ਹੇ ਹੋ ਕੇ ਦੇਖਿਆ ਜਾਵੇ ਤਾਂ ਬਰਤਾਨੀਆ 'ਚ ਹੋ ਰਹੇ ਬ੍ਰਿਟੇਨ ਮਾਡਲ ਸ਼ੋਅ ਦੇ ਪ੍ਰਬੰਧਕਾਂ 'ਤੇ ਸਿੱਖ ਮਾਡਲ ਹਰਲੀਨ ਨੇ ਵੀ ਦੋਸ਼ਾਂ ਦਾ ਮੀਂਹ ਵਰ੍ਹਾਇਆ ਸੀ। ਦੋਸ਼ ਸੀ ਕਿ ਪ੍ਰਬੰਧਕ ਕਲਾ ਦੇ ਪ੍ਰਦਰਸ਼ਨ ਦੀ ਥਾਂ 'ਮਨਚਾਹੇ' ਪ੍ਰਦਰਸ਼ਨ ਦੀ ਗੱਲ 'ਤੇ ਅੜ੍ਹੇ ਰਹੇ ਤੇ ਜਦੋਂ ਉਸ ਨੇ ਸਿੱਖੀ ਨੂੰ ਢਾਹ ਲੱਗਣੋਂ ਬਚਾਉਣ ਲਈ 'ਸਮਝੌਤਾ' ਨਾ ਕੀਤਾ ਤਾਂ ਉਸ ਨੂੰ ਆਖਰੀ ਦਸਾਂ 'ਚ ਥਾਂ ਨਹੀਂ ਦਿੱਤੀ ਗਈ।

ਸੋ ਕਿਹਾ ਜਾ ਸਕਦਾ ਹੈ ਕਿ ਖੇਤਰ ਕੋਈ ਵੀ ਹੋਏ, ਉਸਦੇ ਕਰਤੇ-ਧਰਤੇ ਉਸ ਦੀ ਜ਼ਿਆਦਾ ਮੰਨਦੇ ਨੇ, ਜਿਹੜਾ ਉਨ੍ਹਾਂ ਦੀਆਂ ਵਧੀਕੀਆਂ ਨੂੰ ਸੀਅ ਕੀਤੇ ਬਿਨਾਂ ਬਰਦਾਸ਼ਤ ਕਰਦਾ ਰਹੇ। ਪੂਰੀ ਦੁਨੀਆਂ ਭਾਵੇਂ ਕੁੜੀਆਂ ਨੂੰ ਮੁੰਡਿਆਂ ਜਿੰਨੇ ਹੱਕ ਦੇਣ ਲਈ ਬਜ਼ਿਦ ਹੈ, ਪਰ ਹਰ ਖੇਤਰ 'ਚ ਕੁੜੀਆਂ ਨੂੰ ਸ਼ਿਕਾਰ ਸਮਝਣ ਵਾਲੇ ਲੋਕਾਂ ਦੀ ਸੋਚ ਬਦਲਣੀ ਏਨੀ ਆਸਾਨ ਨਹੀਂ, ਜਿੰਨੀ ਦੀ ਆਸ ਦੋ-ਚਾਰ ਖ਼ਬਰਾਂ ਨਸ਼ਰ ਹੋਣ ਤੋਂ ਬਾਅਦ ਲਾਈ ਜਾ ਰਹੀ ਹੈ। ਵੱਖੋ-ਵੱਖ ਅਦਾਰਿਆਂ ਦੀਆਂ ਉਚੀਆਂ ਕੁਰਸੀਆਂ 'ਤੇ ਬੈਠੇ ਲੋਕ ਫੇਰ ਹੀ ਬੰਦੇ ਦੇ ਪੁੱਤ ਬਣਨਗੇ ਜੇ ਕੁੜੀਆਂ-ਚਿੜੀਆਂ 'ਵਿਚਾਰੀਆਂ' ਬਣਨ ਦੀ ਥਾਂ ਉਨ੍ਹਾਂ ਦੀਆਂ ਕਰਤੂਤਾਂ ਦੇ ਚਿੱਠੇ ਸਮਾਜ ਅੱਗੇ ਲਿਆਉਂਦੀਆਂ ਰਹਿਣਗੀਆਂ। ਜੇ ਉਹ ਬਦਨਾਮੀ ਦੇ ਡਰੋਂ ਚੁੱਪ ਵੱਟੀ ਰੱਖਣਗੀਆਂ ਤਾਂ ਉਨ੍ਹਾਂ ਦੀ ਕਮਜ਼ੋਰੀ ਦਾ ਫ਼ਾਇਦਾ ਉਠਾਇਆ ਜਾਂਦਾ ਰਹੇਗਾ।

ਵਿਗੜੇ ਪ੍ਰਬੰਧਾਂ ਦੀ ਖਿਲਾਫ਼ਤ ਕਰਨ ਵਾਲਿਆਂ ਦਾ ਸਾਥ ਦੇਣਾ ਸਾਡਾ ਫ਼ਰਜ਼ ਹੈ। ਸੋ ਜਾਂ ਤਾਂ ਸਾਨੂੰ 'ਮੰਦਿਆਂ' ਨੂੰ ਹਟਾ ਕੇ 'ਚੰਗਿਆਂ' ਨੂੰ ਅੱਗੇ ਲਿਆਉਣ ਦੀ ਆਵਾਜ਼ ਚੁੱਕਣੀ ਚਾਹੀਦੀ ਹੈ ਤੇ ਜਾਂ ਫਿਰ ਸਾਬਕਾ ਖੇਡ ਮੰਤਰੀ ਮਣੀਸ਼ੰਕਰ ਅਈਅਰ ਵਾਂਗ 'ਮਾੜਿਆਂ' ਨੂੰ ਬਦਦੁਆਵਾਂ ਦੇ ਕੇ ਡੰਗ ਟਪਾਈ ਜਾਣਾ ਚਾਹੀਦਾ ਹੈ। ਹੁਣੇ ਜਿਹੇ ਅਈਅਰ ਨੇ ਰਾਸ਼ਟਰ ਮੰਡਲ ਖੇਡਾਂ ਕਰਾਉਣ ਵਾਲਿਆਂ ਨੂੰ ਦੇਸ਼ ਦੇ ਦੁਸ਼ਟ ਆਖਿਐ ਤੇ ਲਗਾਤਾਰ ਪੈਂਦੇ ਮੀਂਹਾਂ ਕਾਰਨ ਤਿਆਰੀਆਂ 'ਚ ਖੜ੍ਹੀਆਂ ਹੋ ਰਹੀਆਂ ਰੁਕਾਵਟਾਂ ਨੂੰ ਗ਼ਰੀਬਾਂ ਦੀ ਪਿੱਠ ਥਾਪੜਨ ਵਾਲੀਆਂ ਕਿਹੈ। ਸੋ ਅਸੀਂ ਆਮ ਲੋਕ ਜੇ ਬਹੁਤਾ ਕੁਝ ਨਹੀਂ ਤਾਂ ਏਨਾ ਕੁ ਤਾਂ ਕਰ ਹੀ ਸਕਦੇ ਹਾਂ ਕਿ ਖਿਡਾਰਨਾਂ ਨੂੰ ਸਰੀਰਕ ਸਮਝੌਤਿਆਂ ਵਾਸਤੇ ਮਜਬੂਰ ਕਰਨ ਵਾਲਿਆਂ ਨੂੰ 'ਦੁਸ਼ਟ' ਆਖੀਏ ਤੇ ਉਨ੍ਹਾਂ ਦੇ ਨੰਗੇ ਹੋ ਰਹੇ ਚਿਹਰਿਆਂ ਨੂੰ ਖੇਡਾਂ ਦੀ ਬਿਹਤਰੀ ਨਾਲ ਜੋੜ ਕੇ ਦੇਖੀ ਜਾਈਏ।

*ਫੋਨ:91-98141-78883*


ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

# ਯੂਨੀਵਰਸਿਟੀ ਦਾ ਖੁਲ੍ਹਾ-ਡੁਲ੍ਹਾ ਪੇਂਡੂ ਵਾਤਾਵਰਨ

**ਡਾ. ਗੁਰਨਾਮ ਕੌਰ**

## ਰੰਗ-ਬੇਰੰਗ

ਸੰਨ 1995-96 ਦੀ ਗੱਲ ਹੈ, ਡਾ. ਉਪਿੰਦਰਜੀਤ ਕੌਰ (ਸਿੱਖਿਆ ਮੰਤਰੀ, ਪੰਜਾਬ) ਪੱਤਰ-ਵਿਹਾਰ ਸਿੱਖਿਆ ਵਿਭਾਗ ਦੇ ਮੁਖੀ ਸਨ। ਉਨ੍ਹਾਂ ਨੇ ਪੱਤਰ-ਵਿਹਾਰ ਰਾਹੀਂ ਸਿੱਖਿਆ ਤੇ ਸੈਮੀਨਾਰ ਕਰਾਇਆ। ਮੇਰੇ ਫ਼ਿਲਾਸਫ਼ੀ ਦੇ ਮੈਡਮ ਖੰਨਾ ਵੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੱਤਰ-ਵਿਹਾਰ ਸਿੱਖਿਆ ਵਿਭਾਗ ਦੇ ਮੁਖੀ ਹੋਣ ਦੇ ਨਾਤੇ ਸੈਮੀਨਾਰ ਵਿਚ ਹਿੱਸਾ ਲੈਣ ਲਈ ਆਏ। ਜਦੋਂ ਉਦਘਾਟਨ ਤੋਂ ਬਾਅਦ ਮੈਂ ਉਨ੍ਹਾਂ ਨੂੰ ਮਿਲੀ ਤਾਂ ਮੁਸਕਰਾਉਂਦੇ ਹੋਏ ਬੋਲੇ, "ਗੁਰਨਾਮ ਮੈਨੂੰ ਬੜਾ ਚੰਗਾ ਲਗਿਆ ਕਿ ਪੰਜਾਬੀ ਯੂਨੀਵਰਸਿਟੀ ਦਾ ਵਾਤਾਵਰਣ ਬੜਾ ਲਿਵਿੰਗ (ਜਿੰਦਾ-ਦਿਲ) ਹੈ। ਮੈਂ ਜਦੋਂ ਹਾਲ ਅੰਦਰ ਜਾਣ ਲਈ ਆ ਰਹੀ ਸਾਂ ਤਾਂ ਇੱਕ ਪ੍ਰੋਫੈਸਰ ਨੇ ਕਿਸੇ ਦੂਜੇ ਪ੍ਰੋਫੈਸਰ ਨੂੰ ਪਿਛੋਂ ਜ਼ੋਰ ਨਾਲ ਆਵਾਜ਼ ਮਾਰ ਕੇ ਕਿਹਾ, 'ਓਏ ਫਲਾਣਿਆਂ ਕਿਧਰ ਜਾ ਰਿਹੈਂ? ਖੜ੍ਹ ਜਾਹ, ਮੈਂ ਵੀ ਆਉਨਾਂ' ਤਾਂ ਦੂਸਰੇ ਨੇ ਓਨੀ ਹੀ ਜ਼ੋਰ ਨਾਲ ਉਤਰ ਦਿੱਤਾ, 'ਖੜ੍ਹਾ ਹਾਂ ਆ ਜਾ, ਗੱਲਾਂ ਫੇਰ ਮਾਰ ਲਈਂ' ਅਤੇ ਮੈਂ ਮਹਿਸੂਸ ਕੀਤਾ ਕਿ ਇਥੋਂ ਦੀ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਵਿਚ ਜਾਨ ਹੈ ਜੋ ਬਿਲਕੁਲ ਪਿੰਡਾਂ ਵਾਂਗ ਖੁਲ੍ਹਾ-ਡੁੱਲਾ ਬੋਲਦੇ ਨੇ, ਚੰਡੀਗੜ੍ਹ ਵਾਂਗ ਰਸਮੀ ਜਿਹੇ ਨਹੀਂ ਹਨ।"



ਡਾ. ਗੁਰਨਾਮ ਕੌਰ

ਪਹਿਲਾਂ ਪਹਿਲ ਮੈਂ ਜਦੋਂ ਇਥੇ ਆਈ ਤਾਂ ਸੈਸ਼ਨ ਦੇ ਸ਼ੁਰੂ ਸ਼ੁਰੂ ਵਿਚ ਸ਼ਾਮ ਵੇਲੇ ਪਿੰਡਾਂ ਤੋਂ ਨਵੇਂ ਨਵੇਂ ਆਏ ਵਿਦਿਆਰਥੀਆਂ ਨੂੰ ਚਾਦਰੇ ਲਾਈ ਸੈਰ ਕਰਦੇ ਵੇਖਣਾ। ਅਸਲ ਵਿਚ ਉਦੋਂ ਬਹੁਤੇ ਵਿਦਿਅਰਥੀ ਸੰਗਰੂਰ-ਬਠਿੰਡੇ ਤੋਂ ਆਉਂਦੇ ਸੀ ਜੋ ਆਪਣਾ ਪਿੰਡ ਦਾ ਸਭਿਆਚਾਰ ਉਵੇਂ ਹੀ ਬਰਕਰਾਰ ਰੱਖਦੇ ਸਨ। ਮੈਨੂੰ ਅੱਜ ਵੀ ਯਾਦ ਹੈ ਕਿ ਪੰਜਾਬੀ ਭਵਨ ਵਿਚ ਬਦਲਣ ਤੋਂ ਪਹਿਲਾਂ ਜਦੋਂ ਅਸੀਂ ਲਾਇਬ੍ਰੇਰੀ ਬਿਲਡਿੰਗ ਵਿਚ ਬੈਠਦੇ ਸਾਂ ਅਤੇ ਭਾਸ਼ਾ ਵਿਗਿਆਨ ਵਿਭਾਗ ਸਾਇੰਸ ਬਲਾਕ ਦੀ ਜ਼ੁਆਲੋਜੀ ਬਿਲਡਿੰਗ ਵਿਚ ਹੁੰਦਾ ਸੀ, ਮੇਰੀ ਕੁਲੀਗ ਦੀ ਸਹੇਲੀ ਤੇ ਜਮਾਤਣ ਪਰਮਿੰਦਰ ਚੀਮਾ ਲੱਗੀ ਹੋਈ ਸੀ। ਇਥੇ ਹੀ ਡਾ. ਮੁਖਤਿਆਰ ਸਿੰਘ ਗਿੱਲ ਅਤੇ ਮਨਜੀਤ ਕੌਰ ਬਾਸੀ ਵੀ ਉਸਦੇ ਕੁਲੀਗ ਸਨ ਜਿਨ੍ਹਾਂ ਨਾਲ ਮੇਰੀ ਵੀ ਵਾਕਫੀਅਤ ਹੋ ਗਈ। ਅਸੀਂ ਜਦੋਂ ਕਦੀ ਇਕੱਠੇ ਚਾਹ ਪੀਣੀ ਜਾਂ ਬੈਂਕ ਜਾਂਦਿਆਂ ਰਾਹ ਵਿਚ ਮਿਲ ਜਾਣਾ (ਇਕੱਲੇ ਕਿਤੇ ਜਾਣ ਦਾ ਰਿਵਾਜ਼ ਹੀ ਨਹੀਂ ਸੀ) ਤਾਂ ਮੁਖ਼ਤਿਆਰ ਗਿੱਲ ਨੇ ਕੋਈ ਨਾ ਕੋਈ ਛੋਟਾ ਜਿਹਾ ਮਖੌਲ ਕਰ ਦੇਣਾ। ਇੱਕ ਦਿਨ ਹਸਦੇ ਹਸਦੇ ਬੋਲਿਆ, "ਗੁਰਨਾਮ ਤੇਰੇ ਵਿਆਹ ਵਿਚ ਅਸੀਂ ਨਿੰਮ ਦਾ ਸੰਦੂਖ ਦੇਣਾ ਹੈ ਜਿਹੋ ਜਿਹਾ ਪਿੰਡਾਂ ਵਿਚ ਦਿੰਦੇ ਹੁੰਦੇ ਸੀ।" ਮੈਂ ਹੱਸ ਕੇ ਚੁੱਪ ਜਿਹੀ ਕਰ ਗਈ। ਥੋੜੀ ਦੇਰ ਠਹਿਰ ਕੇ ਫੇਰ ਬੋਲਿਆ, "ਗੁਰਨਾਮ ਤੂੰ ਕਿਤੇ ਗੁੱਸਾ ਤਾਂ ਨਹੀਂ ਕੀਤਾ? ਅਸਲ ਵਿਚ ਮੇਰੀ ਇੱਕ ਛੋਟੀ ਭੈਣ ਸੀ ਜੋ ਬਿਲਕੁਲ ਤੇਰੇ ਵਰਗੀ ਸੀ। ਤੈਨੂੰ ਦੇਖ ਕੇ ਮੈਨੂੰ ਆਪਣੀ ਭੈਣ ਯਾਦ ਆ ਜਾਂਦੀ ਹੈ।" ਉਸ ਦਿਨ ਤੋਂ ਮੈਂ ਮੁਖਤਿਆਰ ਗਿੱਲ ਨੂੰ ਮਲਵੱਈਆਂ ਦੇ ਰਿਵਾਜ ਅਨੁਸਾਰ 'ਬਾਈ ਜੀ' ਕਹਿਣਾ ਸ਼ੁਰੂ ਕਰ ਦਿੱਤਾ ਅਤੇ ਬਾਈ ਜੀ ਨੇ ਮੇਰਾ ਸਿਰ ਪਲੋਸਣਾ। ਪਰ ਪਾਸਟ ਟੈਂਸ ਵਿਚ ਜਿਵੇਂ ਬਾਈ ਜੀ ਨੇ ਆਪਣੀ ਭੈਣ ਦੀ ਗੱਲ ਕੀਤੀ ਮੇਰੀ ਇਹ ਪੁੱਛਣ ਦੀ ਕਦੇ ਹਿੰਮਤ ਨਹੀਂ ਪਈ ਕਿ ਤੁਹਾਡੀ ਭੈਣ ਨੂੰ ਕੀ ਹੋਇਆ ਜਾਂ ਉਹ ਕਿਥੇ ਹੈ? ਜਦੋਂ ਮੇਰਾ ਰਿਸ਼ਤਾ 'ਬਾਹਰ' ਪੱਕਾ ਹੋ ਗਿਆ ਤਾਂ ਪੰਜਾਬੀ ਭਵਨ ਦੇ ਅੱਗੇ ਬਾਈ ਮੁਖਤਿਆਰ ਗਿੱਲ ਮਿਲ ਗਿਆ ਅਤੇ ਬੋਲਿਆ, "ਗੁਰਨਾਮ ਸੁਣਿਆ ਹੈ ਤੂੰ ਫੁਰਰ ਕਰਕੇ ਉੜ ਰਹੀ ਹੈਂ? ਕੋਈ ਗੱਲ ਨਹੀਂ, ਤੇਰੇ ਵਰਗਿਆਂ ਲਈ ਗੁਰੁ ਨਾਨਕ ਦੇਵ ਜੀ ਨੇ ਕਿਹਾ ਸੀ ਉਜੜਦੇ ਰਹੋ।"

ਡਾ. ਗੁਰਤਰਨ ਸਿੰਘ ਪੰਜਾਬੀ ਯੂਨੀਵਰਸਿਟੀ ਵਿਚ ਆਉਣ ਤੋਂ ਪਹਿਲਾਂ ਮੇਰੇ ਪਤੀ ਨੂੰ ਜਾਣਦੇ ਸੀ। ਇੱਕ ਦਿਨ ਉਹ ਕਿਤੇ ਜਾਂਦੇ-ਆਉਂਦੇ ਆਪਣੀ ਪਤਨੀ ਨਾਲ ਸਾਡੇ ਯੂਨੀਵਰਸਿਟੀ ਵਾਲੇ ਘਰ ਮੇਰੇ ਪਤੀ ਨਾਲ ਆਏ ਅਤੇ ਸਤਿ ਸ੍ਰੀ ਅਕਾਲ ਬੁਲਾਉਣ ਪਿਛੋਂ ਭੈਣ ਕਹਿ ਕੇ ਮੇਰਾ ਸਿਰ ਪਲੋਸਿਆ। ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਲੱਗਣ ਤੋਂ ਬਾਅਦ ਵੀ ਹਮੇਸ਼ਾ ਮਿਲਣ ਤੇ ਮੇਰਾ ਸਿਰ ਪਲੋਸਣਾ ਗੁਰਤਰਨ ਭਾ ਕਦੇ ਨਹੀਂ ਭੁਲਿਆ। ਕੁਝ ਅਜਿਹਾ ਹੀ ਮਾਹੌਲ ਹੁੰਦਾ ਸੀ ਉਨ੍ਹਾਂ ਦਿਨਾਂ ਵਿਚ।

ਕਾਫੀ-ਹਾਊਸ ਬਣਨ ਤੋਂ ਪਹਿਲਾਂ ਸੇਵਕ ਰਾਮ ਦੀ ਕੈਂਟੀਨ ਗੋਲ ਮਾਰਕੀਟ ਦੀ ਬਜਾਇ ਸਟੂਡੈਂਟ ਹੋਮ ਦੇ ਨਾਲ ਹੀ ਸੀ। ਇਥੇ ਲੰਚ ਬਰੇਕ ਵਿਚ ਸਭ ਦਹੀਂ ਨਾਲ ਆਲੂ ਦੇ ਪਰੌਂਠੇ ਛਕਦੇ। ਮੈਂ ਅਤੇ ਮੇਰੀ ਕੁਲੀਗ ਵੀ ਜਿੰਨਾ ਚਿਰ ਹੋਸਟਲ ਵਿਚ ਰਹੀਆਂ ਇਥੇ ਹੀ ਆਲੂ ਦੇ ਪਰੌਂਠਿਆਂ ਦਾ ਲੰਚ ਕਰਦੀਆਂ। ਕੁਝ ਸਾਲ ਬਾਅਦ ਇੱਥੇ ਕਾਫੀ ਹਾਊਸ ਖੁੱਲ੍ਹ ਗਿਆ ਅਤੇ ਕੈਂਟੀਨ ਗੋਲ ਮਾਰਕੀਟ ਵਿਚ ਚਲੀ ਗਈ। ਕਾਫੀ ਹਾਊਸ ਬਣਨ ਨਾਲ ਜਿਵੇਂ ਯੂਨੀਵਰਸਿਟੀ ਦੇ ਦੋ ਹਿੱਸੇ ਹੋ ਗਏ ਹੋਣ ਅਤੇ ਇੱਕ ਨਵਾਂ ਕਲਚਰ ਪਨਪ ਪਿਆ। ਵਿਦਿਆਰਥੀ ਅਤੇ ਅਕਾਦਮਿਕ ਸਟਾਫ ਕਾਫੀ ਹਾਊਸ ਦੀ ਰੌਣਕ ਵਧਾਉਣ ਲੱਗ ਪਏ ਅਤੇ ਕਰਮਚਾਰੀ ਆਮ ਤੌਰ 'ਤੇ ਸੇਵਕ ਰਾਮ ਦੀ ਕੈਂਟੀਨ 'ਤੇ ਹੀ ਬੈਠਦੇ। ਹੁਣ ਤਾਂ ਪਤਾ ਹੀ ਨਹੀਂ ਯੂਨੀਵਰਸਿਟੀ ਵਿਚ ਕਿੰਨੇ ਚਾਹ-ਕਾਫੀ ਦੇ ਸਥਾਨ ਸਥਾਪਤ ਹੋ ਗਏ ਹਨ ਉਸੇ ਤਰ੍ਹਾਂ ਹੀ ਜਿਵੇਂ ਅਧਿਆਪਕਾਂ ਦੇ ਵੀ ਦੋ ਧੜਿਆਂ ਕਾਮਰੇਡ ਅਤੇ ਗੈਰ-ਕਾਮਰੇਡ ਤੋਂ ਢਾਈ-ਢਾਈ ਟੋਟਰੂਆਂ ਦੇ ਅਣਗਿਣਤ ਧੜੇ ਬਣ ਗਏ ਹਨ। ਪਹਿਲੀਆਂ ਵਿਚ ਅਧਿਆਪਕਾਂ ਦੇ ਦੋ ਹੀ ਧੜੇ ਹੂੰਦੇ ਸਨ। ਕਾਮਰੇਡਾਂ ਦੇ ਧੜੇ ਦੀ ਵਾਗਡੋਰ ਕੈਮਿਸਟਰੀ ਡਿਪਾਰਟਮੈਂਟ ਦੇ ਸੀਨੀਅਰ ਟੀਚਰ ਡਾ. ਨਾਜ਼ਰ ਸਿੰਘ ਦੇ ਹੱਥ ਸੀ ਅਤੇ ਡਾ. ਰਵੀ ਅਤੇ ਮਾਂਗਟ ਦੀ ਜੋੜੀ, ਡਾ. ਰਾਹੀ, ਡਾ. ਜੀ.ਐਸ ਸੇਖੋਂ, ਪ੍ਰੋਫੈਸਰ ਭੁਪਿੰਦਰ ਆਦਿ ਅਤੇ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਸਬੰਧ ਰੱਖਣ ਵਾਲੇ ਹੋਰ ਅਧਿਆਪਕ ਉਨ੍ਹਾਂ ਨਾਲ ਜੁੜੇ ਹੁੰਦੇ ਸਨ। ਦੂਜੇ ਪਾਸੇ ਪਹਿਲਾਂ-ਪਹਿਲ ਤਾਂ ਕੋਈ ਖਾਸ ਇੱਕ ਲੀਡਰ ਨਹੀਂ ਸੀ ਪਰ ਕੁਝ ਸਾਲਾਂ ਬਾਅਦ ਡਾ. ਕੇਹਰ ਸਿੰਘ ਲੀਡਰ ਬਣ ਕੇ ਉਭਰਿਆ ਅਤੇ ਦੂਸਰਾ ਗਰੁਪ ਮਸ਼ਹੂਰ ਹੀ 'ਕੇਹਰ ਸਿੰਘ ਦਾ ਧੜਾ' ਕਰਕੇ ਹੋ ਗਿਆ। ਇਸਦੀ ਇੱਕ ਛੋਟੀ ਜਿਹੀ ਮਿਸਾਲ ਹੈ। ਦਿੱਲੀ ਜਦੋਂ ਵੀ 'ਵਿਸ਼ਵ ਪੁਸਤਕ ਮੇਲਾ' ਲਗਦਾ ਹੈ ਤਾਂ ਪੰਜਾਬੀ ਯੂਨੀਵਰਸਿਟੀ ਵਲੋਂ ਵਾਰੀ ਸਿਰ ਹਰ ਵਿਭਾਗ ਵਿਚੋਂ ਅਧਿਆਪਕਾਂ ਨੂੰ ਯੂਨੀਵਰਸਿਟੀ ਬੱਸ ਰਾਹੀਂ ਲੈ ਕੇ ਜਾਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇੱਕ ਵਾਰ ਜਿਸ ਗਰੁਪ ਵਿਚ ਮੈਂ ਅਤੇ ਮੇਰੀ ਕੁਲੀਗ ਡਾ. ਗੁਰਦੇਵ ਕੌਰ ਗਈਆਂ, ਉਸੇ ਗਰੁਪ ਵਿਚ ਡਾ. ਕੇਹਰ ਸਿੰਘ ਅਤੇ ਕੈਮਿਸਟਰੀ ਵਿਭਾਗ ਤੋਂ ਡਾ. ਕਾਲੀਆ ਵੀ ਸ਼ਾਮਲ ਸਨ ਜੋ ਉਸ ਵੇਲੇ ਟੀਚਰਜ ਯੂਨੀਅਨ ਦੇ ਅਗਜ਼ੈਕਟਿਵ ਮੈਂਬਰ ਸਨ ਅਤੇ ਕਾਮਰੇਡ ਧੜੇ ਵਿਚੋਂ ਸਨ। ਅਸੀਂ ਸਾਰੇ ਵਾਪਸ ਆਉਣ ਲਈ ਯੂਨੀਵਰਸਿਟੀ ਬੱਸ ਕੋਲ ਖੜ੍ਹੇ ਡਾ. ਕੇਹਰ ਸਿੰਘ ਦਾ ਇੰਤਜ਼ਾਰ ਕਰ ਰਹੇ ਸਾਂ ਜੋ ਵਾਹਵਾ ਲੇਟ ਹੋ ਗਿਆ ਸੀ। ਮੈਂ ਅਚਾਨਕ ਬਿਨਾਂ ਇਹ ਸੋਚੇ ਕਿ ਡਾ. ਕਾਲੀਆ ਮੇਰੇ ਕੋਲ ਖੜ੍ਹਾ ਹੈ ਅਤੇ ਇਸ ਵਾਰ ਪ੍ਰਧਾਨ ਉਨ੍ਹਾਂ ਦੇ ਧੜੇ ਦਾ ਹੈ, ਮੈਂ ਗੁਰਦੇਵ ਨੂੰ ਕਿਹਾ, "ਪ੍ਰਧਾਨ ਨੇ ਬੜੀ ਦੇਰ ਲਾ ਦਿੱਤੀ, ਪਹੁੰਚ ਹੀ ਨਹੀਂ ਰਿਹਾ?" ਫਿਰ ਇੱਕਦਮ ਡਾ. ਕਾਲੀਆ ਦੀ ਹਾਜ਼ਰੀ ਦਾ ਅਹਿਸਾਸ ਕਰਕੇ ਬੋਲੀ, "ਸੌਰੀ ਡਾ. ਕਾਲੀਆ ਹੁਣ ਤਾਂ ਕੇਹਰ ਸਿੰਘ ਪ੍ਰਧਾਨ ਨਹੀਂ।" ਡਾ. ਕਾਲੀਆ ਹੱਸ ਪਿਆ ਅਤੇ ਬੋਲਿਆ, "ਨਹੀਂ ਮੈਡਮ, ਤੁਹਾਡੇ ਪ੍ਰਧਾਨ ਤਾਂ ਡਾ. ਕੇਹਰ ਸਿੰਘ ਹੀ ਹਨ।"

ਉਂਜ ਸੱਚੀ ਗੱਲ ਇਹ ਹੈ ਕਿ ਡਾ. ਕੇਹਰ ਸਿੰਘ ਦੀ ਪ੍ਰਧਾਨਗੀ ਦਾ ਸਭ ਤੋਂ ਵੱਧ ਨੁਕਸਾਨ ਗਰੁਪ ਵਿਚ ਮੈਨੂੰ ਹੀ ਹੋਇਐ। ਯੂਨੀਵਰਸਿਟੀ ਵਿਚ ਸੀਨੀਆਰਟੀ ਨਿਰਧਾਰਤ ਕਰਨ ਲੱਗਿਆਂ ਰੈਗੂਲਰ ਪੋਸਟਾਂ ਤੇ ਤਰੱਕੀ ਲੈਣ ਵਾਲੇ ਅਧਿਆਪਕਾਂ ਨੂੰ 'ਪਰਸਨਲ ਪ੍ਰਮੋਸ਼ਨ ਸਕੀਮ' ਵਿਚ ਤਰੱਕੀਯਾਫਤਾ ਅਧਿਆਪਕਾਂ ਨਾਲੋਂ ਸੀਨੀਅਰ ਮੰਨਿਆਂ ਜਾਂਦਾ ਸੀ। ਪਰਸਨਲ ਪਰਮੋਟੀ ਅਧਿਆਪਕਾਂ ਨੇ ਬਰਾਬਰੀ ਲਈ ਕੇਸ ਦਾਖਲ ਕਰ ਦਿੱਤਾ, ਜਿਨ੍ਹਾਂ ਵਿਚੋਂ ਬਹੁਗਿਣਤੀ ਡਾ. ਕੇਹਰ ਸਿੰਘ ਦੇ ਗਰੁਪ ਵਿਚ ਸਨ। ਜਦੋਂ ਰੈਗੂਲਰ ਦੀ ਇੰਟਰਵਿਊ ਲੈਣ ਦਾ ਫੈਸਲਾ ਹੋ ਗਿਆ ਤਾਂ ਅਕਾਲੀ ਸਰਕਾਰ ਤੋਂ ਡਾ. ਕੇਹਰ ਸਿੰਘ ਦੀ ਯੂਨੀਅਨ ਨੇ ਡਾ. ਜੋਗਿੰਦਰ ਸਿੰਘ ਪੁਆਰ, ਜੋ ਕਿ ਉਸ ਸਮੇਂ ਦੇ ਵਾਈਸ ਚਾਂਸਲਰ ਸਨ, ਤੇ ਇੰਟਰਵਿਊ ਲੈਣ 'ਤੇ ਰੋਕ ਲਗਵਾ ਦਿੱਤੀ। ਇਸ ਤਰ੍ਹਾਂ ਜਿਹੜੀ ਪ੍ਰੋਫੈਸਰਸ਼ਿਪ ਮੈਨੂੰ 1994 ਤੋਂ ਮਿਲਣੀ ਸੀ ਉਹ ਸੰਨ 2000 ਵਿਚ ਯਾਨਿ ਛੇ ਸਾਲ ਬਾਅਦ ਉਹ ਵੀ 1998 ਤੋਂ ਮਿਲੀ ਅਤੇ ਛੇ ਸਾਲ ਮੈਂ ਪ੍ਰੋਫੈਸਰ ਹੋਣ ਦੀਆਂ ਸਹੂਲਤਾਂ ਤੋਂ ਵਿਰਵੀ ਰਹੀ। ਮੇਰੇ ਵਰਗੇ ਹੋਰ ਵੀ ਕਈਆਂ ਨੇ ਇਹ ਮਾਰ ਸਹੀ। ਉਂਜ ਇਨ੍ਹਾਂ ਸਾਰੇ ਯੂਨੀਅਨ ਵਾਲਿਆਂ ਨੇ ਆਪ ਕਿਸੇ ਨੇ ਚਾਰ-ਪੰਜ-ਛੇ ਜਾਂ ਹੱਦ ਸੱਤ ਸਾਲ ਦੇ ਵਿਚ ਵਿਚ ਹੀ ਤਰੱਕੀਆਂ ਲੈ ਲਈਆਂ।

ਖ਼ੈਰ! ਗੱਲ ਹੋਰ ਪਾਸੇ ਪੈ ਗਈ ਮੈਂ ਤਾਂ ਗੱਲ ਸਿਹਤਮੰਦ ਪਰੰਪਰਾ ਦੀ ਕਰ ਰਹੀ ਸਾਂ, ਜੋ ਹੌਲੀ ਹੌਲੀ ਗੁੰਮ ਹੋ ਰਹੀ ਹੈ। ਪਹਿਲੇ ਸਮਿਆਂ ਵਿਚ ਜਦੋਂ ਅਧਿਆਪਕਾਂ ਦਾ ਕੋਈ ਸਾਂਝਾ ਮਸਲਾ ਹੁੰਦਾ ਸੀ ਤਾਂ ਸਾਰੇ ਇਕੱਠੇ ਹੋ ਕੇ ਲੜਦੇ। ਚੋਣਾਂ ਵੇਲੇ ਇੱਕ ਦੂਜੇ ਦੇ ਖਿਲਾਫ ਖੜ੍ਹੇ ਹੁੰਦੇ ਪਰ ਚੋਣ ਪ੍ਰਚਾਰ ਕਰਦੇ ਕਰਦੇ ਕਾਫੀ ਹਾਊਸ ਇਕੱਠੇ ਬੈਠ ਕੇ ਕਾਫੀ ਪੀਂਦੇ ਅਤੇ ਖੱਪ ਪਾਉਂਦੇ। ਇਸੇ ਤਰ੍ਹਾਂ ਜਦੋਂ ਜਨਰਲ ਬਾਡੀ ਦੀ ਮੀਟਿੰਗ ਹੁੰਦੀ ਤਾਂ ਅੰਦਰ ਤੂੰ-ਤੂੰ, ਮੈਂ-ਮੈਂ ਹੁੰਦੇ ਪਰ ਬਾਹਰ ਆ ਕੇ ਇੱਕ ਦੂਜੇ ਨੂੰ ਛੇੜਦੇ ਅਤੇ ਜੱਫੀਆਂ ਪਾਉਂਦੇ। ਸੰਨ 1975 ਦੀ ਗੱਲ ਹੈ ਪ੍ਰੋ. ਕਿਰਪਾਲ ਸਿੰਘ ਨਾਰੰਗ ਦੀ ਨਿਯੁਕਤੀ ਮੁੱਕਣ ਵਾਲੀ ਸੀ। ਜਨਰਲ ਹਾਊਸ ਦੀ ਮੀਟਿੰਗ ਵਿਚ ਦੋਹਾਂ ਧਿਰਾਂ ਵਿਚ ਖੂਬ ਲੜਾਈ ਹੋਈ, ਕਪੜੇ ਪਾਟੇ, ਘਸੁੰਨ-ਮੁੱਕੀ ਹੋਏ ਪਰ ਬਾਅਦ ਵਿਚ ਫੇਰ ਇੱਕ ਦੂਜੇ ਨਾਲ ਹੇਲ-ਮੇਲ ਸੀ। ਮੈਂ ਉਦੋਂ ਮੁਲਕ ਤੋਂ ਬਾਹਰ ਸੀ ਪਰ ਮੇਰੀ ਛੋਟੀ ਭੈਣ ਤੇ ਭਤੀਜਾ ਪੋਲੀਟੀਕਲ ਸਾਇੰਸ ਦੀ ਐਮ.ਏ. ਕਰ ਰਹੇ ਸਾਂ। ਮੇਰੀ ਭੈਣ ਨੇ ਮੈਨੂੰ ਚਿੱਠੀ ਵਿਚ ਦਸਿਆ ਕਿ ਕਿਸ ਨੇ ਕਿਸ ਨੂੰ ਕੁੱਟਿਆ। ਵੈਸੇ ਵੀ ਕੋਈ ਕਿਸੇ ਦਾ ਨਿਜੀ ਨੁਕਸਾਨ ਯੂਨੀਅਨਿਸਟ ਦੇ ਤੌਰ 'ਤੇ ਨਹੀਂ ਸੀ ਕਰਦਾ। ਪਿਛੋਂ ਆ ਕੇ ਤਾਂ, ਨਵੇਂ ਲੀਡਰਾਂ ਦੇ ਯੂਨੀਅਨ ਵਿਚ ਹੋਣ ਦੇ ਮਾਅਨੇ ਹੀ ਬਦਲ ਗਏ ਹਨ। ਹੁਣ ਅਧਿਆਪਕ ਸਵੈਮਾਣ ਨਾਲੋਂ ਇੱਕ ਜਾਂ ਦੂਜੇ ਢੰਗ ਰਾਹੀਂ ਨਿਜੀ ਤਰੱਕੀ ਜਾਂ ਕਿਸੇ ਵਾਧੂ ਪੋਸਟ ਦਾ ਚਾਰਜ ਲੈਣ ਨੂੰ ਤਰਜੀਹ ਦਿੰਦੇ ਹਨ ਜਿਸ ਲਈ ਚਾਪਲੂਸੀ ਤੋਂ ਲੈ ਕੇ ਹੋਰ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ ਜਾਂਦੇ ਹਨ। ਹੁਣ ਸਾਂਝੇ ਮੁਦਿਆਂ ਲਈ ਨਹੀਂ ਲੜਿਆ ਜਾਂਦਾ ਸਗੋਂ ਯੂਨੀਅਨ ਵਿਚ ਆਉਣ ਦਾ ਅਰਥ ਹੈ ਆਪਣੇ ਲਈ, ਜਾਂ ਆਪਣੀ ਘਰ ਵਾਲੀ ਲਈ ਤਰੱਕੀ ਲੈਣਾ। ਹੁਣ ਧੜੇਬਾਜੀ ਨੂੰ ਬੁਰੇ ਦੇ ਘਰ ਤੱਕ ਪਾਲਿਆ ਜਾਂਦਾ ਹੈ। ਹੁਣ ਇਕ ਧੜਾ ਜਾਣ ਵਾਲੇ ਵੀ.ਸੀ. ਦੇ ਖਿਲਾਫ ਲੜਦਾ ਹੈ ਤਾਂ ਕਿ ਨਵੇਂ ਵੀ.ਸੀ. ਤੋਂ ਕੁਝ ਖੱਟ ਸਕੇ ਫਿਰ ਇਹੀ ਕੁਝ ਦੂਜਾ ਧੜਾ ਕਰਦਾ ਹੈ ਪਰ ਇਸ ਵਿਚ ਸ਼ਾਇਦ ਇਸ ਨਵੀਂ ਪੀੜੀ ਦਾ ਏਨਾ ਕਸੂਰ ਨਹੀਂ ਹੈ ਜਿੰਨਾ ਖਪਤਕਾਰੀ ਕਲਚਰ ਦਾ ਹੈ ਜਿਸ ਨੇ ਮਨੁੱਖ ਨੂੰ ਆਧੁਨਿਕ ਸਹੂਲਤਾਂ ਲੈਣ ਲਈ ਲਾਲਚੀ ਬਣਾ ਦਿੱਤਾ ਹੈ। ਪਹਿਲੇ ਸਮਿਆਂ ਵਿਚ ਜਿਹੜੇ ਅਧਿਆਪਕ ਸ਼ਹਿਰ ਵਿਚ ਰਹਿੰਦੇ ਸਨ ਉਨ੍ਹਾਂ ਨੂੰ ਯੂਨੀਵਰਸਿਟੀ ਬੱਸ ਵਿਚ ਆਉਣ-ਜਾਣ 'ਤੇ ਕੋਈ ਹਿਚਕਚਾਹਟ ਨਹੀਂ ਸੀ ਹੁੰਦੀ। ਵੁਕਤ ਹੋਣ 'ਤੇ ਉਹ ਪਹਿਲੀ ਸਵਾਰੀ ਪੁਰਾਣਾ ਲੰਬਰੇਟਾ ਸਕੂਟਰ ਖਰੀਦਦੇ। ਹੁਣ ਤਾਂ ਯੂਨੀਵਰਸਿਟੀ ਵੜਦੇ ਸਾਰ ਲੈਕਚਰਰ ਵੀ ਕਾਰ ਲੈਣ ਬਾਰੇ ਸੋਚਦਾ ਹੈ।

ਪੱਤਰ-ਵਿਹਾਰ ਵਿਭਾਗ ਵਿਚ ਇਸਤਰੀ-ਅਧਿਆਪਕਾਂ ਦੀ ਕਾਫੀ ਗਿਣਤੀ ਸੀ ਅਤੇ ਉਹ ਕਾਫੀ ਐਕਟਿਵ ਵੀ ਸਨ। ਇਸੇ ਤਰ੍ਹਾਂ ਪੰਜਾਬੀ ਵਿਕਾਸ ਵਿਭਾਗ ਅਤੇ ਹੋਰ ਵਿਭਾਗਾਂ ਵਿਚ ਵੀ ਕਾਫੀ ਗਿਣਤੀ ਵਿਚ ਇਸਤਰੀ ਅਧਿਆਪਕ ਸਨ। ਡਾ. ਅਮ੍ਰਿਤ ਕੌਰ ਐਜੂਕੇਸ਼ਨ ਵਿਭਾਗ ਅਤੇ ਡਾ. ਮਨੋਰਮਾ ਕੋਹਲੀ ਪੋਲੀਟੀਕਲ ਸਾਇੰਸ ਵਿਭਾਗ ਨੇ ਰਲ ਕੇ ਵੁਮੈਨ ਟੀਚਰਜ ਐਸੋਸੀਏਸ਼ਨ ਬਣਾਉਣ ਦੀ ਸੋਚੀ ਕਿਉਂਕਿ ਪੂਟਾ ਦੀ ਐਗਜ਼ੈਕਟਿਵ ਵਿਚ ਆਮ ਤੌਰ 'ਤੇ ਪੁਰਸ਼ ਅਧਿਆਪਕ ਹੀ ਸਨ। ਇਸ ਦੇ ਨਾਲ ਏਜੰਡਾ ਇਹ ਵੀ ਰੱਖਿਆ ਗਿਆ ਕਿ ਇਹ ਐਸੋਸੀਏਸ਼ਨ ਸਮਾਜਿਕ ਕਾਰਜਾਂ ਵੱਲ ਵੱਧ ਧਿਆਨ ਦੇਵੇਗੀ। ਪਹਿਲੇ ਇਕੱਠ ਵਿਚ ਵਾਈਸ ਚਾਂਸਲਰ ਪ੍ਰੋ. ਨਾਰੰਗ ਨੂੰ ਉਦਘਾਟਨ ਲਈ ਬੇਨਤੀ ਕੀਤੀ ਗਈ। ਇੱਕ-ਇੱਕ ਅਧਿਆਪਕਾ ਨੇ ਵਾਰੀ ਵਾਰੀ ਖੜ੍ਹੇ ਹੋ ਕੇ ਆਪਣਾ ਤੁਆਰਫ ਕਰਾਇਆ ਅਤੇ ਵੀ.ਸੀ. ਕੋਈ ਨਾ ਕੋਈ ਕੁਮੈਂਟ ਹਰ ਇੱਕ 'ਤੇ ਕਰੀ ਜਾਂਦੇ। ਮੇਰੀ ਕੁਲੀਗ ਦਾ ਘਰ ਵਾਲਾ ਮਿਲਟਰੀ ਵਿਚ ਸੀ ਅਤੇ ਉਹ ਬਹੁਤਾ ਸਮਾਂ ਛੁੱਟੀ 'ਤੇ ਹੀ ਰਹਿੰਦੀ ਸੀ ਅਤੇ ਜਦੋਂ ਉਸਦੀ ਵਾਰੀ ਆਈ ਤਾਂ ਬੋਲੇ, "ਕੀ ਕੰਮ ਕਰਦੇ ਹੋ ਅੱਜ ਕਲ੍ਹ, ਤੁਹਾਡੀ ਰੀਸਰਚ ਵਿਚ ਤੇ ਕੋਈ ਦਿਲਚਸਪੀ ਲਗਦੀ ਨਹੀਂ?" ਉਨ੍ਹਾਂ ਦੀ ਹਾਜ਼ਰੀ ਵਿਚ ਡਾ. ਮਨੋਰਮਾ ਕੋਹਲੀ ਨੂੰ ਪ੍ਰਧਾਨ ਅਤੇ ਡਾ. ਦਲੀਪ ਕੌਰ ਟਿਵਾਣਾ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਡਾ. ਅੰਮ੍ਰਿਤ ਕੌਰ ਆਪਣੇ ਵਿਭਾਗ ਵਿਚ ਸ਼ਾਇਦ ਕਿਸੇ 'ਐਡਲਟ ਐਜੂਕੇਸ਼ਨ ਪ੍ਰੋਗਰਾਮ' ਦੀ ਇੰਚਾਰਜ ਸੀ, ਦੇ ਬਾਲਗ ਸਿੱਖਿਆ ਪ੍ਰੋਗਰਾਮ ਨੂੰ ਏਜੰਡੇ ਵਿਚ ਸ਼ਾਮਲ ਕਰ ਲਿਆ ਗਿਆ। ਇਸ ਤਰ੍ਹਾਂ ਯੂਨੀਵਰਸਿਟੀ ਦੇ ਸਕੂਲ ਵਿਚ ਸ਼ਾਮ ਨੂੰ ਚੌਥਾ ਦਰਜਾ ਮੁਲਾਜ਼ਮਾਂ ਦੀਆਂ ਪੰਜਾਬੀ ਸਿਖਾਉਣ ਲਈ ਕਲਾਸਾਂ ਸ਼ੁਰੂ ਕੀਤੀਆਂ। ਟਿਵਾਣਾ ਦੀਦੀ ਨੇ ਤਾਂ ਬਹੁਤੀ ਦਿਲਚਸਪੀ ਨਹੀਂ ਲਈ ਪਰ ਮੈਡਮ ਕੋਹਲੀ ਕਾਫੀ ਸਮਾਂ ਐਕਟਿਵ ਰਹੇ। ਮੈਂ ਵੀ ਕਾਫੀ ਸਮਾਂ ਐਡਲਟ ਐਜੂਕੇਸ਼ਨ ਦੇ ਕੰਮ ਨਾਲ ਜੁੜੀ ਰਹੀ ਪਰ ਹੌਲੀ ਹੌਲੀ ਇਸ ਐਸੋਸੀਏਸ਼ਨ ਦਾ ਭੋਗ ਪੈ ਗਿਆ।

ਵਿਦਿਅਰਥੀਆਂ ਦੇ ਸੰਗਠਨਾਂ ਵਿਚ ਪੀ.ਐਸ.ਯੂ. ਦਾ ਬੋਲ-ਬਾਲਾ ਸੀ। ਅਸਲ ਵਿਚ ਇਹ ਸਮਾਂ ਨਕਸਲਬਾੜੀ ਲਹਿਰ ਦਾ ਸਮਾਂ ਸੀ। ਵਿਦਿਅਕ ਅਦਾਰੇ ਇਸ ਵਿਚਾਰਧਾਰਾ ਦੇ ਪਨਪਣ ਲਈ ਇੱਕ ਤਰ੍ਹਾਂ ਨਾਲ ਉਪਜਾਊ ਜ਼ਮੀਨ ਸਨ। ਪ੍ਰਗਤੀਵਾਦੀ ਕਵੀ ਆਪਣੀਆਂ ਕਵਿਤਾਵਾਂ ਵਿਚ ਆਪਣੇ-ਆਪ ਨੂੰ ਗੁਰੂ ਗੋਬਿੰਦ ਸਿੰਘ ਜਾਂ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਜੋੜ ਕੇ ਉਨ੍ਹਾਂ ਦੇ ਵਾਰਸ ਵਜੋਂ ਬਿਆਨ ਕਰਦੇ। ਪ੍ਰੋ. ਨਾਰੰਗ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਭਾਈ ਜੋਧ ਸਿੰਘ ਦੇ ਬਹੁਤ ਥੋੜਾ ਸਮਾਂ ਅਹੁਦੇ 'ਤੇ ਬਿਰਾਜਮਾਨ ਰਹਿਣ ਤੋਂ ਬਾਅਦ ਦੂਸਰੇ ਵਾਈਸ ਚਾਂਸਲਰ ਬਣੇ ਸਨ। ਇਮਾਰਤਾਂ ਦੀ ਉਸਾਰੀ ਜੋਰ-ਸ਼ੋਰ ਨਾਲ ਹੋ ਰਹੀ ਸੀ। ਇਨ੍ਹਾਂ ਦਿਨਾਂ ਵਿਚ ਹੀ ਲੜਕਿਆਂ ਦਾ ਨਵਾਂ ਹੋਸਟਲ ਬਣਿਆ ਜਿਸ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖਿਆ ਗਿਆ। ਇਸ ਦਾ ਉਦਘਾਟਨ ਯੂਨੀਵਰਸਿਟੀ ਨੇ ਸ਼ਹੀਦ ਭਗਤ ਸਿੰਘ ਦੀ ਮਾਤਾ ਤੋਂ ਕਰਾਉਣ ਦਾ ਪ੍ਰੋਗਰਾਮ ਉਲੀਕਿਆ, ਜਿਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ "ਪੰਜਾਬ ਮਾਤਾ" ਦਾ ਖਿਤਾਬ ਵੀ ਉਦੋਂ ਕੁ ਹੀ ਮਿਲਿਆ ਸੀ। ਡਾ. ਸੁਰਜੀਤ ਸਿੰਘ ਢਿੱਲੋਂ, ਜ਼ੁਆਲੋਜੀ ਵਿਭਾਗ ਤੋਂ ਸ਼ਾਇਦ ਸੀਨੀਅਰ ਵਾਰਡਨ ਸਨ। ਵਿਦਿਆਰਥੀ ਯੂਨੀਅਨ ਦਾ ਸਕੱਤਰ ਇਕਨਾਮਿਕਸ ਦੀ ਐਮ.ਏ. ਦਾ ਵਿਦਿਆਰਥੀ ਸੀ ਜੋ ਅੱਜ ਕਲ੍ਹ ਅਕਾਲੀ ਲੀਡਰ ਹੈ, ਲੋਕ ਸਭਾ ਮੈਂਬਰ ਅਤੇ ਪੰਜਾਬ ਸਰਕਾਰ ਵਿਚ ਕੈਬਨਿਟ ਮਨਿਸਟਰ ਵੀ ਰਹਿ ਚੁੱਕਾ ਹੈ, ਉਦੋਂ ਕਾਮਰੇਡ ਹੁੰਦਾ ਸੀ। ਹੋਰ ਵਿਭਾਗਾਂ ਦੀ ਤਰ੍ਹਾਂ ਸਾਡੇ ਵਿਭਾਗ ਨੂੰ ਵੀ ਸੱਦਾ-ਪੱਤਰ ਸੀ, ਸੋ ਸਭ ਹਾਜ਼ਰ ਹੋ ਗਏ। ਵਾਈਸ ਚਾਂਸਲਰ, ਪੰਜਾਬ ਮਾਤਾ ਸਭ ਪਹੁੰਚ ਗਏ। ਸਵਾਗਤ ਤੋਂ ਬਾਅਦ ਜਿਉਂ ਹੀ ਸਭ ਸੀਟਾਂ 'ਤੇ ਬੈਠੇ ਤਾਂ ਉਸ ਵਿਦਿਆਰਥੀ ਲੀਡਰ ਨੇ ਫਟਾਫਟ ਆ ਕੇ ਮਾਈਕ ਸੰਭਾਲ ਲਿਆ ਅਤੇ ਬੋਲਣਾ ਸ਼ੁਰੂ ਕਰ ਦਿੱਤਾ ਜਿਸ ਦਾ ਭਾਵ ਕੁਝ ਇਸ ਤਰ੍ਹਾਂ ਸੀ ਕਿ ਭਗਤ ਸਿੰਘ ਨੇ ਦੇਸ਼ ਲਈ ਕੁਰਬਾਨੀ ਦਿੱਤੀ ਹੈ ਅਤੇ ਤੂੰ ਦੇਸ਼ ਦੇ ਲੁਟੇਰਿਆਂ ਕੋਲੋਂ ਪੰਜਾਬ ਮਾਤਾ ਦਾ ਖ਼ਿਤਾਬ ਕਿਉਂ ਲਿਆ ਵਗੈਰਾ ਵਗੈਰਾ। ਉਥੇ ਹਾਜ਼ਰ ਸਾਰੇ ਜਣੇ ਹੱਕੇ-ਬੱਕੇ ਰਹਿ ਗਏ। ਕਿਸੇ ਵਿਦਿਆਰਥੀ ਦੇ ਮੂੰਹੋਂ ਏਨੀ ਖਰਬੀ ਭਾਸ਼ਾ ਸ਼ਾਇਦ ਹੀ ਕਿਸੇ ਨੇ ਕਦੀ ਸੁਣੀ ਹੋਵੇ। ਮੈਂ ਕਈ ਵਾਰ ਸੋਚਦੀ ਹਾਂ ਕਿ ਵਿਦਿਆਰਥੀ ਲੀਡਰ ਹੁੰਦਿਆਂ ਗਰਮਾ ਗਰਮ ਭਾਸ਼ਣ ਦੇਣ ਵਾਲੇ ਜਦੋਂ ਆਪ ਲੋਟੂ ਲੀਡਰਾਂ ਦਾ ਸਾਥ ਦਿੰਦੇ ਹਨ ਤਾਂ ਭਲਾਂ ਉਨ੍ਹਾਂ ਦੀ ਆਤਮਾ ਕਦੀ ਕੋਈ ਤਕਲੀਫ ਨਹੀਂ ਮੰਨਦੀ ਹੋਵੇਗੀ?

***ਕਾਫੀ-ਹਾਊਸ ਬਣਨ ਤੋਂ ਪਹਿਲਾਂ ਸੇਵਕ ਰਾਮ ਦੀ ਕੈਂਟੀਨ ਗੋਲ ਮਾਰਕੀਟ ਦੀ ਬਜਾਇ ਸਟੂਡੈਂਟ ਹੋਮ ਦੇ ਨਾਲ ਹੀ ਸੀ। ਇਥੇ ਲੰਚ ਬਰੇਕ ਵਿਚ ਸਭ ਦਹੀਂ ਨਾਲ ਆਲੂ ਦੇ ਪਰੌਂਠੇ ਛਕਦੇ। ਮੈਂ ਅਤੇ ਮੇਰੀ ਕੁਲੀਗ ਵੀ ਜਿੰਨਾ ਚਿਰ ਹੋਸਟਲ ਵਿਚ ਰਹੀਆਂ ਇਥੇ ਹੀ ਆਲੂ ਦੇ ਪਰੌਂਠਿਆਂ ਦਾ ਲੰਚ ਕਰਦੀਆਂ। ਕੁਝ ਸਾਲ ਬਾਅਦ ਇੱਥੇ ਕਾਫੀ ਹਾਊਸ ਖੁੱਲ੍ਹ ਗਿਆ ਅਤੇ ਕੈਂਟੀਨ ਗੋਲ ਮਾਰਕੀਟ ਵਿਚ ਚਲੀ ਗਈ। ਕਾਫੀ ਹਾਊਸ ਬਣਨ ਨਾਲ ਜਿਵੇਂ ਯੂਨੀਵਰਸਿਟੀ ਦੇ ਦੋ ਹਿੱਸੇ ਹੋ ਗਏ ਹੋਣ ਅਤੇ ਇੱਕ ਨਵਾਂ ਕਲਚਰ ਪਨਪ ਪਿਆ। ਵਿਦਿਆਰਥੀ ਅਤੇ ਅਕਾਦਮਿਕ ਸਟਾਫ ਕਾਫੀ ਹਾਊਸ ਦੀ ਰੌਣਕ ਵਧਾਉਣ ਲੱਗ ਪਏ ਅਤੇ ਕਰਮਚਾਰੀ ਆਮ ਤੌਰ 'ਤੇ ਸੇਵਕ ਰਾਮ ਦੀ ਕੈਂਟੀਨ 'ਤੇ ਹੀ ਬੈਠਦੇ।***

## ਸਿਆਣਿਆਂ ਦਾ ਕਿਹਾ

(1) ਲੋਕਾਂ ਵਿਚ ਸ਼ਕਤੀ ਦੀ ਨਹੀਂ ਬਲਕਿ ਦ੍ਰਿੜਤਾ ਦੀ ਘਾਟ ਹੁੰਦੀ ਹੈ।

(2) ਨੌਜਵਾਨਾਂ ਨੂੰ ਅਜ਼ਾਦੀ ਨਾਲ ਪਿਆਰ ਹੁੰਦਾ ਹੈ ਉਹ ਫਾਂਸੀ ਚੜ੍ਹਦੇ ਵੀ ਗਰਜਦੇ ਹਨ।

(3) ਆਤਮ ਵਿਸ਼ਵਾਸੀ ਲੋਕਾਂ ਨਾਲ ਮੇਲ ਜੋਲ ਰੱਖੋ।

(4) ਜਦੋਂ ਤੱਕ ਔਰਤ ਨੂੰ ਰਸੋਈ ਦੀ ਗੁਲਾਮੀ ਤੋਂ ਆਜ਼ਾਦ ਨਹੀਂ ਕੀਤਾ ਜਾਂਦਾ ਉਦੋਂ ਤੱਕ ਉਸਦੀ ਅਜ਼ਾਦੀ ਅਧੂਰੀ ਹੈ।

(5) ਸੰਗੀਤ-ਮਰਦ ਦੇ ਅੰਦਰ ਸ਼ੋਅਲੇ ਭੜਕਾ ਦਿੰਦਾ ਹੈ ਅਤੇ ਔਰਤ ਦੇ ਨੇਤਰਾਂ ਵਿਚੋਂ ਹੰਝੂ ਵਹਾ ਦਿੰਦਾ ਹੈ।

(6) ਕੌਮ ਵਿਚ ਔਰਤ ਦੀ ਪਦਵੀ, ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ।

(7) ਨਦੀ ਨੇ ਵਗਣਾ, ਕੰਡਿਆਂ ਨੇ ਚੁਭਣਾ, ਜਵਾਨੀ ਨੇ ਹਸਣਾ, ਬੁਢਾਪੇ ਨੇ ਸੋਚਣਾ ਹੁੰਦਾ ਹੈ।

(8) ਸ਼ਰਾਫਤ ਜਦ ਬਦਨਾਮੀ ਦਾ ਮੂੰਹ ਭੰਨਣ ਤੇ ਆਉਂਦੀ ਹੈ ਤਾਂ ਕੋਈ ਬਦਮਾਸ਼ ਉਸ ਅਗੇ ਨਹੀਂ ਅੜ, ਨਹੀਂ ਖੜ ਸਕਦਾ।

(9) ਕਿਤਾਬਾਂ ਖਰੀਦ ਸਕਦੇ ਹੋ ਪ੍ਰੰਤੂ ਗਿਆਨ ਨਹੀਂ ਖਰੀਦ ਸਕਦੇ।

(10) ਹਾਰ ਸ਼ਿੰਗਾਰ ਦੀਆਂ ਚੀਜਾਂ ਖਰੀਦ ਸਕਦੇ ਹੋ ਪ੍ਰੰਤੂ ਸੁੰਦਰਤਾ ਨਹੀਂ ਖਰੀਦ ਸਕਦੇ।

(11) ਇਨਸਾਨ ਦੀ ਜ਼ਿੰਦਗੀ ਸਾਲਾਂ ਤੋਂ ਨਹੀਂ ਉਸ ਦੇ ਕਮਾਂ ਤੋਂ ਨਾਪੋ।

(12) ਸੌ ਦਿਨ ਗੁਲਾਮੀ 'ਚ ਰਹਿਣ ਨਾਲੋਂ ਇੱਕ ਦਿਨ ਆਜ਼ਾਦੀ ਨਾਲ ਜੀਣਾ ਸੌ ਗੁਣਾ ਚੰਗਾ।

(13) ਮਨੁੱਖ ਦੂਸਰਿਆਂ ਦੇ ਤਾਂ ਕਸੂਰ ਅੱਖਾਂ ਸਾਹਮਣੇ ਰੱਖ ਕੇ ਅਤੇ ਆਪਣੇ ਪਿੱਠ ਪਿੱਛੇ ਛੁਪਾ ਕੇ ਰਾਜੀ ਹੈ।

(14) ਉਰਦੂ ਵਿਚ ਆਦਮੀ-ਸਿੰਧੀ ਵਿਚ ਮਾਣੂ-ਪੰਜਾਬੀ ਵਿਚ ਬੰਦਾ-ਬਲੋਚੀ ਵਿਚ ਵਾਜਾ-ਪਸ਼ਤੋ ਵਿਚ ਮੜਾ ਕਹਿੰਦੇ ਹਨ।

(15) ਦਰਦ ਦੀ ਦਵਾਈ ਨਾ ਮਿਲੇ ਤਾਂ ਦਰਦ ਨੂੰ ਹੀ ਦਵਾਈ ਸਮਝ ਲੈਣਾ ਚਾਹੀਦਾ ਹੈ।

(16) ਦੂਜਿਆਂ ਦੀ ਖੁਸ਼ੀ-ਸਾਡੇ ਗਮਾਂ ਨੂੰ ਤਾਜਾ ਕਰਦੀ ਹੈ।

(17) ਬਰਤਨ ਦੇ ਟੁਟਣ ਦਾ ਦੁੱਖ ਨਾ ਮਨਾਉ-ਕਿਉਂਕਿ ਤੁਹਾਡੇ ਵਾਂਗ ਉਸਦੇ ਟੁੱਟਣ ਦਾ ਵੀ ਸਮਾਂ ਨੀਯਤ ਹੈ।

(18) ਕਿਸਮਤ ਉਪਰ ਭਰੋਸਾ ਰੱਖਣ ਵਾਲਿਆਂ ਦੀ ਕਿਸਮਤ ਸੁੱਤੀ ਰਹਿੰਦੀ ਹੈ।

(19) ਸਾਨੂੰ ਆਪਣੀਆਂ ਨਹੀਂ ਦੂਸਰਿਆਂ ਦੀਆਂ ਅੱਖਾਂ ਤਬਾਹ ਕਰਦੀਆਂ ਹਨ।

(20) ਦਿਨ ਵਿਚ ਘਟੋ ਘਟ ਇੱਕ ਵਾਰ ਆਪਣੀਆਂ ਪ੍ਰਾਪਤੀਆਂ ਬਾਰੇ ਜਰੂਰ ਸੋਚੋ।

(21) ਹਮੇਸ਼ਾ ਰੁੱਝੇ ਰਹਿਣ ਦੀ ਆਦਤ ਬਣਾਉ ਤਾਂ ਕਿ ਮਨ ਫਜ਼ੂਲ ਸੋਚਣ ਤੋਂ ਸੰਕੋਚ ਕਰੇ।

(22) ਜੇ ਤੁਹਾਡਾ ਕੋਈ ਸਨਮਾਨ ਨਹੀਂ ਕਰਦਾ ਤਾਂ ਨਾਰਾਜ਼ ਹੋਣ ਦੀ ਜਗ੍ਹਾ ਉਸ ਦੇ ਕਾਰਨ ਲੱਭੋ ਤੇ ਆਪਣੇ ਅੰਦਰ ਗੁਣ ਪੈਦਾ ਕਰੋ।

(23) ਆਈ ਫਿਰ ਵਿਸਾਖੀ ਦੇਸ਼ ਗੁਲਾਮਾਂ ਦੇ ਮੁਕਦੇ ਨਹੀਂ ਪ੍ਰਛਾਵੇਂ ਲੰਮੀਆਂ ਸ਼ਾਮਾਂ ਦੇ।

(24) ਅਮਨ ਦੇ ਲਈ ਅਸੀਂ ਹਰ ਇੱਕ ਦੇ ਨਾਲ ਖੜ੍ਹੇ ਹਾਂ ਪਰ ਜ਼ੁਲਮ ਵਿਰੁਧ ਅਸੀਂ ਹਰ ਕਿਸੇ ਦੇ ਸਾਹਮਣੇ ਖੜੇ ਹਾਂ।

(25) ਹਥਿਆਰ ਦੇ ਨਾਲ ਜੇ ਵਿਚਾਰ ਨਾ ਹੋਣ ਤਾਂ ਹਥਿਆਰ ਆਪਣੇ ਆਪ ਲਈ ਹੀ ਘਾਤਕ ਬਣ ਜਾਂਦਾ ਹੈ।

(26) ਸਾਡਾ ਸਿੱਖਾਂ ਦਾ ਦੇਸ਼ ਕੋਈ ਨਾ, ਹਿੰਦੋਸਤਾਨ ਅੰਦਰ ਮਾਰਾਂ ਖਾਈਏ, ਬਾਹਰ ਢੋਈ ਕੋਈ ਨਾ।

(27) ਕਿਸੇ ਵੀ ਗੱਲ ਜਾਂ ਘਟਨਾ ਨੂੰ ਯਾਦ ਕਰਨ ਲਈ ਘੱਟ ਤੋਂ ਘੱਟ ਸਮਾਂ ਲਗਾਉ।

(28) ਮੇਰੇ ਹੱਥਾਂ ਵਿਚ ਹਥਕੜੀਆਂ, ਜ਼ੁਬਾਂ ਮੇਰੀ ਨੂੰ ਤਾਲਾ ਹੈ-ਸੱਚ ਦੀ ਕਦਰ ਨਾ ਕੋਈ, ਝੂਠ ਦਾ ਬੋਲ ਬਾਲਾ ਹੈ।

(29) ਵਾਰਸ ਸ਼ਾਹ ਉਹ ਸਦਾ ਹੀ ਜੀਂਵਦੇ ਨੇ ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ।

(30) ਦੂਸਰੇ ਦੀਆਂ ਗੱਲਾਂ ਧਿਆਨ ਨਾਲ ਸੁਣੋ ਚਾਹੇ ਉਹ ਤੁਹਾਡੇ ਤੋਂ ਜੂਨੀਅਰ ਹੀ ਕਿਉਂ ਨਾ ਹੋਵੇ।

(31) ਜੀਵਨ ਇੱਕ ਸੰਘਰਸ਼ ਹੈ-ਸੰਘਰਸ਼ ਤੋਂ ਮੂੰਹ ਮੋੜਨਾ ਜ਼ਿੰਦਗੀ ਨੂੰ ਪਿੱਠ ਦਿਖਾਉਣ ਦੇ ਬਰਾਬਰ ਹੈ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

# 'ਨਾਮੇ' ਦੇ 'ਨਾਮ' ਦੀਆਂ ਸੁਣ ਸਿਫ਼ਤਾਂ ਮੁਟਿਆਰੇ

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ:510-277-2592

*ਜਿਹੜੇ ਲੋਕ ਤੰਦਰੁਸਤ ਹੋ ਜਾਣ ਜਾਂ ਨਹਾ ਕੇ ਮਨੋ-ਕਾਮਨਾਵਾਂ ਪੂਰੀਆਂ ਕਰਕੇ ਕਹਿਣ ਕਿ ਅਸੀਂ ਹਰਿਮੰਦਰ ਦੇ ਸਰੋਵਰ ਦੇ ਪਾਣੀ 'ਚ ਨਹਾ ਕੇ ਆਏ ਹਾਂ ਤਾਂ ਉਨ੍ਹਾਂ ਨੂੰ ਆਪਣੇ ਵਾਕ ਨੂੰ ਥੋੜ੍ਹਾ ਦਰੁਸਤ ਕਰਨ ਦੀ ਲੋੜ ਹੈ ਕਿਉਂਕਿ ਉਹ ਪਾਣੀ ਦਾ ਸਰੋਵਰ ਨਹੀਂ, ਗੁਰਬਾਣੀ ਦਾ ਸ਼ਰਬਤ ਹੈ। ਇਸੇ ਕਰਕੇ ਜਦੋਂ ਇਸ ਦੀ ਘੁੱਟ ਅੰਦਰ ਜਾਂਦੀ ਹੈ ਤਾਂ ਮਨ ਦੀ ਮੈਲ ਉਤਰ ਜਾਣ ਦੀ ਸੰਭਾਵਨਾ ਵਧ ਜਾਂਦੀ ਹੈ। ਬਹੁਤ ਸਾਰੇ ਲੋਕ ਹਨ ਜੋ ਥੁੜ੍ਹਾਂ 'ਚ ਵੀ ਬਾਦਸ਼ਾਹ ਹਨ ਤੇ ਕਈ ਉਹ ਵੀ ਨੇ ਜਿਹੜੇ ਗੱਦੀਆਂ 'ਤੇ ਤਾਂ ਬੈਠ ਗਏ ਹਨ ਪਰ ਚੱਕੀ ਚੱਟਣੋਂ ਨਹੀਂ ਹਟੇ। ਜੇ ਅਜਿਹਾ ਨਾ ਹੁੰਦਾ ਤਾਂ ਬਾਦਸ਼ਾਹੀਆਂ 'ਤੇ ਰਿਸ਼ਵਤ ਦੇ ਇਲਜ਼ਾਮ ਲੱਗਣੇ ਹੀ ਕਿੱਥੇ ਸਨ? ਕਮੀਜ਼ ਦੱਸ ਦੇਂਦੀ ਹੈ ਕਿ ਤੁਹਾਡੀ ਸ਼ਖਸੀਅਤ ਕੀ ਹੋ ਸਕਦੀ ਹੈ? ਪਰ ਜ਼ਬਾਨ 'ਚੋਂ ਨਿਕਲਿਆ ਪਹਿਲਾ ਸ਼ਬਦ ਹੀ ਤੁਹਾਡੀ ਤਹਿਜ਼ੀਬ ਦੀ ਜਾਣ-ਪਛਾਣ ਕਰਾ ਜਾਂਦਾ ਹੈ। ਗਲਤੀ ਨਾਲ ਕਈ ਸਿਆਣੇ ਲੋਕਾਂ ਤੋਂ ਵੀ ਅਵਾਰਾ ਕੁੱਤੇ ਪਾਲੇ ਗਏ ਹਨ। ਜਿਨ੍ਹਾਂ ਮਾਵਾਂ ਨੇ ਇਕਲੌਤੇ ਪੁੱਤ ਹੱਥੀਂ ਤੋਰੇ ਹਨ, ਉਨ੍ਹਾਂ ਨੂੰ ਕਦੇ ਚੇਤਾ ਨਹੀਂ ਆਇਆ ਕਿ ਕੋਈ ਚੰਨ ਵੀ ਹੁੰਦਾ ਹੈ। ਗੁੱਸੇ 'ਚ ਭਰੇ ਮਨੁੱਖ ਦੀ ਸਥਿਤੀ ਇਨ-ਬਿਨ ਉਹੀ ਹੁੰਦੀ ਹੈ ਜਿਵੇਂ ਬੰਬ ਚਲਾਉਣ ਵਾਲਾ ਆਪ ਹੀ ਇਕੱਲਾ ਜ਼ਖਮੀ ਹੋ ਗਿਆ ਹੋਵੇ। ਦੋ ਔਰਤਾਂ ਨੇ ਇਕ ਖੂਬਸੂਰਤ ਨਾਂ ਸੁਣਿਆ। ਇਕ ਬੋਲੀ 'ਕਿੱਡਾ ਸੋਹਣਾ ਨਾਂ ਐ। ਸਾਂਭ ਕੇ ਰੱਖ ਲਿਆ', ਦੂਜੀ ਬੋਲੀ 'ਇਹ ਤਾਂ ਮਰਦਾਨਾ ਨਾਂ ਐ, ਤੈਂ ਕੀ ਕਰਨੈ?' ਪਹਿਲੀ ਨੇ ਪੇਟ 'ਤੇ ਹੱਥ ਫੇਰਿਆ ਤੇ ਸ਼ਰਮਾ ਕੇ ਚਲੀ ਗਈ। ਨਾਂ ਅਸਲ ਵਿਚ ਕੋਈ ਵੀ ਮਾੜਾ ਨਹੀਂ ਹੁੰਦਾ, ਦਿਲ ਤੇ ਦਿਮਾਗ ਦੀ ਕਲਾ ਨੇ ਨਾਂ ਨੂੰ ਭਾਗ ਲਾਉਣੇ ਹੁੰਦੇ ਹਨ। ਲਤਾ ਦਾ ਨਾਂ ਕੋਈ ਵੀ ਹੁੰਦਾ, ਪ੍ਰਵਾਨ ਹੀ ਹੋਣਾ ਸੀ। ਨਿਊਟਨ ਤੇ ਆਇਨਸਟਾਇਨ ਨਾਂਵਾਂ ਕਰਕੇ ਨਹੀਂ, ਕੰਮਾਂ ਕਰਕੇ ਚੇਤੇ ਹਨ। ਪਿੰਡਾਂ 'ਚ ਨਿਕਲਦੀਆਂ ਪ੍ਰਭਾਤ ਫੇਰੀਆਂ 'ਚ ਸੁਣਦੇ ਹੁੰਦੇ ਸੀ 'ਨਾਮਾ ਛੀਂਬਾ ਦਮੜੀ ਦਾ, ਨਾਂ ਜਪ ਕੇ ਲੱਖਾਂ ਦਾ ਹੋਇਆ...' ਉਹ ਤਾਂ ਮਹਾਨ ਸੰਤ ਫਕੀਰ ਸਨ ਪਰ ਜ਼ਰਾ ਇਨ੍ਹਾਂ ਚਾਰ ਨਾਮਿਆਂ ਵਲ ਵੀ ਅੱਖ ਝਪਕ ਕੇ ਜ਼ਰੂਰ ਦੇਖਿਓ...*

ਕਈ ਤਰਕਾਲਾਂ ਬੜੀਆਂ ਰੰਗੀਨ ਹੁੰਦੀਆਂ ਨੇ। ਸੂਰਜ ਢਲਦਿਆਂ ਇਉਂ ਲਗਦੈ ਜਿਵੇਂ ਕੋਈ ਸ਼ਾਮ ਪਿਘਲ ਰਹੀ ਹੋਵੇ ਤੇ ਕਿਸੇ ਖੂਬਸੂਰਤ ਚਿਹਰੇ ਤੋਂ ਘੁੰਡ ਹੌਲੀ-ਹੌਲੀ ਹੇਠਾਂ ਨੂੰ ਸਰਕਦਾ ਲੱਗੇ। ਕਈ ਪਹੁ-ਫੁਟਾਲੇ ਏਦਾਂ ਦੇ ਹੁੰਦੇ ਹਨ ਕਿ ਹਰ ਕੋਈ ਸੋਚਦੈ 'ਕੁਦਰਤ ਉਹਦੇ ਗਲ ਲੱਗਣ ਨੂੰ ਵਿਆਕੁਲ ਹੈ' ਤੇ ਕਈ ਦੁਪਹਿਰਾਂ ਏਨੀਆਂ ਤਪਦੀਆਂ ਨੇ ਕਿ ਰੱਬ ਵੀ ਆਖਦਾ ਹੋਣੈ 'ਛੱਡ ਪਰ੍ਹੇ ਅੱਜ ਚੁੱਲ੍ਹਾ ਤਪਾਉਣਾ, ਰੋਟੀਆਂ ਆਏਂ ਸੇਕ ਦਿੰਨੇ ਆਂ।' ਕਹਿ ਤਾਂ ਕਈ ਵਾਰ ਦੇਨੇ ਆਂ ਕਿ 'ਘੁੰਡ ਤੇ ਚੁੱਕ ਉਏ ਸੱਜਣਾ ਸ਼ਰਮਾਂ ਕਾਹਨੂੰ ਰੱਖੀਆਂ..' ਪਰ ਜ਼ਰੂਰੀ ਨਹੀਂ ਸ਼ਰਮ ਸਾਰਿਆਂ ਨੂੰ ਆਉਂਦੀ ਹੋਵੇ, ਕਈ ਚਿਹਰੇ ਇਸ ਕਰਕੇ ਵੀ ਢਕਣੇ ਪੈਂਦੇ ਨੇ ਕਿ ਕਿਤੇ ਇਨ੍ਹਾਂ ਦੀ ਨਜ਼ਰ ਹੀ ਨਾ ਕਿਸੇ ਨੂੰ ਲੱਗ ਜਾਵੇ। ਇਹ ਵੀ ਭਰਮ ਕੱਢ ਦੇਣਾ ਚਾਹੀਦੈ ਕਿ 'ਘੂੰਗਟ ਮੇਂ ਛਿਪੇ ਸਭੀ ਚਿਹਰੇ ਖੂਬਸੂਰਤ ਹੋਤੇ ਹੈਂ।' ਧਿਆਨ ਨਾਲ ਦੇਖਿਓ ਲੰਬੀਆਂ ਉਡਾਨਾਂ ਭਰਨ ਪਿੱਛੋਂ ਪੰਛੀ ਵੀ ਜਦੋਂ ਆਲ੍ਹਣਿਆਂ ਨੂੰ ਪਰਤਦੇ ਹਨ ਤਾਂ ਉਹ ਵੀ ਆਪਣੇ ਬੋਟਾਂ ਨਾਲ ਕੋਟਲਾ-ਛਪਾਕੀ ਖੇਡ ਰਹੇ ਹੁੰਦੇ ਹਨ, ਕਿਉਂਕਿ ਉਹ ਪਰਾਂ ਨਾਲ ਨਹੀਂ, ਹੌਂਸਲੇ ਨਾਲ ਉਡ ਕੇ ਘਰ ਪਰਤੇ ਹੁੰਦੇ ਹਨ। ਜਿਹੜੇ ਲੋਕ ਤਾਕਤਾਂ ਲੱਭਣ ਦੇ ਚੱਕਰ ਵਿਚ ਰੁੱਝੇ ਹੋਏ ਨੇ ਜਦੋਂ ਸਮਾਂ ਆਇਆ ਸ਼ਾਂਤੀ ਲਈ ਵੀ ਉਹੀ ਸਭ ਤੋਂ ਵਧ ਤਰਲੇ ਮਾਰਨਗੇ। ਅਸਲ ਵਿਚ ਜ਼ਿੰਦਗੀ ਏਨੀ ਭਾਰੀ ਹੋ ਗਈ ਹੈ ਕਿ ਬੰਦਾ ਆਪਣਾ ਹੀ ਭਾਰ ਚੁੱਕਣ ਲਈ ਦੂਜਿਆਂ ਨੂੰ ਆਖਦਾ ਹੈ, 'ਥੋੜ੍ਹਾ ਜਿਹਾ ਹੱਥ ਦੇ ਕੇ ਰੱਖੀਂ।' ਜਦੋਂ ਦੇ ਹਾਕਮ ਡਾਢੇ ਹੋ ਗਏ, ਛੇਤੀ ਹੀ ਘੁੱਗੀਆਂ, ਕਾਂਵਾਂ ਦੇ ਮੂੰਹ 'ਚ ਚੋਗਾ ਪਾਉਣ ਲਈ ਮਜਬੂਰ ਹੋ ਜਾਣਗੀਆਂ।

ਜਿਨ੍ਹਾਂ ਲੋਕਾਂ ਨੂੰ ਇਹ ਭਰਮ ਹੈ ਕਿ ਪੈਸੇ ਨਾਲ ਸਾਰੱਗੀ ਤੇ ਗੋਰੇ ਰੰਗ ਨਾਲ ਟੌਹਰ ਬਣਦੀ ਹੈ, ਉਹ ਬਹੁਤ ਗ਼ਲਤ ਸੋਚ ਨੂੰ ਗਲ ਲਾਉਣ ਲੱਗੇ ਨੇ। ਜ਼ਰਾ ਸੋਚਿਓ ਜਿਹਦਾ ਬੈਂਕ 'ਚ ਸਵਾ ਕਰੋੜ ਰੁਪਿਆ ਹੋਵੇ ਪਰ ਡਾਕਟਰ ਕਹਿਣ 'ਖਾਣਾ ਪੁੱਛੇ ਬਿਨਾਂ ਨੀ ਖਾਣਾ' ਤਾਂ ਪੈਸੇ ਨਾਲ ਵੀ ਦੁਸ਼ਮਣੀ ਪੈਣ ਲਗਦੀ ਹੈ ਤੇ ਕਈ ਗੋਰਿਆਂ ਤੇ ਗੋਰੀਆਂ ਦੇ ਸਿਰ 'ਚ ਵੀ ਇੰਚ-ਇੰਚ ਲੰਬੀਆਂ, ਪੂਛਾਂ ਵਾਲੀਆਂ ਜੂੰਆਂ ਪਈਆਂ ਹੁੰਦੀਆਂ ਹਨ। ਲੈਲਾ ਨੇ ਮਜਨੂੰ ਦੇ ਗਲ 'ਚ ਅਸਲ ਵਿਚ ਟੱਲੀ ਹੀ ਪਾਈ ਸੀ ਕਿ ਲੋਕਾਂ ਨੂੰ ਖੜਕਾ ਕੇ ਦੱਸ 'ਕਾਲੇ ਰੰਗ ਦੀ ਆਪਣੀ ਮੌਜ-ਮਸਤੀ ਹੈ।'

ਕਈ ਬੰਦੇ ਜਦੋਂ ਵੀ ਟੱਕਰਨਗੇ ਤਾਂ ਇਹੋ ਹੀ ਕਹਿਣਗੇ, 'ਤੈਨੂੰ ਪਤਾ ਮੇਰਾ ਨਾਂ ਕੀ ਹੈ?' ਜਾਂ ਕਈ ਲੜਾਈ-ਝਗੜੇ ਵੇਲੇ ਕਚੀਚੀਆਂ ਵੱਟ ਰਹੇ ਹੁੰਦੇ ਨੇ, 'ਫੇਰ ਮੈਨੂੰ...ਦਾ ਪੁੱਤ ਨਾ ਆਖੀਂ।' ਨਾਂ 'ਚ ਕੁਝ ਨਹੀਂ ਹੁੰਦਾ, ਇਹਦੇ ਪਿੱਛੇ ਹਿੰਮਤ, ਹੌਂਸਲਾ, ਯੋਗਤਾ, ਹੁਨਰ ਤੇ ਲਗਨ ਨੇ ਸਾਰੇ ਕੰਮ ਕਰਨੇ ਹੁੰਦੇ ਨੇ। ਜਿਹੜੇ ਸਾਰੀ ਉਮਰ ਧੰਨਾ ਸਿੰਘ ਵਲਦ ਮੰਨਾ ਸਿੰਘ ਹੀ ਬਣੇ ਰਹੇ, ਉਨ੍ਹਾਂ ਦੇ ਤੁਰ ਜਾਣ ਵੇਲੇ ਸ਼ਾਇਦ ਸਕੇ-ਸਬੰਧੀ ਵੀ ਰੋਣ ਤੋਂ ਕੰਨੀਂ ਕਤਰਾਉਂਦਿਆਂ ਕਹਿਣ ਲੱਗ ਪੈਂਦੇ ਨੇ, 'ਛੱਡ ਪਰ੍ਹੇ ਕੀ ਫਰਕ ਪੈਣ ਲੱਗਾ?' ਬੰਦੇ ਦਾ ਜਦੋਂ ਵੀ ਕਦੇ ਮੁੱਲ ਪਿਆ ਹੈ, ਗੁਣਾਂ ਕਰਕੇ ਪਿਆ ਹੈ ਭਾਵੇਂ ਕਿ ਪਿੱਛੋਂ ਨਾਂ ਵੀ ਮੋਹਰੀ ਹੋ ਗਿਆ ਹੋਵੇ।

ਇਕ ਵਾਰ ਇਕ ਬਾਦਸ਼ਾਹ ਦੀ ਧੀ ਨੇ ਸ਼ਰਤ ਰੱਖ ਦਿੱਤੀ ਕਿ ਉਹ ਦੁਨੀਆਂ ਦੇ ਮਹਾਨ ਵਿਦਵਾਨ ਨਾਲ ਵਿਆਹ ਕਰਵਾਏਗੀ। ਬਾਦਸ਼ਾਹ ਦੇ ਮਨ ਨੂੰ ਵੀ ਲੱਗਾ ਕਿ ਧੀ ਦੀ ਸੋਚ ਤਾਂ ਵਧੀਆ ਹੈ। ਬੜੇ ਲੋਕ ਕਿਸਮਤ ਅਜਮਾਉਣ ਆਏ ਪਰ ਉਹਦੇ ਮੇਚ ਦੇ ਹੋ ਹੀ ਨਹੀਂ ਸਕੇ। ਬਾਦਸ਼ਾਹ ਫਿਰ ਚਿੰਤਤ ਹੋ ਗਿਆ। ਧਰਮੀ ਲੋਕ ਸੱਦ ਕੇ ਜੱਗ ਰਚਾਇਆ ਤੇ ਮਾਲਾ ਫੇਰਨ ਵਾਲੇ ਧੂਫ-ਬੱਤੀਆਂ ਜਗਾ ਕੇ ਬੈਠ ਗਏ। ਸਬੱਬੀਂ ਇਕ ਸਾਧਾਰਨ ਮਨੁੱਖ ਜਿਹਦੇ ਸਰੀਰ 'ਚ ਅਨੇਕਾਂ ਵਲ੍ਹ ਸਨ, ਹਾਜ਼ਰ ਹੋ ਗਿਆ। ਮਸਾਂ ਤੁਰਿਆ ਜਾਂਦਾ ਸੀ ਉਹਦੇ ਤੋਂ, ਜਿਸ ਪੈਰ 'ਤੇ ਭਾਰ ਦੇਵੇ, ਉਧਰ ਨੂੰ ਹੀ ਸਾਰਾ ਟੇਡਾ ਹੋ ਜਾਇਆ ਕਰੇ।

ਪਰਿਆ 'ਚੋਂ ਕਿਸੇ ਨੇ ਪੁੱਛਿਆ, 'ਜਵਾਨਾ ਕਿਵੇਂ ਆਇਆਂ ਏਂ?'

'ਬਾਦਸ਼ਾਹ ਦੀ ਬੇਟੀ ਨਾਲ ਵਿਆਹ ਕਰਵਾਉਣ।' ਤੇ ਸਾਰੇ ਖਿੜਖਿੜਾ ਕੇ ਹੱਸਣ ਲੱਗ ਪਏ।

ਜਦੋਂ ਹਾਸਾ ਬੰਦ ਹੋਇਆ ਤਾਂ ਉਸ ਨੇ ਪੁੱਛਿਆ, 'ਤੁਸੀਂ ਮੇਰੇ 'ਤੇ ਹੱਸ ਰਹੇ ਸੀ ਜਾਂ ਕਿ ਮੈਨੂੰ ਬਣਾਉਣ ਵਾਲੇ ਮਾਲਕ 'ਤੇ?'

ਤੇ ਬਾਦਸ਼ਾਹ ਦੀ ਬੇਟੀ ਨੇ ਭੱਜ ਕੇ ਸ਼ਗਨਾਂ ਦਾ ਹਾਰ ਉਸ ਮਹਾਨ ਵਿਦਵਾਨ ਦੇ ਗਲੇ 'ਚ ਪਾ ਦਿੱਤਾ। ਜਾਣਦੇ ਹੋ ਇਹ ਉਹੀ ਵਿਦਵਾਨ ਸੀ ਜੋ ਬਾਅਦ ਵਿਚ ਅਸ਼ਟ ਵਾਕਰ (ਜਿਹਦੇ ਸਰੀਰ 'ਚ ਅੱਠ ਵਲ੍ਹ ਸਨ) ਨਾਂ ਨਾਲ ਦੁਨੀਆਂ ਭਰ ਵਿਚ ਪੂਜਿਆ ਗਿਆ।

ਵਿਗਿਆਨ ਨੇ ਹੁਣ ਭਾਵੇਂ ਕਿੰਨੀ ਤਰੱਕੀ ਕਰ ਲਈ ਹੋਵੇ, ਸਾਡੀਆਂ ਸੋਚਾਂ ਕਿੰਨੀਆਂ ਵਿਕਸਤ ਹੋ ਗਈਆਂ ਹੋਣ, ਨਾਂ ਰਿੰਕੀ, ਪਿੰਕੀ, ਸੋਨੂ, ਗੈਰੀ, ਹੈਰੀ, ਮਿੱਕੀ, ਵਿੱਕੀ ਕਿੰਨੇ ਹੋ ਗਏ ਹੋਣ ਪਰ ਕਦੇ ਵੇਲੇ ਏਨੇ ਭਲੇ ਸਨ ਕਿ ਚੌਕੀਦਾਰ ਨਵੇਂ ਜੰਮੇ ਬੱਚੇ ਦਾ ਨਾਂ ਦਿਨਾਂ-ਮਹੀਨਿਆਂ ਦੇ ਆਧਾਰ 'ਤੇ ਹੀ ਰੱਖ ਜਾਂਦਾ ਸੀ। ਸੋਮ ਨਾਥ, ਮੰਗਲ ਦਾਸ, ਮੰਗਲ ਸਿੰਘ, ਬੁੱਧੂ ਜਾਂ ਬੁੱਧ ਸਿੰਘ, ਵੀਰੂ ਰਾਮ ਜਾਂ ਆਤਮਾ ਸਿੰਘ ਤੇ ਆਤੂ ਰਾਮ ਦਿਨਾਂ ਦੀ ਤਰਜ਼ 'ਤੇ ਨਾਂ ਹਨ। ਇਵੇਂ ਚੇਤ ਸਿੰਘ, ਵਿਸਾਖਾ ਸਿੰਘ, ਸਾਵਣ ਰਾਮ, ਅੱਛਰ ਸਿੰਘ, ਮੱਘਰ ਸਿੰਘ, ਪੋਹਲੂ ਰਾਮ ਤੇ ਫੱਗੂ ਰਾਮ ਦੇਸੀ ਮਹੀਨਿਆਂ ਨੇ ਮਨੁੱਖ ਨੂੰ ਨਾਂ ਦਿੱਤੇ ਹਨ। ਪਰ ਮੈਂ ਜਿਨ੍ਹਾਂ ਚਾਰ ਨਾਂਵਾਂ ਵਾਲੇ ਇਨਸਾਨਾਂ ਦੀ ਗੱਲ ਕਰਨ ਲੱਗਾ ਹਾਂ, ਉਨ੍ਹਾਂ ਨੂੰ ਜਾਣਦੇ ਤੁਸੀਂ ਵੀ ਹੋ ਸਕਦੇ ਹੋ ਪਰ ਸ਼ਾਇਦ ਕਦੇ ਗੌਲਿਆ ਨਾ ਹੋਵੇ ਜਾਂ ਧਿਆਨ ਨਾ ਦਿੱਤਾ ਹੋਵੇ।

ਬੜੀ ਪੁਰਾਣੀ ਗੱਲ ਹੈ, ਅਮੀਰੀ ਤੇ ਗਰੀਬੀ ਵਿਚ ਅੰਤਾਂ ਦਾ ਫਰਕ ਸੀ, ਮਾਲਕ ਤੇ ਨੌਕਰ ਵਾਲੀ ਸਥਿਤੀ ਸੀ। ਬਚਿੰਤ ਸਿੰਘ ਤੇ ਰਾਮ ਰੱਖਾ ਦਰਮਿਆਨ ਵਿੱਥ ਭਾਵੇਂ ਆਰਥਿਕ ਪੱਖੋਂ ਕਸ਼ਮੀਰ ਤੋਂ ਕੰਨਿਆ ਕੁਮਾਰੀ ਜਿੰਨੀ ਸੀ ਪਰ ਉਂ ਜੁੰਡੀ ਦੇ ਯਾਰਾਂ ਵਰਗੇ ਸਨ। ਦੋਹਾਂ ਦੇ ਥੋੜ੍ਹੇ ਜਿਹੇ ਫਰਕ ਨਾਲ ਪੁੱਤ ਜੰਮੇ। ਬਚਿੰਤ ਸਿਹੁੰ ਨੇ ਆਪਣੇ ਪੁੱਤ ਦਾ ਨਾਂ ਰੱਖਿਆ ਕਰਤਾਰ ਸਿੰਘ ਤੇ ਰਾਮ ਰੱਖੇ ਨੇ ਨਾਮਾ ਰਾਮ। ਬਚਿੰਤ ਸਿਹੁੰ ਘਰੇ ਵਧਾਈ ਦੇਣ ਗਿਆ, ਟਕੋਰ ਕਰ ਆਇਆ, 'ਰਾਮ ਰੱਖਿਆ ਨਾਂ ਤਾਂ ਚੰਗਾ ਰੱਖ ਲੈਣਾ ਸੀ।'

'ਸਾਡੇ ਗਰੀਬਾਂ ਦੇ ਆਏਂ ਈ ਚਲਦੈ।' ਵੱਡੇ ਹੋਏ ਤਾਂ ਨਾਮਾ ਰਾਮ ਤੇ ਕਰਤਾਰ ਸਿੰਘ ਯਾਰ ਬਣ ਗਏ। ਕਰਤਾਰ ਦੇ ਤਿੰਨ ਬੱਚੇ ਪੈਦਾ ਹੋਏ, ਦੋ ਪੁੱਤਰ ਤੇ ਇਕ ਧੀ ਅਤੇ ਚੰਗੇ ਮੁਕੱਦਰਾਂ ਨੂੰ ਨਾਮਾ ਰਾਮ ਦੇ ਸੱਤ ਤੇ ਸੱਤੇ ਪੁੱਤ। ਕਰਤਾਰ ਸਿੰਘ ਨੇ ਜਦੋਂ ਵੀ ਟੱਕਰਨਾ ਤਾਂ ਨਾਮੇ ਦੇ ਪਿਆਰ ਦੀ ਹੁੱਝ ਮਾਰਨੀ, 'ਲਾ'ਤੀਆਂ ਖਲੀਆਂ, ਇਨ੍ਹਾਂ ਨੂੰ ਪੜ੍ਹਾ-ਲਿਖਾ ਤਾਂ ਹੋਣਾ ਨੀ, ਚਲ ਚਾਰ ਪੈਸੇ ਦਿਹਾੜੀ-ਦੱਪਾ ਕਰਕੇ ਤਾਂ ਲਿਆਇਆ ਕਰਨਗੇ।'

ਟਿੱਚਰੀ ਸੁਭਾਅ 'ਚ ਨਾਮਾ ਵੀ ਕਹਿ ਛੱਡਦਾ, 'ਉਪਰ ਵਾਲੇ ਦੀ ਮਾਇਆ ਪਰ ਉਂ ਹੈ ਤਾਂ ਸਾਡਾ ਸਰਮਾਇਆ।'

ਫਿਰ ਕਰਤਾਰ ਸਿੰਘ ਨੇ ਹੋਰ ਤਰੱਕੀ ਕਰਨ ਦੇ ਚੱਕਰ ਵਿਚ, ਘੱਟ ਤੋਂ ਵੱਧ ਦੇ ਚੱਕਰ 'ਚ ਜ਼ਮੀਨ ਬੀਕਾਨੇਰ ਖਰੀਦ ਲਈ। ਵੱਡਾ ਪੁੱਤਰ ਟਰੱਕ ਚਲਾਉਣ ਲੱਗ ਪਿਆ ਤੇ ਛੋਟਾ ਕਾਲਜ ਪੜ੍ਹਦਾ ਬਦਮਾਸ਼ੀ ਟੋਲੇ 'ਚ ਫਸ ਕੇ ਗੈਂਗਸਟਰ ਬਣ ਗਿਆ। ਵੱਡਾ ਭੁੱਕੀ ਦੇ ਮਾਮਲੇ 'ਚ ਤੇ ਛੋਟਾ ਕਤਲ ਦੇ ਮਾਮਲੇ 'ਚ ਜੇਲ੍ਹ ਚਲੇ ਗਏ। ਉਥੇ ਬਿਹਾਰ ਦੇ ਇਕ ਵੱਡੇ ਬਦਮਾਸ਼ ਨਾਲ ਦੋਹਾਂ ਦਾ ਮੇਲ ਹੋ ਗਿਆ। ਜੇਲ੍ਹ 'ਚੋਂ ਨਿਕਲਦਿਆਂ ਹੀ ਅੰਡਰ-ਵਰਲਡ ਵਾਂਗ ਸਿਰੇ ਦੇ ਡਕੈਤ ਬਣ ਗਏ ਤੇ ਮਾਂ-ਬਾਪ, ਘਰ-ਬਾਰ ਤਿਆਗ ਗਏ। ਕਰਤਾਰ ਸਿੰਘ ਨੇ ਜ਼ਿੰਦਗੀ 'ਚ ਕਦੇ ਸੋਚਿਆ ਵੀ ਨਹੀਂ ਹੋਵੇਗਾ ਕਿ ਜਿਨ੍ਹਾਂ ਪੁੱਤਰਾਂ ਨੂੰ ਜੁਆਨ ਹੁੰਦਿਆਂ ਵੇਖ ਕੇ ਉਹ ਹੁੱਬ-ਹੁੱਬ ਬਹਿੰਦਾ ਸੀ, ਉਨ੍ਹਾਂ ਦੇ ਸਿਰਾਂ ਦੇ ਮੁੱਲ ਰੱਖੇ ਹੋਏ ਸਨ ਪੁਲਿਸ ਨੇ।

ਬੀਕਾਨੇਰ ਵਾਲੀ ਜ਼ਮੀਨ ਵੇਚ ਕੇ, ਧੀ ਵਿਆਹ ਕੇ ਕਰਤਾਰ ਸਿੰਘ ਪਿੰਡ ਆ ਗਿਆ। ਯੁੱਗ ਬੀਤ ਗਏ ਨੇ ਕਰਤਾਰ ਸਿੰਘ ਤੇ ਨਾਮਾ ਰਾਮ ਹਾਲੇ ਵੀ ਯਾਰ ਨੇ ਪਰ ਦਿਨਾਂ ਦਾ ਹੇਰ-ਫੇਰ ਬਹੁਤ ਵੱਡਾ ਹੋ ਚੁੱਕਾ ਹੈ। ਨਾਮਾ ਰਾਮ ਦਾ ਪੁੱਤਰ ਤਾਂ ਭਾਵੇਂ ਪਿੰਡ 'ਚ ਕੋਈ ਨਹੀਂ ਰਹਿੰਦਾ ਪਰ ਉਹਨੇ ਪਿੰਡ ਨਹੀਂ ਛੱਡਿਆ। ਹਾਲੇ ਵੀ ਉਹ ਪਿੱਪਲ ਹੇਠ ਥੜ੍ਹੇ 'ਤੇ ਬੈਠ ਕੇ ਬਜ਼ੁਰਗਾਂ ਨਾਲ ਹੁੱਕਾ ਪੀ ਰਿਹਾ ਹੁੰਦੈ ਪਰ ਠਾਠ ਨਾਲ। ਜਿਸ ਨਾਮੇ ਦੇ ਨਾਂ 'ਤੇ ਬਚਿੰਤ ਸਿਹੁੰ ਵੀ ਹੱਸਦਾ ਹੁੰਦਾ ਸੀ, ਉਹਦੇ ਸੱਤਾਂ ਪੁੱਤਰਾਂ 'ਚੋਂ ਤਿੰਨ ਭਾਰਤ ਦੇ ਅਹਿਮ ਪ੍ਰਸ਼ਾਸਕੀ ਅਧਿਕਾਰੀ ਹਨ, ਦੋ ਰਾਜ ਦੇ ਵੱਡੇ ਅਫਸਰ, ਇਕ ਕਾਲਜ ਵਿਚ ਅੰਗਰੇਜ਼ੀ ਦਾ ਪ੍ਰੋਫੈਸਰ ਤੇ ਆਖਰੀ ਸੱਤਵਾਂ ਪ੍ਰਸਾਰਨ ਵਿਭਾਗ ਵਿਚ ਅਹਿਮ ਅਹੁਦੇਦਾਰ। ਨਾਮੇ ਦੀ ਨਾਮੀ ਤਾਂ ਨਹੀਂ ਰਹੀ ਪਰ ਇਹ ਜ਼ਰੂਰ ਹੈ ਕਿ ਸਾਰਾ ਪਿੰਡ ਨਾਮੇ ਲਈ ਚਾਹ-ਪਾਣੀ ਤੇ ਖਾਣ-ਪੀਣ ਚੰਗਾ ਪਰੋਸਦਾ ਹੈ। ਹੁਣ ਉਹਦੇ ਹੁੱਕੇ ਦੀ ਚਿਲਮ 'ਚ ਅੱਗ ਪਾਉਣ ਵਾਲਿਆਂ ਨੂੰ ਵੀ ਸ਼ਰਮ ਮਹਿਸੂਸ ਨਹੀਂ ਹੁੰਦੀ।

ਬਲਾਚੌਰ ਤਹਿਸੀਲ ਵਿਚ ਇਕ ਪਿੰਡ ਹੈ ਸਿੰਬਲ ਮਜ਼ਾਰਾ, ਜਿਥੋਂ ਦੇ ਦੋ ਭਰਾ ਗਿਆਨੀ ਮਹਿੰਗਾ ਸਿੰਘ ਤੇ ਨਾਮਾ ਰਾਮ ਸਨ। ਦੋਹਾਂ ਨੇ ਪਹਿਲਾਂ ਜਾਡਲੇ ਵਾਲੇ ਮਲੂਕ ਚੰਦ ਦੀ ਡਰਾਮਾ ਮੰਡਲੀ ਵਿਚ ਕੰਮ ਕੀਤਾ ਤੇ ਫਿਰ ਆਪਣੀ ਪਾਰਟੀ ਬਣਾ ਲਈ। ਇਹ ਉਹੀ ਨਾਮਾ ਰਾਮ ਸੀ ਜਿਸ ਨੇ ਡਰਾਮਿਆਂ ਜ਼ਰੀਏ ਪੂਰੇ ਪੰਜਾਬ ਨੂੰ 'ਟਿੱਡੀ ਮੁੱਛਾ' ਨਾਂ ਦਾ ਹਾਸਰਸ ਕਿਰਦਾਰ ਦਿੱਤਾ ਸੀ। ਇਸੇ ਨੂੰ ਆਧਾਰ ਮੰਨ ਕੇ ਪਹਿਲਾਂ ਗਵੱਈਆਂ ਨੇ ਆਪਣੀਆਂ ਸਟੇਜਾਂ 'ਤੇ ਕਾਮੇਡੀ ਲਿਆਂਦੀ ਤੇ ਬਾਅਦ ਵਿਚ ਭੱਲੇ-ਬਾਲੇ ਤੇ ਘੁੱਗੀ, ਭਗਵੰਤ ਤੀਕਰ ਸਾਰੀ ਸੋਚ 'ਟਿੱਡੀ ਮੁੱਛੇ ਨਾਮਾ ਰਾਮ' ਦੀ ਸੀ। ਹੁਣ ਭਾਵੇਂ ਨਾਮਾ ਰਾਮ ਸਾਡੇ ਵਿਚਕਾਰ ਨਹੀਂ ਪਰ ਪੰਜਾਬ ਦੇ ਕਾਮੇਡੀ ਤੇ ਡਰਾਮਾ ਕਲਾਕਾਰਾਂ ਲਈ ਉਹ ਹਾਲੇ ਤੀਕਰ ਉਸਤਾਦ ਹੀ ਨਹੀਂ, ਆਦਰਸ਼ ਵੀ ਹੈ।

ਹੁਸ਼ਿਆਰਪੁਰ 'ਚ ਮਾਹਿਲਪੁਰ ਲਾਗੇ ਪਿੰਡ ਹੈ ਨੰਗਲ। ਇਹ ਅਮਰੀਕਾ ਵਸਦੇ ਸਿੱਖ ਆਗੂ ਦੀਦਾਰ ਸਿੰਘ ਬੈਂਸ ਦਾ ਪਿੰਡ ਹੈ। ਇਸ ਪਿੰਡ ਦੇ ਨਾਮਾ ਰਾਮ ਨੇ ਬੜੇ ਲੋਕਾਂ ਨੂੰ ਸਰਕਾਰ 'ਚ ਰੁਜ਼ਗਾਰ ਦਿਵਾਇਆ ਹੈ। ਉਹ ਕੋਰਾ ਅਨਪੜ੍ਹ ਪਰ ਨੌਕਰੀਆਂ ਦੇ ਗੱਫੇ। ਕਾਰਨ ਸੀ ਕਿ ਉਹਦਾ ਪੁੱਤਰ ਪ੍ਰਕਾਸ਼ ਚੰਦ ਜਦੋਂ ਆਈ.ਜੀ. ਤੋਂ ਉਪਰਲੇ ਰੈਂਕ ਤੱਕ ਗਿਆ ਤਾਂ ਨਾਮਾ ਰਾਮ ਦੇ ਹੱਥੋਂ ਹਜ਼ਾਰ ਤੋਂ ਵਧ ਨੌਜਵਾਨ ਪੁਲਿਸ 'ਚ ਭਰਤੀ ਹੋ ਚੁੱਕੇ ਸਨ। ਦਿਲਚਸਪ ਗੱਲ ਇਹ ਸੀ ਕਿ ਪੁਲਿਸ ਵਰਗੇ ਮਹਿਕਮੇ ਵਿਚ ਬਿਨਾਂ ਕਿਸੇ ਤੋਂ ਟਕਾ ਲਏ ਭਰਤੀ। ਨੰਗਲ 'ਚ ਉਹਦੇ ਘਰੇ ਉਨ੍ਹਾਂ ਦਿਨਾਂ 'ਚ ਮੰਤਰੀਆਂ ਦੇ ਦਫ਼ਤਰਾਂ ਵਾਂਗ ਰੌਣਕ ਰਹਿੰਦੀ ਸੀ। ਜਿਹੜਾ ਉਹਦੇ ਮਨ ਨੂੰ ਲੱਗ ਗਿਆ ਕਿ ਇਹ ਚੰਗਾ ਤਕੜੈ, ਬੋਲਚਾਲ ਠੀਕ ਹੈ, ਉਹਦੇ ਪੂਰੇ ਹੱਥ ਤੇ ਵੱਡਾ ਕਰਕੇ ਵੀਹ ਮਿੰਟ 'ਚ ਲਿਖਦਾ ਸੀ 'ਨਾਮਾ ਰਾਮ' ਤੇ ਸਮਝ ਲਓ ਇਹ ਫਿਰ ਨਿਯੁਕਤੀ ਪੱਤਰ ਹੀ ਹੁੰਦਾ ਸੀ। ਉਹਦੇ ਹੱਥੋਂ ਨਿਕਲੇ ਕਈ ਡੀ.ਐਸ.ਪੀ. ਤੇ ਐਸ.ਪੀ. ਵੀ ਹਨ ਪਰ ਉਨ੍ਹਾਂ ਦੇ ਘਰਾਂ 'ਚ ਨਾਮਾ ਰਾਮ ਦੀ ਵੱਡੀ ਤਸਵੀਰ ਲੱਗੀ ਹੋਈ ਹੈ ਜਿਹਨੂੰ ਉਹ ਨਿੱਤ ਦਿਨ ਧੂਫ ਕਰਦੇ ਹਨ। ਸ਼ਾਇਦ ਪ੍ਰਕਾਸ਼ ਚੰਦ ਪਹਿਲਾ ਪੁਲਿਸ ਅਧਿਕਾਰੀ ਹੋਵੇਗਾ ਜਿਹਨੇ ਬਾਪ ਦਾ ਇਕ ਵੀ ਹੁਕਮ ਨਹੀਂ ਮੋੜਿਆ ਸੀ। ਫਰਕ ਸਿਰਫ ਏਨਾ ਹੈ ਕਿ ਇਹ ਪੰਜਾਬ ਦੇ ਭਲੇ ਦਿਨਾਂ ਦੀ ਗੱਲ ਹੈ 'ਜਦੋਂ ਜ਼ਮਾਨਾ ਹੋਰ ਹੁੰਦਾ ਸੀ।'

ਤੇ ਇਕ ਨਾਮਾ ਰਾਮ ਰਿਹਾ ਅਮਰੀਕਾ 'ਚ। ਜੀਹਦੇ ਨਾਂ ਤੋਂ ਵੱਡੇ-ਵੱਡੇ ਮਹਾਂਰਥੀ, ਅਮੀਰ, ਲਾਟੀ ਵੀ ਵਾਕਿਫ ਹਨ। ਜਿਨ੍ਹਾਂ ਨੂੰ ਇਹ ਭਾਵੇਂ ਚੇਤਾ ਭੁੱਲ ਗਿਆ ਹੋਵੇ ਕਿ ਉਨ੍ਹਾਂ ਨਾਮਾ ਰਾਮ ਕੋਲ ਖੱਤਿਆਂ 'ਚ ਹੋਰ ਕਿਤੇ ਕੰਮ ਕੀਤਾ ਪਰ ਉਹਦੇ ਚੈਕਾਂ ਦੀਆਂ ਫੋਟੋ ਕਾਪੀਆਂ ਸੰਭਾਲ ਕੇ ਇਸ ਲਈ ਰੱਖੀ ਬੈਠੇ ਹਨ ਕਿ ਚੈਕ ਦੇ ਖੱਬੇ ਪਾਸੇ ਨੁੱਕਰ ਤੇ ਪ੍ਰਿੰਟ ਹੋਇਆ ਹੁੰਦਾ ਸੀ 'ਨਾਮਾ ਰਾਮ ਚਮਾਰ'। ਗੀਤਾਂ ਰਾਹੀਂ 'ਅਣਖੀ ਪੁੱਤ ਚਮਾਰਾਂ ਦੇ' ਕਹਿ ਕੇ ਭਾਵੇਂ ਨਵੀਂ ਪੀੜ੍ਹੀ ਨੂੰ ਜਾਤੀ ਵੰਡ 'ਚ ਵਿਗਾੜਨ ਜਾਂ ਸੁਆਰਨ ਦੀ ਸੋਚ ਕੀ ਹੈ, ਕਹਿ ਨਹੀਂ ਸਕਦੇ ਪਰ ਨਾਮਾ ਰਾਮ ਨੇ ਦੱਸਿਆ ਸੀ ਕਿ ਅੰਬੇਡਕਰ ਦੇ ਕਹਿਣ ਵਾਂਗ ਪਹਿਲਾਂ ਆਰਥਿਕ ਖੁਸ਼ਹਾਲੀ ਹਾਸਲ ਕਰੋ, ਸਮਾਜਿਕ ਜਾਗ੍ਰਤੀ ਆਪਣੇ-ਆਪ ਆ ਜਾਵੇਗੀ।

ਧੰਨ ਦੌਲਤ ਜਾਂ ਹੱਦੋਂ ਵਧ ਜਾਇਦਾਦ ਹਾਸਿਲ ਹੋ ਜਾਵੇ ਜਾਂ ਕਰ ਲਈ ਜਾਵੇ ਤਾਂ ਫਿਰ ਇਸ ਨੂੰ ਛੱਡ ਕੇ ਜਾਣ ਨੂੰ ਜੀਅ ਤਾਂ ਨਹੀਂ ਕਰਦਾ ਪਰ ਡਰ ਸਭ ਤੋਂ ਵੱਡਾ ਫਿਰ ਇਹ ਹੁੰਦਾ ਹੈ ਕਿ ਇਹਦੇ ਕਰਕੇ ਕੋਈ ਮਾਰ ਨਾ ਦੇਵੇ ਕਿਉਂਕਿ ਥਾਣੇ 'ਚ ਪਟਾ ਦੇਖ ਕੇ ਲੰਬੇ ਪ੍ਰਸ਼ਨਾਂ ਦੇ ਉਤਰ ਛੋਟੇ ਆਪਣੇ-ਆਪ ਹੋ ਜਾਂਦੇ ਹਨ।

## ਜਰਾ ਹਟ ਕੇ

-ਮਨਵੀਰ

### ਹੈ ਕਿ ਨਹੀਂ

"ਕੰਜੂਸ ਦੀਏ ਪੰਡੇ, ਸਾਰਾ ਦਿਨ ਜੁਗਨੂ ਤੇ ਸੋਨੂ ਪਾਪਾ ਪਾਪਾ ਕਰਦੇ ਰਹਿੰਦੇ ਆ। ਦੱਸ ਮੈਂ ਕੀ ਦੱਸਾਂ, ਕਿੱਥੇ ਐ?" ਭਰੀ ਪੀਤੀ ਬੰਤੋ ਨੇ ਸੰਤ ਰਾਮ 'ਤੇ ਗੁੱਸਾ ਝਾੜਿਆ।

"ਬੱਸ!" ਜਿਵੇਂ ਸੰਤ ਰਾਮ ਦੇ ਕੰਨ ਉਤੇ ਜੂੰ ਵੀ ਨਾ ਸਰਕੀ ਹੋਵੇ।

"ਪਰਸੋਂ ਬੇਬੇ ਬਿਮਾਰ ਹੋ ਗਈ, ਦੱਸ



ਤੈਨੂੰ ਕਿਵੇਂ ਲਭਦੀ? ਜੁਗਨੂ ਦਾ ਸਕੂਲੇ ਢਿੱਡ ਦੁਖਣ ਲੱਗ ਪਿਆ ਦੱਸ ਤੈਨੂੰ ਕਿੱਦਾਂ ਦੱਸਦੀ? ਇਕ ਡੱਬੀ ਜਿਹੀ ਕੰਨ ਨੂੰ ਤੂੰ ਵੀ ਲਾ ਲੈ, ਕਿਉਂ ਭਾਨ ਜਹੀ ਜੇਬ ਵਿਚ ਪਾਉਂਦਾ ਰਹਿੰਦੈਂ?"

"ਕਿਹੜੀ?"

"ਅੱਖਾਂ ਖੋਲ੍ਹ ਕੇ ਦੇਖ ਤੇਰੇ ਨਾਲੋਂ ਤਾਂ ਉਹ ਘੋੜੇ ਦਾ ਭਤੀਜਾ ਵੀ ਚੰਗੈ!"

ਤੇ ਸੰਤ ਰਾਮ ਖਚਰੀ ਹਾਸੀ ਹੱਸਣ ਲੱਗ ਪਿਆ।

## ਕੀ ਰੱਖਿਆ ਪ੍ਰਧਾਨਗੀਆਂ 'ਚ

ਕੀ ਰੱਖਿਆ ਪ੍ਰਧਾਨਗੀਆਂ ਵਿਚ ਉਂਜ ਹੀ ਘਰ ਉਹਦੇ ਜਾ ਆਇਆ ਕਰ।
ਸਿੱਖ ਨਿਮਾਣਾ ਬਣ ਕੇ ਤੂੰ ਉਹਦੇ ਦਰ 'ਤੇ ਸੀਸ ਝੁਕਾ ਆਇਆ ਕਰ।

ਆਪਣੇ ਆਪ ਨੂੰ ਵੱਡਾ ਦੱਸਣ ਲਈ ਹੋਰ ਵੀ ਲੱਖ ਹਜ਼ਾਰ ਥਾਂਵਾਂ ਨੇ,
ਸ਼ਾਨ ਤੇਰੀ ਵਿਚ ਉਠਣ ਵਾਲੀਆਂ ਬੇਸ਼ਕ ਬੇਸ਼ੁਮਾਰ ਬਾਹਵਾਂ ਨੇ,
ਮੈਂ ਆਪਣੀ ਤੋਂ ਆਪਣੇ ਆਪ ਨੂੰ ਦੋ ਪਲ ਕਦੇ ਲੁਕਾ ਆਇਆ ਕਰ।
ਕੀ ਰੱਖਿਆ ਪ੍ਰਧਾਨਗੀਆਂ ਵਿਚ ਉਂਜ ਹੀ ਘਰ ਉਹਦੇ ਜਾ ਆਇਆ ਕਰ।

ਉਸ ਦੇ ਘਰ ਦਾ ਮੁਖੀ ਬਨਣ ਲਈ ਉਸ ਦਾ ਦਿੱਤਾ ਧਨ ਲੁਟਾਵੇਂ,
ਕਿਸੇ ਵੀ ਮੁੱਲ 'ਤੇ ਜਿੱਤਣ ਦੀ ਖਾਤਿਰ ਕੌਮ ਦੇ ਵਿਚ ਤੂੰ ਵੰਡੀਆਂ ਪਾਵੇਂ,
ਜੋ ਕਰਦਾ ਏ ਉਹ ਭਰਨਾ ਪੈਣਾ ਖੁਦ ਨੂੰ ਇਹ ਸਮਝਾ ਆਇਆ ਕਰ।
ਕੀ ਰੱਖਿਆ ਪ੍ਰਧਾਨਗੀਆਂ ਵਿਚ ਉਂਜ ਹੀ ਘਰ ਉਹਦੇ ਜਾ ਆਇਆ ਕਰ।

ਹੁਣ ਆਖਣ ਸਭ ਦੌਲਤ ਏਹ ਤੈਂ ਮਿਹਨਤ ਨਾਲ ਕਮਾ ਲਈ,
ਫਿਰ ਲੱਗਣੇ ਨੇ ਦੋਸ਼ ਇਹਨੇ ਅੱਖ ਗੋਲਕ ਉਤੇ ਟਿਕਾ ਲਈ,
ਚਰਨੀ ਗੁਰਾਂ ਦੇ ਬੈਠ ਕੇ ਇੱਕ ਤੂੰ ਆਪਣਾ ਆਪ ਬਚਾ ਆਇਆ ਕਰ।
ਕੀ ਰੱਖਿਆ ਪ੍ਰਧਾਨਗੀਆਂ ਵਿਚ ਉਂਜ ਹੀ ਘਰ ਉਹਦੇ ਜਾ ਆਇਆ ਕਰ।

*-ਗੁਰਮੁਖ ਸਿੰਘ ਭੁਲਰ, ਸ਼ਿਕਾਗੋ*

## ਗੱਲ ਬਣੀ ਕਿ ਨਹੀਂ

*ਐਸ. ਅਸ਼ੋਕ ਭੌਰਾ*


### ਰਜ਼ਾ

ਤੇਰੀ ਰਜ਼ਾ ਵਿਚ ਦੱਸ ਦੇ ਰਹੀਏ ਕਿੱਦਾਂ, ਰਜ਼ਾ ਵਿਚ ਵੀ ਏਦਾਂ ਨਹੀਂ ਰਿਹਾ ਜਾਂਦਾ।
ਧਰਤੀ ਪਾਪਾਂ ਨਾਲ ਗਰਕਣ ਨੂੰ ਫਿਰਨ ਲੱਗੀ, ਏਸ ਗਰਕਣ ਦੇ ਵਿਚ ਨਹੀਂ ਲਿਹਾ ਜਾਂਦਾ।
ਚੋਰ ਸਾਧਾਂ ਦੇ ਬਾਣੇ ਵਿਚ ਫਿਰਨ ਲੱਗੇ, ਚੋਰ ਸਾਧਾਂ ਨੂੰ ਸਾਥੋਂ ਨਹੀਂ ਕਿਹਾ ਜਾਂਦਾ।
ਕੰਧਾਂ ਜਿਸ ਮਕਾਨ ਦੀਆਂ ਕੱਚੀਆਂ ਨੇ, ਮੰਜਾ ਨਹੀਂ ਚੁਬਾਰੇ ਵਿਚ ਡਿਹਾ ਜਾਂਦਾ।
ਜਿਨ੍ਹਾਂ ਰਾਹਾਂ ਵਿਚ ਬਿਖਰੇ ਥਾਂ ਥਾਂ ਕੰਡੇ, ਦੁੱਖ ਨਹੀਂ ਇਨ੍ਹਾਂ ਰਾਹਾਂ ਦਾ ਸਿਹਾ ਜਾਂਦਾ।
ਫੁਕਰੇ ਸੱਪਾਂ ਦੇ ਫੂੰਕਾਰੇ ਸੁਣ ਵੱਜਦੇ, ਹਾਰ ਦੇਵਤੇ ਦਾ ਜਿਨ੍ਹਾਂ ਨੂੰ ਕਿਹਾ ਜਾਂਦਾ।
ਮਾਲਾ ਮੋਤੀਆਂ ਦੀ ਖਿਲਰ ਕੇ ਅਹੁ ਜਾ ਪਈ, ਖੱਟੀ ਕੁਫਰ ਦੀ ਨਾਲ ਨਹੀਂ ਵਿਹਾ ਜਾਂਦਾ।
ਢਿੱਡ ਕਾਫਰਾਂ ਦੇ ਕਦੇ ਵੀ ਪਾਟਣੇ ਨਹੀਂ, ਜਦੋਂ ਤੱਕ ਹਿਸਾਬ ਨਹੀਂ ਲਿਆ ਜਾਂਦਾ।

## ਖਾਲਸਾ ਪੰਥ

# ਬਾਬਾ ਫਰੀਦ ਦੀ ਅਸੀਸ ਦੇ ਵਾਰਸ

-ਹਰਪਾਲ ਸਿੰਘ ਪੰਨੂੰ



*(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)*

ਬਾਬਾ ਜੀ ਨੇ ਖ਼ੁਦ ਆਪਣੇ ਹੱਥਾਂ ਵਿਚ ਲਿਆ, ਫਿਰ ਮੱਥੇ ਨੂੰ ਲਾਇਆ, ਫਿਰ ਅੱਖਾਂ ਨੂੰ ਛੁਹਾ ਕੇ ਮੁਰੀਦਾਂ ਨੂੰ ਕਹਿਣ ਲੱਗੇ, "ਬੱਚਿਓ, ਤੁਸੀਂ ਬਹਿਸ਼ਤ ਦੀਆਂ ਹੂਰਾਂ ਬਾਬਤ ਸੁਣਿਆ ਹੈ ਨਾ? ਸੁਣਿਆ ਹੈ, ਦੇਖੀਆਂ ਨਹੀਂ ਤੁਸੀਂ। ਇਹ ਦਸਤਾਰ ਸੁਰਗ ਵਿਚ ਵਸਦੀਆਂ ਪਰੀਆਂ ਵਲੋਂ ਕੱਤੇ ਸੂਤ ਦੀ ਬੁਣੀ ਹੋਈ ਹੈ। ਇਸ ਵਿਚੋਂ ਸੁੱਚੀ ਕਿਰਤ ਦੀ ਮਹਿਕ ਆਈ ਹੈ। ਧਰਤੀ ਦੀ ਵਸਤੂ ਨਹੀਂ ਇਹ ਦਸਤਾਰ। ਫਿਰ ਅਸੀਸਾਂ ਦੇ ਕੇ ਦਸਤਾਰ ਸਜਾਈ। ਮਠਿਆਈ ਵਾਲਾ ਥੈਲਾ ਖੋਹਲਿਆ। ਇਕ ਰੋੜੀ ਆਪਣੇ ਮੂੰਹ ਵਿਚ ਪਾਈ, ਬਾਕੀ ਦਾ ਗੁੜ (ਪ੍ਰਸ਼ਾਦ) ਸੰਗਤ ਵਿਚ ਵੰਡਿਆ।

ਨਿਜ਼ਾਮੁੱਦੀਨ ਨੂੰ ਲੰਗਰ ਤਿਆਰ ਕਰਨ ਦਾ ਹੁਕਮ ਹੋਇਆ। ਭਾਂਤ ਸੁਭਾਂਤੇ ਪਕਵਾਨ ਨਹੀਂ ਹੁੰਦੇ ਸਨ। ਨਿਜ਼ਾਮੁੱਦੀਨ ਜੰਗਲ ਵਿਚੋਂ ਡੇਲੇ ਤੋੜ ਲਿਆਉਂਦਾ। ਧੋ ਕੇ ਉਬਾਲ ਲੈਂਦਾ, ਵਿਚ ਲੂਣ ਪਾ ਦਿੰਦਾ। ਦੋ ਰੋਟੀਆਂ ਉਪਰ ਡੇਲੇ ਰੱਖਕੇ ਬਾਬਾ ਜੀ ਦੇ ਹੱਥਾਂ ਤੇ ਰੱਖ ਦਿੰਦਾ। ਇਕ ਰੋਟੀ, ਬੁਰਕੀ-ਬੁਰਕੀ ਕਰਕੇ ਸੰਗਤ ਵਿਚ ਵਰਤਾ ਦਿੰਦੇ, ਇਕ ਆਪ ਖਾਂਦੇ। ਅੱਠ ਪਹਿਰਾਂ ਵਿਚ ਕੇਵਲ ਇਕ ਵਾਰ, ਦੁਪਹਿਰੇ ਖਾਣਾ ਖਾਂਦੇ। ਇਕ ਦਿਨ ਡੇਲੇ ਤੋੜ ਲਿਆਂਦੇ ਪਰ ਝੌਂਪੜੀ ਵਿਚ ਲੂਣ ਖਤਮ ਸੀ। ਕਿਸੇ ਦੀ ਜੇਬ ਵਿਚ ਪੈਸੇ ਨਹੀਂ ਸਨ। ਨਿਜ਼ਾਮੁੱਦੀਨ ਦੌੜ ਕੇ ਨਾਲ ਲਗਦੀ ਆਬਾਦੀ ਵਿਚ ਗਿਆ ਤੇ ਦੋ ਟਕਿਆਂ ਦਾ ਲੂਣ ਉਧਾਰ ਲੈ ਆਇਆ। ਬਾਬਾ ਜੀ ਨੂੰ ਦੋ ਰੋਟੀਆਂ ਉਪਰ ਡੇਲੇ ਰੱਖ ਕੇ ਖਾਣਾ ਦੇ ਦਿੱਤਾ ਤੇ ਪਾਣੀ ਦਾ ਕਟੋਰਾ ਲੈਣ ਚਲਾ ਗਿਆ। ਬਾਬਾ ਜੀ ਨੇ ਆਵਾਜ਼ ਦਿੱਤੀ, "ਨਿਜ਼ਾਮੁੱਦੀਨ।" ਨਿਜ਼ਾਮੁੱਦੀਨ ਆ ਗਿਆ, ਪੁੱਛਿਆ, "ਖਾਣੇ ਉਪਰ ਕੀ ਟੂਣਾ ਕਰ ਦਿਤਾ ਹੈ ਤੂੰ?" ਨਿਜ਼ਾਮ ਨੇ ਕਿਹਾ, "ਕੁਝ ਨਹੀਂ ਕੀਤਾ ਜੀ, ਬਿਲਕੁਲ ਕੁਝ ਨਹੀਂ।"

ਬਾਬਾ ਜੀ ਨੇ ਦੁਹਰਾਇਆ, "ਕੁਝ ਕੀਤਾ ਹੈ ਨਿਜ਼ਾਮ, ਤਦੇ ਤਾਂ ਮੇਰਾ ਹੱਥ ਨਹੀਂ ਉਠਦਾ। ਬੁਰਕੀ ਤੋੜਨ ਲਈ ਜਦੋਂ ਮੈਂ ਉਂਗਲਾਂ ਰੋਟੀ ਨਾਲ ਛੁਹਾਈਆਂ ਤਾਂ ਮੇਰਾ ਹੱਥ ਏਨਾ ਭਾਰੀ ਹੋ ਗਿਆ ਕਿ ਚੁੱਕਿਆ ਨਾ ਗਿਆ। ਡੇਲੇ ਤੋੜਨ ਲਈ ਜਾਣ ਤੋਂ ਲੈ ਕੇ ਰੋਟੀ ਮੇਰੇ ਹੱਥ ਉਪਰ ਧਰਨ ਤੱਕ ਜੋ-ਜੋ ਤੂੰ ਕੀਤਾ, ਉਸ ਬਾਰੇ ਦੱਸ। ਗੱਲ ਕਰਦਿਆਂ ਨਿਜ਼ਾਮ ਨੇ ਦੱਸਿਆ ਕਿ ਲੂਣ ਨਹੀਂ ਸੀ। ਬਾਣੀਏ ਤੋਂ ਉਧਾਰ ਲਿਆਂਦਾ। ਬਾਬਾ ਜੀ ਨੇ ਕਿਹਾ, "ਇਕ ਦਿਨ ਜੇ ਬਗੈਰ ਲੂਣ ਤੋਂ ਰੋਟੀ ਖਾ ਲੈਂਦੇ ਤਾਂ ਵੀ ਕੀ ਵਿਗੜ ਜਾਣਾ ਸੀ? ਪਰਵਰਦਗਾਰ ਦਾ ਫੈਸਲਾ ਹੈ ਕਿ ਜਹਾਨ ਤੇਰਾ ਕਰਜਾਈ ਹੋਵੇ। ਤੂੰ ਲੂਣ ਦੀ ਡਲੀ ਖਾਤਰ ਬਾਣੀਏ ਦਾ ਕਰਜਾਈ ਹੋ ਗਿਆ? ਅੱਜ ਮੈਂ ਖਾਣਾ ਨਹੀਂ ਖਾਵਾਂਗਾ।"

ਬਾਬਾ ਜੀ ਨਿਜ਼ਾਮੁੱਦੀਨ ਨੂੰ ਦਿਲੀ ਵਿਚ ਰਹਿਣ ਲਈ ਆਖ ਦਿੰਦੇ ਤਾਂ ਉਹ ਦਿੱਲੀ ਚਲੇ ਜਾਂਦੇ। ਇਕ ਰਾਹਗੀਰ ਪਾਕਿ ਪੱਤਣ ਜਾਂਦਾ ਹੋਇਆ ਗਿਆਸਪੁਰ ਵਿਚੋਂ ਦੀ ਲੰਘਿਆ। ਨਿਜ਼ਾਮੁੱਦੀਨ ਨੇ ਕਿਹਾ, "ਬਾਬਾ ਜੀ ਕੋਲ ਚੱਲੇ ਹੋ ਤਾਂ ਸਾਡੀ ਭੁੱਖਮਰੀ ਦੀ ਹਾਲਤ ਦੱਸ ਦੇਣੀ। ਜਦੋਂ ਪਾਕਿ ਪੱਤਣ ਬਾਬਾ ਜੀ ਕੋਲ ਵਿਸਥਾਰ ਨਾਲ ਤੰਗੀ ਤੁਰਸ਼ੀ ਦੀ ਹਾਲਤ ਬਿਆਨ ਕੀਤੀ ਗਈ ਤਾਂ ਉਹ ਮੁਸਕਰਾਏ, ਕਿਹਾ, "ਰੂਹਾਨੀਅਤ ਹਾਸਲ ਕਰਨ ਵਾਲੇ ਨੂੰ ਬਹੁਤ ਭਾਰ ਚੁੱਕਣਾ ਪਿਆ ਕਰਦੈ। ਇਹੋ ਹੋਣਾ ਸੀ। ਨਿਜ਼ਾਮੁੱਦੀਨ ਨੂੰ ਕਹਿਣਾ ਭਰੋਸਾ ਰੱਖੇ।"

ਦਿੱਲੀ ਤੋਂ ਕੁੱਲ ਦਸ ਵਾਰ ਪਾਕਿ ਪੱਤਣ ਆਏ। ਤਿੰਨ ਵਾਰ ਬਾਬਾ ਜੀ ਦੇ ਹੁੰਦਿਆਂ, ਸੱਤ ਵਾਰ ਬਾਅਦ ਵਿਚ। ਵਾਪਸੀ ਵਕਤ ਬਾਬਾ ਜੀ ਇਹ ਅਸੀਸ ਦਿੰਦੇ, "ਰੱਬ ਤੇਰੀ ਹਰ ਅਰਦਾਸ ਕਬੂਲ ਕਰੇ ਨਿਜ਼ਾਮ। ਤੂੰ ਘਣਾ ਫੈਲਿਆ ਛਾਂ-ਦਾਰ ਰੁੱਖ ਹੋਏਂਗਾ ਨਿਜ਼ਾਮੁੱਦੀਨ, ਜਿਥੇ ਥੱਕੇ, ਜ਼ਖਮੀ, ਦੁਖੀ ਮੁਸਾਫਰਾਂ ਨੂੰ ਰਾਹਤ ਮਿਲੇਗੀ, ਆਰਾਮ ਮਿਲੇਗਾ, ਓਟ ਆਸਰਾ ਮਿਲੇਗਾ।"

ਤਵੀਤ ਲੈਣ ਆਏ ਲੋਕਾਂ ਦੀ ਭੀੜ ਲੱਗੀ ਰਹਿੰਦੀ। ਤਵੀਤ ਲਿਖਦੇ- ਲਿਖਦੇ ਇਕ ਦਿਨ ਥੱਕ ਗਏ ਤਾਂ ਆਵਾਜ਼ ਦਿੱਤੀ, "ਨਿਜ਼ਾਮੁੱਦੀਨ, ਬਾਕੀ ਤਵੀਤ ਤੂੰ ਦੇ ਦੇਹ।" ਖ਼ੁਦ ਆਰਾਮ ਕਰਨ ਚਲੇ ਗਏ। ਨਿਜ਼ਾਮ ਨੇ ਕਿਸੇ ਨੂੰ ਤਵੀਤ ਨਾ ਦਿੱਤਾ। ਲੋਕ ਮੰਗ ਕਰਨ ਲੱਗੇ। ਨਿਜ਼ਾਮ ਨੇ ਕਿਹਾ, "ਮੇਰੀ ਸੱਤਿਆ ਤਵੀਤ ਦੇਣ ਦੀ ਹੈ ਈ ਨਹੀਂ।" ਲੋਕ ਬਾਬਾ ਜੀ ਪਾਸ ਚਲੇ ਗਏ ਤੇ ਦੱਸਿਆ ਕਿ ਨਿਜ਼ਾਮੁੱਦੀਨ ਤਵੀਤ ਦੇਣੋਂ ਇਨਕਾਰੀ ਹੈ। ਬੁਲਾ ਲਏ ਤੇ ਪੁੱਛਿਆ ਤਾਂ ਨਿਜ਼ਾਮ ਨੇ ਕਿਹਾ, "ਬਾਬਾ ਜੀ, ਮੈਂ ਤਵੀਤ ਦੇਣ ਦਾ ਹੱਕਦਾਰ ਹਾਂ ਈ ਨਹੀਂ। ਮੇਰੇ ਲਿਖਿਆਂ ਕੀ ਹੋਏਗਾ?" ਬਾਬਾ ਜੀ ਨੇ ਕਿਹਾ, "ਮੇਰੇ ਵਿਚ ਕਿਹੜਾ ਕੋਈ ਸੱਤਿਆ ਹੈ? ਮੈਂ ਤਾਂ ਕਾਗਜ਼ ਉਪਰ ਰੱਬ ਦਾ ਨਾਮ ਲਿਖਕੇ ਦੇ ਦਿੰਦਾ ਹਾਂ। ਰੱਬ ਬਰਕਤਾਂ ਕਰਨ ਵਾਲਾ ਹੈ, ਆਪਾਂ ਕੀ ਕਰਨਾ ਹੋਇਆ? ਸੋ ਰੱਬ ਦਾ ਨਾਮ ਲੈ ਤੇ ਰੱਬ ਦੇ ਨਾਮ ਲਿਖ-ਲਿਖ ਤਵੀਤ ਦੇਈ ਚੱਲ।"

ਬਾਬਾ ਜੀ ਦੇ ਦੋਹਤੇ ਦਾ ਨਾਮ ਸੀ ਤਾਂ ਮੁਹੰਮਦ ਪਰ ਬਾਬਾ ਜੀ ਉਸਨੂੰ ਪਿਆਰ ਨਾਲ ਮੰਮਨ ਕਿਹਾ ਕਰਦੇ ਸਨ। ਉਸ ਬਾਰੇ ਖ਼ਬਰ ਮਿਲੀ ਕਿ ਕਦੀ ਕਦਾਈਂ ਸ਼ਰਾਬ ਪੀ ਲੈਂਦਾ ਹੈ। ਬਾਬਾ ਜੀ ਨੂੰ ਮਿਲਣ ਵਾਸਤੇ ਪਾਕਿ ਪੱਤਣ ਆਇਆ। ਚਰਨੀ ਹੱਥ ਲਾ ਕੇ ਨੇੜੇ ਬੈਠ ਗਿਆ। ਪਰਿਵਾਰ ਦੀ ਖੈਰ-ਸੁਖ ਦੱਸੀ-ਪੁੱਛੀ। ਗੱਲਾਂ ਕਰਦਿਆ ਬਾਬਾ ਜੀ ਨੇ ਕਿਹਾ, "ਮੰਮਨ ਸੁਣਿਆ ਹੈ ਤੂੰ ਸ਼ਰਾਬ ਪੀ ਲੈਨੈਂ।" ਮੁਹੰਮਦ ਨੇ ਕਿਹਾ, "ਨਹੀਂ ਨਾਨਾ ਜੀ। ਇਹ ਝੂਠ ਹੈ। ਲੋਕ ਖਾਹ-ਮਖਾਹ ਅਫਵਾਹਾਂ ਉਡਾਉਂਦੇ ਰਹਿੰਦੇ ਨੇ।" ਬਾਬਾ ਜੀ ਨੇ ਕਿਹਾ, "ਹਾਂ, ਮੈਨੂੰ ਵੀ ਅਫਵਾਹ ਲੱਗੀ ਇਹ ਖ਼ਬਰ। ਤੂੰ ਸ਼ਰਾਬ ਪੀ ਈ ਨੀ ਸਕਦਾ। ਪਰ ਲੋਕਾਂ ਦੇ ਹੌਸਲੇ ਏਨੇ ਵਧ ਗਏ ਹਨ ਕਿ ਮੇਰੇ ਪਰਿਵਾਰ ਦੇ ਜੀਆਂ ਵਿਰੁਧ ਮੇਰੇ ਸਾਹਮਣੇ ਗੱਲਾਂ ਕਰੀ ਗਏ। ਕਿੰਨੇ ਗੁਸਤਾਖ਼ ਹੋ ਗਏ ਹਨ ਲੋਕ ਮੰਮਨ ਪੁੱਤਰ।"

ਇਕ ਦੁਖੀ ਬਜ਼ੁਰਗ, ਬਾਬਾ ਫਰੀਦ ਜੀ ਪਾਸ ਆ ਕੇ ਫਰਿਆਦ ਕਰਨ ਲੱਗਾ, "ਜੀ, ਮੇਰਾ ਬੇਟਾ ਬੇਕਸੂਰ ਹੈ। ਤੁਸੀਂ ਜਾਣੀ-ਜਾਣ ਹੋ, ਮੈਂ ਕੀ ਦੱਸਾਂ? ਜੇ ਕਸੂਰਵਾਰ ਹੈ ਤਾਂ ਤਰਸ ਨਾ ਖਾਉ। ਉਸਨੂੰ ਸੁਲਤਾਨ ਨੇ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਹੈ ਮਾਸੂਮ ਨੂੰ। ਉਸਨੂੰ ਬਚਾਉ ਮਾਲਕ।" ਸੁਲਤਾਨ ਬਲਬਨ ਦੇ ਨਾਮ ਬਾਬਾ ਜੀ ਨੇ ਇਹ ਖਤ ਲਿਖਿਆ, "ਸੰਕਟਗ੍ਰਸਤ ਇਸ ਬੰਦੇ ਨੂੰ ਤੁਹਾਡੇ ਪਾਸ ਭੇਜਦਾ ਹਾਂ। ਤੁਸੀਂ ਇਸ ਦੀ ਫਰਿਆਦ ਸੁਣਕੇ ਅਮਲ ਕਰ ਦਿੱਤਾ ਤਾਂ ਮੱਤ ਇਹ ਸਮਝਣਾ ਕਿ ਤੁਸੀਂ ਕਿਸੇ ਨੂੰ ਜ਼ਿੰਦਗਾਨੀ ਦੇ ਸਕਦੇ ਹੋ, ਜ਼ਿੰਦਗੀ ਦੇਣ ਦਾ ਕੰਮ ਕੇਵਲ ਅੱਲਾਹ ਦਾ ਹੈ। ਜੇ ਤੁਸੀਂ ਇਸ ਦੀ ਅਰਜ਼ ਨਜ਼ਰ-ਅੰਦਾਜ਼ ਕਰ ਦਿੱਤੀ ਤਾਂ ਮੱਤ ਇਹ ਸਮਝਣਾ ਕਿ ਤੁਸੀਂ ਕਿਸੇ ਦੀ ਜਾਨ ਲੈ ਸਕਦੇ ਹੋ। ਫਿਰ ਇਹ ਜਾਣਨਾ ਕਿ ਪਰਵਰਦਗਾਰ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਉਹ ਤੁਹਾਡੇ ਹੱਥੋਂ ਨੇਕੀ ਕਰਵਾਉਂਦਾ।" ਖ਼ਤ ਪੜ੍ਹ ਕੇ ਸੁਲਤਾਨ ਨੇ ਬੰਦੀ ਨੂੰ ਰਿਹਾਅ ਕਰ ਦਿੱਤਾ। ਇਕ ਦਿਨ ਬਾਬਾ ਜੀ ਨੇ ਨਿਜ਼ਾਮੀ ਦਾ ਇਹ ਸ਼ਿਅਰ ਸੁਣਾਇਆ;

'ਨਿਜ਼ਾਮੀ ਈਂ ਚਿਹ ਇਸਰਾਰਸਤ ਕਜ਼ ਖ਼ਾਤਿਰ ਅਯਾਂ ਕਰਦੀ
ਕਸੇ ਸਿੱਰਸ਼ ਨਮੀ ਦਾਨਦ ਜ਼ੁਬਾਂ ਦਰ ਕਸ਼, ਜ਼ੁਬਾਂ ਦਰ ਕਸ਼।

(ਨਿਜ਼ਾਮੀ, ਕੀ ਤੂੰ ਅਪਣੇ ਦਿਲ ਦੇ ਭੇਦ ਨੂੰ ਹਵਾ ਲਵਾ ਬੈਠਾ ਹੈਂ? ਇਸ ਦੇ ਗੁੱਝੇ ਭੇਦ ਜਾਣਨ ਵਾਲਾ ਇਥੇ ਕੋਈ ਨਹੀਂ, ਜ਼ੁਬਾਨ ਬੰਦ ਰੱਖ, ਜ਼ੁਬਾਨ ਬੰਦ ਰੱਖ।)

ਸਾਰਾ ਦਿਨ ਇਹੋ ਸ਼ਿਅਰ ਗੁਣ-ਗੁਣਾਉਂਦੇ ਰਹੇ। ਨਜੀਬੁੱਦੀਨ ਨੇ ਇਕ ਦਿਨ ਬਾਬਾ ਜੀ ਨੂੰ ਪੁੱਛਿਆ, "ਜੀ ਲੋਕਾਂ ਵਿਚ ਇਹ ਗੱਲ ਆਮ ਉਡੀ ਹੋਈ ਹੈ ਕਿ ਜਦੋਂ ਤੁਸੀਂ ਯਾਦ ਕਰਦਿਆਂ ਆਖਦੇ ਹੋ, 'ਯਾ ਰੱਬ', ਤਾਂ ਹੁੰਗਾਰਾ ਭਰਦਿਆਂ ਰੱਬ ਆਖਦਾ ਹੈ, 'ਮੈਂ ਹਾਜ਼ਰ ਹਾਂ ਮੇਰੇ ਬੰਦੇ।' ਕੀ ਇਹ ਸੱਚ ਹੈ?" ਹੱਸ ਪਏ ਤੇ ਕਿਹਾ, "ਨਹੀਂ, ਸੱਚ ਨਹੀਂ ਇਹ, ਪਰ ਲੋਕਾਂ ਦੀਆਂ ਇਹ ਅਫ਼ਵਾਹਾਂ ਭਵਿੱਖ ਦੀ ਭੂਮਿਕਾ ਹੁੰਦੀਆਂ ਹਨ, ਭਵਿਖ-ਬਾਣੀਆਂ ਹੋ ਜਾਂਦੀਆਂ ਹਨ।"

ਸਹਿਨਸ਼ੀਲਤਾ ਦੀ ਗੱਲ ਚੱਲੀ ਤਾਂ ਬਾਬਾ ਜੀ ਨੇ ਕਿਹਾ, "ਜਿਹੜਾ ਬੰਦਾ ਆਪਣੇ ਉਪਰ ਹੋਈਆਂ ਜ਼ਿਆਦਤੀਆਂ ਬਰਦਾਸ਼ਤ ਕਰ ਲੈਂਦਾ ਹੈ, ਉਸ ਵਰਗਾ ਤਾਕਤਵਰ ਕੋਈ ਨਹੀਂ। ਉਸ ਤੋਂ ਬਚ ਕੇ ਰਹੋ। ਮਾਰ ਖਾਣ ਵਾਲਾ ਸ਼ਾਂਤ-ਚਿਤ ਬੰਦਾ ਬਹੁਤ ਬਲਵਾਨ ਹੁੰਦਾ ਹੈ।"

ਬਾਬਾ ਜੀ ਪਾਸ ਨਵਾਬ ਦਾ ਖਜ਼ਾਨਾ ਅਫਸਰ ਆਇਆ ਤੇ ਕਹਿਣ ਲੱਗਾ, "ਜੀ, ਨਵਾਬ ਸਾਹਿਬ ਬਹੁਤ ਤੰਗ ਕਰਦੇ ਹਨ, ਤੁਸੀਂ ਮੇਰੇ ਤੇ ਕਿਰਪਾ ਕਰਕੇ ਸਿਫਾਰਿਸ਼ ਕਰ ਦਿਉ ਤਾਂ ਮੇਰਾ ਛੁਟਕਾਰਾ ਹੋ ਜਾਏਗਾ। ਬਾਬਾ ਜੀ ਨੇ ਸਿਫਾਰਿਸ਼ ਕਰ ਦਿਤੀ। ਕੁਝ ਦਿਨਾਂ ਬਾਅਦ ਉਹ ਅਫ਼ਸਰ ਫਿਰ ਆਇਆ ਤੇ ਕਿਹਾ, "ਜੀ ਉਸ ਉਪਰ ਸਿਫਾਰਿਸ਼ ਦਾ ਕੋਈ ਅਸਰ ਨਹੀਂ ਹੋਇਆ।" ਬਾਬਾ ਜੀ ਨੇ ਕਿਹਾ, "ਭਾਈ ਹੁਣ ਹਿਸਾਬ ਲਾ ਕੇ ਦੇਖ, ਤੂੰ ਵੀ ਲੋਕਾਂ ਨੂੰ ਤੰਗ ਕਰਦਾ ਰਿਹਾ ਹੈਂ, ਤੇਰੇ ਤੋਂ ਦੁਖੀ ਲੋਕ ਸਿਫਾਰਿਸ਼ਾਂ ਲੈ ਲੈ ਤੇਰੇ ਕੋਲ ਆਉਂਦੇ, ਤਦ ਤੂੰ ਕਿਹੜਾ ਕਿਸੇ ਨੂੰ ਬਖ਼ਸ਼ਦਾ ਸੈਂ? ਹੁਣ ਭੁਗਤੀ ਚੱਲ।"

ਪਾਕਿ ਪੱਤਣ ਰਹਿ ਰਹੇ ਸਨ। ਕਿਹਾ, "ਨਿਜ਼ਾਮੁੱਦੀਨ ਨੂੰ ਬੁਲਾਉ।" ਸ਼ੇਖ ਸਾਹਿਬ ਹਾਜ਼ਰ ਹੋ ਗਏ। ਫੁਰਮਾਇਆ, "ਤੁਸੀਂ ਦਿੱਲੀ ਚਲੇ ਜਾਉ ਨਿਜ਼ਾਮੁੱਦੀਨ।" ਨਿਜ਼ਾਮ ਨੇ ਬੇਨਤੀ ਕੀਤੀ, "ਤੁਹਾਡੀ ਉਮਰ ਵਧੀਕ ਹੋ ਗਈ ਹੈ। ਸਰੀਰ ਠੀਕ ਨਹੀਂ ਰਹਿੰਦਾ। ਅਜਿਹੇ ਵਕਤ ਮੈਂ ਤੁਹਾਨੂੰ ਛੱਡ ਕੇ ਦਿੱਲੀ ਨਹੀਂ ਜਾਵਾਂਗਾ।" ਬਾਬਾ ਜੀ ਨੇ ਫਿਰ ਦੁਹਰਾਇਆ, "ਹੁਕਮ ਮੰਨੀਦਾ ਹੁੰਦੈ ਨਿਜ਼ਾਮ। ਆਖਾ ਮੰਨੋ। ਦਿੱਲੀ ਜਾਉ।" ਨਿਜ਼ਾਮੁੱਦੀਨ ਨੇ ਕਿਹਾ, "ਠੀਕ ਹੈ ਹਜ਼ੂਰ। ਤੁਹਾਡਾ ਹੁਕਮ ਮੋੜਨ ਦੀ ਕਿਸ ਦੀ ਹਿੰਮਤ? ਪਰ ਏਨਾ ਕਰਮ ਤਾਂ ਕਰ ਦਿਉ ਕਿ ਮੇਰਾ ਗੁਨਾਹ ਦੱਸੋ। ਮੈਂ ਹਰ ਵਕਤ ਆਪਦੇ ਕਦਮਾਂ ਵਿਚ ਖਲੋਕੇ ਬਿਤਾਉਣ ਦਾ ਇਛੁਕ ਹਾਂ ਪਰ ਤੁਸੀਂ ਮੈਨੂੰ ਦਿੱਲੀ ਭੇਜ ਰਹੇ ਹੋ। ਇਸਦਾ ਕਾਰਨ ਕੀ ਹੈ?"

ਸੇਜਲ ਅੱਖਾਂ ਨਾਲ ਬਾਬਾ ਜੀ ਨੇ ਕਿਹਾ, "ਸਾਈਂ ਬਖ਼ਤਿਆਰ ਕਾਕੀ, ਮੇਰੇ ਮੁਰਸ਼ਦ ਨਾਲ ਮੈਂ ਹਾਂਸੀ ਰਹਿ ਰਿਹਾ ਸਾਂ। ਉਨ੍ਹਾਂ ਨੇ ਹੁਕਮ ਦਿਤਾ ਕਿ ਦਿੱਲੀ ਚਲੇ ਜਾਓ ਫਰੀਦ। ਮੈਂ ਕਈ ਵਾਰ ਅਰਜ਼ ਕੀਤੀ ਸੀ ਕਿ ਮੈਨੂੰ ਹਾਂਸੀ ਰਹਿਣ ਦਿਉ, ਉਹ ਨਹੀਂ ਮੰਨੇ। ਮੈਂ ਬਾਰ-ਬਾਰ ਮਿੰਨਤ ਕਰਨੋਂ ਨਾ ਹਟਿਆ ਤਾਂ ਉਨ੍ਹਾਂ ਦੇ ਆਖਰੀ ਲਫਜ਼ ਇਹ ਸਨ 'ਮੇਰਾ ਮੁਸੱਲਾ, ਕਾਸਾ, ਖੜਾਵਾਂ ਤੇ ਦਸਤਾਰ ਤੇਰੇ ਕੋਲ ਦਿੱਲੀ ਪੁੱਜ ਜਾਣਗੇ। ਹੁਣ ਜਾਉ।' ਮੈਂ ਚਲਾ ਗਿਆ। ਮੈਨੂੰ ਕੋਈ ਪਤਾ ਨਾ ਲੱਗਾ ਕਿ ਆਖਰ ਗੱਲ ਕੀ ਸੀ। ਪਰ ਮੇਰੇ ਅੰਦਰ ਏਨਾ ਹੌਂਸਲਾ ਨਹੀਂ ਸੀ ਤੇਰੇ ਜਿੰਨਾ ਕਿ ਕਾਰਨ ਜਾਣਨ ਲਈ ਬਜ਼ਿਦ ਹੋਵਾਂ। ਚੁੱਪ ਕਰਕੇ ਤੁਰ ਗਿਆ ਸਾਂ। ਹੁਣ ਤੂੰ ਪੁੱਛ ਰਿਹਾ ਹੈਂ ਤਾਂ ਦੱਸ ਦਿੰਦਾ ਹਾਂ। ਮੈਨੂੰ ਵੀ ਹੁਣੇ ਪਤਾ ਲੱਗਾ ਹੈ। ਜਿਸਨੂੰ ਬਹੁਤ ਪਿਆਰ ਕਰਦੇ ਹੋਈਏ, ਉਸ ਕੋਲੋਂ ਵਿਛੜਨ ਨੂੰ ਦਿਲ ਨਹੀਂ ਮੰਨਦਾ ਹੁੰਦਾ ਨਿਜ਼ਾਮੁੱਦੀਨ। ਦਿੱਲੀ ਜਾਉ। ਮੇਰੀਆਂ ਖੜਾਵਾਂ, ਦਸਤਾਰ, ਮੁਸੱਲਾ ਤੁਹਾਡੇ ਕੋਲ ਦਿੱਲੀ ਪੁੱਜ ਜਾਣਗੇ।"

ਜਿਵੇਂ ਸਾਈਂ ਬਖ਼ਤਿਆਰ ਕਾਕੀ ਨੇ ਵਿਦਾਇਗੀ ਵਕਤ ਬਾਬਾ ਫਰੀਦ ਨੂੰ ਵਾਰਿਸ ਥਾਪ ਦੇਣ ਦਾ ਐਲਾਨ ਕੀਤਾ, ਉਸੇ ਤਰ੍ਹਾਂ ਬਾਬਾ ਫਰੀਦ ਨੇ ਨਿਜ਼ਾਮੁੱਦੀਨ ਨੂੰ ਆਪਣਾ ਵਾਰਸ ਥਾਪਣ ਦਾ ਐਲਾਨ ਕਰ ਦਿੱਤਾ। ਨਮਾਜ਼ ਪੜ੍ਹਦੇ ਬੇਹੋਸ਼ ਹੋ ਗਏ। ਜਦੋਂ ਹੋਸ਼ ਆਈ ਤਾਂ ਪੁੱਛਿਆ, "ਕੀ ਮੈਂ ਨਮਾਜ਼ ਪੜ੍ਹ ਲਈ ਸੀ?" ਦੱਸਿਆ ਗਿਆ ਕਿ ਪੜ੍ਹ ਲਈ ਸੀ। ਕਹਿਣ ਲੱਗੇ, "ਤਾਂ ਵੀ ਦੂਜੀ ਵਾਰ ਪੜ੍ਹਨ ਦਾ ਕੀ ਹਰਜ਼?" ਫਿਰ ਦੂਜੀ ਵਾਰ ਨਮਾਜ਼ ਪੜ੍ਹਕੇ ਬੇਹੋਸ਼ ਹੋ ਗਏ। ਹੋਸ਼ ਆਈ ਤਾਂ ਇਹੋ ਸਵਾਲ ਕੀਤਾ, "ਭਾਈਓ, ਦੱਸੋ, ਮੈਂ ਨਮਾਜ਼ ਪੜ੍ਹ ਲਈ ਸੀ?" ਸਭ ਨੇ ਕਿਹਾ, "ਹਾਂ ਬਾਬਾ ਜੀ, ਨਮਾਜ਼ ਅਦਾ ਹੋ ਗਈ ਸੀ।" ਕਹਿਣ ਲੱਗੇ, "ਫੇਰ ਪੜ੍ਹਨ ਵਿਚ ਕੀ ਹਰਜ਼?" ਫਿਰ ਨਮਾਜ਼ ਪੜ੍ਹਨ ਲੱਗੇ ਤੇ ਪੜ੍ਹਦਿਆਂ-ਪੜ੍ਹਦਿਆਂ ਅੱਲਾਹ ਦੀ ਦਰਗਾਹ ਵਿਚ ਜਾ ਪੁੱਜੇ, ਫਿਰ ਹੋਸ਼ ਨਹੀਂ ਪਰਤੀ। ਸ਼ੱਵਾਲ ਦੇ ਮਹੀਨੇ ਨਿਜ਼ਾਮੁੱਦੀਨ ਦਿੱਲੀ ਗਏ ਤੇ ਪੰਜ ਮੁਹੱਰਮ ਨੂੰ ਬਾਬਾ ਫਰੀਦ ਦਾ 93 ਸਾਲ ਦੀ ਉਮਰ ਵਿਚ ਦੇਹਾਂਤ ਹੋਇਆ।

ਨਿਜ਼ਾਮੁੱਦੀਨ ਨੇ ਦਿੱਲੀ ਦੀ ਥਾਂ ਗਿਆਸਪੁਰ ਪਿੰਡ ਵਿਚ ਡੇਰਾ ਲਾਇਆ ਕਿਉਂਕਿ ਇਥੇ ਲੋਕਾਂ ਦੀ ਭੀੜ ਨਹੀਂ ਸੀ। ਪਰ ਦਿਨ ਫਾਕਾਕਸ਼ੀ ਦੇ ਸਨ। ਦਸਦੇ ਹਨ, "ਪੈਸੇ ਦੇ ਮਣ ਤਰਬੂਜ਼ ਆ ਜਾਂਦੇ ਸਨ। ਅਸੀਂ ਤਰਬੂਜ਼ ਦਾ ਸੁਆਦ ਨਾ ਦੇਖ ਸਕੇ। ਤਿੰਨ ਦਿਨ ਬਾਦ ਕੋਈ ਦਾਲ ਚੌਲ ਲੈ ਆਇਆ, ਖਿਚੜੀ ਬਣਾ ਕੇ ਖਾਧੀ। ਇਹੋ ਜਿਹਾ ਸੁਆਦ ਖਾਣਾ ਅੱਜ ਤੱਕ ਹੋਰ ਕੋਈ ਨਹੀਂ ਲੱਗਾ।"

ਇਕ ਦਿਨ ਤਰਸ ਖਾ ਕੇ ਇੱਕ ਔਰਤ ਆਟਾ ਦੇ ਗਈ। ਗੁੰਨ੍ਹ ਕੇ ਪਹਿਲੀ ਰੋਟੀ ਠੀਕਰੇ ਉਪਰ ਪਾਈ ਤਾਂ ਇਕ ਦਰਵੇਸ਼ ਆ ਗਿਆ ਤੇ ਖਾਣ ਲਈ ਕੁਝ ਮੰਗਿਆ। ਪਹਿਲੀ ਰੋਟੀ ਦਰਵੇਸ਼ ਨੂੰ ਦਿੱਤੀ ਤਾਂ ਉਸਨੇ ਇਕ ਬੁਰਕੀ ਤੋੜ ਕੇ ਖਾਧੀ ਤੇ ਠੀਕਰਾ ਇੱਟ ਮਾਰ ਕੇ ਤੋੜ ਦਿੱਤਾ, ਫਿਰ ਕਿਹਾ, "ਮੈਂ ਗਰੀਬੀ ਦਾ ਠੀਕਰਾ ਭੰਨ ਦਿੱਤਾ ਹੈ। ਅੱਜ ਤੋਂ ਬਾਅਦ ਨਿਜ਼ਾਮੁੱਦੀਨ, ਗੁਪਤ ਅਤੇ ਪ੍ਰਗਟ ਦੋਹਾਂ ਜਹਾਨਾਂ ਦਾ ਹਾਕਮ ਹੋਵੇਗਾ।"

ਇਸ ਘਟਨਾ ਤੋਂ ਬਾਅਦ ਦਾਨੀ ਪੁੱਜਣੇ ਸ਼ੁਰੂ ਹੋ ਗਏ। ਇੰਨਾ ਅੰਨ-ਦਾਣਾ ਪੁੱਜਣ ਲੱਗਾ ਕਿ ਹਜ਼ਾਰਾਂ ਦੀ ਗਿਣਤੀ ਵਿਚ ਲੋੜਵੰਦ ਲੰਗਰ ਛਕਦੇ। ਸੁਆਦਲੇ ਪਕਵਾਨ ਆਉਂਦੇ ਤਾਂ ਆਪ ਨਾ ਖਾਂਦੇ, ਰਾਹਗੀਰਾਂ ਵਿਚ ਵੰਡ ਦਿੰਦੇ। ਖ਼ੁਦ ਜਵਾਰ ਬਾਜਰੇ ਦੀ ਇਕ ਰੋਟੀ ਖਾਂਦੇ। ਵਧੀਕ ਸੰਗਤ ਆਉਣ ਲੱਗੀ ਤਾਂ ਸੋਚਿਆ ਕਿ ਕਿਧਰੇ ਹੋਰ ਥਾਂ ਇਕਾਂਤਵਾਸ ਕਰੀਏ। ਅਸਮਾਨੋਂ ਆਵਾਜ਼ ਆਈ, "ਇਕਾਂਤ ਪਸੰਦ ਸੀ ਤਾਂ ਪਹਿਲਾਂ ਸ਼ੁਹਰਤ ਕਿਉਂ ਵਧਣ ਦਿੱਤੀ? ਹੁਣ ਕਿਨਾਰਾ ਕਰਨਾ ਠੀਕ ਨਹੀਂ। ਇਕਾਂਤ ਵਿਚ ਜਾ ਕੇ ਬੰਦਗੀ ਕਰਨੀ ਸੌਖਾ ਕੰਮ ਹੈ ਨਿਜ਼ਾਮ, ਦੁਨੀਆਂ ਵਿਚ ਰਹਿ ਕੇ ਲੋੜਵੰਦਾਂ ਦੀਆਂ ਫਰਿਆਦਾਂ ਸੁਣਨੀਆਂ, ਤਕਲੀਫਾਂ ਵਿਚ ਸਹਾਈ ਹੋਣਾ ਔਖਾ ਕੰਮ ਹੈ। ਤੈਥੋਂ ਰੱਬ ਰਸੂਲ ਨੇ ਔਖੇ ਕੰਮ ਲੈਣੇ ਹਨ ਨਿਜ਼ਾਮੁੱਦੀਨ, ਇਥੇ ਰਹਿ, ਜ਼ਿੰਮੇਵਾਰੀ ਨਿਭਾ।

1257 ਵਿਚ ਸੁਲਤਾਨ ਅਲਾਉਦੀਨ ਖਿਲਜੀ (1296–1316) ਵਕਤ ਉਸਦੀ ਸ਼ੁਹਰਤ ਸਿਖਰ ਤੇ ਪੁੱਜੀ। ਗਿਆਸਪੁਰ ਵੱਡੀ ਗਿਣਤੀ ਵਿਚ ਲੋਕ ਆਉਂਦੇ, ਅਮੀਰ ਹਸਨ ਨੇ ਇਥੇ ਹੀ 1307 ਤੋਂ 1322 ਤੱਕ 'ਫਾਇਦੁਲ ਫੁਆਦ' ਲਿਖੀ ਸੀ। ਖਿਲਜੀ ਦਾ ਸ਼ਾਹਜ਼ਾਦਾ ਖਿਜ਼ਰ ਖਾਨ ਉਸਦਾ ਮੁਰੀਦ ਸੀ। ਉਨ੍ਹਾਂ ਨੇ ਕਿਸੇ ਮੁਰੀਦ ਨੂੰ ਸਰਕਾਰੀ ਨੌਕਰੀ ਨਹੀਂ ਕਰਨ ਦਿੱਤੀ। ਬਾਦਸ਼ਾਹਾਂ ਤੋਂ ਦੂਰ ਰਹਿਣ ਲਈ ਕਿਹਾ, ਬਾਦਸ਼ਾਹ ਫਿਰੋਜ਼ ਸ਼ਾਹ ਤੁਗਲਕ ਉਨ੍ਹਾਂ ਨੂੰ ਸੁਲਤਾਨ ਅਲ ਮਸ਼ਾਇਖ (ਫ਼ਕੀਰਾਂ ਦਾ ਸੁਲਤਾਨ) ਕਿਹਾ ਕਰਦਾ ਸੀ।

ਸੁਲਤਾਨ ਅਲਾਉਦੀਨ ਖਿਲਜੀ ਨੇ 500 ਮੁਹਰਾਂ ਦਾ ਦਾਨ ਭੇਜਿਆ। ਹਰਕਾਰਾ ਦਾਨ ਲੈ ਕੇ ਪੁੱਜਾ ਤਾਂ ਖ਼ੁਰਾਸਾਨੀ ਕਲੰਦਰ ਉਥੇ ਮੌਜੂਦ ਸੀ। ਮੁਹਰਾਂ ਦੇਖਦਿਆਂ ਖ਼ੁਸ਼ੀ ਨਾਲ ਬੋਲਿਆ, "ਵਾਹ, ਇੰਨਾ ਦਾਨ, ਫਕੀਰ ਵੰਡ ਲੈਣ ਤਾਂ ਕਿੰਨਾ ਚੰਗਾ ਹੋਵੇ ਨਿਜ਼ਾਮੁੱਦੀਨ।" ਨਿਜ਼ਾਮੁੱਦੀਨ ਨੇ ਸਾਰੀਆਂ ਮੁਹਰਾਂ ਕਲੰਦਰ ਦੀ ਝੋਲੀ ਪਾਉਂਦਿਆਂ ਕਿਹਾ, "ਵੰਡਣ ਦੀ ਕੀ ਲੋੜ। ਇਕੋ ਕੋਲ ਹੋਣ ਵਧੀਕ ਭਲਾ ਹੋਵੇ।"

ਅਲਾਉਦੀਨ ਨੇ ਸੁਨੇਹਾ ਭੇਜਿਆ, "ਮੈਂ ਆਪਦੇ ਦੀਦਾਰ ਕਰਨੇ ਚਾਹੁੰਦਾ ਹਾਂ।" ਨਿਜ਼ਾਮੁੱਦੀਨ ਨੇ ਕਿਹਾ, "ਬਿਨਾਂ ਮਿਲਿਆਂ ਮੈਂ ਸੁਲਤਾਨ ਦਾ ਭਲਾ ਲੋਚਦਾ ਹਾਂ। ਫੇਰ ਵੀ, ਜੇ ਸੁਲਤਾਨ ਦਾ ਫੈਸਲਾ ਹੈ ਕਿ ਯਕੀਨਨ ਆਉਣਾ ਹੈ ਤਾਂ ਮੇਰੀ ਝੌਂਪੜੀ ਦੇ ਦੋ ਦਰਵਾਜ਼ੇ ਹਨ। ਸੁਲਤਾਨ ਅਗੋਂ ਦੀ ਅੰਦਰ ਆਏਗਾ, ਮੈਂ ਪਿਛੋਂ ਦੀ ਬਾਹਰ ਚਲਾ ਜਾਵਾਂਗਾ।"

ਕੁਤਬਦੀਨ ਖਿਲਜੀ, ਅਲਾਉਦੀਨ ਦਾ ਤੀਜਾ ਬੇਟਾ ਸੀ। ਸੁਲਤਾਨ ਦੀ ਮੌਤ ਤੋਂ ਬਾਅਦ ਆਪਣੇ ਦੋਵਾਂ ਵੱਡੇ ਭਰਾਵਾਂ ਨੂੰ ਕਤਲ ਕਰਕੇ ਉਸ ਨੇ ਤਾਜਪੋਸ਼ੀ ਹਾਸਲ ਕਰ ਲਈ। ਦੋਵੇਂ ਭਰਾ ਖਿਜ਼ਰ ਖਾਨ ਤੇ ਸ਼ਾਦੀ ਖਾਨ ਕਿਉਂਕਿ ਨਿਜ਼ਾਮੁੱਦੀਨ ਦੇ ਮੁਰੀਦ ਸਨ, ਇਸ ਕਰਕੇ ਇਹ ਨਵਾਂ ਸੁਲਤਾਨ ਇਸ ਦਰਵੇਸ਼ ਦਾ ਐਲਾਨੀਆ ਵਿਰੋਧੀ ਹੋ ਗਿਆ। ਉਸਨੇ ਹੁਕਮ ਭੇਜਿਆ ਕਿ ਮਹੀਨੇ ਦੀ ਪਹਿਲੀ ਤਰੀਕ ਨੂੰ ਨਿਜ਼ਾਮੁੱਦੀਨ ਬਾਦਸ਼ਾਹ ਦੇ ਦਰਬਾਰ ਵਿਚ ਹਾਜ਼ਰ ਹੋਇਆ ਕਰੇ, ਹੁਕਮ ਅਦੂਲੀ ਦੀ ਸਜ਼ਾ ਦਿੱਤੀ ਜਾਵੇਗੀ। ਫਕੀਰ ਤੱਕ ਖਬਰ ਪੁਚਾਈ ਗਈ ਤਾਂ ਕਿਹਾ, "ਕੌਣ ਜਾਣੇ ਰੱਬ ਦੀ ਕੀ ਰਜ਼ਾ।"

ਮਹੀਨੇ ਦੀ ਆਖਰੀ ਤਰੀਕ ਦੀ ਰਾਤ, ਯਾਨੀ ਕਿ ਇਕ ਤਰੀਕ ਤੋਂ ਇਕ ਦਿਨ ਪਹਿਲਾਂ ਕੁਤਬਦੀਨ ਦੇ ਗੁਲਾਮ ਖੁਸਰੋ ਖਾਨ ਨੇ ਅਪਣੇ ਸੁੱਤੇ ਪਏ ਮਾਲਕ ਦਾ ਸਿਰ ਵੱਢ ਕੇ ਛੱਤ ਤੋਂ ਹੇਠਾਂ ਵਗਾਹ ਮਾਰਿਆ। 'ਸੀਅਰੁਲ ਔਲੀਆ' ਦਾ ਕਰਤਾ ਇਸ ਘਟਨਾ ਬਾਬਤ ਲਿਖਦਾ ਹੈ;

"ਐ ਰੁਬਾਹਿਕ ਚਿਰਾ ਨਾ ਨਿਸ਼ਸ਼ਤੀ ਬਜਾਇ ਖੇਸ਼।
ਬਾ ਸ਼ੇਰ ਪੰਜਾ ਕਰਦੀ ਓ ਦੀਦੀ ਸਜ਼ਾਇ ਖੇਸ਼।।"

(ਐ ਬੁਜ਼ਦਿਲ ਬਿੱਲੀ, ਆਪਣੀ ਥਾਂ ਸਿਰ ਕਿਉਂ ਨਾ ਰਹੀ? ਤੂੰ ਸ਼ੇਰ ਨਾਲ ਮੁਕਾਬਲਾ ਕੀਤਾ, ਫਿਰ ਉਸਦੀ ਸਜ਼ਾ ਮਿਲਦੀ ਦੇਖੀ।)

ਗਿਆਸੁੱਦੀਨ ਤੁਗਲਕ ਨੂੰ ਨਿਜ਼ਾਮੁੱਦੀਨ ਦੀ ਸ਼ੁਹਰਤ ਚੰਗੀ ਨਾ ਲੱਗੀ। ਉਸਨੂੰ ਲੱਗਾ ਕਿ ਉਸਦੀ ਸਰਕਾਰ ਦੇ ਕੰਮ ਵਿਚ ਵਿਘਨ ਪੈ ਰਿਹਾ ਹੈ। ਦੱਖਣ ਵਿਚ ਬਗਾਵਤ ਦਬਾਉਣ ਤੋਂ ਬਾਅਦ ਵਾਪਸੀ ਵਕਤ ਸੁਨੇਹਾ ਭੇਜਿਆ, "ਮੈਂ ਦੱਖਣ ਵਲੋਂ ਆ ਰਿਹਾ ਹਾਂ। ਮੇਰੇ ਆਉਣ ਤੋਂ ਪਹਿਲਾਂ ਨਿਜ਼ਾਮੁੱਦੀਨ ਦਿੱਲੀ ਛੱਡ ਕੇ ਚਲਾ ਜਾਵੇ।" ਫਕੀਰ ਨੇ ਸੁਨੇਹਾ ਸੁਣਿਆ ਤਾਂ ਕਿਹਾ, "ਹਨੂਜ਼ ਦਿੱਲੀ ਦੂਰ ਅਸਤ" (ਅਜੇ ਦਿੱਲੀ ਦੂਰ ਹੈ।)। ਉਸਦੇ ਸਵਾਗਤ ਵਾਸਤੇ ਲੱਕੜੀ ਦਾ ਸ਼ਾਨਦਾਰ ਦਰਵਾਜ਼ਾ ਉਸਾਰਿਆ ਗਿਆ ਸੀ। ਆਗਰੇ ਤੋਂ ਦੂਜਾ ਸੁਨੇਹਾ ਫਿਰ ਦਿੱਤਾ, " ਫਕੀਰ ਨੂੰ ਕਹੋ ਕਿ ਦਿੱਲੀ ਛੱਡ ਜਾਵੇ ਨਹੀਂ ਤਾਂ ਬੁਰੀ ਕਰਾਂਗਾ।" ਨਿਜ਼ਾਮੁੱਦੀਨ ਨੇ ਉਹੀ ਜਵਾਬ ਦਿੱਤਾ, "ਹਨੂਜ਼ ਦਿੱਲੀ ਦੂਰ ਅਸਤ।" ਸੁਲਤਾਨ ਬੈਂਡ ਵਾਜਿਆਂ ਦੀ ਗੂੰਜਾਰ ਵਿਚ ਦਿੱਲੀ ਗੇਟ ਪਾਰ ਕਰ ਰਿਹਾ ਸੀ ਤਾਂ ਇਹ ਢਾਂਚਾ ਡਿੱਗ ਪਿਆ, ਸੁਲਤਾਨ ਦੀ ਮਲਬੇ ਵਿਚ ਦਬ ਕੇ ਮੌਤ ਹੋ ਗਈ।

ਮੌਲਾਨਾ ਜ਼ਿਆਉਦੀਨ ਸਨਾਮੀ ਪੱਕਾ ਸ਼ਰੱਈ ਸੀ ਤੇ ਚਿਸ਼ਤੀਆਂ ਦੇ ਸਮਾਅ ਅਤੇ ਵਜਦ (ਕੀਰਤਨ ਕਰਦਿਆਂ ਹੋਸ਼ ਗੁਆ ਦੇਣੇ) ਦੇ ਖਿਲਾਫ ਸੀ। ਉਸਨੇ ਸਮਾਅ ਦੇ ਖਿਲਾਫ ਕਿਤਾਬ ਵੀ ਲਿਖੀ ਜਿਸ ਵਿਚ ਨਿਜ਼ਾਮੁੱਦੀਨ ਦੀ ਸਖਤ ਆਲੋਚਨਾ ਕੀਤੀ। ਨਿਜ਼ਾਮੁੱਦੀਨ ਨੂੰ ਪਤਾ ਲੱਗਾ ਕਿ ਮੌਲਾਨਾ ਦੀ ਤਬੀਅਤ ਠੀਕ ਨਹੀਂ। ਖ਼ਬਰ ਲੈਣ ਉਨ੍ਹਾਂ ਦੀ ਰਿਹਾਇਸ਼ 'ਤੇ ਗਏ। ਮੌਲਾਨਾ ਸਨਾਮੀ ਨੂੰ ਅੰਦਰ ਇਹ ਖ਼ਬਰ ਮਿਲੀ ਤਾਂ ਸੇਵਾਦਾਰਾਂ ਦੇ ਹੱਥ ਆਪਣੀ ਦਸਤਾਰ ਫੜਾ ਕੇ ਕਿਹਾ, "ਇਸਨੂੰ ਰਾਹ ਵਿਚ ਵਿਛਾ ਦਿਉ। ਸ਼ੇਖ ਸਾਹਿਬ ਦਸਤਾਰ ਉਪਰ ਦੀ ਚਲ ਕੇ ਆਉਣ।" ਨਿਜ਼ਾਮੁੱਦੀਨ ਨੇ ਦਸਤਾਰ ਇਕੱਠੀ ਕਰਕੇ ਮੱਥੇ ਨੂੰ ਛੁਹਾਈ, ਫਿਰ ਸਿਰ ਉਪਰ ਰੱਖ ਕੇ ਅੰਦਰ ਖ਼ਬਰ ਲੈਣ ਗਏ। ਸਨਾਮੀ ਸ਼ਰਮਿੰਦਗੀ ਕਾਰਨ ਨਜ਼ਰ ਨਾ ਮਿਲਾ ਸਕਿਆ। ਨਿਜ਼ਾਮੁੱਦੀਨ ਨੂੰ ਵਾਪਸ ਪੁੱਜ ਕੇ ਖ਼ਬਰ ਮਿਲੀ ਕਿ ਉਹ ਕੂਚ ਕਰ ਗਏ ਹਨ, ਖ਼ਬਰ ਸੁਣਕੇ ਕਿਹਾ, "ਪੈਗੰਬਰ ਦੀ ਸ਼ਰ੍ਹਾ ਦਾ ਮੁਦਈ ਉਸ ਵਰਗਾ ਕੋਈ ਨਹੀਂ। ਅਫ਼ਸੋਸ ਉਹ ਵੀ ਨਹੀਂ ਰਿਹਾ।"

ਬਾਬਾ ਫਰੀਦ ਦਾ ਬੇਟਾ ਖਵਾਜਾ ਨਜੀਬੁੱਦੀਨ ਆਇਆ ਤੇ ਕਿਹਾ ਕਿ ਫਲਾਣੇ ਅਮੀਰ ਦੇ ਨਾਮ ਖ਼ਤ ਲਿਖ ਦਿਉ ਕਿ ਮੇਰੀ

ਮਾਇਕ ਮਦਦ ਕਰਨ। ਨਿਜ਼ਾਮੁੱਦੀਨ ਨੇ ਅਜਿਹਾ ਕਰਨੋਂ ਇਨਕਾਰ ਕਰ ਦਿੱਤਾ। ਗੁੱਸੇ ਵਿਚ ਆਏ ਖਵਾਜਾ ਨੇ ਦਵਾਤ ਵਗਾਹ ਮਾਰੀ ਤੇ ਕਿਹਾ, "ਤੂੰ ਮੇਰੇ ਅੱਬੂ ਦਾ ਗੁਲਾਮ ਹੈਂ, ਯਾਦ ਨਹੀਂ? ਮੈਂ ਉਨ੍ਹਾਂ ਦਾ ਸਾਹਿਬਜ਼ਾਦਾ ਹਾਂ।" ਗੁੱਸੇ ਨਾਲ ਬਾਹਰ ਜਾਣ ਲੱਗਾ ਤਾਂ ਨਿਜ਼ਾਮੁੱਦੀਨ ਨੇ ਕਮੀਜ਼ ਦੀ ਕੰਨੀ ਫੜ ਲਈ, ਕਿਹਾ ਅੱਜ ਨਹੀਂ ਜਾਣ ਦੇਣਾ। ਗੁੱਸੇ ਹੋ ਕੇ ਨਹੀਂ ਜਾਣਾ, ਗੁੱਸਾ ਉਤਰ ਗਿਆ ਤਾਂ ਜਾਣ ਦਿਆਂਗੇ। ਮਨਾ ਕੇ, ਪ੍ਰਸੰਨ ਚਿਤ ਕਰਨ ਉਪਰੰਤ ਖਵਾਜਾ ਨੂੰ ਆਦਰ ਨਾਲ ਵਿਦਾਇਗੀ ਦਿੱਤੀ।

ਬਦਾਯੂੰ ਪਿੰਡ ਦਾ ਇਕ ਬੰਦਾ ਮਦਦ ਦੀ ਆਸ ਲੈ ਕੇ ਨਿਜ਼ਾਮੁੱਦੀਨ ਕੋਲ ਆਇਆ। ਨਿਜ਼ਾਮੁੱਦੀਨ ਕੋਲ ਰੁਪਏ-ਪੈਸੇ ਖ਼ਤਮ ਸਨ। ਉਸਨੇ ਕਿਹਾ, "ਕੁਝ ਨਾ ਕੁਝ ਜ਼ਰੂਰ ਦਿਉ, ਮੈਂ ਆਸ ਲੈ ਕੇ ਆਇਆ ਹਾਂ, ਤੁਹਾਡਾ ਗਰਾਈਂ ਹਾਂ।" ਉਸਨੂੰ ਆਪਣੇ ਪੁਰਾਣੇ ਜੋੜੇ ਦੇ ਦਿੱਤੇ। ਉਹ ਜੋੜੇ ਲੈ ਤਾਂ ਗਿਆ, ਪਰ ਖਰਾ ਉਦਾਸ ਕਿ ਇਹ ਚੰਗਾ ਮਜ਼ਾਕ ਕੀਤਾ ਮੇਰੇ ਨਾਲ। ਰਾਤ ਪਈ ਤਾਂ ਸਰਾਂ ਵਿਚ ਟਿਕਾਣਾ ਕੀਤਾ। ਇਸੇ ਰਾਤ ਵਪਾਰ ਦੇ ਦੌਰੇ ਤੋਂ ਵਾਪਸੀ ਦੌਰਾਨ ਅਮੀਰ ਖੁਸਰੋ ਇਸ ਸਰਾਂ ਵਿਚ ਠਹਿਰਿਆ। ਸਵੇਰ ਸਾਰ ਖੁਸਰੋ ਨੇ ਪੁੱਛਿਆ, "ਇਸ ਸਰਾਂ ਵਿਚੋਂ ਮੇਰੇ ਮੁਰਸ਼ਦ ਦੀ ਖੁਸ਼ਬੂ ਆ ਰਹੀ ਹੈ, ਇਥੇ ਜ਼ਰੂਰ ਉਨ੍ਹਾਂ ਦੀ ਕੋਈ ਨਿਸ਼ਾਨੀ ਹੈ।" ਪੜਤਾਲ ਕਰਨ ਤੋਂ ਜਾਣਿਆ ਕਿ ਬਦਾਯੂੰ ਦਾ ਵਾਸੀ ਰਾਤੀਂ ਠਹਿਰਿਆ ਹੈ ਤੇ ਉਹ ਸ਼ੇਖ ਸਾਹਿਬ ਦੇ ਦੀਦਾਰ ਕਰਕੇ ਆਇਆ ਹੈ। ਖੁਸਰੋ ਨੇ ਪੁੱਛਿਆ, "ਤੈਨੂੰ ਮਾਲਕ ਨੇ ਕੋਈ ਤੁਹਫਾ ਦਿੱਤਾ ਹੈ?" ਉਦਾਸ ਲਫਜ਼ਾਂ ਵਿਚ ਉਸਨੇ ਦੱਸਿਆ, "ਕੀ ਮਿਲਣਾ ਸੀ, ਪੁਰਾਣੇ ਜੋੜੇ ਚੁਕਾ ਦਿੱਤੇ। ਖੁਸਰੋ ਨੇ ਕਿਹਾ, "ਇਹ ਮੈਨੂੰ ਦੇ ਦੇਹ। ਇਸ ਬਦਲੇ ਮੇਰੇ ਸਾਰੇ ਪੈਸੇ ਤੇਰੇ ਹੋਏ।"

ਖੁਸਰੋ ਜਦੋਂ ਹਜ਼ਰਤ ਨਿਜ਼ਾਮੁੱਦੀਨ ਦੇ ਦੀਦਾਰ ਕਰਨ ਗਿਆ ਤਾਂ ਪੁੱਛਿਆ, "ਸਾਡੇ ਲਈ ਕੀ ਤੁਹਫਾ ਲਿਆਂਦਾ ਹੈ ਅਮੀਰ?" ਖੁਸਰੋ ਨੇ ਕਿਹਾ, "ਹਿੰਦੁਸਤਾਨ ਦੇ ਸੱਚੇ ਪਾਤਸ਼ਾਹ ਵਾਸਤੇ ਇਹ ਜੋੜਾ ਲਿਆਇਆ ਹਾਂ ਹਜ਼ੂਰ।" ਫਕੀਰ ਨੇ ਪੁੱਛਿਆ, "ਕਿੰਨੇ ਪੈਸੇ ਲੱਗੇ?" ਖੁਸਰੋ ਨੇ ਕਿਹਾ, "ਜੀ ਜਿੰਨੀ ਦੌਲਤ ਸੀ, ਸਾਰੀ ਦੇ ਦਿੱਤੀ।" ਨਿਜ਼ਾਮੁੱਦੀਨ ਨੇ ਹੱਸ ਕੇ ਕਿਹਾ, "ਸਸਤੇ ਵਿਚ ਮਿਲ ਗਈ ਤੈਨੂੰ ਚੰਗੀ ਚੀਜ਼।"

ਨਿਜ਼ਾਮ ਨੇ ਵਿਆਹ ਨਹੀਂ ਕਰਵਾਇਆ। ਦੋ ਉਤਰਾਧਿਕਾਰੀ ਥਾਪੇ, ਬੁਰਹਾਨ ਅਲ ਦੀਨ ਦੱਖਣ ਵਿਚ ਅਤੇ ਨਸੀਰ ਅਲ ਦੀਨ ਚਿਰਾਗਿ ਦਿਹਲੀ, ਦਿੱਲੀ ਵਿਚ। ਨਸੀਰ ਨੇ 'ਖੈਰ ਉਲ ਮਜਾਲਿਸ' ਲਿਖੀ। ਦਲੀਲਾਂ ਅਤੇ ਰਸਮਾਂ-ਰੀਤਾਂ, ਦੋਵਾਂ ਦਾ ਵਿਰੋਧੀ ਸੀ। ਉਹ ਕਹਿੰਦਾ ਸੀ, "ਹੱਜ ਕਰਨ ਨਾਲੋਂ ਪੀਰ ਦੀ ਅਸੀਸ ਕਿਉਂ ਨੀਂ ਲੈਂਦੇ?" ਉਹ ਤਿਆਗ ਦਾ ਹਾਮੀ ਨਹੀਂ ਸੀ ਪਰ ਖੁਦ ਬੇਅੰਤ ਵੱਡਾ ਵਿਰੱਕਤ ਸੀ।

ਖੁਸਰੋ ਬੰਗਾਲ ਵਿਚ ਸੀ ਜਦੋਂ ਪੀਰ ਦੀ ਮੌਤ ਦੀ ਖ਼ਬਰ ਪੁੱਜੀ। ਕਾਲਾ ਲਿਬਾਸ ਪਹਿਨ ਕੇ ਉਥੋਂ ਪੈਦਲ ਦਿੱਲੀ ਵਲ ਚਲ ਪਿਆ। ਰਸਤੇ ਵਿਚ ਮੁਰਸ਼ਦ ਦੇ ਨਾਮ ਉਪਰ ਦਾਨ ਦਿੰਦਾ ਆਇਆ। ਲਗਾਤਾਰ ਕਹਿੰਦਾ ਰਿਹਾ, "ਸੁਬਹਾਨ ਅੱਲਾਹ, ਆਫਤਾਬ ਦਰ ਜ਼ੇਰਿ ਜ਼ਮੀਨ ਓ ਖੁਸਰੋ ਜ਼ਿੰਦਾ ?" (ਧੰਨ ਤੂੰ ਹੇ ਰੱਬ ਸੱਚੇ, ਸੂਰਜ ਧਰਤੀ ਵਿਚ ਉਤਰ ਚੁਕਾ ਹੈ ਤੇ ਖੁਸਰੋ ਤੂੰ ਅਜੇ ਜਿਉਂਦਾ ਫਿਰਦਾ ਹੈਂ ?)

ਖੁਸਰੋ ਰਾਜ ਕਵੀ ਹੋਣ ਕਰਕੇ ਮਹਿਲ ਵਿਚ ਰਹਿੰਦਾ ਸੀ। ਉਸਦੀ ਆਖਰੀ ਕਵਿਤਾ ਦੇ ਬੰਦ ਇਹ ਹਨ;

"ਪਾਤ ਉਡੰਤਾ ਬੋਲਿਆ, ਸੁਨ ਤਰਵਰ ਬਨਰਾਇ।
ਅਬ ਕੇ ਬਿਛੁੜੇ ਕਬ ਮਿਲੈਂ ਦੂਰ ਪਰੈਂਗੇ ਜਾਇ।
ਸੁਨ ਕੇ ਤਰਵਰ ਨੇ ਕਹਾ, ਸੁਨੋ ਪਾਤ ਮਮ ਬਾਤ।
ਹਮਰਾ ਯਹੀ ਸੁਭਾਉ ਹੈ, ਇਕ ਆਵਤ ਇਕ ਜਾਤ।
ਗੋਰੀ ਸੋਈ ਸੇਜ ਪੈ ਮੁਖ ਪਰ ਡਾਰੇ ਕੇਸ।
ਚਲ ਖੁਸਰੋ ਘਰ ਆਪਨੇ ਸਾਂਝ ਪਈ ਸਭ ਦੇਸ।

(ਟੁੱਟੇ ਪੱਤੇ ਨੇ ਕਿਹਾ ਕਿ ਹੇ ਵਣ ਦੇ ਰਾਜੇ ਬਿਰਖ, ਹੁਣ ਦੇ ਬਿਛੜੇ ਕਦੀ ਨਹੀਂ ਮਿਲ ਸਕਾਂਗੇ, ਦੂਰ ਜਾ ਡਿੱਗਾਂਗਾ। ਪਤੇ ਦੀ ਗੱਲ ਸੁਣ ਕੇ ਰੁੱਖ ਨੇ ਕਿਹਾ ਕਿ ਭਾਈ ਸਾਡਾ ਇਹੋ ਸੁਭਾਉ ਹੈ, ਇਕ ਆਉਂਦਾ ਹੈ, ਇਕ ਚਲਾ ਜਾਂਦਾ ਹੈ। ਆਪਣਾ ਚਿਹਰਾ, ਆਪਣੇ ਕੇਸਾਂ ਵਿਚ ਲੁਕਾਕੇ ਗੋਰੀ ਪਲੰਘ ਉਪਰ ਸੌਂ ਗਈ ਹੈ। ਖੁਸਰੋ, ਆਪਾਂ ਵੀ ਘਰ ਚੱਲੀਏ, ਦੇਸ ਵਿਚ ਰਾਤ ਪੈ ਗਈ ਹੈ।)

ਮਹਿਲ ਛੱਡ ਕੇ ਉਹ ਮੁਰਸ਼ਦ ਦੀ ਕਬਰ ਨਜ਼ਦੀਕ ਆ ਕੇ ਬੈਠ ਗਿਆ, ਫਿਰ ਕਦੀ ਮਹਿਲੀ ਨਹੀਂ ਗਿਆ। ਮੁਰਸ਼ਦ ਦੇ ਦੇਹਾਂਤ ਤੋਂ ਛੇ ਮਹੀਨੇ ਬਾਅਦ ਅਮੀਰ ਖੁਸਰੋ ਜਿਸਮਾਨੀ ਤੌਰ ਤੇ ਵਿਦਾ ਹੋਇਆ।

ਨਿਜ਼ਾਮੁੱਦੀਨ ਨੇ ਬਾਬਾ ਫਰੀਦ ਨੂੰ ਇਕ ਦਿਨ ਦੱਸਿਆ ਕਿ ਸੁਲਤਾਨ ਵਲੋਂ ਸ਼ੈਖ ਉਲ ਹਿੰਦ (ਭਾਰਤੀ ਸੁਪਰੀਮ ਕੋਰਟ ਦਾ ਚੀਫ ਜਸਟਿਸ) ਦੀ ਪਦਵੀ ਮਿਲ ਰਹੀ ਸੀ, ਨਾਂਹ ਕਰ ਦਿੱਤੀ। ਬਾਬਾ ਜੀ ਨੇ ਕਿਹਾ, "ਬਾਦਸ਼ਾਹ ਮਿੰਨਤਾਂ ਕਰਾਉਣ ਤੋਂ ਬਾਅਦ ਕੁਝ ਦਿੰਦਾ ਹੈ। ਦੇਣ ਤੋਂ ਬਾਅਦ ਅਹਿਸਾਨ ਕਰਦਾ ਹੈ। ਰਿਜ਼ਕ-ਦਾਤਾ ਪਿਤਾ ਬਿਨ ਮੰਗਿਆਂ ਦਿੰਦਾ ਹੈ, ਦੇਣ ਤੋਂ ਬਾਅਦ ਅਹਿਸਾਨ ਨਹੀਂ ਕਰਦਾ। ਫਕੀਰ ਹੈਂ ਤਾਂ ਬਾਦਸ਼ਾਹਾਂ ਤੋਂ ਦੂਰ ਰਹੀਂ, ਮਤੇ ਸੁਣਨਾ ਪਵੇ - ਕਿਵੇਂ ਆਇਐਂ, ਪਿੱਛੇ ਹਟ।"

ਗਰ ਵਿਸਾਲਿ ਸ਼ਾਹ ਮੀਦਾਰੀ ਤਮਾ।
ਅਜ਼ ਵਿਸਾਲਿ ਖੇਸ਼ਤਨ ਮਹਿਜੂਰ ਬਾਸ।
(ਜੇ ਬਾਦਸ਼ਾਹ ਨੂੰ ਮਿਲਣ ਦੀ ਤਮੰਨਾ ਕਰੇਂਗਾ
ਤਾਂ ਆਪਣੇ ਆਪ ਨੂੰ ਪਛਾਣ ਨਹੀਂ ਸਕੇਂਗਾ)

ਸ਼ੇਖ ਸਾਹਿਬ ਕਿਹਾ ਕਰਦੇ ਸਨ, "ਕਦੀ ਕਦਾਈਂ ਮੈਂ ਸਭ ਕਾਸੇ ਤੋਂ ਥੱਕ ਜਾਂਦਾ ਹਾਂ, ਆਪਣੇ ਆਪ ਤੋਂ ਵੀ। ਇਸ ਤੁਰਕ ਦੀ ਹਾਜ਼ਰੀ ਵਿਚ ਮੈਨੂੰ ਥਕਾਵਟ ਨਹੀਂ ਹੁੰਦੀ।" ਖੁਸਰੋ ਨੂੰ ਤੁਰਕੱਲਾਹ ਦਾ ਖਿਤਾਬ ਦਿੱਤਾ ਗਿਆ। ਤੁਰਕ ਲਫਜ਼ ਮਾਇਨੇ ਮਹਿਬੂਬ, ਤੁਰਕੱਲਾਹ ਦਾ ਅਰਥ ਹੈ ਰੱਬ ਦਾ ਮਹਿਬੂਬ।

ਹਜ਼ਰਤ ਨਿਜ਼ਾਮੁੱਦੀਨ ਆਪਣੇ ਵਿਦਿਆਰਥੀਆਂ ਵਿਚੋਂ ਸਭ ਤੋਂ ਵਧੀਕ ਖੁਸਰੋ ਨੂੰ ਪਿਆਰ ਕਰਦੇ ਸਨ। ਅਮੀਰ ਖੁਸਰੋ ਦੇ ਵਡੇਰੇ ਤੁਰਕ ਸਨ, ਜੋ ਯੂ.ਪੀ. ਵਿਚ ਆ ਵਸੇ ਸਨ। ਈਟਾ ਜ਼ਿਲ੍ਹੇ ਦੇ ਪਿੰਡ ਪਟਿਆਲੀ ਵਿਚ ਖੁਸਰੋ ਦਾ ਜਨਮ ਹੋਇਆ। ਪਰਿਵਾਰਿਕ ਨਾਮ ਅਬੁਲ ਹਸਨ ਅਮੀਨੁੱਦੀਨ ਰੱਖਿਆ ਗਿਆ। ਉਸਨੂੰ ਉਰਦੂ ਭਾਸ਼ਾ ਦਾ ਜਨਮਦਾਤਾ ਮੰਨਿਆ ਜਾਂਦਾ ਹੈ। ਉਸਨੇ ਲੋਕ ਗੀਤ ਇਕੱਠੇ ਕੀਤੇ, ਬੁਝਾਰਤਾਂ ਇਕੱਠੀਆਂ ਕੀਤੀਆਂ, ਸੈਂਕੜੇ ਗਜ਼ਲਾਂ ਰਚੀਆਂ, ਕੱਵਾਲੀ ਦਾ ਹੁਣ ਵਾਲਾ ਅੰਦਾਜ਼ ਉਸੇ ਦੀ ਦੇਣ ਹੈ ਤੇ ਕਈ ਨਵੇਂ ਰਾਗਾਂ ਦੀ ਰਚਨਾ ਕੀਤੀ। ਕਦੀ-ਕਦਾਈਂ ਨਿਜ਼ਾਮੁੱਦੀਨ ਆਖ ਦਿੰਦੇ, "ਰੱਬ ਕੋਲ ਪੁੱਜਣ ਦਾ ਵਕਤ ਆ ਰਿਹਾ ਹੈ। ਜਦੋਂ ਮੈਨੂੰ ਪੁੱਛਿਆ ਗਿਆ ਕਿ ਕਿੰਨੀ ਬੰਦਗੀ ਕੀਤੀ, ਕਿਹੜੇ ਨੇਕ ਕੰਮ ਕੀਤੇ ਤਾਂ ਮੈਂ ਆਖਾਂਗਾ ਕਿ ਕੋਈ ਚੰਗਾ ਕੰਮ ਨਹੀਂ ਹੋਇਆ ਪਿਤਾ, ਖਾਸ ਬੰਦਗੀ ਨਹੀਂ ਕਰ ਸਕਿਆ। ਹਾਂ, ਇਕ ਕੰਮ ਕੀਤਾ ਮੈਂ, ਦੁਨੀਆਂ ਨੂੰ ਅਮੀਰ ਖੁਸਰੋ ਦੇ ਕੇ ਆਇਆਂ। ਖੁਸਰੋ ਦਾ ਨਾਮ ਲਵਾਂਗਾ ਤਾਂ ਰੱਬ ਮੇਰੇ ਸਾਰੇ ਗੁਨਾਹ ਮਾਫ ਕਰ ਦੇਵੇਗਾ।"

ਖੁਸਰੋ ਨੇ ਆਪਣੇ ਮੁਰਸ਼ਦ ਬਾਰੇ ਲਿਖਿਆ, "ਉਸਦੇ ਕਦਮਾਂ ਦੀ ਛੂਹ ਪ੍ਰਾਪਤ ਕਰਨ-ਸਾਰ ਸਿਰ ਦੁੱਖਾਂ, ਸੰਕਟਾਂ, ਫਿਕਰਾਂ ਤੋਂ ਮੁਕਤ ਹੋ ਜਾਂਦਾ ਹੈ। ਬਿਨਾਂ ਤਾਜ ਅਤੇ ਸਿੰਘਾਸਨ ਦੇ ਉਹ ਦੁਨੀਆਂ ਤੇ ਰਾਜ ਕਰ ਰਿਹਾ ਹੈ। ਬਾਦਸ਼ਾਹ ਉਸਦੇ ਚਰਨਾਂ ਦੀ ਧੂੜ ਹਾਸਲ ਕਰਨ ਦੇ ਇਛੁੱਕ ਹਨ ਪਰ ਸ਼ੇਖ ਉਨ੍ਹਾਂ ਨੂੰ ਇਸਦੀ ਆਗਿਆ ਨਹੀਂ ਦਿੰਦਾ। ਮੈਨੂੰ ਫਖ਼ਰ ਹੈ ਕਿ ਮੈਂ ਉਸਦਾ ਗੁਲਾਮ ਹਾਂ। ਉਸਦਾ ਨਾਮ ਨਿਜ਼ਾਮ ਹੈ, ਇਸ ਲਈ ਮੈਂ ਨਿਜ਼ਾਮੀ ਹੋਇਆ।"

ਇਕ ਦਿਨ ਉਸਨੇ ਖਾਨਗਾਹ ਵਿਚ ਅਲੀ ਬਿਨ ਮਹਿਮੂਦ ਜਾਂਦਾਰ ਨੂੰ ਬੈਠਿਆਂ ਦੇਖਿਆ। ਉਹ ਅਮੀਰ ਐਯਾਸ਼ ਆਦਮੀ ਸੀ। ਖੁਸਰੋ ਨੇ ਪੁੱਛਿਆ, "ਉਏ ਜੂਏਬਾਜ਼, ਤੂੰ ਇਥੇ ਕਿਵੇਂ? ਤੈਨੂੰ ਤਾਂ ਸ਼ਤਰੰਜ ਤੋਂ ਵਿਹਲ ਨਹੀਂ ਮਿਲੀ ਕਦੀ?" ਜਾਂਦਾਰ ਹੱਸ ਪਿਆ, ਕਿਹਾ, "ਸੱਚ ਹੈ ਖੁਸਰੋ। ਮੱਕੇ ਹੱਜ ਕਰਨ ਜਾਂਦਿਆਂ ਵੀ ਰਸਤੇ ਵਿਚ ਮੈਂ ਸ਼ਤਰੰਜ ਖੇਡਣੋਂ ਨਹੀਂ ਹਟਿਆ ਸਾਂ ਪਰ ਜਦੋਂ ਸ਼ੇਖ ਸਾਹਿਬ ਦੀ ਅਸੀਸ ਮਿਲੀ, ਮੈਂ ਇਸ ਵਲ ਦੇਖਦਾ ਵੀ ਨਹੀਂ।" ਇਹ ਗੱਲ ਅੰਦਰ ਜਾ ਕੇ ਖੁਸਰੋ ਨੇ ਸ਼ੇਖ ਨੂੰ ਦੱਸੀ, ਉਨ੍ਹਾਂ ਨੇ ਖੁਸ਼ ਹੋ ਕੇ ਅਨਾਰ ਦਿੰਦਿਆਂ ਕਿਹਾ, "ਜਾਓ, ਦੋਵੇਂ ਛਕੋ, ਅੱਲਾਹ ਮਿਹਰਬਾਨ ਹੈ।"

ਇਕ ਦਿਨ ਕਹਿਣ ਲੱਗੇ, "ਖੁਸਰੋ ਮੇਰੀ ਲੰਮੀ ਉਮਰ ਵਾਸਤੇ ਅਰਦਾਸ ਕਰਿਆ ਕਰ ਕਿਉਂਕਿ ਮੇਰੇ ਬਾਦ ਲੰਮਾ ਸਮਾਂ ਜਿਉਂ ਨਹੀਂ ਸਕੇਂਗਾ ਤੂੰ। ਮੈਂ ਕਹਿ ਦਿਤਾ ਹੈ ਸੇਵਾਦਾਰਾਂ ਨੂੰ, ਤੇਰੀ ਕਬਰ ਮੇਰੇ ਨਜ਼ਦੀਕ ਖੋਦਣ। ਮੇਰੀ ਉਂਗਲ ਫੜ ਕੇ ਤੂੰ ਰੱਬ ਕੋਲ ਜਾਏਂਗਾ।"

ਅਸੀਸਾਂ ਦਿੰਦਿਆਂ ਕਿਹਾ, "ਸਦੀਆਂ ਵਿਚ ਕਦੀ-ਕਦਾਈਂ ਤੇਰੇ ਜਿਹਾ ਸ਼ਾਇਰ ਤੇ ਵਾਰਤਾਕਾਰ ਪੈਦਾ ਹੁੰਦਾ ਹੈ ਖੁਸਰੋ, ਇਹ ਹੁਨਰ ਬੜਾ ਬਰੀਕ ਹੈ। ਤੂੰ ਨਸੀਰ ਖੁਸਰੋ ਨਹੀਂ, ਸਾਡਾ ਖੁਸਰੋ ਹੈਂ, ਨਸੀਰ (ਮਦਦਗਾਰ) ਤਾਂ ਅੱਲਾਹ ਹੈ।"

ਸ਼ੇਖ ਦੀ ਕਬਰ ਉਪਰ ਦੇਰ ਤਕ ਵਿਰਲਾਪ ਕਰਨੋਂ ਨਾ ਹਟਿਆ ਤਾਂ ਮੁਰੀਦਾਂ ਨੇ ਦਿਲ ਸਖਤ ਕਰਨ ਲਈ ਕਿਹਾ, ਧਰਵਾਸ ਰੱਖਣ ਲਈ ਕਿਹਾ। ਰੋਂਦਿਆਂ-ਰੋਂਦਿਆਂ ਖੁਸਰੋ ਨੇ ਕਿਹਾ, "ਕੌਣ ਕਿਸੇ ਵਾਸਤੇ ਰੋਂਦਾ ਹੈ? ਖੁਦ ਉਤੇ ਰੋ ਰਿਹਾ ਹਾਂ। ਹੁਣ ਮੈਂ ਬਚਾਂਗਾ ਨਹੀਂ। 25 ਸਤੰਬਰ 1325 ਨੂੰ ਉਹ ਕੂਚ ਕਰ ਗਿਆ।

***(ਸਮਾਪਤ)***

# ਸਭਿਆਚਾਰਕ ਵੰਨਸੁਵੰਨਤਾ ਤੇ ਸਮਾਜਿਕ ਤਬਦੀਲੀ ਦਾ ਸਿੱਖ ਪ੍ਰਸੰਗ

**ਅਮਰਜੀਤ ਸਿੰਘ ਗਰੇਵਾਲ**

ਮਨੁੱਖੀ ਸਭਿਆਚਾਰ ਦੇ ਵਿਕਾਸ ਲਈ ਸਭਿਆਚਾਰਕ ਵੰਨਸਵੰਨਤਾ ਦਾ ਪੈਦਾ ਹੋਣਾ ਵੀ ਅਤੀ ਜ਼ਰੂਰੀ ਹੈ। ਇਸ ਵੰਨਸਵੰਨਤਾ ਰਾਹੀਂ ਪੈਦਾ ਹੋਣ ਵਾਲੀਆਂ ਵਿਲੱਖਣ ਇਕਾਈਆਂ ਵਿਚਕਾਰ ਬਰਾਬਰੀ ਉਪਰ ਅਧਾਰਿਤ ਸੰਵਾਦ ਹੀ ਵਿਕਾਸ ਦੇ ਰਾਹ ਖੋਲ੍ਹਦਾ ਹੈ। ਨਿਰਾਲੀ ਪਛਾਣ ਰੱਖਣ ਵਾਲੀਆਂ ਵਿਲੱਖਣ ਕਿਸਮ ਦੀਆਂ ਸੰਪਰਦਾਇਕ ਅਤੇ ਸੰਸਕ੍ਰਿਤਕ ਇਕਾਈਆਂ ਵਿਚ ਲਗਾਤਾਰ ਵਾਧੇ ਰਾਹੀਂ ਸੰਸਕ੍ਰਿਤਕ ਵੰਨਸਵੰਨਤਾ ਵਿਚ ਵਾਧਾ ਸੰਸਕ੍ਰਿਤਕ ਵਿਕਾਸ ਦੀ ਪਹਿਲੀ ਸ਼ਰਤ ਬਣ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਆਪਣੇ ਵੇਲੇ ਦੀਆਂ ਵਿਭਿੰਨ ਸੰਪਰਦਾਇਕ ਅਤੇ ਸੰਸਕ੍ਰਿਤਕ ਇਕਾਈਆਂ ਦੇ ਮਹੱਤਵ ਨੂੰ ਪਹਿਚਾਨਿਆ ਅਤੇ ਉਨ੍ਹਾਂ ਵਿਚਕਾਰ ਇਕ ਸੰਵਾਦ ਪੈਦਾ ਕੀਤਾ। ਗੁਰੂ ਸਾਹਿਬ ਦੀ ਵਿਚਾਰਧਾਰਾ ਸਾਥੋਂ ਮੰਗ ਕਰਦੀ ਹੈ ਕਿ ਅੱਜ ਵੀ ਅਸੀਂ ਆਪਣੇ ਸਮੇਂ ਦੀਆਂ ਵਿਭਿੰਨ ਸੰਸਕ੍ਰਿਤਕ ਅਤੇ ਵਿਚਾਰਧਾਰਕ ਇਕਾਈਆਂ ਨਾਲ ਇਕ ਸੰਵਾਦ ਰਚਾਈਏ।

ਕੇਵਲ ਸੰਸਕ੍ਰਿਤਕ ਇਕਾਈਆਂ ਦੀ ਵੰਨਸਵੰਨਤਾ ਹੀ ਕਾਫੀ ਨਹੀਂ, ਸੰਸਕ੍ਰਿਤਕ ਇਕਾਈਆਂ ਦੇ ਅੰਦਰ ਵੀ ਵੰਨਸਵੰਨਤਾ ਵਧਣੀ ਚਾਹੀਦੀ ਹੈ। ਆਮ ਤੌਰ ਤੇ ਕਿਸੇ ਵੀ ਸਭਿਆਚਾਰਕ ਇਕਾਈ ਜਾਂ ਸੰਗਠਨ ਵਿਚ ਵੰਨਸਵੰਨਤਾ ਨੂੰ ਇੱਕੋ ਜੇਹੇ ਗੁਣਾਂ ਵਾਲੇ ਸਮ-ਗੁਣ ਰੂਪ ਵਿਅਕਤੀਆਂ ਦੇ ਸਮੂਹ ਅੰਦਰ ਮੌਜੂਦ ਬੇਕਾਇਦਗੀ ਹੀ ਸਮਝਿਆ ਜਾਂਦਾ ਰਿਹਾ ਹੈ। ਪਰ ਕਿਸੇ ਵੀ ਸੰਸਕ੍ਰਿਤਕ ਸਮੂਹ ਦਾ ਧਿਆਨ ਨਾਲ ਕੀਤਾ ਗਿਆ ਅਧਿਐਨ ਇਹ ਗੱਲ ਸਪੱਸ਼ਟ ਕਰ ਦਿੰਦਾ ਹੈ ਕਿ ਹਰ ਇਕ ਸੰਸਕ੍ਰਿਤਕ ਸਮੂਹ ਅੰਦਰ ਬਹੁਤ ਵੱਡੀ ਮਾਤਰਾ ਵਿਚ ਸੰਸਕ੍ਰਿਤਕ ਵਿਭਿੰਨਤਾ ਮੌਜੂਦ ਹੁੰਦੀ ਹੈ। ਇਹ ਵਿਭਿੰਨਤਾ ਜਾਂ ਵੰਨਸਵੰਨਤਾ ਹੀ ਉਸ ਸੰਸਕ੍ਰਿਤੀ ਦੀ ਅਮੀਰੀ ਦਾ ਸਬੂਤ ਹੁੰਦੀ ਹੈ। ਇਸ ਵੰਨਸਵੰਨਤਾ ਵਿਚ ਸੰਵਾਦ (ਜਾਂ ਕਰੌਸ ਬਰੀਡਿੰਗ) ਰਾਹੀਂ ਹੀ ਸੰਸਕ੍ਰਿਤਕ ਸੰਗਠਨ ਦਾ ਵਿਕਾਸ ਹੁੰਦਾ ਹੈ। ਇਸ ਵੰਨਸਵੰਨਤਾ ਉਪਰ ਹੀ ਉਸ ਸੰਗਠਨ ਦੇ ਵਿਅਕਤੀਆਂ ਦੀ ਸੰਸਕ੍ਰਿਤਕ ਸਿਰਜਣਾਤਮਕ ਸਮਰੱਥਾ ਨਿਰਭਰ ਕਰਦੀ ਹੈ। ਇਹ ਵਿਭਿੰਨਤਾ ਹੀ ਉਸ ਸੰਗਠਨ ਦੀ ਜੀਣ ਯੋਗਤਾ ਨੂੰ ਨਿਸ਼ਚਿਤ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਮੌਜੂਦ ਸੰਸਕ੍ਰਿਤਕ ਵੰਨਸਵੰਨਤਾ ਜੋ ਗੁਰੂ ਕਵੀਆਂ ਅਤੇ ਭਗਤ ਕਵੀਆਂ ਦੀ ਬਾਣੀ ਵਿਚੋਂ ਸਪੱਸ਼ਟ ਰੂਪ ਵਿਚ ਦੇਖੀ ਜਾ ਸਕਦੀ ਹੈ, ਸਾਥੋਂ ਇਹ ਮੰਗ ਕਰਦੀ ਹੈ ਕਿ ਅੱਜ ਵੀ ਇਸ ਵੰਨਸਵੰਨਤਾ ਨੂੰ ਘਟਾਉਣ ਦੀ ਥਾਂ ਵਧਾਉਣ ਲਈ ਹੀ ਯਤਨਸ਼ੀਲ ਰਹੀਏ। ਸਿੱਖ ਸਮਾਜ ਇੱਕੋ ਜੇਹੀ ਵਰਦੀ, ਟਾਈਮ ਟੇਬਲ, ਰੀਤੀ ਰਿਵਾਜ਼ਾਂ, ਮਰਿਆਦਾ, ਰਹਿਤ, ਮੁੱਲਾਂ, ਕਦਰਾਂ ਕੀਮਤਾਂ, ਕੰਮਾਂ-ਕਾਰਾਂ ਅਤੇ ਨੈਤਿਕਤਾ ਵਾਲੇ ਸਮਗੁਣ-ਰੂਪ ਵਿਅਕਤੀਆਂ ਦੀ ਫੌਜ ਨਹੀਂ। ਵੰਨਸਵੰਨਤਾ ਨਾਲ ਭਰਪੂਰ ਗਤੀਸ਼ੀਲ ਸੰਸਕ੍ਰਿਤੀ ਦਾ ਇਕ ਇਤਿਹਾਸਕ ਪ੍ਰਬੰਧ ਹੈ।

ਇਸ ਗੱਲ ਨੂੰ ਸਮਝਣ ਲਈ ਸੰਗੀਤ ਦੀ ਉਦਾਹਰਣ ਲਈ ਜਾ ਸਕਦੀ ਹੈ। ਗੁਰਮਤਿ ਸੰਗੀਤ ਦੇ ਵਿਕਾਸ ਲਈ ਜਿਥੇ ਇਸ ਵਾਸਤੇ ਬਾਹਰਲੀਆਂ ਸੰਗੀਤ ਪੱਧਤੀਆਂ ਨਾਲ ਇਕ ਸੰਵਾਦ ਜਾਰੀ ਰੱਖਣਾ ਆਵੱਸ਼ਕ ਹੈ, ਉਥੇ ਇਸ ਦੀ ਆਪਣੇ ਅੰਦਰੋਂ ਪੈਦਾ ਕੀਤੀ ਵੰਨਸਵੰਨਤਾ ਨੂੰ ਵੀ ਉਤਸ਼ਾਹਿਤ ਕਰਨ ਦੀ ਲੋੜ ਹੈ। ਜ਼ਰੂਰੀ ਨਹੀਂ ਕਿ ਹਰ ਰਾਗ ਦਾ ਕੋਈ ਇਕ ਸਰੂਪ ਹੀ ਸਹੀ ਮੰਨਿਆ ਜਾਵੇ। ਸਭ ਸਰੂਪਾਂ ਨੂੰ ਸੰਭਾਲਣ ਦੀ ਲੋੜ ਹੈ। ਹਰ ਇਕ ਰਾਗ ਦਾ ਇਕ-ਇਕ ਸਰੂਪ ਨਿਰਧਾਰਿਤ ਕਰਕੇ ਬਾਕੀ ਰੂਪਾਂ ਨੂੰ ਰੱਦ ਕਰ ਦੇਣਾ ਇਕ ਬਹੁਤ ਵੱਡੀ ਭੁੱਲ ਹੋਵੇਗੀ। ਸਾਰੇ ਰੂਪ ਸੰਭਾਲਣ ਦੀ ਹੀ ਲੋੜ ਨਹੀਂ, ਉਨ੍ਹਾਂ ਵਿਚਕਾਰ ਸੰਵਾਦ ਵੀ ਚੱਲਣਾ ਚਾਹੀਦਾ ਹੈ। ਗੁਰਮਤਿ ਸੰਗੀਤ ਦੇ ਵਿਕਾਸ ਲਈ ਇਹੋ ਆਵੱਸ਼ਕ ਹੈ। ਇਹੋ ਗੱਲ ਸਿੱਖ ਸਮਾਜ ਵਿਚ ਪ੍ਰਚੱਲਤ ਵਿਭਿੰਨ ਸੰਪਰਦਾਵਾਂ, ਵਿਚਾਰਧਾਰਕ ਸੰਗਠਨਾਂ ਆਦਿ ਉਪਰ ਲਾਗੂ ਹੁੰਦੀ ਹੈ। ਇਨ੍ਹਾਂ ਵਿਚਕਾਰ ਬਰਾਬਰੀ ਉਪਰ ਆਧਾਰਿਤ ਸਹਿਯੋਗ/ਪ੍ਰਤੀਯੋਗ ਅਤੇ ਸੰਵਾਦ ਚੱਲਣਾ ਚਾਹੀਦਾ ਹੈ।

ਕੁਦਰਤ ਮਨੁੱਖੀ ਸਭਿਆਚਾਰ ਵਿਚ ਅਨੇਕਤਾ, ਬਹੁਰੂਪਤਾ, ਵਿਭਿੰਨਤਾ ਅਤੇ ਵੰਨਸਵੰਨਤਾ ਪੈਦਾ ਕਰਦੀ ਹੈ, ਪਰ ਮਨੁੱਖ ਆਪਣੀ ਹਉਮੈ ਕਾਰਨ ਉਸ ਦੀ ਇਸ ਖੂਬਸੂਰਤੀ ਨੂੰ ਮਿਆਰੀ ਰੂਪ ਦੇਣ ਦੀ ਕੋਸ਼ਿਸ਼ ਕਰਦਾ ਹੈ। ਇਹ ਗੱਲ ਕੁਦਰਤੀ ਵਿਕਾਸ ਪ੍ਰਕਿਰਿਆ ਵਿਚ ਰੁਕਾਵਟ ਬਣਦੀ ਹੈ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਚੱਲਣ ਵਾਲੇ ਸੰਸਕ੍ਰਿਤਕ ਸੰਗਠਨ ਨੂੰ ਗਰੰਥ ਸਾਹਿਬ ਦਾ ਇਹ ਸੁਨੇਹਾ ਜਾਣ ਲੈਣਾ ਚਾਹੀਦਾ ਹੈ ਕਿ ਇਹ ਕੋਈ ਸਦੀਵੀ, ਆਈਸੋਲੇਟਿਡ ਸਿਸਟਮ ਨਹੀਂ, ਸਗੋਂ ਮਨੁੱਖੀ ਭਾਈਚਾਰੇ ਦਾ ਇਕ ਅਨਿਖੜਵਾਂ ਅੰਗ ਹੈ ਜੋ ਆਪਣੇ ਅੰਦਰਲੀ ਅਤੇ ਬਾਹਰਲੀ ਵੰਨਸਵੰਨਤਾ ਨਾਲ ਨਿਰੰਤਰ ਸੰਵਾਦ ਰਾਹੀਂ ਲਗਾਤਾਰ ਵਿਕਾਸ ਪ੍ਰਕਿਰਿਆ ਵਿਚ ਬੱਝਿਆ ਰਹਿੰਦਾ ਹੈ।

**ਸਮਾਜਕ ਤਬਦੀਲੀ :** ਸ੍ਰੀ ਗੁਰੂ ਗ੍ਰੰਥ



ਸਾਹਿਬ ਨੇ ਜਾਤ-ਪਾਤ ਨਾਲ ਜੁੜੀ ਊਚ ਨੀਚ, ਵੈਰ ਵਿਰੋਧ ਦੀ ਭਾਵਨਾ, ਅਤੇ ਸ਼ੋਸ਼ਣ ਨੂੰ ਰੱਦ ਕਰਕੇ ਮਨੁੱਖ ਦੀ ਸਮਰੱਥਾ ਨੂੰ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਕਰਵਾ ਦਿੱਤਾ, "ਜਾਤੀ ਦੈ ਕਿਆ ਹਥ ਸਚੁ ਪਰਖੀਐ॥"

ਪਰ ਕਿਰਤ ਦੀ ਵੰਡ ਨਾਲ ਜੁੜੇ ਜਾਤੀ ਦੇ ਮਹੱਤਵ ਨੂੰ ਖ਼ਤਮ ਨਹੀਂ ਕੀਤਾ ਗਿਆ; "ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥" ਸ੍ਰੀ ਗੁਰੂ ਗ੍ਰੰਥ ਸਾਹਿਬ ਜਾਤੀ ਨਾਲ ਜੁੜੀ ਮਨੁੱਖ ਦੀ ਪਹਿਚਾਣ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕਰਦੇ ਜਾਪਦੇ; "ਰਾਮਦਾਸ ਸੋਢੀ ਤਿਲਕ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ।" ਗੁਰੂ ਸਾਹਿਬ ਤਾਂ ਆਪਣੇ ਸਮੇਂ ਦੀਆਂ ਸੀਮਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਕਿਸੇ ਵੀ ਜਾਤ ਨਾਲ ਜੁੜੇ ਅਰਥਾਂ ਨੂੰ ਪੂਰੀ ਤਰ੍ਹਾਂ ਰੂਪਾਂਤ੍ਰਿਤ ਕਰਕੇ ਇਸ ਅੰਦਰ ਨਵਾਂ ਉਤਸ਼ਾਹ ਜਗਾਉਣ ਤੱਕ ਹੀ ਜਾਂਦੇ; "ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ। ਆਪਿ ਤਰੈ ਸਗਲੇ ਕੁਲ ਤਾਰੈ।" ਜਾਂ "ਖਤ੍ਰੀ ਸੋ ਜੁ ਕਰਮਾ ਕਾ ਸੂਰੁ।" ਆਦਿ। ਪਰ ਇਸ ਅੰਤਰ ਦ੍ਰਿਸ਼ਟੀ ਨੂੰ ਪ੍ਰਾਪਤ ਨਾ ਕਰ ਸਕਣ ਕਾਰਨ ਅੱਜ ਸਿੱਖ ਜਾਤ-ਪਾਤ ਨਾਲ ਜੁੜੀ ਊਚ-ਨੀਚ ਅਤੇ ਵੈਰ-ਵਿਰੋਧ ਦੀ ਭਾਵਨਾ ਤੋਂ ਮੁਕਤ ਨਹੀਂ ਹੋ ਸਕੇ। ਜਾਤੀ ਦੇ ਅੰਦਰ ਵਿਆਹ ਕਰਵਾਉਣ ਦੀ ਪ੍ਰਥਾ ਹਾਲੇ ਉਸੇ ਤਰ੍ਹਾਂ ਕਾਇਮ ਹੈ। ਰਾਮਗੜ੍ਹੀਆਂ ਦਾ ਗੁਰਦੁਆਰਾ, ਰਾਮਦਾਸੀਆਂ ਦਾ ਗੁਰਦੁਆਰਾ ਆਦਿ ਰਾਹੀਂ ਗੁਰਦੁਆਰਿਆਂ ਵਿਚ ਵੀ ਜਾਤ-ਪਾਤ ਦੇ ਆਧਾਰ ਉਤੇ ਵੰਡੀ ਪਾ ਦਿੱਤੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੇਲੇ ਦੀ ਸਾਮੰਤਵਾਦੀ ਵਿਵਸਥਾ ਦਾ ਪੂੰਜੀਵਾਦੀ ਸਮਾਜਿਕ-ਆਰਥਿਕ-ਰਾਜਨੀਤਕ ਪ੍ਰਬੰਧ ਵਿਚ ਤਬਦੀਲੀ ਦਾ ਕੋਈ ਫਾਰਮੂਲਾ ਨਹੀਂ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੇ ਜਦੋਂ ਸਮਾਜ ਨੂੰ ਬ੍ਰਾਹਮਣੀ ਕਰਮਕਾਂਡ ਅਤੇ ਸਮਾਜਿਕ-ਆਰਥਕ-ਰਾਜਨੀਤਕ-ਸਭਿਆਚਾਰਕ ਖੜੋਤ ਵਿਚੋਂ ਬਾਹਰ ਕੱਢ ਕੇ, ਕਿਰਤ, ਹੱਕ, ਸੱਚ, ਇਨਸਾਫ, ਬਰਾਬਰੀ, ਸੰਵਾਦ, ਤਰਕ, ਆਜ਼ਾਦੀ ਆਦਿ ਨਾਲ ਜੋੜ ਦਿੱਤਾ ਤਾਂ ਇਸ ਵਿਚੋਂ ਅਜਿਹੇ ਸਭਿਆਚਾਰ ਦਾ ਨਿਰਮਾਣ ਹੋਇਆ ਜਿਸ ਨੇ ਪੂੰਜੀਵਾਦੀ ਸਮਾਜ ਦੇ ਵਿਕਾਸ ਲਈ ਸਹਾਈ ਹੋਣ ਤੋਂ ਇਲਾਵਾ ਸਮਾਜ-ਸਭਿਆਚਾਰ ਦੇ ਨਿਰੰਤਰ ਵਿਕਾਸ ਦੀ ਦਿਸ਼ਾ ਨੂੰ ਨਿਰਧਾਰਿਤ ਕਰਨ ਵਾਲੀ ਅੰਤਰ-ਦ੍ਰਿਸ਼ਟੀ ਵੀ ਪੈਦਾ ਕਰ ਦਿੱਤੀ।

ਪੰਜਾਬ ਦੀ ਖੇਤੀਬਾੜੀ ਵਿਚੋਂ ਸਾਮੰਤਵਾਦ ਦੇ ਖ਼ਾਤਮੇ ਅਤੇ ਰਾਜ ਵਿਚ ਸਨਅਤੀਕਰਨ/ਮਸ਼ੀਨੀਕਰਨ/ਸੋਸ਼ਲ ਡੈਮੋਕਰੇਸੀ ਦੇ ਵਿਕਾਸ ਲਈ ਉਤਸ਼ਾਹ, ਫੈਡਰਲ ਢਾਂਚੇ ਦੀ ਮੰਗ, ਆਰਥਕ ਖੜੋਤ ਵਿਰੁਧ ਰੀਐਕਸ਼ਨ, ਨਵੀਂ ਦਿਸ਼ਾ ਦੀ ਖੋਜ ਆਦਿ ਸਭ ਇਸੇ ਸੋਚ ਦੀ ਪੈਦਾਵਾਰ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਕਿਸੇ ਵੀ ਚਿਹਨ, ਪ੍ਰਥਾ, ਵਿਚਾਰਧਾਰਾ, ਸੰਕਲਪ, ਸਿਧਾਂਤ ਜਾਂ ਪ੍ਰਬੰਧ ਨੂੰ ਨਾਂ ਰੱਦ ਕਰਦੇ ਹਨ ਅਤੇ ਨਾ ਹੀ ਸਥਾਈ ਅਤੇ ਸਦੀਵੀ ਰੂਪ ਵਿਚ ਪਰਵਾਨ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਇਨ੍ਹਾਂ ਦਾ ਮਹੱਤਵ ਕੇਵਲ ਇਨ੍ਹਾਂ ਦੀ ਗਤੀਸ਼ੀਲਤਾ ਵਿਚ ਹੀ ਹੈ। ਇਨ੍ਹਾਂ ਦੀ ਨਿਰੰਤਰ ਵਿਕਾਸਮਈ ਪ੍ਰਕਿਰਿਆ ਅੰਦਰ। ਇਹ ਤਬਦੀਲੀ ਫੇਰ ਨਵੇਂ ਸੰਕਟਾਂ, ਚੁਣੌਤੀਆਂ ਅਤੇ ਸੰਕਲਪਾਂ ਨੂੰ ਜਨਮ ਦਿੰਦੀ ਹੈ ਜਿਨ੍ਹਾਂ ਦੇ ਸਮਾਧਾਨ ਲਈ ਸ਼ਬਦ ਦੀ ਸਭਿਆਚਾਰਕ ਪ੍ਰਕਿਰਿਆ ਅੰਦਰ ਤਬਦੀਲੀ ਅਤੇ ਵਿਕਾਸ ਦਾ ਸਿਲਸਿਲਾ ਨਿਰੰਤਰ ਚਲਦਾ ਰਹਿੰਦਾ ਹੈ।

ਹਰ ਇਕ ਸਭਿਆਚਾਰ ਜਾਂ ਕੌਮੀਅਤ ਇਕ ਓਪਨ ਸਿਸਟਮ ਹੁੰਦਾ ਹੈ ਜੋ ਕਦੀ ਵੀ ਸੰਤੁਲਤ ਅਵਸਥਾ ਵਿਚ ਨਹੀਂ ਪਹੁੰਚਦਾ। ਹਮੇਸ਼ਾਂ ਅਸੰਤੁਲਤ, ਗਤੀਸ਼ੀਲ ਅਤੇ ਵਿਕਾਸਮਈ ਹੀ ਰਹਿੰਦਾ ਹੈ। ਜਿਹੜੇ ਸਭਿਆਚਾਰਕ ਢਾਂਚੇ, ਰੂਪ ਜਾਂ ਕੌਮੀਅਤਾਂ ਦਿਖਾਈ ਦਿੰਦੀਆਂ ਹਨ, ਉਹ ਕਿਸੇ ਸੰਤੁਲਤ ਅਵਸਥਾ ਦੀ ਸਥਾਈ ਅਤੇ ਸਦੀਵੀ ਦੇਣ ਨਹੀਂ ਹੁੰਦੀਆਂ, ਸਗੋਂ ਮਨੁੱਖੀ ਸਭਿਆਚਾਰ ਦੇ ਗਤੀਸ਼ੀਲ ਵਹਾ ਵਿਚੋਂ ਪੈਦਾ ਹੋਈਆਂ ਆਰਜ਼ੀ ਅਤੇ ਗੈਰ ਸੰਤੁਲਤ ਰਚਨਾਵਾਂ ਹੀ ਹੁੰਦੀਆਂ ਹਨ। ਸੰਤੁਲਤ ਅਵਸਥਾ ਵਿਚ ਤਾਂ ਕੇਵਲ ਉਹ ਆਈਸੋਲੇਟਿਡ ਸਿਸਟਮ ਜਾਂ ਸਮੁੱਚਤਾ ਹੀ ਪਹੁੰਚ ਸਕਦੀ ਹੈ, ਜਿਸਦਾ ਕੋਈ ਚੌਗਿਰਦਾ ਨਹੀਂ, ਸਭ ਕੁਝ ਜਿਸ ਦੇ ਅੰਦਰ ਹੀ ਮੌਜੂਦ ਹੈ। ਇਸ ਲਈ ਉਸ ਸੁੰਨ ਦੇ ਸਿਵਾ ਬਾਕੀ ਸਭ ਕੁਝ ਅਸਥਾਈ, ਅਸਦੀਵੀ, ਅਸੰਤੁਲਿਤ, ਪਰਿਵਰਤਨਸ਼ੀਲ, ਵਿਕਾਸਮਈ, ਆਰਜ਼ੀ ਅਤੇ ਬਿਨਸਣਹਾਰ ਹੀ ਹੈ।

ਇਹ ਗੱਲ ਵੀ ਸਮਝਣ ਵਾਲੀ ਹੈ ਕਿ ਹਰ ਇਕ ਸਭਿਆਚਾਰਕ ਸੰਗਠਨ ਦਾ ਆਪਣਾ ਵਿਲੱਖਣ ਅਤੇ ਵਿਸ਼ਿਸ਼ਟ ਯੋਗਦਾਨ ਹੁੰਦਾ ਹੈ। ਇਸ ਲਈ ਵਿਭਿੰਨ ਸਭਿਆਚਾਰਕ ਇਕਾਈਆਂ ਕਿਸੇ ਸਾਂਝੇ ਜਾਂ ਇੱਕੋ ਸਭਿਆਚਾਰਕ ਇਤਿਹਾਸ ਨੂੰ ਨਹੀਂ ਦੁਹਰਾਉਂਦੀਆਂ। ਕੁਦਰਤ ਨੇ ਸਭਿਆਚਾਰਕ ਅਨੇਕਤਾ, ਬਹੁਰੂਪਤਾ ਅਤੇ ਵੰਨਸਵੰਨਤਾ ਪੈਦਾ ਹੀ ਇਸ ਲਈ ਕੀਤੀ ਹੈ ਤਾਂ ਜੋ ਇਹ ਵਿਭਿੰਨ ਇਕਾਈਆਂ ਆਪਣੇ ਵੱਖੋ-ਵੱਖਰੇ ਅਤੇ ਵਸ਼ਿਸ਼ਟ ਯੋਗਦਾਨਾਂ ਰਾਹੀਂ ਮਨੁੱਖੀ ਸਭਿਆਚਾਰ ਦੀ ਵਿਕਾਸ ਪ੍ਰਕਿਰਿਆ ਨੂੰ ਵਧੇਰੇ ਪ੍ਰਬੀਨ ਅਤੇ ਕੁਸ਼ਲ ਬਣਾ ਸਕਣ। ਇਸ ਲਈ ਵਿਭਿੰਨ ਸਭਿਆਚਾਰਕ ਇਕਾਈਆਂ ਦੇ ਇੱਕੋ ਜਿਹੇ ਇਤਿਹਾਸਕ ਪੜਾਵਾਂ ਵਿਚੋਂ ਦੀ ਲੰਘਕੇ ਵਿਸ਼ੇਸ਼ ਅੰਤਮ ਸਥਿਤੀਆਂ (ਸੰਤੁਲਤ ਅਵਸਥਾਵਾਂ) ਵਿਚ ਪਹੁੰਚਣ ਦੀ ਗੱਲ ਅੱਜ ਸੋਚੀ ਵੀ ਨਹੀਂ ਜਾ ਸਕਦੀ। ਇਸਦੇ ਉਲਟ ਤਮਾਮ ਸਭਿਆਚਾਰਕ ਇਕਾਈਆਂ ਨੇ ਆਪੋ-ਆਪਣੇ ਵਿਲੱਖਣ ਅਤੇ ਵਿਸ਼ਿਸ਼ਟ ਯੋਗਦਾਨ ਰਾਹੀਂ ਮਨੁੱਖ ਜਾਤੀ ਨੂੰ ਸਮੁੱਚੇ ਤੌਰ 'ਤੇ ਅਗਾਂਹ ਤੋਰਨਾ ਹੈ।

ਕੋਈ ਵੀ ਸਭਿਆਚਾਰ ਆਈਸੋਲੇਟਿਡ ਨਹੀਂ ਹੁੰਦਾ, ਸਗੋਂ ਸਮੁੱਚੇ ਮਨੁੱਖੀ ਸਭਿਆਚਾਰ ਦਾ ਇਕ ਵਿਲੱਖਣ ਅੰਗ ਹੁੰਦਾ ਹੈ ਜੋ ਉਸਦੇ ਵਿਕਾਸ ਵਿਚ ਆਪਣਾ ਲੋੜੀਂਦਾ ਇਤਿਹਾਸਕ ਰੋਲ ਅਦਾ ਕਰਕੇ ਉਸੇ ਵਿਚ ਸਮਾ ਜਾਂਦਾ ਹੈ। ਇਸ ਲਈ ਉਸ ਇਕ (ਜੋ ਕੇਵਲ ਇੱਕੋ-ਇਕ ਸਤਿ ਹੈ) ਤੋਂ ਸਿਵਾ ਬਾਕੀ ਸਭ ਕੁਝ ਸਮੇਂ ਦੀ ਦਿਸ਼ਾ ਵਿਚ ਨਿਰੰਤਰ ਜਾਰੀ ਰਹਿਣ ਵਾਲਾ ਇਕ ਗਤੀਸ਼ੀਲ ਵਹਾ ਹੈ। ਸਥਿਰ ਸੰਰਚਨਾਵਾਂ ਦੇ ਰੂਪ ਵਿਚ ਦਿਖਾਈ ਦੇਣ ਵਾਲੀਆਂ ਕਦਰਾਂ-ਕੀਮਤਾਂ, ਮੁੱਲ, ਧਰਮ, ਸਭਿਆਚਾਰ, ਕੌਮੀਅਤਾਂ, ਸੰਕਲਪ, ਸਿਧਾਂਤ, ਸਭ ਉਸ ਨਿਰੰਤਰ ਵਹਾ ਅੰਦਰ ਰੂਪਮਾਨ ਹੋਣ ਵਾਲੀਆਂ ਥੋੜ੍ਹ ਚਿਰੀਆਂ ਗੈਰ-ਸੰਤੁਲਤ ਰਚਨਾਵਾਂ ਹੀ ਹਨ। ਇਸ ਲਈ ਗੁਰਬਾਣੀ ਸਭ ਕਾਸੇ ਨੂੰ ਇਸ ਗਤੀਸ਼ੀਲ ਰੂਪ ਵਿਚ ਦੇਖਣ ਦੀ ਆਵੱਸ਼ਕਤਾ ਉਪਰ ਹੀ ਜ਼ੋਰ ਦਿੰਦੀ ਹੈ।

# ਭੈਣੇ ਸਾਵਣ ਆਇਆ

ਸੁਰਜੀਤ ਕੌਰ ਸੈਕਰਾਮੈਂਟੋ
ਫੋਨ:916-687-3536

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਗੁਰਬਾਣੀ ਅੰਦਰ ਸਾਵਣ ਮਹੀਨੇ ਦੀ ਮਹੱਤਤਾ ਬਹੁਤ ਹੀ ਖੂਬਸੂਰਤ ਢੰਗ ਨਾਲ ਵਰਨਣ ਕੀਤੀ ਹੋਈ ਹੈ: ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ॥

ਸਾਵਣ ਮਹੀਨੇ ਵਿਚ ਕਾਲੀਆਂ ਘਟਾਵਾਂ ਜਦ ਚੜ੍ਹ ਕੇ ਆਉਂਦੀਆਂ ਹਨ ਤੇ ਠੰਢੀ ਹਵਾ ਰੁਮਕ-ਰੁਮਕ ਕੇ ਤੁਰਦੀ ਹੈ ਤਾਂ ਇਹ ਅਲੌਕਿਕ ਨਜ਼ਾਰਾ ਵੇਖਿਆਂ ਹੀ ਬਣਦਾ ਹੈ। ਜੇਠ, ਹਾੜ ਦੀ ਤਪਸ਼ ਨਾਲ ਸੜਦੀ ਲੋਕਾਈ ਸਾਵਣ ਮਹੀਨੇ ਦਾ ਅੱਡੀਆਂ ਚੁੱਕ-ਚੁੱਕ ਰਾਹ ਵੇਖਦੀ ਹੈ। ਹਰ ਸੜਦਾ ਹਿਰਦਾ ਸਾਵਣ ਮਹੀਨੇ ਦਾ ਬੇਸਬਰੀ ਨਾਲ ਇੰਤਜ਼ਾਰ ਕਰਦਾ ਹੈ। ਹੁਣ ਤਾਂ ਸਾਵਣ ਮਹੀਨੇ ਦੀ ਮਹੱਤਤਾ ਵੀ ਕਿਧਰੇ ਗੁੰਮ ਹੋ ਗਈ ਹੈ। ਸਭ ਕੁਝ ਓਪਰਾ-ਓਪਰਾ ਜਿਹਾ ਲਗਦਾ ਹੈ। ਨਹੀਂ ਤਾਂ ਬਾਰ੍ਹਾਂ ਮਹੀਨਿਆਂ ਵਿਚੋਂ ਸਾਵਣ ਮਹੀਨੇ ਦਾ ਰੰਗ-ਰੂਪ ਸਿਖਰਾਂ 'ਤੇ ਹੁੰਦਾ ਸੀ। ਸਾਉਣੀ ਦੀ ਫਸਲ ਲਈ ਵੀ ਕਿਰਸਾਨ ਸਾਉਣ ਮਹੀਨੇ ਦਾ ਹੀ ਰਸਤਾ ਵੇਖਦੇ ਸਨ। ਸੱਜ ਵਿਆਹੀਆਂ ਮੁਟਿਆਰਾਂ ਲਈ ਪਹਿਲੇ ਸਾਲ ਦਾ ਪਹਿਲਾ ਸਾਵਣ ਦੁਨੀਆਂ ਭਰ ਦੀਆਂ ਖੁਸ਼ੀਆਂ ਲੈ ਕੇ ਆਉਂਦਾ ਸੀ। ਸਾਉਣ ਦੇ ਮਹੀਨੇ ਵਿਚ ਸੱਜ ਵਿਆਹੀਆਂ ਧੀਆਂ ਨੂੰ ਉਨ੍ਹਾਂ ਦੇ ਸਹੁਰੇ ਪਿੰਡ ਵੀਰਾਂ ਨੇ ਲੈਣ ਜਾਣਾ ਅਤੇ ਸਾਰੀਆਂ ਕੁੜੀਆਂ ਨੇ ਪੇਕਿਆਂ ਦੇ ਪਿੰਡ ਸਾਵਣ ਦੇ ਮਹੀਨੇ ਦੇ ਚਾਰ ਹਫਤੇ ਇਕੱਠੀਆਂ ਹੋ ਕੇ ਇਸ ਕੁਦਰਤ ਦੇ ਰੱਬੀ ਨਜ਼ਾਰੇ ਦੇ ਰੰਗ ਮਾਨਣੇ, ਪਿੱਪਲੀਂ ਪੀਂਘਾਂ ਪਾਉਣੀਆਂ, ਰੰਗ-ਬਰੰਗੇ ਸੋਹਣੇ ਸੂਟ ਪਾਉਣੇ, ਹੱਥਾਂ ਤੇ ਮਹਿੰਦੀ ਸਜਾਉਣੀ ਅਤੇ ਹਾਰ-ਸ਼ਿੰਗਾਰ ਦਾ ਖੂਬਸੂਰਤ ਹਿੱਸਾ ਕੱਚ ਦੀਆਂ ਚੂੜੀਆਂ ਨਾਲ ਭਰੀਆਂ ਹੋਈਆਂ ਬਾਹਵਾਂ ਅਤੇ ਛਣ-ਛਣ ਕਰਦੀਆਂ ਚੂੜੀਆਂ ਸਾਵਣ ਮਹੀਨੇ ਦੀ ਖੂਬਸੂਰਤੀ ਨੂੰ ਚਾਰ ਚੰਨ ਲਾ ਦਿੰਦੀਆਂ ਸਨ।



ਹੁਣ ਤਾਂ ਸਾਵਣ ਮਹੀਨੇ ਦੀ ਕੋਈ ਉਡੀਕ ਨਹੀਂ ਕਰਦਾ। ਸਭ ਕੁਝ ਕਿਧਰੇ ਅਲੋਪ ਹੋ ਗਿਆ ਹੈ। ਜਦ ਸਾਵਣ ਮਹੀਨੇ ਦੀ ਰਿਮਝਿਮ ਝੜੀ ਲੱਗਣੀ, ਮਾਂਵਾਂ ਨੇ ਪਤੀਲੇ ਭਰ-ਭਰ ਕੇ ਖੀਰ ਦੇ ਬਣਾਉਣੇ, ਮਿੱਠੇ ਅਤੇ ਲੂਣ ਵਾਲੇ ਪੂੜੇ ਪੱਕਣੇ। ਹਰ ਘਰ-ਪਰਿਵਾਰ ਵਿਚ ਇਵੇਂ ਲੱਗਣਾ ਜਿਵੇਂ ਕੋਈ ਵਿਆਹ ਧਰਿਆ ਹੋਵੇ। ਲੋਕਾਂ ਨੇ ਇਹ ਕਹਾਵਤ ਵੀ ਕਹਿਣੀ ਕਿ ਜਿਸ ਨੇ ਸਾਵਣ ਮਹੀਨੇ ਵਿਚ ਖੀਰ ਨਹੀਂ ਖਾਧੀ, ਉਹ ਵੀ ਕੋਈ ਬੰਦਾ ਹੈ। 'ਸਾਵਣ ਖੀਰ ਨਾ ਖਾਧੀਆ, ਕਿਉਂ ਆਇਓਂ ਅਪਰਾਧੀਆ।' ਕੁੜੀਆਂ ਨੇ ਪਿੱਪਲਾਂ ਉਤੇ ਪਈਆਂ ਪੀਂਘਾਂ ਚੜ੍ਹਾਉਣੀਆਂ ਤਾਂ ਲੱਗਣਾ ਜਿਵੇਂ ਅਸਮਾਨ ਨੂੰ ਹੱਥ ਲਾ ਰਹੀਆਂ ਹੋਣ। ਸੱਜ ਵਿਆਹੀ ਨੂੰ ਜਦ ਆਪਣੇ ਕੰਤ ਦੀ ਯਾਦ ਸਤਾਉਂਦੀ ਤਾਂ ਉਸ ਨੇ ਰੱਬ ਅੱਗੇ ਅਰਦਾਸ ਕਰਨੀ ਕਿ ਮੇਰਾ ਪਤੀ ਛੇਤੀ ਮੇਰੇ ਕੋਲ ਆਵੇ। ਦੂਜੇ ਪਾਸੇ ਸਾਵਣ ਦੀਆਂ ਠੰਢੀਆਂ ਫੁਹਾਰਾਂ ਪੈਂਦੀਆਂ ਵੇਖ ਕੇ ਮੋਰਾਂ ਨੇ ਪੈਲਾਂ ਪਾਉਣੀਆਂ, ਪੱਕੇ ਹੋਏ ਅੰਬਾਂ ਦੇ ਦਰੱਖਤਾਂ 'ਤੇ ਬੈਠੀਆਂ ਕੋਇਲਾਂ ਨੇ ਆਪਣੀ ਮਿੱਠੀ ਆਵਾਜ਼ ਵਿਚ ਬ੍ਰਿਹਾ ਦੇ ਨਗਮੇ ਗਾਉਣੇ, ਬੀਂਡਿਆਂ ਨੇ ਆਪਣੇ ਮਧੁਰ ਸੰਗੀਤ ਛੇੜਨੇ, ਡੱਡੂਆਂ ਨੇ ਆਪਣਾ ਇਕ ਵੱਖਰੀ ਤਰ੍ਹਾਂ ਦਾ ਰਾਗ ਅਲਾਪਣਾ ਅਤੇ ਫਿਰ ਥੋੜ੍ਹੀ ਜਿਹੀ ਹੁੰਮਸ ਤੋਂ ਬਾਅਦ ਮੱਛਰਾਂ ਨੇ ਵੀ ਆਪਣੇ ਡੰਗ ਰੱਜ ਕੇ ਚਲਾਉਣੇ ਤੇ ਜੁਗਨੂੰਆਂ ਨੇ ਵੀ ਟਿਮ-ਟਿਮ ਕਰਕੇ ਹਨੇ੍ਰੀਆਂ ਰਾਤਾਂ ਨੂੰ ਰੌਸ਼ਨ ਕਰ ਦੇਣਾ। ਥੋੜ੍ਹੀ ਦੇਰ ਬਾਅਦ ਕਾਲੀਆਂ ਘਟਾਵਾਂ ਨਾਲ ਅਸਮਾਨ ਫਿਰ ਭਰ ਜਾਣਾ ਤੇ ਪਲਾਂ ਵਿਚ ਹੀ ਹਰ ਪਾਸੇ ਜਲ-ਥਲ ਹੋ ਜਾਣੀ।

ਸਾਵਣ ਮਹੀਨੇ ਦੇ ਅਖੀਰਲੇ ਹਫਤੇ ਨੂੰ ਰੱਖੜ ਪੁੰਨਿਆਂ ਦੇ ਦਿਨ ਦਾ ਨਾਮ ਦਿੱਤਾ ਜਾਂਦਾ ਹੈ ਜੋ ਵੀਰਾਂ ਅਤੇ ਭੈਣਾਂ ਦਾ ਸੰਸਾਰ ਪ੍ਰਸਿੱਧ ਤਿਉਹਾਰ ਹੈ। ਇਸ ਦਿਨ ਸਭ ਭੈਣਾਂ ਆਪਣੇ ਵੀਰਾਂ ਦੇ ਗੁੱਟ 'ਤੇ ਰੱਖੜੀ ਬੰਨ੍ਹਦੀਆਂ ਹਨ ਤੇ ਵੀਰ ਆਪਣੀ ਭੈਣ ਨਾਲ ਹਰ ਦੁੱਖ-ਸੁੱਖ ਵਿਚ ਸਾਥ ਦੇਣ ਦਾ ਵਾਅਦਾ ਕਰਦੇ ਹਨ। ਆਓ ਜ਼ਰਾ ਫਿਰ ਉਥੇ ਹੀ ਚਲੀਏ;

ਮੋਰੀ ਰੁਣ-ਝੁਣ ਲਾਇਆ ਭੈਣੇ ਸਾਵਣ ਆਇਆ॥

ਮੇਰੇ ਗੁਰੂ ਨਾਨਕ ਪਿਤਾ ਆਪ ਇਕ ਸੁਹਾਗਣ ਦੇ ਰੂਪ ਵਿਚ ਆ ਕੇ ਸਤਸੰਗੀ ਅਤੇ ਗੁਰਮੁਖ ਪਿਆਰਿਆਂ ਨੂੰ ਆਪਣੀਆਂ ਸਖੀਆਂ-ਸਹੇਲੀਆਂ ਦੇ ਰੂਪ ਵਿਚ ਵੇਖਦੇ ਹਨ ਅਤੇ ਮੁਖਾਤਿਬ ਹੁੰਦੇ ਹਨ ਕਿ ਭੈਣੋ, ਆਓ ਉਸ ਅਕਾਲ ਪੁਰਖ ਪਿਤਾ ਦੀ ਯਾਦ ਵਿਚ ਜੁੜੀਏ ਕਿਉਂਕਿ ਸਾਵਣ ਆ ਗਿਆ ਹੈ। ਇਹ ਖੂਬਸੂਰਤ ਬਹਾਰਾਂ ਨਾਲ ਭਰਿਆ ਮੌਸਮ ਹਰ ਪਾਸੇ ਛਾਈ ਹਰਿਆਲੀ, ਠੰਡੀਆਂ ਹਵਾਵਾਂ, ਕਾਲੀਆਂ ਘਟਾਵਾਂ ਅਤੇ ਰਿਮ-ਝਿਮ ਵਰਸਦੀ ਸਾਵਣ ਦੀ ਫੁਹਾਰ ਵਿਚ ਆਓ ਆਪਣੇ ਪ੍ਰਭੂ ਦੀ ਭਗਤੀ ਨਾਲ ਜੁੜੀਏ, ਅਰਦਾਸਾਂ ਕਰੀਏ, ਪ੍ਰਭੂ ਨੂੰ ਰਿਝਾਈਏ। ਤੁਖਾਰੀ ਰਾਗ ਦੇ ਬਾਰਹਾਮਾਹ ਵਿਚ ਸਤਿਗੁਰੂ ਨਾਨਕ ਫੁਰਮਾਉਂਦੇ ਹਨ:

ਸਾਵਣ ਸਰਸ ਮਨਾ, ਘਣ ਵਰਸਹਿ, ਰੁਤਿ ਆਏ॥

ਮੈ ਮਨਿ ਤਨਿ ਸਹੁ ਭਾਵੇ ਪਿਰ ਪਰਦੇਸ ਸਿਧਾਏ॥

ਤੇ ਭਾਈ ਸਾਵਣ ਦਾ ਮਹੀਨਾ ਆ ਗਿਆ ਹੈ, ਹਰ ਪਾਸੇ ਖੁਸ਼ੀਆਂ ਹਨ, ਪਰ ਜਿਸ ਕਾਮਣ (ਪਤਨੀ) ਦਾ ਪਤੀ ਪਰਦੇਸ ਗਿਆ ਹੋਵੇ, ਉਹ ਬ੍ਰਿਹਾ ਦੀ ਮਾਰੀ ਹੋਈ ਹੈ। (ਮੁੰਧ) ਸੁਹਾਗਣ ਨੂੰ ਸਾਵਣ ਹੋਰ ਵੀ ਦੁੱਖ ਦਿੰਦਾ ਹੈ। ਗੁਰੂ ਅੰਗਦ ਦੇਵ ਜੀ ਵੀ ਸਾਵਣ ਦੀ ਉਪਮਾ ਕਰਦੇ ਹਨ:

ਸਾਵਣ ਆਇਆ ਹੇ ਸਖੀ ਜਲਹਰ ਬਰਸਨ ਹਾਰ॥

ਨਾਨਕ ਸੁਖ ਸਵਨ ਸੁਹਾਗਣੀ ਜਿਨ ਸਹਿ ਨਾਲ ਪਿਆਰ॥

ਇਥੇ ਸਤਿਗੁਰੂ ਸਤਸੰਗੀ ਗੁਰਮੁਖ ਪਿਆਰਿਆਂ ਨੂੰ ਸਖੀ ਕਹਿ ਕੇ ਆਵਾਜ਼ ਦਿੰਦੇ ਹਨ ਕਿ ਹੇ ਸਖੀ, ਸਾਵਣ ਦਾ ਮਹੀਨਾ ਆ ਗਿਆ ਹੈ। ਹੁਣ ਬੱਦਲ ਵਰਸਣਗੇ ਤੇ ਉਹੀ ਸੁਹਾਗਣਾਂ ਸੁਖ ਨਾਲ ਸੌਣਗੀਆਂ ਜਿਨ੍ਹਾਂ ਦਾ ਆਪਣੇ ਸਹੁ ਕੰਤ ਪਰਮੇਸਰ ਨਾਲ ਪਿਆਰ ਹੈ। ਸੇਵਾ ਦੇ ਪੁੰਜ, ਸੰਸਾਰ ਨੂੰ ਤਾਰਨਹਾਰੇ ਸਤਿਗੁਰ ਅਮਰਦਾਸ ਜੀ ਵੀ ਸਾਵਣ ਮਹੀਨੇ ਦੀ ਝੜੀ ਨੂੰ ਇਸ ਰੰਗ ਵਿਚ ਰੰਗਦੇ ਹਨ:

ਊਨਵਿ ਊਨਵਿ ਆਇਆ ਬਰਸੈ ਲਾਇ ਝੜੀ॥

ਨਾਨਕ ਭਾਣੈ ਚਲੈ ਕੰਤ ਕੈ ਸੋ ਮਾਣੈ ਸਦਾ ਰਲੀ॥

ਗੁਰਦੇਵ ਪਿਤਾ ਉਚਾਰਨ ਕਰਦੇ ਹਨ ਕਿ ਹੇ ਭਾਈ, ਸਾਵਣ ਦਾ ਮਹੀਨਾ ਉਮਡ-ਉਮਡ ਕੇ ਆਇਆ ਹੈ ਅਤੇ ਝੜੀ ਲਾ ਕੇ ਵੱਸ ਰਿਹਾ ਹੈ ਪਰ ਇਸ ਸਾਵਣ ਵਿਚ ਵੀ ਉਹ ਸੁਹਾਗਣਾਂ ਹੀ ਅਨੰਦ ਮਾਣ ਸਕਦੀਆਂ ਹਨ ਜੋ ਉਸ ਪਰਮਾਤਮਾ ਦੇ ਭਾਣੇ ਵਿਚ ਚਲਦੀਆਂ ਹਨ ਤੇ ਉਸਦੇ ਹੁਕਮ ਵਿਚ ਹੀ ਰਹਿੰਦੀਆਂ ਹਨ। ਸਾਰੰਗ ਕੀ ਵਾਰ ਵਿਚ ਗੁਰੂ ਰਾਮਦਾਸ ਜੀ ਕਹਿੰਦੇ ਹਨ:

ਸਾਵਣ ਆਇਆ ਝਿਮ-ਝਿਮਾ ਹਰਿ ਗੁਰਮੁਖ ਨਾਮ ਧਿਆਇਆ॥

ਦੁਖ ਭੁਖ ਕਾੜਾ ਸਭੁ ਚੁਕਾਇ ਸੀ ਮੀਹੁ ਵੁਠਾ ਛਹਿਬਰ ਲਾਇ॥

ਸਭ ਧਰਤਿ ਭਈ ਹਰਿਆਵਲੀ ਅੰਨ ਜੰਮਿਆ ਬੋਹਲ ਲਾਇ॥

ਹੇ ਭਾਈ, ਇਕ ਰਸ ਵਰਸਣ ਵਾਲਾ ਸਾਵਣ ਆ ਗਿਆ ਹੈ ਅਤੇ ਗੁਰਮੁਖਿ ਪਿਆਰੇ ਇਸ ਅਤਿ ਸੁਹਾਵਣੇ ਅਤੇ ਅਨੰਦਮਈ ਮੌਸਮ ਵਿਚ ਹਰੀ ਪਰਮਾਤਮਾ ਦੀ ਅਰਾਧਨਾ ਕਰਨਗੇ। ਨਾਲ ਹੀ ਗੁਰਦੇਵ ਪਿਤਾ ਸੰਸਾਰੀ ਜੀਵਾਂ ਦੀਆਂ ਜ਼ਰੂਰਤਾਂ ਅਤੇ ਤਕਲੀਫਾਂ ਦਾ ਵੀ ਵਰਨਣ ਕਰਦੇ ਹੋਏ ਕਹਿੰਦੇ ਹਨ ਕਿ ਹੇ ਭਾਈ, ਸਾਵਣ ਦਾ ਮਹੀਨਾ ਛਹਿਬਰ ਲਾ ਕੇ ਵਰਸੇਗਾ ਅਤੇ ਤੇਰੇ ਦੁਖ ਭੁੱਖ ਅਤੇ ਝੋਰੇ ਸਭ ਦੂਰ ਹੋ ਜਾਣਗੇ ਕਿਉਂਕਿ ਸਾਵਣ ਰੱਜ ਕੇ ਬਰਸ ਰਿਹਾ ਹੈ ਅਤੇ ਸਾਰੀ ਧਰਤੀ ਆਪਣੀ ਪਿਆਸ ਮੁਕਾ ਕੇ ਤ੍ਰਿਪਤ ਹੋਈ ਹੈ ਅਤੇ ਹਰੀ ਭਰੀ ਹੋ ਗਈ ਹੈ। ਹਰ ਪਾਸੇ ਹਰਿਆਲੀ ਹੀ ਹਰਿਆਲੀ ਹੈ, ਹੁਣ ਫਸਲਾਂ ਰੱਜ ਕੇ ਹੋਣਗੀਆਂ ਅਤੇ ਅੰਨ-ਦਾਣੇ ਦੇ ਬੋਹਲ ਲੱਗ ਜਾਣਗੇ ਤੇ ਫਿਰ ਸਭ ਜੀਆ-ਜੰਤ ਖੁਸ਼ ਅਤੇ ਸੁਖੀ ਵਸਣਗੇ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਵੀ ਸਾਵਣ ਮਹੀਨੇ ਨੂੰ ਰੱਬੀ ਰਹਿਮਤਾਂ ਨਾਲ ਭਰਿਆ ਹੋਇਆ ਵੇਖ ਕੇ ਇਕ ਸੁਹਾਗਣ ਦੀ ਅਵਸਥਾ ਨੂੰ ਰਾਗ ਮਾਝ ਦੇ ਬਾਰਹਾ ਮਾਹ ਵਿਚ ਇਸ ਤਰ੍ਹਾਂ ਉਚਾਰਦੇ ਹਨ:

ਸਾਵਣ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ॥

ਮਨ ਤਨ ਰਤਾ ਸਚ ਰੰਗ ਇਕੋ ਨਾਮ ਆਧਾਰ॥

ਤੇ ਭਾਈ ਸਾਵਣ ਦੇ ਮਹੀਨੇ ਵਿਚ ਜੇ ਆਤਮਾ ਰੂਪੀ ਇਸਤਰੀ ਅਕਾਲ ਪੁਰਖ ਪਿਤਾ ਪਰਮੇਸਰ ਦੇ ਚਰਨ ਕਮਲਾਂ ਨਾਲ ਪ੍ਰੀਤ ਕਰਦੀ ਹੈ, ਉਹ ਸੁਹਾਗਣ ਇਸਤਰੀ ਹੀ ਅਨੰਦਮਈ ਅਵਸਥਾ ਨੂੰ ਪ੍ਰਾਪਤ ਕਰ ਸਕਦੀ ਹੈ। ਉਸ ਸੁਹਾਗਣ ਇਸਤਰੀ ਦਾ ਮਨ ਅਤੇ ਤਨ ਨਾਮ ਰੂਪੀ ਰੰਗ ਵਿਚ ਰੰਗਿਆ ਜਾਂਦਾ ਹੈ, ਜਿਸ ਨੇ ਉਸ ਇਕ ਵਾਹਿਗੁਰੂ ਦੇ ਨਾਮ ਨੂੰ ਆਪਣਾ ਆਧਾਰ ਅਤੇ ਆਸਰਾ ਬਣਾ ਰੱਖਿਆ ਹੈ, ਸਾਵਣ ਮਹੀਨਾ ਉਸ ਇਸਤਰੀ ਲਈ ਹੀ ਵਡਭਾਗਾ ਹੈ। ਗੁਰੂ ਅਰਜਨ ਦੇਵ ਸਾਵਣ ਮਹੀਨੇ ਦੀ ਕਿੰਨੀ ਖੂਬਸੂਰਤ ਤਸਵੀਰ ਬਣਾਉਂਦੇ ਹਨ:

ਨਾਨਕ ਬਿਜੁਲੀਆ ਚਮਕਨਿ ਘੁਰਨਿ ਘਟਾ ਅਤਿ ਕਾਲੀਆ॥

ਬਰਸਨਿ ਮੇਘ ਅਪਾਰ, ਨਾਨਕ ਸੰਗਮਿ ਪਿਰੀ ਸੁਹੰਦੀਆ॥

ਹੇ ਭਾਈ, ਅਤਿ ਕਾਲੀਆਂ ਘਟਾਵਾਂ ਚੜ੍ਹ ਆਈਆਂ ਹਨ ਅਤੇ ਗਰਜ ਰਹੀਆਂ ਹਨ, ਬਿਜਲੀ ਵੀ ਚਮਕ ਰਹੀ ਹੈ ਅਤੇ ਬੱਦਲ ਰੱਜ ਕੇ ਵਰ੍ਹ ਰਹੇ ਹਨ। ਇਹੋ ਜਿਹਾ ਸੋਹਣਾ ਸਾਵਣ ਉਨ੍ਹਾਂ ਗੁਰਮੁਖਾਂ-ਪਿਆਰਿਆਂ ਜਾਂ ਸੁਹਾਗਣਾਂ ਲਈ ਹੀ ਸੁਹਾਵਣਾ ਹੈ ਜਿਨ੍ਹਾਂ ਦਾ ਮਿਲਾਪ ਆਪਣੇ ਵਾਹਿਗੁਰੂ ਪਤੀ ਨਾਲ ਹੋਇਆ ਹੈ। ਉਹੋ ਹੀ ਇਸਤਰੀਆਂ ਪਤੀ ਦੇ ਨਾਲ ਸੋਂਹਦੀਆਂ ਹਨ ਅਤੇ ਸਾਵਣ ਵੀ ਉਨ੍ਹਾਂ ਲਈ ਹੀ ਸੁਹਾਵਣਾ ਹੈ। ਸਤਿਗੁਰਾਂ ਦੀ ਗੁਰਬਾਣੀ ਨੇ ਸਾਵਣ ਮਹੀਨੇ ਦੀ ਜੋ ਖੂਬਸੂਰਤੀ ਦਰਸਾਈ ਹੈ, ਉਹ ਇਕ ਅਲੌਕਿਕ ਨਜ਼ਾਰਾ ਦਰਸਾਉਂਦੀ ਹੈ। ਸੋ ਸਤਿਗੁਰ ਨਾਨਕ ਦਾ ਇਹ ਅਗੰਮੀ ਵਿਸਮਾਦੁ ਭਰਿਆ ਸ਼ਬਦ 'ਮੋਰੀ ਰੁਣ-ਝੁਣ ਲਾਇਆ ਭੈਣੇ ਸਾਵਣ ਆਇਆ॥', ਸਾਨੂੰ ਜਿਥੇ ਸਾਵਣ ਮਹੀਨੇ ਦੀ ਮਹੱਤਤਾ ਦਰਸਾਉਂਦਾ ਹੈ, ਉਥੇ ਇਹ ਵੀ ਸਮਝਾਇਆ ਜਾ ਰਿਹਾ ਹੈ ਕਿ ਅਕਾਲ ਪੁਰਖ ਦੇ ਮਿਲਾਪ ਲਈ ਸਾਨੂੰ ਕਿਵੇਂ ਤੜਪਣਾ ਚਾਹੀਦਾ ਹੈ ਤੇ ਕਿਵੇਂ ਉਤਾਵਲੇ ਹੋਣਾ ਚਾਹੀਦਾ ਹੈ? ਸਾਵਣ ਤਾਂ ਹੀ ਸੋਹਣਾ ਹੈ, ਸੁਹਾਵਣਾ ਹੈ, ਖੂਬਸੂਰਤ ਹੈ ਜੇ ਅਸੀਂ ਆਪਣੇ ਅੰਦਰ ਤੜਪ ਪੈਦਾ ਕਰਕੇ ਸੇਵਾ ਤੇ ਸਿਮਰਨ ਨਾਲ ਜੁੜੀਏ, ਗੁਰੂ ਵਾਲੇ ਬਣ ਕੇ ਗੁਰੂ ਦੇ ਹੁਕਮ ਵਿਚ ਰਹੀਏ। ਆਓ! ਅਰਦਾਸ ਕਰੀਏ ਸਾਵਣ ਦਾ ਮਹੀਨਾ ਸਾਰੀ ਮਨੁੱਖਤਾ ਲਈ ਬਹਾਰਾਂ ਵੰਡਦਾ ਰਵ੍ਹੇ।

# ਮੇਰੇ ਬੇਜੀ ਤੇ ਸਾਰੇ ਪਿੰਡ ਦੇ ਬੇਜੀ

ਕਿਰਪਾਲ ਕੌਰ

ਧਰਮ ਦੇ ਨਾਂ 'ਤੇ ਸਾਰੀ ਦੁਨੀਆਂ ਵਿਚ ਦੰਗੇ ਫਸਾਦ ਤੇ ਮਾਰਾਮਾਰੀ ਚਲਦੀ ਹੈ। ਖਾਸ ਕਰਕੇ ਭਾਰਤ ਵਿਚ ਜਿਥੇ ਬਹੁਤ ਧਰਮਾਂ, ਜਾਤੀਆਂ ਦੇ ਲੋਕ ਵਸਦੇ ਹਨ ਤੇ ਉਨ੍ਹਾਂ ਦੇ ਵਿਚਾਰ ਵੀ ਅਲੱਗ-ਅਲੱਗ ਹਨ। ਹੁਣ ਧਰਮ ਦੇ ਨਾਂ 'ਤੇ ਹੀ ਬੰਬ ਤੇ ਟੈਂਕ ਧੂੰਆਂ ਉਗਲਣ ਲੱਗ ਪੈਂਦੇ ਹਨ। ਹਿੰਦੂ ਸਿੱਖ ਭਰਾ-ਭਰਾ ਕਦੀ ਇਕ ਦੂਸਰੇ ਦੇ ਖੂਨ ਦੇ ਪਿਆਸੇ ਹੋ ਜਾਂਦੇ ਹਨ। ਇੰਨਾ ਹੀ ਨਹੀਂ, ਸਿੱਖ-ਸਿੱਖ ਦੀ ਪੱਗ ਲਾਹੁਣ ਤੱਕ ਜਾਂਦਾ ਹੈ। ਸ਼ੀਆ-ਸੁੰਨੀ ਇਕ ਦੂਜੇ ਦੇ ਗਲ 'ਤੇ ਛੁਰੀ ਰੱਖੀ ਫਿਰਦੇ ਹਨ। ਅਸਲੋਂ ਸਾਰੇ ਕੁਕਰਮੀ ਬਣ ਗਏ ਹਨ। ਧਰਮ ਪਤਾ ਹੀ ਨਹੀਂ ਕੀ ਹੈ?

ਐਸੇ ਹਾਲਾਤ ਵਿਚ ਜਦ ਦਮ ਘੁਟਦਾ ਹੈ ਤੇ ਕੁਝ ਪਲ ਆਪਣੇ ਬਚਪਨ ਦੀ ਯਾਦ ਆਉਂਦੀ ਹੈ ਤਾਂ ਅੱਖਾਂ ਬੰਦ ਕਰਕੇ ਮੈਂ ਆਪਣੇ ਪਿੰਡ ਆਪਣੇ ਘਰ ਪਹੁੰਚ ਜਾਂਦੀ ਹਾਂ। ਬੀਤ ਗਿਆ ਸਮਾਂ ਜੀਵਤ ਹੋ ਉਠਦਾ ਹੈ।

ਜਦ ਮੈਂ ਸਕੂਲ ਵਿਚ ਪੜ੍ਹਦੀ ਸੀ ਜਾਂ ਕਹਾਂ ਜਦ ਤੋਂ ਮੈਨੂੰ ਹੋਸ਼ ਆਈ ਮੈਂ ਆਪਣੇ ਘਰ ਵਿਚ ਕੋਈ ਧਰਮ ਨਹੀਂ ਦੇਖਿਆ ਜਾਂ ਫਿਰ ਸਾਰੇ ਧਰਮ ਸਾਡੇ ਘਰ ਵਿਚ ਸਨ। ਸਵੇਰੇ ਉਠਦੇ ਕੰਨਾਂ ਵਿਚ ਬੇਜੀ ਦੀ ਆਵਾਜ਼ ਪੈਣੀ, 'ਧੰਨ ਤੂੰ ਧੰਨ ਤੂੰ' ਜਾਂ 'ਸਤਿਨਾਮ ਵਾਹਿਗੁਰੂ,' 'ਧੰਨ ਦਾਤਾ ਐਨੇ ਪਦਾਰਥ ਦੇਣ ਵਾਲਿਆ' ਇਹ ਮੇਰੀ ਬੇਜੀ ਦਾ ਪਾਠ ਸੀ ਅਤੇ ਇਹੀ ਨਿਤਨੇਮ। ਉਨ੍ਹਾਂ ਕੰਮ ਕਾਰ ਕਰਦੇ ਫਿਰਨਾ ਤੇ ਨਾਲ ਇਨ੍ਹਾਂ ਸ਼ਬਦਾਂ ਦੇ ਨਾਲ ਗੁਰੂ ਦਾ ਸ਼ੁਕਰਾਨਾ ਕਰਨਾ। ਵਿਹੜੇ ਵਿਚ ਛਾਂ ਵਾਲੇ ਪਾਸੇ ਕੰਧ ਦੇ ਕੋਲ ਵੱਡੀ ਚਾਟੀ ਲੱਸੀ ਦੀ ਭਰੀ ਹੋਈ ਪਈ ਹੁੰਦੀ ਤੇ ਕੋਲ ਇਕ ਪਿੱਤਲ ਦਾ ਡੋਲ ਤੇ ਰੋਟੀਆਂ ਦਾ ਭਰਿਆ ਛਾਬਾ। ਸਾਨੂੰ ਉਨ੍ਹਾਂ ਦੱਸਿਆ ਹੋਇਆ ਸੀ ਕਿ ਜੇ ਕਿਤੇ ਉਹ ਇਥੇ ਨਾ ਹੋਣ ਤੇ ਕੋਈ ਲੱਸੀ ਲੈਣ ਆ ਜਾਵੇ ਤਾਂ ਇਹ ਡੋਲ ਲੱਸੀ ਦਾ ਭਰ ਕੇ ਉਸਦੀ ਬਾਲਟੀ ਵਿਚ ਪਾ ਦੇਣਾ ਤੇ ਨਾਲ ਚਾਰ ਪ੍ਰਸ਼ਾਦੇ ਦੇ ਦੇਣੇ। ਕਿਸੇ ਨੇ ਕੰਮ 'ਤੇ ਜਾਣਾ ਹੋਵੇ, ਪ੍ਰਸ਼ਾਦੇ ਖਾ ਕੇ ਲੱਸੀ ਪੀ ਕੇ ਚਲਾ ਜਾਵੇਗਾ।

ਹਰ ਵੀਰਵਾਰ ਨੂੰ ਕੱਚੇ (ਤਾਜ਼ੇ) ਦੁੱਧ ਦੀ ਗੜਵੀ ਭਰ ਕੇ ਰੱਖੀ ਹੁੰਦੀ ਸੀ। ਤਕੀਏ ਵਾਲੇ ਸਾਈਂ ਨੇ ਆ ਕੇ ਲਿਜਾਣੀ ਹੁੰਦੀ ਸੀ। ਉਹ ਕੱਚੀ ਲੱਸੀ ਦਾ ਛਿੱਟਾ ਦਿੰਦਾ। ਵਿਚਾਰਾ ਭਲਾ ਲੋਕ, ਤਕੀਏ ਬੈਠਾ ਪਿੰਡ ਦੇ ਤੇ ਪਿੰਡ ਦੇ ਮਾਲ ਪਸ਼ੂ ਦੀ ਸੁੱਖ ਮੰਗਦਾ ਰਹਿੰਦਾ। ਹਫਤੇ ਵਿਚ ਇਕ ਦਿਨ ਰੁਲੀਆ ਰਾਮ ਬਾਹਮਣ ਨੇ ਆਉਣਾ ਹੁੰਦਾ ਸੀ। ਦੇਸੀ ਘਿਓ ਦੀ ਕੌਲੀ ਉਹਦੇ ਲਈ ਹੁੰਦੀ ਸੀ। ਉਸਨੇ ਘਿਓ ਦੀ ਜੋਤ ਜਗਾਉਣੀ ਹੁੰਦੀ। ਹਰ ਐਤਵਾਰ ਤੇ ਸੰਗਰਾਂਦ ਵਾਲੇ ਦਿਨ ਦੁੱਧ ਦੀ ਬਾਲਟੀ ਤੇ ਰਸਦ ਪ੍ਰਸ਼ਾਦ ਲਈ ਗੁਰਦੁਆਰੇ ਭੇਜਦੇ। ਆਪ ਬੇਜੀ ਨੂੰ ਮੁਸ਼ਕਲ ਹੀ ਗੁਰਦੁਆਰੇ ਜਾਣ ਦਾ ਸਮਾਂ ਮਿਲਦਾ। ਜੇ ਕਿਸੇ ਪੁੱਛਣਾ, ਗੁਰਦੁਆਰੇ ਜਾਣਾ ਤਾਂ ਕਹਿਣਾ ਸਰਦਾਰ ਜੀ ਨੇ ਫੁਲਕਾ ਨਹੀਂ ਛਕਿਆ। ਜੇ ਉਨ੍ਹਾਂ ਠੰਡਾ ਫੁਲਕਾ ਖਾਧਾ ਤਾਂ ਮੇਰੇ ਗੁਰਦੁਆਰੇ ਜਾਣ ਦਾ ਕੀ ਫਲ।

ਗਰਮੀਆਂ ਦੀਆਂ ਛੁੱਟੀਆਂ ਵਿਚ ਬੇਜੀ ਨੇ ਸੇਵੀਆਂ ਵੱਟਣੀਆਂ ਤੇ ਸਾਨੂੰ ਕਹਿਣਾ, ਮਸ਼ੀਨ ਫੇਰੋ। ਜੇ ਮੇਰੇ ਬਾਪੂ ਜੀ ਨੇ ਕਹਿਣਾ ਕਿਉਂ ਬੱਚਿਆਂ ਨੂੰ ਤੰਗ ਕਰਦੀ ਹੈਂ। ਉਨ੍ਹਾਂ ਕਹਿਣਾ, ਬੱਸ ਸੇਰ ਕੁ ਆਟਾ ਹੈ, ਜੀਵੀ ਦੇ ਮੀਏਂ ਨੇ ਰੋਜ਼ੇ ਰੱਖਣੇ ਹੁੰਦੇ ਨੇ। ਮੈਂ ਸੇਵੀਆਂ 'ਤੇ ਘਿਓ ਮਿੱਠਾ ਉਸਨੂੰ ਦੇਣਾ ਸੀ। ਮੁਸ਼ਤਾਕ ਨੇ ਆਪਣੀ ਭੈਣ ਨੂਰਾਂ ਦਾ ਮੁਕਲਾਵਾ ਦੇਣਾ ਹੈ, ਉਸ ਨੂੰ ਵੀ ਦੇਣਾ ਸੀ। ਜਵਾਈ ਦਾ ਆਦਰ ਹੋ ਜਾਊ।

ਜਦੋਂ ਪਾਕਿਸਤਾਨ ਬਣਿਆ, ਬੇਜੀ ਉਸ ਵੇਲੇ ਬਹੁਤ ਦੁਖੀ ਹੋਏ। ਉਨ੍ਹਾਂ ਨੂੰ ਹਰ ਵਕਤ ਆਪਣੇ ਪਿੰਡ ਦੇ ਮੁਸਲਮਾਨਾਂ ਦੇ ਦੋ ਘਰਾਂ ਦਾ ਫਿਕਰ ਲੱਗਾ ਰਹਿੰਦਾ। ਜਦ ਲੋਕ ਆ ਕੇ ਗੱਲਾਂ ਕਰਦੇ, ਲਾਸ਼ਾਂ ਦੀ ਭਰੀ ਗੱਡੀ ਲਾਹੌਰ ਤੋਂ ਆਈ। ਲਾਹੌਰ ਨੂੰ ਲਾਸ਼ਾਂ ਦੀ ਭਰੀ ਗੱਡੀ ਭੇਜੀ। ਉਹ ਹਰ ਇਕ ਨੂੰ ਇਹੀ ਕਹਿੰਦੀ, ਕੋਈ ਸਿਆਣਾ ਬੰਦਾ ਜਾਵੇ, ਸਮਝਾਵੇ ਇਨ੍ਹਾਂ ਲੀਡਰਾਂ ਨੂੰ, ਇਹ ਬੰਦ ਕਰ ਦੇਣ। ਉਹ ਕਹਿੰਦੇ, ਜਿਸਨੇ ਜਿਥੇ ਰਾਜ ਕਰਨਾ ਕਰੇ, ਨਿਰਦੋਸ਼ਾਂ ਦੇ ਘਰ ਉਜਾੜਾ ਕਰਨ ਦੀ ਕੀ ਲੋੜ ਹੈ?

ਇਕ ਵਾਰ ਮੈਨੂੰ ਸਕੂਲ ਤੋਂ ਇਕ ਲੇਖ ਲਿਖਣ ਲਈ ਮਿਲਿਆ, ਜਿਸਦਾ ਸਿਰਲੇਖ ਸੀ, ਭਾਰਤ ਦੇ ਭਿੰਨ ਭਿੰਨ ਧਰਮ। ਮੈਂ ਬੇਜੀ ਨੂੰ ਪੁੱਛਿਆ, ਬੇਜੀ ਤੁਸੀਂ ਕਿਸ-ਕਿਸ ਧਰਮ ਬਾਰੇ ਜਾਣਦੇ ਹੋ। ਉਨ੍ਹਾਂ ਹੈਰਾਨੀ ਨਾਲ ਮੇਰੇ ਵਲ ਤਕਿਆ ਤੇ ਬੋਲੇ, ਬੇਟਾ ਕਿਸ ਕਿਸ ਧਰਮ ਤੋਂ ਤੇਰਾ ਕੀ ਭਾਵ ਹੈ, ਮੈਂ ਸਮਝ ਨਹੀਂ ਸਕੀ। ਫਿਰ ਕਹਿਣ ਲੱਗੇ, ਮੈਂ ਤਾਂ ਅਨਪੜ੍ਹ ਹਾਂ। ਮੇਰੀ ਸਮਝ ਵਿਚ ਇਹੀ ਆਉਂਦਾ ਹੈ ਕਿ ਧਰਮ ਤੇ ਦੁਨੀਆਂ ਵਿਚ ਇਕ ਹੀ ਹੈ, ਉਹ ਹੈ ਸਭ ਦਾ ਭਲਾ ਕਰੋ। ਕਿਸੇ ਦਾ ਬੁਰਾ ਨਾ ਚਾਹੋ। ਦਸਾਂ ਨਹੁੰਆਂ ਦੀ ਮਿਹਨਤ ਕਰੋ, ਖਾਓ, ਤੇ ਹੋ ਸਕੇ ਤਾਂ ਕਿਸੇ ਲੋੜਵੰਦ ਦੀ ਲੋੜ ਪੂਰੀ ਕਰੋ। ਕੂੜ ਨਾ ਕਮਾਓ। ਹਾਂ, ਗੁਰਦੁਆਰੇ, ਮੰਦਰ, ਮਸਜਿਦ ਤੇ ਗਿਰਜਾਘਰ ਅਲੱਗ ਹਨ ਪਰ ਸਭ ਦੇ ਅੰਦਰ ਰੱਬ ਦਾ ਨਾਮ ਹੀ ਲੈਂਦੇ ਹਨ। ਕਿਤੇ ਨਹੀਂ ਕਿਹਾ ਜਾਂਦਾ ਕਿ ਝੂਠ ਬੋਲੋ। ਦੂਜੇ ਲੋਕਾਂ ਨੂੰ ਜਾਨੋਂ ਮਾਰਨਾ, ਮੁਕਾਣਾ ਤਾਂ ਮਾੜੀ ਬਿਰਤੀ ਵਾਲਿਆਂ ਦਾ ਕੰਮ ਹੈ। ਨਾ ਤਾਂ ਧਰਮ ਇਮਾਰਤਾਂ ਦੀਆਂ ਸ਼ਕਲਾਂ ਅਲੱਗ ਹੋਣ ਨਾਲ ਬਦਲਦਾ ਹੈ, ਨਾ ਅਲੱਗ ਨਾਮ ਰੱਖਣ ਨਾਲ। ਉਹ ਤਾਂ ਸਤਵੰਤ ਕੌਰ ਦੇ ਅੰਦਰ ਵੀ ਹੈ, ਸਰਿਤਾ ਦੇ ਅੰਦਰ ਵੀ, ਸੈਦਾ ਬੇਗਮ ਤੇ ਸੂਜਨ ਦੇ ਅੰਦਰ ਵੀ। ਮੈਂ ਬੇਜੀ ਦੇ ਵਿਚਾਰ ਸੁਣ ਕੇ ਹੈਰਾਨ ਰਹਿ ਗਈ। ਇਸ ਬੇਜੀ ਨੂੰ ਕੋਈ ਅਨਪੜ੍ਹ ਕਿਵੇਂ ਕਹਿ ਸਕਦਾ ਹੈ। ਅਨਪੜ੍ਹ ਤੇ ਬੇਸਮਝ ਉਹ ਨੇ, ਜਿਨ੍ਹਾਂ ਮੈਨੂੰ ਪੁੱਠੇ ਰਾਹ ਪਾਉਣ ਲਈ ਇਹ ਲੇਖ ਲਿਖਣ ਲਈ ਦਿੱਤਾ।

ਕੁਝ ਦੇਰ ਬਾਅਦ ਬੇਜੀ ਫਿਰ ਬੋਲੇ, ਜਿਵੇਂ ਬਹੁਤ ਮੁਸ਼ੱਕਤ ਤੋਂ ਬਾਅਦ ਉਹ ਸਾਹ ਲੈ ਕੇ ਬੋਲ ਰਹੇ ਹੋਣ, "ਬੇਟਾ, ਤੂੰ ਆਪ ਸੋਚ ਕਿ ਕਿਸ ਮੰਦਰ, ਗੁਰਦੁਆਰੇ ਜਾਂ ਮਸੀਤ ਵਿਚ ਇਹ ਦੱਸਿਆ ਜਾਂਦਾ ਹੋਵੇਗਾ ਕਿ ਕਿਸੇ ਦਾ ਹੱਕ ਲੈਣਾ ਠੀਕ ਹੈ? ਹਰ ਥਾਂ ਜੋ ਸੱਚ ਹੈ, ਉਹੀ ਸੱਚ ਹੈ। ਬੁਰਾਈ ਹਰ ਥਾਂ ਬੁਰੀ ਹੈ, ਇਸ ਲਈ ਮੇਰੀ ਬੱਚੀ ਧਰਮ ਇਕ ਹੈ। ਉਸਨੂੰ ਵੇਖਣ ਵਾਲੀਆਂ ਐਨਕਾਂ ਦੇ ਰੰਗ ਅਲੱਗ ਹਨ।" ਮੈਂ ਤਾਂ ਬੇਜੀ ਦੀਆਂ ਗੱਲਾਂ ਸੁਣ ਕੇ ਹੈਰਾਨ ਰਹਿ ਗਈ। ਮੈਂ ਕਦੀ ਨਹੀਂ ਸੀ ਸੋਚਿਆ ਕਿ ਇਨ੍ਹਾਂ ਦੇ ਅੰਦਰ ਗਿਆਨ ਦਾ ਅਥਾਹ ਸਾਗਰ ਹੈ। ਮੈਂ ਤਾਂ ਸਮਝਦੀ ਸੀ ਕਿ ਬੇਜੀ ਨੂੰ ਤੇ ਚਰਖਾ ਕੱਤਣਾ ਆਉਂਦਾ ਹੈ, ਹੋਰ ਕੁਝ ਨਹੀਂ ਪਤਾ।

ਉਸ ਵੇਲੇ ਮੈਂ ਜਾਣਿਆ ਕਿ ਬੇਜੀ ਦੇ ਚਰਖੇ ਵਿਚ ਵੀ ਬੇਜੀ ਦਾ ਧਰਮ ਛੁਪਿਆ ਹੋਇਆ ਹੈ। ਜਦ ਉਨ੍ਹਾਂ ਕੋਲ ਸਮਾਂ ਹੁੰਦਾ, ਉਹ ਚਰਖਾ ਡਾਹ ਕੇ ਕੱਤਣ ਲੱਗ ਪੈਂਦੇ। ਸੂਤ ਦੇ ਉਹ ਖੇਸ ਤੇ ਖੱਦਰ ਬਣਾਉਂਦੇ। ਫਿਰ ਉਹ ਕੁੜਤੇ, ਪਜਾਮੇ ਦੇ ਨਾਪ ਦਾ ਖੱਦਰ ਪਾੜ-ਪਾੜ ਕੇ ਰੱਖ ਲੈਂਦੇ। ਜਦ ਕੋਈ ਲੋੜਵੰਦ ਦਿਸਦਾ ਜਾਂ ਕੋਈ ਆ ਮੰਗ ਲੈਂਦਾ, ਉਸਨੂੰ ਕੱਪੜਾ ਦੇ ਦਿੰਦੇ। ਕਿਸੇ ਕੰਮੀ ਨੂੰ ਖੇਸ ਦੇ ਦੇਣਾ। ਕਿਸੇ ਦੀ ਲੜਕੀ ਦੀ ਸ਼ਾਦੀ ਹੋਵੇ, ਘਰ ਬਣਾਈਆਂ ਦਰੀਆਂ, ਖੇਸ ਜੋੜ ਕੇ ਬਿਸਤਰਾ ਭੇਜਣਾ। ਉਨ੍ਹਾਂ ਨੂੰ ਆਪਣੇ ਪਰਿਵਾਰ ਦੀ ਹੀ ਚਿੰਤਾ ਨਹੀਂ ਹੁੰਦੀ ਸੀ। ਉਨ੍ਹਾਂ ਲਈ ਤੇ ਸਾਰਾ ਪਿੰਡ ਆਪਣਾ ਪਰਿਵਾਰ ਸੀ। ਕੋਈ ਜਾਤ, ਕੋਈ ਧਰਮ, ਉਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੇ ਸਨ।

ਅੱਜ ਜੋ ਦੇਸ਼ ਦੇ ਨੇਤਾ ਕਹਾਉਂਦੇ ਨੇ, ਉਹ ਆਪਣੀ ਲੀਡਰੀ ਕਾਇਮ ਰੱਖਣ ਤੇ ਵੋਟਾਂ ਲਈ ਨਿਤ ਲੋਕਾਂ ਨੂੰ ਕਦੀ ਧਰਮ ਦੇ ਨਾਂ 'ਤੇ, ਕਦੀ ਜਾਤੀ ਦੇ ਨਾਂ 'ਤੇ ਲੜਾਉਂਦੇ ਹਨ। ਖੂਨ ਖਰਾਬਾ ਕਰਦੇ ਹਨ। ਜੇ ਬੇਜੀ ਅੱਜ ਹੁੰਦੇ, ਉਨ੍ਹਾਂ ਬਹੁਤ ਦੁਖੀ ਹੋਣਾ ਸੀ ਪਰ ਨਾਲ ਹੀ ਇਹ ਵੀ ਸੋਚਦੀ ਹਾਂ, ਕਾਸ਼! ਬੇਜੀ ਅੱਜ ਹੁੰਦੇ, ਕਿਸੇ ਨੂੰ ਕੁਝ ਮੱਤ ਦਿੰਦੇ। ਲੀਡਰ ਬਣਨ ਦੇ ਚਾਹਵਾਨ ਜਦ ਪਿੰਡ ਵਿਚ ਵੋਟਾਂ ਮੰਗਣ ਲਈ ਆਉਂਦੇ ਹਨ ਤਾਂ ਡਰਾਮਾ ਕਰਦੇ ਹਨ। ਪਿੰਡ ਦੇ ਵੱਡੇ ਬਜ਼ੁਰਗਾਂ ਦੇ ਪੈਰੀਂ ਮੱਥਾ ਟੇਕਦੇ ਹਨ। ਉਸ ਵੇਲੇ ਬੇਜੀ ਕਿਸੇ ਨੂੰ ਮੱਤ ਦਿੰਦੇ ਖ਼ਬਰੇ ਕਿਸੇ ਦੇ ਪੱਲੇ ਪੈ ਜਾਂਦੀ।

ਬੇਜੀ ਦੀ ਸਿੱਖਿਆ ਸਦਕਾ ਉਸ ਵੇਲੇ ਦੇ ਬੱਚੇ ਅੱਜ ਪਿੰਡ ਦੇ ਜਵਾਨ ਤੇ ਪਿੰਡ ਦੇ ਰਖਵਾਲੇ ਹਨ। ਸਾਡੇ ਪਿੰਡ ਦਾ ਹਰ ਆਦਮੀ-ਔਰਤ ਮਿਹਨਤੀ ਹੈ, ਜਿਸ ਕੋਲ ਦੋ ਖੇਤ ਜ਼ਮੀਨ ਹੈ, ਉਸਨੇ ਡੇਅਰੀ ਦਾ ਕੰਮ ਨਾਲ ਸ਼ੁਰੂ ਕੀਤਾ ਹੋਇਆ ਹੈ। ਕੋਈ ਆਪਣੀ ਥੋੜ੍ਹੀ ਜ਼ਮੀਨ ਦੀ ਵਾਹੀ ਕਰਕੇ ਨਾਲ ਕਿਸੇ ਕਾਰਖਾਨੇ ਵਿਚ ਕੰਮ ਕਰਦਾ ਹੈ। ਗੱਲ ਕੀ, ਹਰ ਘਰ ਖੁਸ਼ਹਾਲ ਹੈ। ਘਰ-ਘਰ ਹਰ ਸਹੂਲਤ ਹੈ। ਕੋਈ ਬੰਦਾ ਐਬੀ, ਅਮਲੀ ਨਹੀਂ ਹੈ। ਨਾ ਹੀ ਸਾਡੇ ਪਿੰਡ ਵਿਚ ਕਦੀ ਮਾੜੀ ਚੰਗੀ ਗੱਲ ਉਡੀ ਹੈ। ਅੱਜ ਵੀ ਕਿਸੇ ਨਾਲ ਗੱਲ ਕਰੋ, ਚਾਰ ਗੱਲਾਂ ਤੋਂ ਮਗਰੋਂ ਬੇਜੀ ਦਾ ਹਵਾਲਾ ਜ਼ਰੂਰ ਆਵੇਗਾ। ਜਿਸ ਬੇਜੀ ਦੇਖੀ ਵੀ ਨਹੀਂ ਸੀ, ਉਹ ਵੀ ਸੁਣੀ-ਸੁਣਾਈ ਗੱਲ ਅਨੁਸਾਰ ਕਹੂਗਾ, 'ਬੇਜੀ ਇਸ ਤਰ੍ਹਾਂ ਕਹਿੰਦੇ ਹੁੰਦੇ ਸਨ...।' ਇਹੋ ਜਿਹੇ ਸਨ ਸਾਡੇ ਬੇਜੀ। ਮੇਰੇ ਬੇਜੀ ਤੇ ਮੇਰੇ ਪਿੰਡ ਦੇ ਬੇਜੀ।

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਬਾਹਰ ਤੁਰਦਿਆਂ ਹੀ ਕਾਰ ਸੇਵਾ ਵਾਲੇ ਇੰਚਾਰਜ ਬਾਬਾ ਜੀ ਵੀ ਮਿਲ ਗਏ। ਬੜੇ ਖੁਸ਼ ਹੋ ਕੇ ਮਿਲੇ ਤੇ ਸਾਨੂੰ ਦੇਖ ਕੇ ਪੁੱਛਿਆ ਕਿ ਤੁਹਾਡੇ ਨਾਲ ਹੋਰ ਕਿੰਨੀ ਕੁ ਸੰਗਤ ਹੈ। ਸਾਡੇ ਤਿੰਨ ਦੱਸਣ 'ਤੇ ਕਹਿੰਦੇ ਕਿ ਤੁਸੀਂ ਅਮਰੀਕਾ-ਇੰਗਲੈਂਡ ਵਾਲੇ ਹੋ। ਅਸੀਂ ਬੜੇ ਹੈਰਾਨ ਹੋਏ ਕਿ ਇਹਨੂੰ ਕਿੱਦਾਂ ਪਤਾ ਲੱਗ ਗਿਆ। ਉਹ ਆਪ ਹੀ ਦੱਸਣ ਲੱਗ ਪਿਆ ਕਿ ਅੱਜ



**ਮਝੈਲ ਸਿੰਘ ਸਰਾਂ**

ਦੁਪਹਿਰੇ ਇਕ ਟੈਲੀਫੋਨ ਆਇਆ ਸੀ। ਉਸਨੇ ਕਿਹਾ ਕਿ ਤਿੰਨ ਸਰਦਾਰਾਂ ਦੇ ਲੰਗਰ ਦਾ ਪ੍ਰਬੰਧ ਕਰ ਦਿਓ। ਇਹਦਾ ਮਤਲਬ, ਉਹ ਤੁਸੀਂ ਹੀ ਹੋਵੋਗੇ। ਬਾਅਦ 'ਚ ਸਾਨੂੰ ਪਤਾ ਲੱਗਿਆ ਸੀ ਕਿ ਫੋਨ ਲਾਹੌਰ ਤੋਂ ਕਾਦਿਰ ਭਾਈ ਨੇ ਕੀਤਾ ਸੀ। ਫਿਰ ਉਹਨੇ ਆਪਣੇ ਲੰਗਰ ਵਾਲੀ ਜਗ੍ਹਾ ਵੀ ਸਮਝਾ ਦਿੱਤੀ ਤੇ ਕਿਹਾ ਕਿ ਜਦ ਮਰਜੀ ਆ ਜਾਇਓ। ਉਸ ਨੇ ਹੀ ਸਾਨੂੰ ਦੱਸਿਆ ਕਿ ਕਿਹੜੀ-ਕਿਹੜੀ ਉਸਾਰੀ ਚਲ ਰਹੀ ਹੈ। ਜ਼ਿਆਦਾਤਰ ਇੰਗਲੈਂਡ ਦੀ ਸੰਗਤ ਦਾ ਜ਼ਿਕਰ ਹੁੰਦਾ ਸੀ ਕਿ ਉਥੋਂ ਜ਼ਿਆਦਾ ਪੈਸਾ ਰਿਹਾਇਸ਼ੀ ਕੰਪਲੈਕਸ ਬਣਾਉਣ ਲਈ ਆਇਆ। ਉਦੋਂ ਤਕ ਮਾੜਾ-ਮਾੜਾ ਹਨ੍ਹੇਰਾ ਵੀ ਹੋਣਾ ਸ਼ੁਰੂ ਹੋ ਗਿਆ ਸੀ ਤੇ ਅਸੀਂ ਅੰਦਰ ਮੱਥਾ ਟੇਕਣ ਲਈ ਚਲ ਪਏ। ਗੁਰਦੁਆਰੇ ਦੀ ਦਰਸ਼ਨੀ ਡਿਓੜੀ 'ਤੇ ਵੱਡੇ ਅੱਖਰਾਂ ਵਿਚ ਲਿਖਿਆ ਹੋਇਆ ਹੈ, 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣੁ ਹੋਆ।' ਭਾਵੇਂ ਅਸੀਂ ਕਿੰਨੀ ਵਾਰੀ ਇਹ ਪੜ੍ਹਿਆ ਤੇ ਸੁਣਿਆ ਹੋਇਆ, ਪਰ ਗੁਰਦੁਆਰਾ ਜਨਮ ਅਸਥਾਨ ਦੇ ਅੱਗੇ ਲਿਖਿਆ ਪੜ੍ਹ ਕੇ ਇਹ ਮਹਿਸੂਸ ਕੀਤਾ ਕਿ ਆਹ ਉਹ ਭਾਗਾਂ ਵਾਲੀ ਜਗ੍ਹਾ ਹੈ, ਜਿਥੇ ਕੁੱਲ ਲੋਕਾਈ ਨੂੰ ਤਾਰਨ ਵਾਲੇ ਨੇ ਜਨਮ ਲਿਆ ਤੇ ਜਿਸਦੇ ਦਰਸ਼ਨਾਂ ਲਈ ਹਰ ਸਿੱਖ ਅਰਦਾਸ ਕਰਦਾ ਹੈ। ਅੱਜ ਸਾਡੀ ਅਰਦਾਸ ਵੀ ਪ੍ਰਵਾਨ ਹੋਣ ਜਾ ਰਹੀ ਸੀ ਤੇ ਬਾਬੇ ਨਾਨਕ ਦੇ ਸ਼ੁਕਰਾਨੇ ਵਜੋਂ ਆਪਣੇ-ਆਪ ਹੀ ਹੱਥ ਜੁੜੀ ਜਾ ਰਹੇ ਸਨ। ਐਦਾਂ ਮਹਿਸੂਸ ਹੋ ਰਿਹਾ ਸੀ ਕਿ ਜਿੱਦਾਂ ਕੋਈ ਅਨਮੋਲ, ਅਗੰਮੀ ਖਜ਼ਾਨਾ ਹੱਥ ਲੱਗਣਾ ਹੋਵੇ, ਜਿਸ ਤੋਂ ਅੱਜ ਤੱਕ ਵਿਰਵੇ ਹੀ ਰਹੇ ਹੋਈਏ। ਇਕ ਅਨੋਖੀ ਜਿਹੀ ਖੁਸ਼ੀ ਦੀਆਂ ਤਰੰਗਾਂ ਉਠਦੀਆਂ ਲਗਦੀਆਂ ਸਨ, ਜਿਹਨੂੰ ਮੈਂ ਲਫਜ਼ਾਂ ਵਿਚ ਬਿਆਨ ਕਰਨ ਦੇ ਅਸਮਰਥ ਹਾਂ, ਬੱਸ ਮਹਿਸੂਸ ਹੀ ਕੀਤਾ ਜਾ ਸਕਦਾ ਹੈ ਇਹੋ-ਜਿਹੀ ਹਾਲਤ ਨੂੰ।

ਕੀਰਤਨ ਤੋਂ ਬਾਅਦ ਸ. ਸ਼ਾਮ ਸਿੰਘ (ਪ੍ਰਧਾਨ, ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ) ਨੇ ਵੀ ਸੰਗਤਾਂ ਨੂੰ ਗੁਰਪੁਰਬ ਸਮੇਂ ਵਧ ਤੋਂ ਵਧ ਸੇਵਾ ਲਈ ਅਪੀਲ ਕੀਤੀ। ਫਿਰ ਨਨਕਾਣਾ ਸਾਹਿਬ ਦਾ ਐਸ. ਐਸ. ਪੀ. (ਪੁਲਿਸ), ਜਿਸਨੂੰ ਪਾਕਿਸਤਾਨ ਵਿਚ ਡੀ. ਪੀ. ਸੀ. (ਡਿਸਟ੍ਰਿਕਟ ਪੁਲਿਸ ਚੀਫ) ਦੇ ਅਹੁਦੇ ਨਾਲ ਸੱਦਿਆ ਜਾਂਦਾ ਹੈ, ਵੀ ਸੰਗਤਾਂ ਨੂੰ ਗੁਰਪੁਰਬ 'ਤੇ ਸਕਿਉਰਿਟੀ ਸੰਬੰਧੀ ਜਾਣਕਾਰੀ ਦੇਣ ਆਇਆ। ਉਸਦੀ ਉਮਰ ਕੋਈ 35 ਕੁ ਸਾਲ ਦੀ ਹੋਣੀ ਹੈ ਤੇ ਉਹਨੇ ਕੋਈ 15 ਕੁ ਮਿੰਟ ਸਟੇਜ 'ਤੇ ਖੜ੍ਹ ਕੇ ਸੰਬੋਧਨ ਕੀਤਾ ਤੇ ਠੇਠ ਉਰਦੂ ਬੋਲਿਆ, ਇਕ ਵੀ ਲਫਜ਼ ਅੰਗਰੇਜ਼ੀ ਦਾ ਨਹੀਂ ਬੋਲਿਆ। ਅਸਲ ਵਿਚ ਪਾਕਿਸਤਾਨ ਦੇ ਅੰਦਰੂਨੀ ਹਾਲਾਤ ਕੁਝ ਖਰਾਬ ਹੋਣ ਕਰਕੇ ਇਹ ਵੀ ਖਦਸ਼ਾ ਸੀ ਕਿ ਪਤਾ ਨਹੀਂ ਤਾਲਿਬਾਨ ਸਿੱਖ ਭੇਸ ਵਿਚ ਗੁਰਦੁਆਰੇ ਅੰਦਰ ਸੰਗਤਾਂ ਦੇ ਨਾਲ ਹੀ ਦਾਖਲ ਨਾ ਹੋ ਜਾਣ ਤੇ ਕਿਤੇ ਕੋਈ ਮਾੜੀ ਹਰਕਤ ਨਾ ਕਰ ਜਾਣ। ਇਸ ਕਰਕੇ ਉਹ ਵਾਰ-ਵਾਰ ਲੋਕਲ ਸਿੱਖਾਂ ਨੂੰ ਅਪੀਲ ਕਰ ਰਿਹਾ ਸੀ ਕਿ ਸ਼ੱਕੀ ਬੰਦੇ 'ਤੇ ਨਿਗ੍ਹਾ ਰੱਖਿਓ। ਪੁਲਿਸ ਅਫਸਰ ਦੀ ਬੋਲੀ ਤੋਂ ਲੱਗਾ ਕਿ ਵਾਕਿਆ ਹੀ ਪਾਕਿਸਤਾਨੀ ਸਰਕਾਰ ਤਾਲਿਬਾਨ ਦੇ ਅੰਦਰੂਨੀ ਬੰਬ ਵਿਸਫੋਟਾਂ ਤੋਂ ਬਹੁਤ ਹੀ ਘਾਬਰੀ ਹੋਈ ਹੈ।

ਇਨ੍ਹਾਂ ਸਾਰਿਆਂ ਬੁਲਾਰਿਆਂ ਤੋਂ ਬਾਅਦ ਸ਼ਾਮ ਦੇ ਦੀਵਾਨ ਦੀ ਸਮਾਪਤੀ ਦੀ ਅਰਦਾਸ ਹੋਈ, ਜਿਸ ਵਿਚ ਅਰਜੋਈ ਇਹ ਸੀ ਕਿ ਗੁਰਦੁਆਰਾ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰੇ ਤੇ ਸੇਵਾ ਸੰਭਾਲ ਆਪਣੇ ਖਾਲਸਾ ਜੀ ਨੂੰ ਬਖ਼ਸ਼ਣੀ ਜੀ। ਪਤਾ ਨਹੀਂ ਮੇਰੇ ਮਨ ਵਿਚ ਇਹ ਵਿਚਾਰ ਕਿੱਦਾਂ ਆ ਗਿਆ ਕਿ ਜਿਸ ਗੁਰਦੁਆਰੇ ਵਿਚ ਇਹ ਅਰਦਾਸ ਹੋ ਰਹੀ ਸੀ, ਉਥੇ ਮੈਨੂੰ ਹਰ ਪਾਸੇ ਖਾਲਸੇ ਹੀ ਨਜ਼ਰੀਂ ਆਏ। ਜੋ ਗ੍ਰੰਥੀ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਸੀ, ਉਹ ਪੂਰਨ ਗੁਰਸਿੱਖ ਅੰਮ੍ਰਿਤਧਾਰੀ ਸਿੰਘ ਸੀ। ਜਿਹੜੇ ਸਿੰਘ ਕੀਰਤਨ ਕਰ ਰਹੇ ਸਨ, ਉਹ ਵੀ ਗੁਰਸਿੱਖ ਖਾਲਸੇ। ਜਿਹੜੇ ਗੁਰਦੁਆਰੇ ਨੂੰ ਸਜਾ ਰਹੇ ਸਨ, ਉਹ ਵੀ ਸਾਰੇ ਖਾਲਸੇ ਸਨ ਤੇ ਸੰਗਤ ਵਿਚ ਜ਼ਿਆਦਾ ਗਿਣਤੀ ਅੰਮ੍ਰਿਤਧਾਰੀ ਬੀਬੀਆਂ ਤੇ ਸਿੰਘਾਂ ਦੀ ਸੀ। ਅਰਦਾਸ ਕਰਨ ਵਾਲਾ ਭਾਈ ਸਾਹਿਬ ਵੀ ਚੜ੍ਹਦੀ ਕਲਾ ਵਾਲਾ ਖਾਲਸਾ ਦਿਸਦਾ ਸੀ, ਇਹ ਵੱਖਰੀ ਗੱਲ ਸੀ ਕਿ ਇਹ ਸਾਰੇ ਪਾਕਿਸਤਾਨ ਦੇ ਰਹਿਣ ਵਾਲੇ ਸਨ।

ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਸੇਵਾ ਤਾਂ ਖਾਲਸਾ ਹੀ ਕਰ ਰਿਹਾ ਦਿਸ ਰਿਹਾ ਸੀ, ਫਿਰ ਪੁਲਿਸ ਅਫ਼ਸਰ ਨੇ ਵੀ ਬੇਨਤੀ ਲੋਕਲ ਖਾਲਸੇ ਨੂੰ ਹੀ ਕੀਤੀ, ਇਸਦੇ ਬਾਵਜੂਦ ਅਰਦਾਸੀਏ ਸਿੰਘ ਦੇ ਮੂੰਹੋਂ ਇਹ ਅਰਦਾਸ ਸੁਣ ਕੇ ਲੱਗਿਆ ਕਿ ਕੀ ਇਹ ਆਪਣੇ ਆਪ ਨੂੰ ਗੁਰੂ ਦਾ ਖਾਲਸਾ ਨਹੀਂ ਸਮਝ ਰਿਹਾ? ਕਿਹੜੇ ਹੋਰ ਖਾਲਸੇ ਤੋਂ ਸੇਵਾ ਕਰਵਾਉਣੀ ਚਾਹੁੰਦਾ ਹੈ? ਕੀ ਮੱਕੜ ਤੋਂ ਜਾਂ ਬਾਦਲ ਤੋਂ ਜਾਂ ਆਰ. ਐਸ. ਐਸ. ਦੇ ਹੱਥ-ਠੋਕੇ ਜਥੇਦਾਰਾਂ ਤੋਂ ਜਾਂ ਫਿਰ ਧੁੰਮੇ ਵਰਗੇ ਸੰਤਾਂ ਤੋਂ ਜਾਂ...? ਅਸੀਂ ਪ੍ਰਸ਼ਾਦ ਲੈ ਕੇ ਬਾਹਰ ਕਾਰ ਸੇਵਾ ਵਾਲਿਆਂ ਦੇ ਦੱਸੇ ਟਿਕਾਣੇ 'ਤੇ ਲੰਗਰ ਛਕਣ ਚਲੇ ਗਏ। ਉਨ੍ਹਾਂ ਨੇ ਜੋ ਵੀ ਬਣਿਆ ਸੀ, ਬੜੇ ਪਿਆਰ ਨਾਲ ਛਕਾਇਆ।

24 ਅਕਤੂਬਰ ਨੂੰ ਸਵੇਰੇ ਉਠ ਕੇ ਇਸ਼ਨਾਨ ਤੇ ਨਿਤਨੇਮ ਤੋਂ ਬਾਅਦ ਅਸੀਂ ਫਿਰ ਗੁਰਦੁਆਰਾ ਜਨਮ ਅਸਥਾਨ ਦੇ ਦਰਸ਼ਨਾਂ ਨੂੰ ਚਲੇ ਗਏ ਕਿਉਂਕਿ ਰਾਤੀਂ ਤਾਂ ਸਿਰਫ ਸ਼ਾਮ ਦੇ ਦੀਵਾਨ ਵਿਚ ਹੀ ਬੈਠ ਸਕੇ ਸੀ, ਕੁਝ ਵੇਖਿਆ ਨਹੀਂ ਸੀ ਗਿਆ। ਸਵੇਰ ਦਾ ਦੀਵਾਨ ਵੀ ਪਰਿਕਰਮਾ ਦੇ ਇਕ ਕਮਰੇ ਵਿਚ ਹੀ ਸਜਾਇਆ ਹੋਇਆ ਸੀ। ਅਸੀਂ ਕੀਰਤਨ ਸੁਣਿਆ ਤੇ ਅਰਦਾਸ ਤੋਂ ਬਾਅਦ ਜਨਮ ਅਸਥਾਨ 'ਤੇ ਚਲੇ ਗਏ। ਇਹ ਜਗ੍ਹਾ ਅਸਲ ਵਿਚ ਮਹਿਤਾ ਕਾਲੂ ਜੀ ਦਾ ਘਰ ਹੈ ਤੇ ਜਿਥੇ ਗੁਰਦੁਆਰਾ ਬਣਿਆ ਹੋਇਆ ਹੈ, ਇਹ ਉਦੋਂ ਘਰ ਦਾ ਕੋਈ ਕਮਰਾ ਜਾਂ ਦਲਾਨ ਜਾਂ ਕੋਠੜੀ ਹੋ ਸਕਦੀ ਹੈ, ਜਿੱਥੇ ਉਸ ਬੱਚੇ ਨੇ ਜਨਮ ਲਿਆ, ਜਿਸਨੇ ਕੁੱਲ ਲੋਕਾਈ ਨੂੰ ਜੀਵਨ ਸੱਚ ਦਾ ਸੁਨੇਹਾ ਦੇਣਾ ਸੀ। ਉਹ ਪੱਕੀਆਂ ਨਵੀਆਂ ਪੈੜਾਂ ਪਾ ਦੇਣੀਆਂ ਸਨ, ਜਿਨ੍ਹਾਂ 'ਤੇ ਚਲ ਕੇ ਜ਼ਿੰਦਗੀ ਜੀਣ ਦਾ ਅਹਿਸਾਸ ਹੋਣਾ ਸੀ। ਸਦੀਆਂ ਤੋਂ ਹਨ੍ਹੇਰਿਆਂ 'ਚ ਭਟਕਦਿਆਂ ਨੂੰ ਕੱਢ ਕੇ ਚਾਨਣ ਵਿਚ ਲਿਆ ਖੜ੍ਹਾ ਕਰਨਾ ਸੀ। ਸਮੇਂ ਦੇ ਜ਼ਾਲਮ ਹਾਕਮਾਂ ਨਾਲ ਅੱਖ 'ਚ ਅੱਖ ਪਾ ਕੇ, ਹਿੱਕ ਠੋਕ ਕੇ, ਅੱਤਿਆਚਾਰ ਖਿਲਾਫ਼ ਖੜਨ ਦਾ ਢੰਗ ਦੱਸਣਾ ਸੀ। ਸਮੇਂ ਦੇ ਸਭ ਧਾਰਮਿਕ-ਕੂੜ-ਕਪਾਟ ਦਾ ਭਾਂਡਾ ਚੁਰੱਸਤੇ 'ਚ ਭੰਨਣਾ ਸੀ। ਸੱਚੀ ਕਿਰਤ ਦਾ ਸਬਕ ਸਿਖਾਉਣਾ ਸੀ। "ਭੈ ਕਾਹੂ ਕੋ ਦੇਤਿ ਨਾ ਨਹ ਭੈਅ ਮਾਨਤ ਆਨਿ" ਦਾ ਪਾਠ ਪੜ੍ਹਾਉਂਦਿਆਂ ਸਿਰਫ 'ਇਕ ਸਿਰਜਨਹਾਰੇ' ਦੀ ਇਬਾਦਤ ਵਿਚ ਹੱਥ ਜੋੜਨੇ ਸਿਖਾਉਣੇ ਸਨ। ਸਦੀਆਂ ਤੋਂ ਅਣਗੌਲਿਆਂ ਨੂੰ ਬਰਾਬਰੀ ਦਾ ਹੱਕ ਸਮਝਾਉਣ ਵਾਲਾ ਉਹ ਬੱਚਾ 'ਨਾਨਕ' ਕਹਾਇਆ ਤੇ ਜਿਸ ਥਾਂ 'ਤੇ ਉਸ ਦੁਨੀਆਂ ਦੇ ਵਾਲੀ ਨੇ ਪਹਿਲੀ ਵਾਰ ਅੱਖ ਖੋਲ੍ਹੀ ਤੇ ਉਸ ਪਵਿੱਤਰ ਜਗ੍ਹਾ 'ਤੇ ਖੜ੍ਹ ਕੇ ਮਹਿਸੂਸ ਕੀਤਾ ਕਿ ਕਿਵੇਂ ਉਹ 'ਦਾਈ ਦੌਲਤਾਂ' ਧੰਨ ਹੋ ਗਈ, ਜਿਸਦੇ ਹੱਥਾਂ ਨੂੰ ਸਭ ਤੋਂ ਪਹਿਲਾਂ 'ਦੋ ਜਹਾਨ' ਦੇ ਵਾਲੀ ਨੂੰ ਸਪਰਸ਼ ਕਰਨ 'ਤੇ ਕੋਈ ਅਨੋਖੀ ਤੇ ਅਗੰਮੀ ਖੁਸ਼ੀ ਦਾ ਅਹਿਸਾਸ ਹੋਇਆ ਤਾਂ ਹੀ ਉਸਨੇ ਪਿਤਾ ਮਹਿਤਾ ਕਾਲੂ ਜੀ ਨੂੰ ਕਿਹਾ ਸੀ ਕਿ ਤੇਰੇ ਘਰ ਜਿਹੜਾ ਪੁੱਤ ਜਨਮਿਆ, ਇਹ ਕੋਈ ਆਮ ਨਿਆਣਿਆਂ ਵਰਗਾ ਨਹੀਂ, ਇਸਦੇ ਸਰੀਰ ਨੂੰ ਛੂਹਣ 'ਤੇ ਮੈਨੂੰ ਐਦਾਂ ਲੱਗਾ ਜਿਵੇਂ ਅੱਲਾ ਦਾ ਨੂਰ ਹੈ।

ਉਸ ਪਵਿੱਤਰ ਸਥਾਨ 'ਤੇ ਖੜ੍ਹ ਕੇ ਅਸੀਂ ਵੀ ਆਪਣੇ ਆਪ ਨੂੰ ਵਡਭਾਗੇ ਸਮਝਦੇ ਹੋਏ ਮਨ ਵਿਚ ਹੀ ਇਸ ਥਾਂ ਨੂੰ ਅਣਗਿਣਤ ਵਾਰ ਸਿਜਦਾ ਕੀਤਾ। ਉਥੋਂ ਦਾ ਆਲਾ-ਦੁਆਲਾ ਦੇਖ ਕੇ ਇਕ ਵੱਖਰੀ ਤਰ੍ਹਾਂ ਦੀ ਖੁਸ਼ੀ ਮਹਿਸੂਸ ਹੋਈ ਕਿ ਇੱਥੇ ਹੀ ਬਾਲ ਨਾਨਕ ਖੇਡਦਾ ਹੋਣਾ। ਇੱਥੇ ਹੀ ਉਹਨੇ ਰੁੜ੍ਹਨਾ ਸਿੱਖਿਆ ਹੋਣਾ। ਕਿੱਦਾਂ ਦਾ ਲਗਦਾ ਹੋਊਗਾ ਉਸ ਵੇਲੇ, ਕਿਉਂਕਿ ਸਾਡੇ ਮਨਾਂ ਵਿਚ ਬਾਬੇ ਨਾਨਕ ਦੀ ਬਜ਼ੁਰਗੀ ਵਾਲੀ ਤਸਵੀਰ ਹੀ ਬੈਠੀ ਹੋਈ ਹੈ। ਨਿਆਣਾ ਹੁੰਦਾ ਬਾਬਾ ਨਾਨਕ ਵੀ ਤਾਂ ਰੁੱਸਦਾ ਹੋਣਾ, ਕਦੇ ਭੈਣ ਨਾਨਕੀ ਨਾਲ ਤੇ ਕਦੀ ਮਾਤਾ ਤ੍ਰਿਪਤਾ ਨਾਲ। ਐਦਾਂ ਦੀਆਂ ਗੱਲਾਂ ਮਨ 'ਚ ਸੋਚ ਕੇ ਉਥੇ ਫਿਰਦਿਆਂ ਨੂੰ ਇਉਂ ਮਹਿਸੂਸ ਹੁੰਦਾ ਕਿ ਹੁਣ ਵੀ ਕਿਤੇ ਬਾਬਾ ਨਾਨਕ ਐਥੇ ਹੀ ਹੈ। ਉਥੇ ਇਕ ਖੂਹ ਵੀ ਹੈ ਤੇ ਸਾਨੂੰ ਦੱਸਿਆ ਗਿਆ ਕਿ ਇਹ ਮਹਿਤਾ ਕਾਲੂ ਜੀ ਦੇ ਘਰ ਵਿਚ ਹੁੰਦਾ ਸੀ, ਇਸਦਾ ਪਾਣੀ ਵੀ ਬਾਬੇ ਨਾਨਕ ਨੇ ਪੀਤਾ ਹੋਣਾ। ਇਥੋਂ ਹੀ ਡੋਲ ਭਰ-ਭਰ ਕੇ, ਕੱਢ ਕੇ ਨਹਾਉਂਦਾ ਵੀ ਰਿਹਾ ਹੋਣਾ।

ਇਹ ਹੈ ਬਾਬੇ ਨਾਨਕ ਦਾ ਨਨਕਾਣਾ, ਹਰ ਸਿੰਘ ਵਿਚ ਜਿਸ ਦੇ ਦਰਸ਼ਨਾਂ ਦੀ ਤੜਪ ਹੈ। ਇਕ ਸਾਕਾ ਜੋ 21 ਫਰਵਰੀ 1921 ਨੂੰ ਇਸ ਪਵਿੱਤਰ ਸਥਾਨ 'ਤੇ ਵਾਪਰਿਆ, ਜਿਹਦੀ ਚੀਸ ਅੱਜ ਵੀ ਸਿੱਖ ਹਿਰਦਿਆਂ ਵਿਚ ਉਠਦੀ ਰਹਿੰਦੀ ਹੈ। ਉਹ ਹੈ ਨਨਕਾਣਾ ਸਾਹਿਬ ਦਾ ਸਾਕਾ, ਜਿਸ ਬਾਰੇ ਆਪਾਂ ਸਰਿਆਂ ਨੇ ਬੜੀ ਤਫਸੀਲ ਨਾਲ ਪੜ੍ਹਿਆ-ਸੁਣਿਆ ਹੋਇਆ ਹੈ ਕਿ ਕਿੱਦਾਂ ਉਥੋਂ ਦੇ ਮਹੰਤ ਨਰੈਣ ਦਾਸ ਨੇ ਇਸ ਪਵਿੱਤਰ ਸਥਾਨ 'ਤੇ ਸਿੱਖ ਸਿਧਾਂਤ ਤੋਂ ਉਲਟ ਚਰਿੱਤਰਹੀਣ ਕਾਰਵਾਈਆਂ ਕੀਤੀਆਂ ਤੇ ਜਦੋਂ ਸੋਝੀਵਾਨ ਸਿੱਖ ਇਸ ਨੂੰ ਰੋਕਣ ਗਏ ਤਾਂ ਇਹਨੇ ਬਦਮਾਸ਼ਾਂ ਤੋਂ ਸਾਰੇ ਸਿੱਖਾਂ ਨੂੰ ਕਤਲ ਕਰਵਾ ਦਿੱਤਾ ਸੀ। ਇਨ੍ਹਾਂ ਸ਼ਹੀਦ ਸਿੰਘਾਂ ਦੀ ਯਾਦ ਵਿਚ ਸ਼ਹੀਦੀ ਅਸਥਾਨ ਗੁਰਦੁਆਰਾ ਜਨਮ ਅਸਥਾਨ ਦੇ ਸੱਜੇ ਹੱਥ ਬਣਿਆ ਹੋਇਆ ਹੈ ਤੇ ਵਿਚਕਾਰ ਉਹ ਜੰਡ ਦਾ ਦਰਖਤ ਅਜੇ ਵੀ ਖੜ੍ਹਾ ਹੈ, ਜਿਸ ਨਾਲ ਬੰਨ੍ਹ ਕੇ ਗੋਲੀ ਨਾਲ ਜ਼ਖ਼ਮੀ ਹੋਏ ਲਛਮਣ ਸਿੰਘ ਨੂੰ



ਸ਼ਹੀਦੀ ਜੰਡ

ਜਿਉਂਦੇ ਨੂੰ ਮਿੱਟੀ ਦਾ ਤੇਲ ਸੁੱਟ ਕੇ ਅੱਗ ਲਾ ਕੇ ਸਾੜਿਆ ਗਿਆ ਸੀ। ਅੱਜ ਵੀ ਉਹ ਜੰਡ 21 ਫਰਵਰੀ 1921 ਦੇ ਕਤਲੇਆਮ ਦਾ ਇੱਕੋ-ਇਕ ਗਵਾਹ ਖੜ੍ਹਾ ਹੈ। ਜੇ ਇਹ ਜੰਡ ਕਿਤੇ ਸਾਡੇ ਹੁਣ ਦੇ ਬਾਬਿਆਂ ਦੇ ਅੜਿੱਕੇ ਚੜ੍ਹ ਜਾਂਦਾ ਤਾਂ ਕਾਰ ਸੇਵਾ ਦੀ ਆੜ 'ਚ ਕਦੋਂ ਦਾ ਵੱਢ ਕੇ ਉਥੇ ਸੰਗਮਰਮਰ ਲੱਗੀ ਹੋਣੀ ਸੀ। ਇਹ ਜੰਡ ਆਪਣੇ ਚੜ੍ਹਦੇ ਪੰਜਾਬ 'ਚ ਤਾਂ ਕਦੇ ਦੇਖਿਆ ਨਹੀਂ, ਲਹਿੰਦੇ ਪੰਜਾਬ ਵਿਚ ਜ਼ਿਆਦਾ ਹੋਣੇ ਨੇ। ਇਹ ਦਰਮਿਆਨੇ ਪੱਤਿਆਂ ਵਾਲਾ ਸੰਘਣੀ ਛਾਂ ਵਾਲਾ ਦਰਖਤ ਹੈ। ਅਸੀਂ ਵੀ ਉਸਨੂੰ ਹੱਥ ਲਾ ਕੇ ਸ਼ਹੀਦਾਂ ਨੂੰ ਪ੍ਰਣਾਮ ਕੀਤਾ। ਜਿਥੇ ਸਾਰੇ ਸ਼ਹੀਦਾਂ ਦਾ ਜਿਨ੍ਹਾਂ ਦੀ ਗਿਣਤੀ 150 ਦੱਸੀ ਜਾਂਦੀ ਹੈ, ਇਕੱਠਿਆਂ ਹੀ ਸਸਕਾਰ ਕੀਤਾ ਗਿਆ ਸੀ, ਉਸ ਥਾਂ 'ਤੇ ਸ਼ਹੀਦੀ ਅਸਥਾਨ ਬਣਿਆ ਹੋਇਆ ਹੈ ਤੇ ਕਾਫੀ ਵੱਡਾ ਹਾਲ ਵੀ ਹੈ, ਜਿਹੜਾ ਸ਼ੀਸ਼ੇ ਦਾ ਹੀ ਹੈ। ਉਸੇ ਥਾਂ 'ਤੇ ਇਕ ਸੋਨੇ ਦੀ ਪਾਲਕੀ ਵੀ ਰੱਖੀ ਗਈ ਹੈ, ਜਿਹੜੀ ਦੋ ਕੁ ਸਾਲ ਪਹਿਲਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਭੇਟ ਕੀਤੀ ਸੀ। ਸ਼ਾਇਦ ਉਹਦੀ ਰਾਖੀ ਲਈ ਹੀ ਇਕ ਸਟੇਨਗੰਨ ਵਾਲਾ ਪੁਲਿਸ ਦਾ ਸਿਪਾਹੀ ਵੀ ਉਥੇ ਤਾਇਨਾਤ ਸੀ। ਉਥੇ ਸਾਨੂੰ ਫਿਰ ਭਾਈ ਦਇਆ ਸਿੰਘ ਹੈਡ ਗ੍ਰੰਥੀ ਮਿਲ ਪਏ, ਜਿਨ੍ਹਾਂ ਨੇ ਦੁਬਾਰਾ ਇਸ ਪਵਿੱਤਰ ਥਾਂ ਦੀ ਜਾਣਕਾਰੀ ਦਿੱਤੀ।

ਗੁਰਦੁਆਰਾ ਜਨਮ ਅਸਥਾਨ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਉਸਨੂੰ ਦੀਵਾਨ ਅਸਥਾਨ ਵੀ ਕਿਹਾ ਜਾਂਦਾ ਹੈ। ਉਹਦੇ ਚਾਰ ਦਰਵਾਜ਼ੇ ਹਨ। ਇਥੇ ਹੀ ਭਾਈ ਲਛਮਣ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਨੂੰ ਗੋਲੀ ਮਾਰੀ ਗਈ ਸੀ। ਇਸ ਦੇ ਅੰਦਰ ਹਰੇਕ ਦੀਵਾਰ ਵਿਚ ਅਲਮਾਰੀਆਂ ਬਣੀਆਂ ਹੋਈਆਂ ਹਨ, ਜਿੱਦਾਂ ਦੀਆਂ ਆਪਣੇ ਪਿੰਡਾਂ ਵਿਚ ਪੁਰਾਣੇ ਦਲਾਨਾਂ ਵਿਚ ਹੁੰਦੀਆਂ ਸਨ। ਅਸਲ ਵਿਚ ਮੈਂ ਉਨ੍ਹਾਂ ਵਿਚੋਂ ਉਹ ਅਲਮਾਰੀ ਜਾਣਨੀ ਚਾਹੁੰਦਾ ਸੀ, ਜਿਸ ਬਾਰੇ ਮੈਂ ਪੜ੍ਹਿਆ ਸੀ ਕਿ ਜਦੋਂ ਮਹੰਤ ਦੇ ਬਦਮਾਸ਼ਾਂ ਨੇ ਟਕੂਏ-ਛਵੀਆਂ ਨਾਲ ਅੰਦਰ ਬੈਠੇ ਜਥੇ ਦੇ ਸਿੰਘਾਂ 'ਤੇ ਹੱਲਾ ਬੋਲ ਦਿੱਤਾ ਤਾਂ ਇਕ 2-3 ਸਾਲ ਦਾ ਬੱਚਾ ਜਿਸਦਾ ਨਾਂ ਦਰਬਾਰਾ ਸਿੰਘ ਸੀ, ਇਕ ਅਲਮਾਰੀ ਵਿਚ ਵੜ ਗਿਆ ਸੀ। ਉਸ ਨੂੰ ਬਾਅਦ ਵਿਚ ਬਦਮਾਸ਼ਾਂ ਨੇ ਕੱਢ ਕੇ ਸ਼ਹੀਦ ਕੀਤਾ ਸੀ। ਇਹੋ ਗੱਲ ਮੈਂ ਭਾਈ ਦਇਆ ਸਿੰਘ ਤੋਂ ਪੁੱਛੀ ਤਾਂ ਉਹਨੇ ਇਕ ਅਲਮਾਰੀ ਵਲ ਇਸ਼ਾਰਾ ਕਰਕੇ ਦੱਸਿਆ ਕਿ ਜਿਹੜੀ ਪੱਛੋਂ ਵਲ ਦੀ ਦੀਵਾਰ ਵਿਚ ਹੈ। ਅਸਲ ਵਿਚ ਮੇਰੇ ਮਨ ਵਿਚ ਉਸ ਸਭ ਤੋਂ ਛੋਟੀ ਉਮਰ ਦੇ, ਉਸ ਸਾਕੇ ਦੇ ਸ਼ਹੀਦ ਲਈ ਖਾਮੋਸ਼ ਸ਼ਰਧਾਂਜਲੀ ਸੀ, ਜਿਸ ਨੇ ਆਪਣਾ ਖੂਨ ਦੇ ਕੇ ਇਸ ਪਵਿੱਤਰ ਅਸਥਾਨ ਦੀ ਮਰਿਆਦਾ ਬਹਾਲ ਕਰਵਾਈ। ਉਸ ਅਲਮਾਰੀ ਨੂੰ ਹੱਥ ਲਾ ਕੇ ਮਨ ਵੀ ਥੋੜ੍ਹਾ ਭਰ ਆਇਆ ਤੇ ਨਾਲ ਹੀ ਬਾਬੇ ਨਾਨਕ ਦੀ ਸਿੱਖੀ 'ਤੇ ਮਾਣ ਵੀ ਹੋਇਆ। ਅਸੀਂ ਕੋਈ ਘੰਟਾ ਕੁ ਬਾਅਦ ਦੁਬਾਰਾ ਸਿਰ ਨਿਵਾ ਕੇ, ਬਾਬੇ ਨਾਨਕ ਦਾ ਸ਼ੁਕਰਾਨਾ ਕਰਕੇ ਬਾਹਰ ਆ ਗਏ ਤੇ ਗੁਰਦੁਆਰੇ ਦੇ ਲੰਗਰ ਵਿਚੋਂ ਚਾਹ ਪੀਤੀ ਤੇ ਨਾਲ ਹੀ ਭਾਈ ਸਾਹਿਬ ਨੇ ਸਾਨੂੰ ਰਸ ਵੀ ਖਾਣ ਲਈ ਦੇ ਦਿੱਤੇ।

ਮੇਰੇ ਪਿੰਡੋਂ ਇਕ ਦੋਸਤ ਨੇ ਤੁਰਨ ਲੱਗਿਆਂ ਟੈਲੀਫੋਨ 'ਤੇ ਕਿਹਾ ਸੀ ਕਿ ਜੇ ਤੂੰ ਨਨਕਾਣਾ ਸਾਹਿਬ ਚੱਲਿਆਂ ਹੀ ਹੈ ਤਾਂ ਮੇਰੇ ਵਲੋਂ ਕੁਝ ਉਥੇ ਜ਼ਰੂਰ ਦੇ ਕੇ ਆਵੀਂ ਤੇ ਮੁੜ ਕੇ ਮੈਥੋਂ ਲੈ ਜ਼ਰੂਰ ਲਵੀਂ। ਉਹਨੇ ਇਹ ਤਾਂ ਮੈਨੂੰ ਦੱਸਿਆ ਨਹੀਂ ਸੀ ਕਿ ਕਿੰਨੇ ਪੈਸੇ ਦੇਣੇ ਹਨ। ਫਿਰ ਵੀ ਮੈਂ ਲੰਗਰ ਵਾਲੇ ਭਾਈ ਸਾਹਿਬ ਨੂੰ ਪੁੱਛਿਆ ਕਿ ਕੋਈ ਪੈਸੇ ਭੇਟ ਕਰਨੇ ਹੋਣ ਤਾਂ ਕਿੱਥੇ ਦੇਈਏ ਤਾਂ ਉਸਨੇ ਕਿਹਾ ਕਿ ਆਹ ਨਾਲ ਹੀ ਔਕਾਫ ਬੋਰਡ ਦਾ ਦਫਤਰ ਹੈ, ਉਥੇ ਹੀ ਇਕ ਕਰਮਚਾਰੀ ਹੋਣਾ, ਉਹ ਤੁਹਾਨੂੰ ਰਸੀਦ ਵੀ ਦੇਊਗਾ। ਮੈਂ ਅੰਦਰ ਜਾ ਕੇ ਉਹਨੂੰ ਕਿਹਾ ਤਾਂ ਉਸਨੇ ਇਕ ਰਜਿਸਟਰ ਮੇਰੇ ਅੱਗੇ ਕਰਕੇ ਕਿਹਾ ਕਿ ਇਹਦੇ 'ਚ ਪੂਰਾ ਵੇਰਵਾ ਹੈ, ਲਿਖ ਦਿਓ, ਫਿਰ ਮੈਂ ਰਸੀਦ ਕੱਟ ਦਿਆਂਗਾ। ਜਦ ਮੈਂ ਰਜਿਸਟਰ 'ਤੇ ਪਹਿਲਾਂ ਲਿਖੇ ਦਾਨੀਆਂ ਦੇ ਨਾਂ, ਪਤੇ ਤੇ ਪੈਸੇ ਪੜ੍ਹੇ ਤਾਂ ਹੈਰਾਨ ਹੀ ਹੋ ਗਿਆ। ਮੈਂ ਤਾਂ ਦੋ-ਚਾਰ ਸੌ ਦੇਣਾ ਸੀ, ਉਹ ਵੀ ਆਪਣੇ ਦੋਸਤ ਦਾ। ਉਥੇ ਤਾਂ ਐਂਟਰੀਆਂ ਲੱਖਾਂ ਵਿਚ ਸਨ। ਇਹ ਜ਼ਿਆਦਾਤਰ ਇੰਗਲੈਂਡ ਦੇ ਪਤੇ ਵਾਲੇ ਸਨ ਜਿਸ ਐਂਟਰੀ ਦੇ ਥੱਲੇ ਮੈਂ ਲਿਖਿਆ, ਉਹ 1,10,000 ਰੁਪਏ ਦੀ ਸੀ, ਉਸ ਸਫ਼ੇ 'ਤੇ 8 ਕੁ ਨਾਂ ਦਰਜ ਸਨ, ਕੋਈ ਵੀ 21000 ਰੁਪਏ ਤੋਂ ਘੱਟ ਨਹੀਂ ਸੀ ਤੇ ਦੋ ਲੱਖਾਂ ਵਿਚ ਸਨ। ਮੈਂ ਵੀ ਆਪਣੇ ਦੋਸਤ ਦੇ ਨਾਂ ਦੀ ਰਸੀਦ ਕਟਵਾ ਲਈ।

ਗੁਰਦੁਆਰੇ ਦੇ ਬਾਹਰ ਨਾਲ ਹੀ ਇਕ ਛੋਟਾ ਜਿਹਾ ਗੋਲ ਕਮਰਾ ਹੈ, ਜਿਸ 'ਤੇ ਸ਼ਹੀਦੀ ਅਸਥਾਨ ਲਿਖਿਆ ਹੋਇਆ ਹੈ ਤੇ ਨਿੱਕਾ ਜਿਹਾ ਨਿਸ਼ਾਨ ਸਾਹਿਬ ਵੀ ਹੈ। ਉਸ ਬਾਰੇ ਜਿਹੜੀ ਜਾਣਕਾਰੀ ਸਾਨੂੰ ਮਿਲੀ, ਉਹ ਇਸ ਤਰ੍ਹਾਂ ਹੈ ਕਿ ਇਹ ਸਥਾਨ ਭਾਈ ਦਲੀਪ ਸਿੰਘ ਸ਼ਹੀਦ ਦਾ ਹੈ। ਭਾਈ ਦਲੀਪ ਸਿੰਘ ਬਾਰੇ ਇਦਾਂ ਦੱਸਿਆ ਕਿ ਇਹ ਪਹਿਲਾਂ ਮਹੰਤ ਨਰੈਣ ਦਾਸ ਦਾ ਸਾਥੀ ਸੀ ਪਰ ਜਦੋਂ ਉਹਨੇ ਮਹੰਤ ਨੂੰ 21 ਫਰਵਰੀ ਨੂੰ ਸਿੱਖਾਂ ਦਾ ਕਤਲ ਕਰਨ ਤੋਂ ਰੋਕਿਆ ਤਾਂ ਉਹ ਕਹਿੰਦਾ ਤੂੰ ਵੀ ਅਕਾਲੀ ਹੋ ਗਿਆ, ਲੈ ਪਹਿਲਾਂ ਤੇਰਾ ਹੀ ਫਾਹਾ ਵੱਢਦਾਂ ਤੇ ਮਹੰਤ ਦੇ ਬਦਮਾਸ਼ਾਂ ਨੇ ਭਾਈ ਦਲੀਪ ਸਿੰਘ ਨੂੰ ਜਿਉਂਦੇ ਨੂੰ ਚੁੱਕ ਕੇ ਇਥੇ ਇਕ ਬਲਦੀ ਭੱਠੀ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ ਸੀ। ਉਸੇ ਭੱਠੀ ਵਾਲੀ ਥਾਂ 'ਤੇ ਇਹ ਸ਼ਹੀਦੀ ਅਸਥਾਨ ਬਣਿਆ ਹੋਇਆ ਹੈ।

ਕਮਰੇ ਵਿਚੋਂ ਸਾਮਾਨ ਚੁੱਕ ਕੇ, ਚਾਬੀਆਂ ਕੇਅਰਟੇਕਰ ਦੇ ਹਵਾਲੇ ਕਰਕੇ, ਇਕ ਵਾਰ ਫਿਰ ਬਾਬੇ ਨਾਨਕ ਤੇ ਸ਼ਹੀਦਾਂ ਨੂੰ ਸਿਰ ਝੁਕਾਇਆ ਤੇ ਬਾਹਰ ਆ ਗਏ। ਸਾਡਾ ਡਰਾਈਵਰ ਬਾਬੂ ਖਾਂ ਵੀ ਕੁਝ ਚਿਰ ਬਾਅਦ ਬਾਹਰ ਆ ਗਿਆ ਤੇ ਅਸੀਂ ਨਨਕਾਣਾ ਸਾਹਿਬ ਦੇ ਦਰਸ਼ਨ ਦੀਦਾਰੇ ਕਰਕੇ ਵਾਪਸ ਲਾਹੌਰ ਨੂੰ ਚਲ ਪਏ। ਹੁਣ ਉਹਨੇ ਹਾਈਵੇ ਨਹੀਂ ਲਿਆ ਸੀ ਸਗੋਂ ਲਾਇਲਪੁਰ, ਜਿਸਦਾ ਨਾਮ ਫੈਸਲਾਬਾਦ ਹੈ, ਤੋਂ ਆਉਂਦੀ ਜੀ. ਟੀ. ਰੋਡ ਲਈ ਸੀ। ਨਨਕਾਣਾ ਸਾਹਿਬ ਤੋਂ ਲਾਹੌਰ 80-90 ਕਿਲੋਮੀਟਰ ਉਹਨੇ ਦੱਸਿਆ ਸੀ। ਰਾਹ ਵਿਚ ਦੋ ਵੱਡੀਆਂ ਨਹਿਰਾਂ ਵੀ ਪਾਰ ਕੀਤੀਆਂ। ਇਹੋ ਨਹਿਰਾਂ ਲਾਇਲਪੁਰ ਦੀਆਂ ਬਾਰਾਂ ਨੂੰ ਸਿੰਜਦੀਆਂ ਹਨ। ਦੋ ਕੁ ਘੰਟਿਆਂ ਵਿਚ ਹੀ ਲਾਹੌਰ ਪਹੁੰਚ ਗਏ। ਇਥੋਂ ਰਾਵੀ ਦਰਿਆ ਸ਼ਹਿਰ ਦੇ ਲਹਿੰਦੇ ਪਾਸਿਓਂ ਲੰਘਦਾ ਹੈ। ਜਦੋਂ ਪੁਲ ਪਾਰ ਕੀਤਾ ਤਾਂ ਕਾਦਿਰ ਭਾਈ ਪਹਿਲਾਂ ਹੀ ਉਥੇ ਖੜ੍ਹਾ ਸੀ ਅਤੇ ਦੁਆ ਸਲਾਮ ਤੋਂ ਬਾਅਦ ਉਸਨੇ ਯਾਤਰਾ ਦਾ ਪੁੱਛਿਆ। ਨਾਲ ਹੀ ਗੱਡੀ ਵਿਚ ਬੈਠ ਕੇ ਕਹਿੰਦਾ ਕਿ ਹੁਣ ਤੁਹਾਨੂੰ ਥੋੜ੍ਹੀ ਜਿਹੀ ਲਾਹੌਰ ਦੀ ਸੈਰ ਵੀ ਕਰਾਉਣੀ ਹੈ ਤੇ ਕੁਝ ਗੁਰਦੁਆਰੇ ਵੀ ਦਿਖਾਉਣੇ ਹਨ। ਅਟੈਚੀ ਦੁਬਾਰਾ ਗੁਰਦੁਆਰਾ ਸ਼ਹੀਦ ਸਿੰਘਾਂ-ਸਿੰਘਣੀਆਂ ਰੱਖ ਕੇ ਉਹ ਸਾਨੂੰ ਲੈ ਕੇ ਫਿਰ ਚਲ ਪਿਆ।

ਜਾਂਦਾ-ਜਾਂਦਾ ਸਾਨੂੰ ਦੱਸਣ ਲੱਗਾ ਕਿ ਆਪਾਂ ਉਸ ਥਾਂ 'ਤੇ ਜਾ ਰਹੇ ਹਾਂ, ਜਿਥੇ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬਿਠਾਇਆ ਸੀ। ਇਹ ਥਾਂ ਬੜੇ ਹੀ ਭੀੜੇ ਜਿਹੇ ਬਾਜ਼ਾਰ ਵਿਚ ਹੈ। ਇਸ ਬਾਜ਼ਾਰ ਦਾ ਨਾਂ ਉਹਨੇ ਮੋਚੀ ਬਾਜ਼ਾਰ ਦੱਸਿਆ। ਗੱਡੀ ਤਾਂ ਕਾਫੀ ਦੂਰ ਬਾਜ਼ਾਰ ਤੋਂ ਬਾਹਰ ਹੀ ਖੜ੍ਹੀ ਕਰ ਦਿੱਤੀ ਸੀ ਤੇ ਪੈਦਲ ਹੀ ਬਾਜ਼ਾਰ ਵਿਚ ਗਏ। ਦੋਹੀਂ ਪਾਸੀ ਹਰੇਕ ਚੀਜ਼ ਦੀਆਂ ਦੁਕਾਨਾਂ ਹਨ ਪਰ ਜ਼ਿਆਦਾ ਸੁੱਕੇ ਮੇਵਿਆਂ ਦੀਆਂ ਹਨ। ਬਾਜ਼ਾਰ ਵਿਚ ਭੀੜ ਵੀ ਕਾਫੀ ਸੀ ਕਿਉਂਕਿ ਇਹ ਜੁੰਮੇ (ਸ਼ੁੱਕਰਵਾਰ) ਦੀ ਛੁੱਟੀ ਤੋਂ ਬਾਅਦ ਖੁੱਲ੍ਹਿਆ ਸੀ। ਕਾਦਿਰ ਭਾਈ ਨੇ ਦੱਸਿਆ ਕਿ ਇਸ ਜਗ੍ਹਾ ਨੂੰ ਲਾਲ ਖੂਹ ਕਿਹਾ ਜਾਂਦਾ ਹੈ। ਅਸਲ ਵਿਚ ਇਥੇ ਹੀ ਚੰਦੂ ਦੀ ਹਵੇਲੀ ਸੀ ਤੇ ਗੁਰੂ ਜੀ ਨੂੰ ਉਹਨੇ ਕੈਦ ਕਰਕੇ ਇੱਥੇ ਹੀ ਰੱਖਿਆ ਸੀ। ਇੰਨੀ ਦੇਰ ਨੂੰ ਅਸੀਂ ਉਥੇ ਪੁੱਜ ਵੀ ਗਏ। ਬਾਜ਼ਾਰ ਵਿਚੋਂ ਹੀ ਇਕ ਪਾਸੇ ਨੂੰ ਨਿੱਕੀ ਜਿਹੀ ਗਲੀ ਨਿਕਲਦੀ ਹੈ ਤੇ ਉਸੇ ਖੂੰਜੇ 'ਤੇ ਇਕ ਲਾਲ ਜਿਹੀ ਕੰਧ ਵਰਗੀ ਜਗ੍ਹਾ ਹੈ, ਜਿਸ ਦੇ ਵਿਚ ਇਕ ਬੇਰੀ ਦਾ ਵੱਡਾ ਸਾਰਾ ਦਰਖਤ ਵੀ ਉਗਿਆ ਹੋਇਆ ਹੈ ਤੇ ਉਥੇ ਮਿੱਟੀ ਦੇ ਦੀਵੇ ਕਾਲਖ ਜਿਹੀ ਵਾਲੇ ਬਹੁਤ ਪਏ ਸਨ। ਇੱਦਾਂ ਲੱਗਦਾ ਸੀ ਕਿ ਲੋਕੀਂ ਇਥੇ ਕਿਸੇ ਮਨੌਤ ਵਜੋਂ ਦੀਵੇ ਜਗਾਉਂਦੇ ਹਨ। ਕੰਧ 'ਤੇ ਦੋ ਲਾਈਨਾਂ ਸਾਨੂੰ ਤਾਂ ਉਰਦੂ ਵਿਚ ਲਿਖੀਆਂ ਲੱਗੀਆਂ। ਕਾਦਿਰ ਭਾਈ ਨੂੰ ਪੁੱਛਿਆ ਕਿ ਕੀ ਲਿਖਿਆ ਹੈ ਤਾਂ ਉਸਨੇ ਦੱਸਿਆ ਕਿ ਇਕ ਤਾਂ ਕੁਰਾਨ ਸ਼ਰੀਫ ਵਿਚੋਂ ਆਇਤ ਹੈ ਅਤੇ ਦੂਜੀ 'ਤੇ ਹਜ਼ਰਤ ਸਾਹਿਬ, ਬੀਬੀ ਫਾਤਿਮਾ ਤੇ ਉਨ੍ਹਾਂ ਦੇ ਪੁੱਤਰਾਂ ਦੇ ਨਾਮ ਹਨ। ਇਥੇ ਦੀਵੇ ਕੌਣ ਜਗਾਉਂਦਾ ਹੈ? ਬਾਰੇ ਉਸਨੇ ਦੱਸਿਆ ਕਿ ਇਸ ਥਾਂ ਦੀ ਮਨੌਤ ਲਾਲ ਖੂਹ ਕਰਕੇ ਮੁਸਲਮਾਨ ਹੀ ਕਰਦੇ ਹਨ, ਇਹ ਜਾਣਦੇ ਹੋਏ ਵੀ ਕਿ ਇਹ ਜਗ੍ਹਾ ਮੁਸਲਮਾਨੀ ਮੱਤ ਨਾਲ ਸੰਬੰਧਤ ਨਹੀਂ। ਉਸਨੇ ਹੀ ਦੱਸਿਆ ਕਿ ਇਸ ਜਗ੍ਹਾ ਪਹਿਲਾਂ ਚੁਰਸਤਾ ਸੀ ਤੇ ਨਾਲ ਹੀ ਖੂਹ ਸੀ, ਉਹਦੇ ਨਾਲ ਚੰਦੂ ਦੀ ਹਵੇਲੀ ਸੀ। ਆਹ ਜਿਹੜੀ ਜਗ੍ਹਾ ਹੈ, ਇਥੇ ਗੁਰੂ ਜੀ ਨੂੰ ਤੱਤੀ ਤਵੀ 'ਤੇ ਬਿਠਾਇਆ ਤੇ ਭੜਭੂੰਜੇ ਕੋਲੋਂ ਰੇਤਾ ਤੱਤਾ ਕਰਾ ਕੇ ਵੀ ਗੁਰੂ ਜੀ 'ਤੇ ਪਵਾਇਆ ਸੀ। ਜਦੋਂ ਉਹਨੂੰ ਪੁੱਛਿਆ ਕਿ ਖੂਹ ਤਾਂ ਕਿਤੇ ਦਿਸਦਾ ਨਹੀਂ ਤਾਂ ਉਸ ਨੇ ਕਿਹਾ ਕਿ ਉਹ ਜਿਹੜੀਆਂ ਦੁਕਾਨਾਂ ਬਣੀਆਂ ਹੋਈਆਂ ਹਨ, ਇਹ ਖੂਹ ਪੂਰ ਕੇ ਬਣਾਈਆਂ ਹੋਈਆਂ ਨੇ। ਚੰਦੂ ਦੀ ਹਵੇਲੀ ਤਾਂ ਸਿੱਖਾਂ ਨੇ ਬਾਅਦ ਵਿਚ ਢਾਹ ਦਿੱਤੀ ਸੀ, ਇਸ ਕਰਕੇ ਉਹਦਾ ਤਾਂ ਨਾਮੋ-ਨਿਸ਼ਾਨ ਮਿਟ ਚੁੱਕਾ ਹੈ। ਕਾਦਿਰ ਭਾਈ ਹੀ ਦੱਸਦਾ ਸੀ ਕਿ ਲੋਕਾਂ ਵਿਚ ਮਨੌਤ ਹੈ ਕਿ ਏਸ ਜਗ੍ਹਾ ਕਿਸੇ ਪਹੁੰਚੇ ਹੋਏ ਪੀਰ-ਔਲੀਏ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ ਤਾਂ ਖੂਹ ਦਾ ਪਾਣੀ ਲਾਲ ਹੋ ਗਿਆ ਸੀ, ਉਦੋਂ ਤੋਂ ਇਸ ਜਗ੍ਹਾ ਨੂੰ ਲਾਲ ਖੂਹ ਕਰਕੇ ਮਨੌਤ ਕੀਤੀ ਜਾਂਦੀ ਹੈ।

ਉਥੋਂ ਅਸੀਂ ਜਨਮ ਅਸਥਾਨ ਗੁਰੂ ਰਾਮਦਾਸ ਜੀ ਲਈ ਚਲ ਪਏ। ਸਾਡਾ ਗਾਈਡ ਤਾਂ ਕਾਦਿਰ ਭਾਈ ਹੀ ਸੀ। ਉਹ ਸਾਨੂੰ ਹੋਰ ਵੀ ਆਲੇ-ਦੁਆਲੇ ਦੀ ਮਾੜੀ ਮੋਟੀ ਜਾਣਕਾਰੀ ਦੇ ਦਿੰਦਾ ਸੀ। ਜਿੱਥੇ ਇਹ ਗੁਰਦੁਆਰਾ ਹੈ, ਉਹਨੂੰ ਚੂਨਾ ਮੰਡੀ ਕਿਹਾ ਜਾਂਦਾ ਹੈ ਤੇ ਜਿਸ ਬਾਜ਼ਾਰ ਵਿਚੋਂ ਲੰਘ ਕੇ ਗਏ, ਉਹ ਬਹੁਤ ਹੀ ਭੀੜਾ ਸੀ। ਗੱਡੀਆਂ ਤਾਂ ਦਿਨ

*(ਬਾਕੀ ਸਫਾ 36 'ਤੇ)*

# ਸ਼ੇਰ-ਏ-ਪੰਜਾਬ ਦੇ ਜੀਵਨ ਦੀਆਂ ਕੁਝ ਝਾਕੀਆਂ

**ਕੈਪਟਨ ਅਮਰਿੰਦਰ ਸਿੰਘ**

ਰਣਜੀਤ ਸਿੰਘ ਦਾ ਜਨਮ 1780 ਵਿਚ ਸ਼ੁੱਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਅਤੇ ਉਨ੍ਹਾਂ ਦੀ ਪਤਨੀ ਮਾਈ ਮਲਵੈਣ ਦੇ ਘਰ ਹੋਇਆ ਸੀ। ਭੰਗੀ ਤੇ ਘਨ੍ਹੱਈਆ ਮਿਸਲਾਂ ਦੇ ਕਈ ਇਲਾਕੇ ਹਥਿਆਉਣ ਤੋਂ ਬਾਅਦ ਸ਼ੁਕਰਚੱਕੀਆ ਮਿਸਲ ਚਨਾਬ ਤੇ ਬਿਆਸ ਦਰਿਆਵਾਂ ਵਿਚਲੇ ਇਲਾਕੇ ਦੀ ਇਕ ਵੱਡੀ ਤਾਕਤ ਬਣ ਗਈ ਸੀ। 1792 ਵਿਚ ਜਦੋਂ ਮਹਾਂ ਸਿੰਘ ਦੀ ਅਠਾਈ ਸਾਲਾਂ ਦੀ ਉਮਰ ਵਿਚ ਹੀ ਮੌਤ ਹੋ ਗਈ ਤਾਂ ਉਦੋਂ ਰਣਜੀਤ ਸਿੰਘ ਸਿਰਫ ਬਾਰਾਂ ਸਾਲਾਂ ਦਾ ਸੀ। ਮਿਸਲ ਦਾ ਮੁਖੀ ਬਣਨ ਵਿਚ ਉਸ ਨੂੰ ਸਿਰਫ ਪੰਜ ਸਾਲ ਲੱਗੇ ਅਤੇ ਉਸ ਨੇ ਆਪਣੀ ਮਾਂ ਮਾਈ ਮਲਵੈਣ ਅਤੇ ਆਪਣੇ ਪਿਤਾ ਦੇ ਖਾਸਮ-ਖਾਸ ਲਖਪਤ ਰਾਏ ਤੋਂ ਰਿਆਸਤ ਦਾ ਕਾਰਜ ਭਾਰ ਆਪਣੇ ਹੱਥਾਂ ਵਿਚ ਲੈ ਲਿਆ।

ਲਾਹੌਰ ਉਸ ਵੇਲੇ ਖਿੱਤੇ ਦੀ ਸੱਤਾ ਦਾ ਕੇਂਦਰ ਸੀ ਅਤੇ ਉਸ ਉਤੇ ਕਾਬਜ਼ ਹੋਣ ਦਾ ਰਣਜੀਤ ਸਿੰਘ ਦਾ ਸਭ ਤੋਂ ਵੱਡਾ ਸੁਪਨਾ ਸੀ। ਲਾਹੌਰ ਉਤੇ ਉਸ ਵੇਲੇ ਭੰਗੀ ਮਿਸਲ ਦੇ ਤਿੰਨ ਭਰਾਵਾਂ ਲਹਿਣਾ ਸਿੰਘ, ਗੁੱਜਰ ਸਿੰਘ ਅਤੇ ਸ਼ੋਭਾ ਸਿੰਘ ਦਾ ਸ਼ਾਸਨ ਸੀ। ਉਨ੍ਹਾਂ ਦਾ ਸ਼ਾਸਨ ਅਤਿਆਚਾਰੀ ਸੀ ਅਤੇ ਰਣਜੀਤ ਸਿੰਘ ਦੇ ਪਿਠੂਆਂ ਵਲੋਂ ਸ਼ਹਿ ਦੇਣ 'ਤੇ ਲਾਹੌਰ ਦੇ ਸਰਦਾਰਾਂ ਨੇ ਰਣਜੀਤ ਸਿੰਘ ਨੂੰ ਗੁਪਤ ਸੱਦਾ ਭੇਜਿਆ।

ਰਣਜੀਤ ਸਿੰਘ ਅਤੇ ਸਦਾ ਕੌਰ (ਰਣਜੀਤ ਸਿੰਘ ਦੀ ਇਕ ਪਤਨੀ ਮਹਿਤਾਬ ਕੌਰ ਦੀ ਮਾਂ) ਨੇ ਲਾਹੌਰ ਵਲ ਚਾਲੇ ਪਾ ਦਿੱਤੇ। ਉਸ ਵੇਲੇ ਲਾਹੌਰ ਦੇ ਬਾਜ਼ਾਰ ਵਿਚ ਅਫਵਾਹ ਫੈਲ ਗਈ ਕਿ ਉਹ ਅੰਮ੍ਰਿਤਸਰ ਮੱਥਾ ਟੇਕਣ ਜਾ ਰਹੇ ਹਨ। ਇਸ ਕਰਕੇ ਭੰਗੀ ਭਰਾ ਅਵੇਸਲੇ ਹੋ ਗਏ। ਰਣਜੀਤ ਸਿੰਘ ਅੰਮ੍ਰਿਤਸਰ ਪਹੁੰਚਿਆ ਪਰ ਰਾਤੋਂ-ਰਾਤ 14 ਮੀਲ ਦਾ ਪੈਂਡਾ ਤੈਅ ਕਰਕੇ 5000 ਫੌਜ ਨਾਲ ਤੜਕਸਾਰ ਲਾਹੌਰ ਆ ਧਮਕਿਆ। ਜਦੋਂ ਇਕ ਚੌਕੀ 'ਤੇ ਉਸ ਦੀ ਆਮਦ ਦੀ ਖਬਰ ਮਿਲੀ ਤਾਂ ਭੰਗੀ ਭਰਾਵਾਂ ਨੇ 200 ਘੋੜ ਸਵਾਰਾਂ ਦਾ ਜਥਾ ਉਸ ਨੂੰ ਡੱਕਣ ਲਈ ਭੇਜਿਆ, ਜਿਸ ਨੂੰ ਰਣਜੀਤ ਸਿੰਘ ਨੇ ਜਲਦ ਹੀ ਪਛਾੜ ਦਿੱਤਾ। 6 ਜੁਲਾਈ, 1799 ਨੂੰ ਉਹ ਕਿਲ੍ਹੇ ਦੇ ਨਜ਼ਦੀਕ ਪੁੱਜ ਗਿਆ ਅਤੇ ਕਿਲ੍ਹੇ ਦੇ ਲਾਹੌਰੀ ਗੇਟ ਵਲ ਵਧਿਆ, ਜਿਥੇ ਲਹਿਣਾ ਸਿੰਘ ਦੇ ਪੁੱਤਰ ਚੇਤ ਸਿੰਘ ਦੀ ਅਗਵਾਈ ਹੇਠ ਸਖਤ ਪਹਿਰਾ ਸੀ। ਇਸੇ ਦੌਰਾਨ ਚੇਤ ਸਿੰਘ ਦੇ ਕਮਾਂਡਰ ਮੋਹਕਮ-ਉ-ਦੀਨ ਦੇ ਇਸ਼ਾਰੇ 'ਤੇ ਚੇਤ ਸਿੰਘ ਨੂੰ ਖ਼ਬਰ ਦਿੱਤੀ ਗਈ ਕਿ ਰਣਜੀਤ ਸਿੰਘ ਦਿੱਲੀ ਗੇਟ ਵਲ ਵਧ ਰਿਹਾ ਹੈ। ਦਰਅਸਲ, ਇਹ ਹਮਲਾ ਸਦਾ ਕੌਰ ਦੀ ਅਗਵਾਈ ਹੇਠ ਹੋਇਆ ਸੀ। ਚੇਤ ਸਿੰਘ ਤੁਰੰਤ ਦਿੱਲੀ ਗੇਟ ਵਲ ਚਲ ਪਿਆ ਅਤੇ ਪਿੱਛੋਂ ਲਾਹੌਰੀ ਗੇਟ ਖੋਲ੍ਹ ਦਿੱਤਾ ਗਿਆ।

ਬਾਕੀ ਪਰਿਵਾਰ ਤਾਂ ਦੌੜ ਗਿਆ ਪਰ ਚੇਤ ਸਿੰਘ ਲੜਾਈ ਜਾਰੀ ਰੱਖਣ ਦੇ ਇਰਾਦੇ ਨਾਲ ਕਿਲੇ ਦੇ ਇਕ ਹਿੱਸੇ ਵਿਚ ਜਾ ਲੁਕਿਆ। ਪਰ ਅਗਲੀ ਹੀ ਸਵੇਰ ਜਦੋਂ ਉਸ ਨੂੰ ਸਾਰੀ ਚਾਲ ਸਮਝ ਆਈ ਤਾਂ ਉਸਨੇ ਸੋਚਿਆ ਕਿ ਹੁਣ ਕਿਲ੍ਹੇ ਵਿਚ ਦੜੇ ਰਹਿਣ ਦਾ ਕੋਈ ਫਾਇਦਾ ਨਹੀਂ ਅਤੇ ਉਸ ਨੇ ਹਥਿਆਰ ਸੁੱਟਣ ਵਿਚ ਹੀ ਭਲਾਈ ਸਮਝੀ। ਰਣਜੀਤ ਸਿੰਘ ਨੇ ਉਸ ਨਾਲ ਚੰਗਾ ਸਲੂਕ ਕੀਤਾ ਅਤੇ ਉਸ ਨੂੰ ਇਕ ਪਿੰਡ ਦੀ ਜਾਗੀਰ ਬਖਸ਼ ਦਿੱਤੀ। ਸਹਿਮਤੀ ਮੁਤਾਬਕ ਸ਼ਹਿਰ ਵਾਸੀਆਂ ਦਾ ਪੂਰਾ ਖਿਆਲ ਰੱਖਿਆ ਗਿਆ। ਆਖਰਕਾਰ ਰਣਜੀਤ ਸਿੰਘ ਦੀ ਮੁੱਠੀ ਵਿਚ ਲਾਹੌਰ ਆ ਹੀ ਗਿਆ ਅਤੇ ਉਸ ਦੀ ਇਕ ਸਭ ਤੋਂ ਵੱਡੀ ਖਾਹਿਸ਼ ਪੂਰੀ ਹੋ ਗਈ।

ਰਣਜੀਤ ਸਿੰਘ ਦੇ ਰਾਜ ਦਾ ਘੇਰਾ ਹੁਣ ਏਨਾ ਵਧ ਗਿਆ ਕਿ ਉਸ ਨੇ ਫੌਜ ਦਾ ਮੁੜ ਗਠਨ ਕਰਨ ਦਾ ਫੈਸਲਾ ਕੀਤਾ ਅਤੇ ਸਾਰੀਆਂ ਰਣਨੀਤਕ ਥਾਵਾਂ ਉਤੇ ਦਸਤੇ ਤਾਇਨਾਤ ਕੀਤੇ। ਇਹ ਇਸ ਤਰ੍ਹਾਂ ਦੀ ਪਹਿਲੀ ਪੇਸ਼ਕਦਮੀ ਸੀ। ਇਸ ਤੋਂ ਪਹਿਲਾਂ ਲਾਹੌਰ ਦੇ ਸ਼ਾਸਕ ਉਥੇ ਤਾਇਨਾਤ ਫੌਜ ਨਾਲ ਹੀ ਕਿਸੇ ਹਮਲਾਵਰ ਦਾ ਟਾਕਰਾ ਕਰਿਆ ਕਰਦੇ ਸਨ। 1799 ਵਿਚ 19 ਸਾਲਾਂ ਦੀ ਉਮਰ ਵਿਚ ਕੀਤੇ ਇਸ ਫੈਸਲੇ ਨਾਲ ਉਸ ਨੇ ਇਕ ਮਜ਼ਬੂਤ ਫੌਜ ਦੀ ਨੀਂਹ ਰੱਖ ਦਿੱਤੀ ਸੀ, ਜੋ 1839 ਵਿਚ ਉਸ ਦੀ ਮੌਤ ਤੱਕ ਕਾਇਮ ਰਹੀ।

ਇਸ ਤੋਂ ਇਕ ਸਾਲ ਬਾਅਦ ਸੰਨ 1800 ਵਿਚ ਰਣਜੀਤ ਸਿੰਘ ਦੀ ਚੜ੍ਹਤ ਤੋਂ ਤ੍ਰਭਕੇ ਅਤੇ ਅਗਲੀਆਂ-ਪਿਛਲੀਆਂ ਰੜਕਾਂ ਕੱਢਣ ਲਈ ਕਈ ਮਿਸਲਾਂ ਦੇ ਮੁਖੀ ਤੇ ਸਰਦਾਰ ਅਤੇ ਰਿਆਸਤਾਂ ਦੇ ਨਵਾਬ ਉਸ ਦੇ ਖਿਲਾਫ ਇਕਜੁੱਟ ਹੋ ਗਏ। ਇਨ੍ਹਾਂ ਵਿਚ ਅੰਮ੍ਰਿਤਸਰ ਤੋਂ ਜੱਸਾ ਸਿੰਘ ਰਾਮਗੜ੍ਹੀਆ ਤੇ ਗੁਲਾਬ ਸਿੰਘ ਭੰਗੀ, ਗੁਜਰਾਤ ਦਾ ਸਾਹਿਬ ਸਿੰਘ ਭੰਗੀ, ਵਜ਼ੀਰਾਬਾਦ ਦਾ ਜੋਧ ਸਿੰਘ ਅਤੇ ਕਸੂਰ ਦਾ ਨਵਾਬ ਨਿਜ਼ਾਮੁਦੀਨ ਸ਼ਾਮਲ ਸਨ। ਇਨ੍ਹਾਂ ਨੂੰ ਚਕਮਾ ਦੇਣ ਲਈ ਰਣਜੀਤ ਸਿੰਘ ਆਪਣੀ ਫੌਜ ਨਾਲ ਲਾਹੌਰ ਤੋਂ 40 ਕਿਲੋਮੀਟਰ ਦੂਰ ਪਿੰਡ ਮੌਜ਼ਾ ਭੱਟੀਆਂ (ਜੋ ਉਸ ਦੇ ਵਡੇਰੇ ਕਾਲੂ ਭੱਟੀ ਨੇ ਸੰਨ 1470 ਵਿਚ ਵਸਾਇਆ ਸੀ) ਆ ਗਿਆ ਤੇ ਉਥੇ ਡੇਰਾ ਲਾ ਲਿਆ। ਦੋ ਮਹੀਨੇ ਦੋਵੇਂ ਧਿਰਾਂ ਆਹਮੋ-ਸਾਹਮਣੇ ਖੜ੍ਹੀਆਂ ਰਹੀਆਂ। ਆਖਰਕਾਰ ਵਿਰੋਧੀ ਫੌਜ ਨੇ ਹਮਲਾ ਸ਼ੁਰੂ ਕੀਤਾ ਪਰ ਸਫਲਤਾ ਨਾ ਮਿਲ ਸਕੀ। ਰਣਜੀਤ ਸਿੰਘ ਨੇ ਉਨ੍ਹਾਂ ਦਾ ਬਟਾਲੇ ਤੱਕ ਪਿੱਛਾ ਕੀਤਾ, ਜਿਥੇ ਸਦਾ ਕੌਰ ਦੀ ਫੌਜ ਉਸ ਨਾਲ ਆਣ ਜੁੜੀ ਅਤੇ ਇਥੇ ਜੱਸਾ ਸਿੰਘ ਰਾਮਗੜ੍ਹੀਆ ਦੇ ਪੁੱਤਰ ਜੋਧ ਸਿੰਘ ਨਾਲ ਲੜਾਈ ਹੋਈ। ਜੋਧ ਸਿੰਘ ਹਾਰ ਗਿਆ ਅਤੇ ਰਣਜੀਤ ਸਿੰਘ ਜੇਤੂ ਹੋ ਕੇ ਲਾਹੌਰ ਪਰਤਿਆ।



ਆਪਣੇ ਰਾਜ ਦੇ ਨਿਰਮਾਣ ਦੌਰਾਨ ਰਣਜੀਤ ਸਿੰਘ ਨੇ ਕਿਸੇ ਵੀ ਕਿਸਮ ਦੀ ਦਿਆਲਤਾ ਜਾਂ ਸਾਫਗੋਈ ਦੀ ਪ੍ਰਵਾਹ ਨਹੀਂ ਕੀਤੀ ਅਤੇ ਕੁਝ ਮਾਮਲਿਆਂ ਵਿਚ ਤਾਂ ਉਸ ਨੇ ਬੇਕਿਰਕ ਤੇ ਅਨੈਤਿਕ ਕਦਮ ਵੀ ਪੁੱਟੇ, ਪਰ ਗੜਬੜ ਦੇ ਉਨ੍ਹਾਂ ਸਾਲਾਂ ਵਿਚ ਉਸ ਨੂੰ ਮਿਲਣ ਵਾਲਿਆਂ ਦੀ ਉਸ ਦੀ ਕਾਬਲੀਅਤ ਬਾਰੇ ਰਾਏ ਲਗਪਗ ਸਾਂਝੀ ਸੀ। ਅਨਪੜ੍ਹ ਹੋਣ ਦੇ ਬਾਵਜੂਦ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਇਕੱਤਰ ਕਰਨ ਦੀ ਸ਼ਕਤੀ ਅਤੇ ਉਸ ਦੀ ਯਾਦਸ਼ਕਤੀ ਦਾ ਉਸ ਨਾਲ ਗੱਲਬਾਤ ਕਰਨ ਵਾਲੇ ਸਾਰੇ ਵਿਅਕਤੀਆਂ ਨੇ ਪ੍ਰਭਾਵ ਕਬੂਲਿਆ।

ਰਣਜੀਤ ਸਿੰਘ ਨੂੰ ਬਿਮਾਰੀ ਸਮੇਂ ਮਿਲਣ ਆਏ ਬਰਤਾਨਵੀ ਕਪਤਾਨ ਡਬਲਿਊ.ਜੀ. ਓਸਬੋਰਨ ਨੇ ਲਿਖਿਆ ਕਿ ਉਸ ਦੇ ਸੁਆਲਾਂ ਦਾ ਪ੍ਰਵਾਹ ਅਤੇ ਵਿਸ਼ਿਆਂ ਦੀ ਅਨੰਤਤਾ ਦੇਖ ਕੇ ਕੋਈ ਵਿਚਾਰ ਦੇਣਾ ਲਗਪਗ ਅਸੰਭਵ ਹੋ ਜਾਂਦਾ ਸੀ। ਜਿਉਂ-ਜਿਉਂ ਮੈਂ ਰਣਜੀਤ ਸਿੰਘ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹਾਂ, ਉਹ ਮੈਨੂੰ ਇਕ ਅਸਾਧਾਰਨ ਸ਼ਖਸ ਜਾਪਦੇ ਹਨ। ਲਾਰਡ ਆਕਲੈਂਡ ਦੀ ਭੈਣ ਐਮਿਲੀ ਈਡਨ ਨੇ ਲਿਖਿਆ, "ਉਹ ਆਪਣੇ ਬਲਬੂਤੇ 'ਤੇ ਮਹਾਨ ਰਾਜਾ ਬਣਿਆ। ਉਸ ਨੇ ਵੱਡੇ ਵੱਡੇ ਵੈਰੀਆਂ 'ਤੇ ਜਿੱਤਾਂ ਦਰਜ ਕੀਤੀਆਂ। ਉਸ ਦੇ ਸ਼ਾਸਨ ਦੀ ਦਾਦ ਦੇਣੀ ਬਣਦੀ ਹੈ। ਉਸ ਕੋਲ ਇਕ ਵੱਡੀ ਅਨੁਸ਼ਾਸਤ ਫੌਜ ਹੈ। ਉਸ ਨੇ ਸ਼ਾਇਦ ਹੀ ਕਦੇ ਕਿਸੇ ਦੀ ਜਾਨ ਲਈ ਹੈ। ਉਹ ਇਕ ਬੇਮਿਸਾਲ ਤਾਨਾਸ਼ਾਹ ਹੈ ਅਤੇ ਆਪਣੇ ਲੋਕਾਂ ਵਿਚ ਰੱਜ ਕੇ ਪਿਆਰਿਆ ਜਾਂਦਾ ਹੈ।"

ਰਣਜੀਤ ਸਿੰਘ ਦੀ ਨਜ਼ਰ ਹੁਣ ਅੰਮ੍ਰਿਤਸਰ 'ਤੇ ਸੀ, ਜਿਸ ਨੂੰ ਸ੍ਰੀ ਗੁਰੂ ਰਾਮ ਦਾਸ ਨੇ ਵਸਾਇਆ ਸੀ ਅਤੇ ਇਥੇ ਦਰਬਾਰ ਸਾਹਿਬ ਸਥਿਤ ਸੀ। ਅੰਮ੍ਰਿਤਸਰ 'ਤੇ ਉਸ ਵੇਲੇ ਭੰਗੀ ਮਿਸਲ ਦਾ ਕਬਜ਼ਾ ਸੀ ਅਤੇ ਸ਼ਾਸਨ ਦੀ ਵਾਗਡੋਰ ਰਾਣੀ ਸੁੱਖਾਂ ਦੇ ਹੱਥ ਵਿਚ ਸੀ। ਰਾਣੀ ਸੁੱਖਾਂ, ਗੁਲਾਬ ਸਿੰਘ ਭੰਗੀ ਦੀ ਵਿਧਵਾ ਸੀ। 1802

***ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਦੀ ਮਹਾਰਾਜਾ ਰਣਜੀਤ ਸਿੰਘ ਬਾਰੇ ਅੰਗਰੇਜ਼ੀ 'ਚ ਆਈ ਕਿਤਾਬ 'ਦੀ ਲਾਸਟ ਸਨਸੈਟ ਐਂਡ ਰਾਈਜ਼ ਆਫ ਦੀ ਲਾਹੌਰ ਦਰਬਾਰ' ਕਾਫੀ ਚਰਚਾ ਵਿਚ ਹੈ। ਪਾਠਕਾਂ ਦੀ ਦਿਲਚਸਪੀ ਲਈ ਇਸ ਪੁਸਤਕ ਵਿਚੋਂ ਕੁਝ ਅੰਸ਼ ਪੇਸ਼ ਹਨ। -ਸੰਪਾਦਕ***

ਵਿਚ ਰਣਜੀਤ ਸਿੰਘ ਨੂੰ ਹਮਲੇ ਦਾ ਬਹਾਨਾ ਮਿਲ ਗਿਆ। ਉਹ ਜ਼ਮਜ਼ਮਾ ਤੋਪ ਹਾਸਲ ਕਰਨੀ ਚਾਹੁੰਦਾ ਸੀ ਜੋ ਉਦੋਂ ਰਾਣੀ ਸੁੱਖਾਂ ਦੇ ਕਬਜ਼ੇ ਵਿਚ ਸੀ। ਰਾਣੀ ਸੁੱਖਾਂ ਨੇ ਇਨਕਾਰ ਕਰ ਦਿੱਤਾ ਅਤੇ ਰਣਜੀਤ ਸਿੰਘ ਨੇ ਫਤਿਹ ਸਿੰਘ ਆਹਲੂਵਾਲੀਆ ਨੂੰ ਅੰਮ੍ਰਿਤਸਰ ਪੁੱਜਣ ਦਾ ਹੁਕਮ ਦਿੱਤਾ ਜਦਕਿ ਉਸ ਨੇ ਅਤੇ ਸਦਾ ਕੌਰ ਨੇ ਸ਼ਹਿਰ ਨੂੰ ਘੇਰਾ ਪਾ ਲਿਆ। ਫਤਿਹ ਸਿੰਘ ਨੇ ਪੁਲ ਦਰਵਾਜ਼ੇ ਤੋਂ ਚੜ੍ਹਾਈ ਕੀਤੀ ਅਤੇ ਰਣਜੀਤ ਸਿੰਘ ਲੋਹਗੜ੍ਹ ਦਰਵਾਜ਼ੇ 'ਤੇ ਪੁੱਜ ਗਿਆ। ਉਹ ਸ਼ਹਿਰ ਵਿਚ ਦਾਖਲ ਹੋ ਗਏ ਅਤੇ ਰਾਣੀ ਸੁੱਖਾਂ, ਜੋਧ ਸਿੰਘ ਰਾਮਗੜ੍ਹੀਆ ਦੀ ਸ਼ਰਨ ਵਿਚ ਚਲੀ ਗਈ। ਜੋਧ ਸਿੰਘ ਨੇ ਰਣਜੀਤ ਸਿੰਘ ਨੂੰ ਸ਼ਹਿਰ ਦੇ ਬਦਲੇ ਰਾਣੀ ਅਤੇ ਉਸ ਦੇ ਪਰਿਵਾਰ ਦੇ ਗੁਜ਼ਾਰੇ ਦਾ ਪ੍ਰਬੰਧ ਕਰਨ ਲਈ ਰਾਜ਼ੀ ਕਰ ਲਿਆ। ਇਸ ਦੇ ਨਾਲ ਹੀ ਭੰਗੀ ਮਿਸਲ ਦਾ ਇਕ ਸ਼ਕਤੀ ਵਜੋਂ ਵਜੂਦ ਖਤਮ ਹੋ ਗਿਆ।

ਰਣਜੀਤ ਸਿੰਘ ਆਪਣੇ ਹੱਥੀਂ ਸਹੀਬੰਦ ਕੀਤੇ ਕਰਾਰਾਂ ਨੂੰ ਤੋੜਨ ਲਈ ਫੋਰਾ ਨਹੀਂ ਸੀ ਲਾਉਂਦਾ। ਵਿੱਤੀ ਲਾਭ ਖਾਤਰ ਉਹ ਕੁਝ ਵੀ ਕਰਨ ਲਈ ਤਿਆਰ ਹੁੰਦਾ ਸੀ। ਇਕ ਵਾਰ ਜਦੋਂ ਉਸ ਨੇ ਸੁਣਿਆ ਕਿ ਉਸ ਦਾ ਮਾਮਾ ਅਤੇ ਉਸ ਦੇ ਪਿਓ ਦਾ ਸਾਥੀ ਦਲ ਸਿੰਘ, ਉਸ ਦੇ ਖਿਲਾਫ ਸਾਹਿਬ ਸਿੰਘ ਭੰਗੀ ਨਾਲ ਗੰਢ-ਤੁਪ ਕਰ ਰਿਹਾ ਹੈ ਤਾਂ ਰਣਜੀਤ ਸਿੰਘ ਨੇ ਆਪਣੇ ਪਿਓ ਦਾ ਵਾਸਤਾ ਪਾ ਕੇ ਉਸ ਨੂੰ ਲਾਹੌਰ ਸੱਦ ਲਿਆ। ਪਹੁੰਚਣ 'ਤੇ ਦਲ ਸਿੰਘ ਦੀ ਖੂਬ ਆਓ-ਭਗਤ ਕੀਤੀ ਗਈ ਪਰ ਰਾਤ ਨੂੰ ਉਸ ਨੂੰ ਘਰ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਦੋਵਾਂ ਨੂੰ ਵੱਖ ਕਰਨ ਮਗਰੋਂ ਰਣਜੀਤ ਸਿੰਘ ਨੇ ਗੁਜਰਾਤ ਤੋਂ ਦੋ ਮੀਲ ਉਰੇ ਲੜਾਈ ਵਿਚ ਸਾਹਿਬ ਸਿੰਘ ਭੰਗੀ ਨੂੰ ਹਰਾ ਦਿੱਤਾ। ਲੜਾਈ ਤੋਂ ਬਾਅਦ ਦਲ ਸਿੰਘ ਨੂੰ ਰਿਹਾਅ ਕਰ ਦਿੱਤਾ ਪਰ ਆਪਣੀ ਰਿਆਸਤ ਅਕਾਲਗੜ੍ਹ ਪੁੱਜਣ 'ਤੇ ਉਸ ਦੀ ਮੌਤ ਹੋ ਗਈ। ਆਪਣੀ ਮਾਮੀ ਨੂੰ ਧਰਵਾਸ ਦੇਣ ਲਈ ਅਕਾਲਗੜ੍ਹ ਪੁੱਜਿਆ ਪਰ ਉਥੇ ਉਸ ਨੇ ਦਲ ਸਿੰਘ ਦੀ ਵਿਧਵਾ ਨੂੰ ਗ੍ਰਿਫ਼ਤਾਰ ਕਰਵਾ ਕੇ ਉਸ ਦਾ ਸਾਰਾ ਮਾਲਮੱਤਾ ਤੇ ਫੌਜੀ ਸਾਜ਼ੋ-ਸਾਮਾਨ ਕਬਜ਼ੇ ਵਿਚ ਕਰ ਲਿਆ ਤੇ ਰਿਆਸਤ ਦਾ ਇਲਾਕਾ ਲਾਹੌਰ 'ਚ ਮਿਲਾ ਲਿਆ ਤੇ ਆਪਣੀ ਮਾਮੀ ਤੇ ਉਸ ਦੇ ਪਰਿਵਾਰ ਦੇ ਗੁਜ਼ਾਰੇ ਲਈ ਦੋ ਪਿੰਡ ਛੱਡ ਦਿੱਤੇ।

ਰਾਜ ਦੀਆਂ ਹੱਦਾਂ ਵਧਾਉਣ ਦੀ ਖਾਹਸ਼ ਲੈ ਕੇ ਰਣਜੀਤ ਸਿੰਘ ਇਕ ਵਾਰ ਫੇਰ (ਤੀਜੀ ਵਾਰ) ਸਤਲੁਜ ਦਰਿਆ ਪਾਰ ਕਰਕੇ ਪਟਿਆਲਾ ਦੇ ਪੂਰਬ ਵਲ ਆਣ ਢੁੱਕਿਆ, ਜੋ ਜ਼ਾਹਰਾ ਤੌਰ 'ਤੇ ਰਾਜਾ ਸਾਹਿਬ ਸਿੰਘ ਤੇ ਉਸ ਦੀ ਪਤਨੀ ਦੇ ਝਗੜੇ ਵਿਚ ਦਖਲ ਦੇਣ ਆਇਆ ਸੀ। ਦਰਅਸਲ ਉਹ ਨਾਭਾ ਦੇ ਰਾਜਾ ਦੇ ਸੱਦੇ 'ਤੇ ਆਇਆ ਸੀ। ਨਾਭਾ ਰਿਆਸਤ ਦਾ ਪਟਿਆਲਾ ਰਿਆਸਤ ਨਾਲ ਇਲਾਕੇ ਸਬੰਧੀ ਝਗੜਾ ਚਲ ਰਿਹਾ ਸੀ ਅਤੇ ਇਸ ਨੂੰ ਲੈ ਕੇ ਹੋਈ ਲੜਾਈ ਵਿਚ ਨਾਭਾ ਦਾ ਰਾਜਾ ਹਾਰ ਖਾ ਚੁੱਕਿਆ ਸੀ। ਪਟਿਆਲਾ ਰਿਆਸਤ ਵਿਚ ਦਾਖਲ ਹੋ ਕੇ ਰਣਜੀਤ ਸਿੰਘ ਨੇ ਵਿਵਾਦ ਵਾਲੇ ਇਲਾਕੇ ਦੁਲੱਦੀ ਅਤੇ ਨਾਲ ਦੇ ਇਕ ਹੋਰ ਪਿੰਡ ਮਨਸੂਰਪੁਰ 'ਤੇ ਕਬਜ਼ਾ ਕਰ ਲਿਆ। ਫੇਰ ਉਸ ਨੇ ਪਟਿਆਲੇ ਵਲ ਰੁਖ ਕੀਤਾ। ਰਸਤੇ ਵਿਚ ਇਕ ਛੋਟੀ ਜਿਹੀ ਝੜਪ ਹੋਈ, ਜੋ ਦਿਨ ਭਰ ਚਲਦੀ ਰਹੀ। ਜਦੋਂ ਅੜਿੱਕਾ ਨਾ ਟੁੱਟਿਆ ਤਾਂ ਰਣਜੀਤ ਸਿੰਘ ਅਤੇ ਪਟਿਆਲਾ ਦੇ ਰਾਜਾ ਸਾਹਿਬ ਸਿੰਘ ਵਿਚਕਾਰ ਸਮਝੌਤਾ ਹੋ ਗਿਆ ਅਤੇ ਕਬਜ਼ੇ ਵਾਲੇ ਇਲਾਕੇ ਪਟਿਆਲਾ ਦੇ ਰਾਜੇ ਦੇ ਹਵਾਲੇ ਕਰਕੇ ਰਣਜੀਤ ਸਿੰਘ ਲਾਹੌਰ ਪਰਤ ਗਿਆ।

ਇਸ ਸਮੇਂ ਤੱਕ ਸਿਸ-ਸਤਲੁਜ (ਯਮੁਨਾ ਤੇ ਸਤਲੁਜ ਵਿਚਾਲੇ ਆਉਣ ਵਾਲੀਆਂ ਅੱਠ ਸਿੱਖ ਰਿਆਸਤਾਂ) ਦੀਆਂ ਰਿਆਸਤਾਂ ਪਟਿਆਲਾ, ਨਾਭਾ, ਜੀਂਦ ਤੇ ਫੂਲਕੀਆਂ ਸ਼ਾਸਕਾਂ ਅਤੇ ਖਿੱਤੇ ਦੇ ਹੋਰਨਾਂ ਸਰਦਾਰਾਂ ਨੂੰ ਇਹ ਗੱਲ ਜਚ ਗਈ ਸੀ ਕਿ ਫਰੀਦਕੋਟ 'ਤੇ ਕਬਜ਼ੇ ਅਤੇ ਮਲੇਰਕੋਟਲੇ ਦੇ ਨਵਾਬ ਨੂੰ ਭਾਰੀ ਜੁਰਮਾਨਾ ਕਰਕੇ ਰਣਜੀਤ ਸਿੰਘ ਸਮਾਂ ਲੰਘਾ ਰਿਹਾ ਹੈ ਅਤੇ ਉਹ ਛੇਤੀ ਹੀ ਸਤਲੁਜ ਪਾਰ ਕਰਕੇ ਉਨ੍ਹਾਂ ਸਾਰਿਆਂ 'ਤੇ ਕਾਬਜ਼ ਹੋ ਜਾਵੇਗਾ। ਸਿੱਟੇ ਵਜੋਂ 4 ਮਾਰਚ 1808 ਨੂੰ ਪਟਿਆਲਾ ਸ਼ਹਿਰ ਤੋਂ 14 ਮੀਲ ਪਰ੍ਹੇ ਸਮਾਣਾ ਵਿਖੇ ਇਕ ਮੀਟਿੰਗ ਹੋਈ ਜਿਸ ਵਿਚ ਸਿਸ-ਸਤਲੁਜ ਖਿੱਤੇ ਦੀਆਂ ਚਾਰ ਵੱਡੀਆਂ ਰਿਆਸਤਾਂ ਦੇ ਮੁਖੀ ਤੇ ਛੋਟੇ-ਵੱਡੇ ਸਰਦਾਰ ਸ਼ਾਮਲ ਹੋਏ। ਇਸ ਮੀਟਿੰਗ ਵਿਚ ਇਹ ਮਤਾ ਪਾਸ ਕੀਤਾ ਗਿਆ; "ਅਸੀਂ ਸੂਬਾ ਸਰਹਿੰਦ ਦੇ ਸ਼ਾਸਕ ਦੋ ਵੱਡੀਆਂ ਲਾਲਚੀ ਤਾਕਤਾਂ ਦੇ ਵਿਚਾਲੇ ਫਸੇ ਹੋਏ ਹਾਂ। ਅਸੀਂ ਆਪਣੀ ਆਜ਼ਾਦਾਨਾ ਹੈਸੀਅਤ ਲੰਮਾ ਸਮਾਂ ਕਾਇਮ ਨਹੀਂ ਰੱਖ ਸਕਦੇ। ਬਰਤਾਨਵੀ ਸਰਕਾਰ ਦਾ ਯਮੁਨਾ ਪਾਰ ਕਰਕੇ ਸਤਲੁਜ ਵਲ ਵਧਣਾ ਤੈਅ ਹੈ। ਇਸ ਲਈ ਰਣਜੀਤ ਸਿੰਘ ਦੀਆਂ ਨਜ਼ਰਾਂ ਵੀ ਸਾਡੇ 'ਤੇ ਲੱਗੀਆਂ ਹਨ। ਉਹ ਯਕੀਨਨ ਸਤਲੁਜ ਲੰਘ ਆਵੇਗਾ। ਸਾਨੂੰ ਦੋ ਬੁਰਾਈਆਂ 'ਚੋਂ ਇਕ ਦੀ ਚੋਣ ਕਰਨੀ ਪਵੇਗੀ। ਬਰਤਾਨੀਆ ਦੀ ਅਧੀਨਗੀ ਤਪਦਿਕ ਦੀ ਤਰ੍ਹਾਂ ਹੈ, ਜੋ ਮਰੀਜ਼ ਦੀ ਹੌਲੀ-ਹੌਲੀ ਜਾਨ ਲੈਂਦੀ ਹੈ। ਰਣਜੀਤ ਸਿੰਘ ਨਾਲ ਗਠਜੋੜ ਸਰਸਾਮ ਦੀ ਤਰ੍ਹਾਂ ਘਾਤਕ ਹੋਵੇਗਾ, ਜੋ ਕੁਝ ਘੰਟਿਆਂ ਵਿਚ ਜਾਨ ਲੈ ਲੈਂਦਾ ਹੈ।"

ਰਣਜੀਤ ਦੀ ਨਿੱਜੀ ਜ਼ਿੰਦਗੀ ਉਸ ਦੇ ਵੇਲਿਆਂ ਨਾਲ ਮੇਲ ਖਾਂਦੀ ਸੀ। ਉਹ ਦਲੇ ਹੋਏ ਮੋਤੀਆਂ ਨਾਲ ਰਲਾ ਕੇ ਰੱਜ ਕੇ ਸ਼ਰਾਬ ਪੀਂਦਾ ਸੀ ਅਤੇ ਉਸ ਦੀ ਛੇਤੀ ਮੌਤ ਹੋਣ ਦਾ ਇਕ ਕਾਰਨ ਇਹ ਵੀ ਸੀ। ਐਮਿਲੀ ਈਡਨ ਨੇ ਲਿਖਿਆ, "ਰਣਜੀਤ ਸਿੰਘ ਦੀ ਕੁਝ ਸ਼ਰਾਬ ਤਾਂ ਨਿਰੀ ਤਰਲ ਅਗਨੀ ਸੀ ਅਤੇ ਸਾਡੀ ਤਿੱਖੀ ਤੋਂ ਤਿੱਖੀ ਸ਼ਰਾਬ ਉਸ ਦੇ ਨੇੜੇ-ਤੇੜੇ ਵੀ ਨਹੀਂ ਸੀ ਤੇ ਆਮ ਤੌਰ 'ਤੇ ਯੂਰਪੀਅਨ ਤਾਂ ਇਸ ਦੇ ਇਕ ਤੁਪਕੇ ਤੋਂ ਵਧ ਨਹੀਂ ਪੀ ਸਕਦੇ।"

## ਇਤਿਹਾਸ ਦਾ ਝਰੋਖਾ

ਰਣਜੀਤ ਸਿੰਘ ਦੀਆਂ ਵੀਹ ਸ਼ਾਦੀਆਂ ਹੋਈਆਂ। ਇਨ੍ਹਾਂ ਵਿਚੋਂ ਪੰਜ ਸਿੱਖ, ਤਿੰਨ ਹਿੰਦੂ ਅਤੇ ਦੋ ਮੁਸਲਿਮ ਔਰਤਾਂ ਨਾਲ ਰਵਾਇਤੀ ਰੀਤੀ-ਰਿਵਾਜਾਂ ਨਾਲ ਹੋਈਆਂ। ਇਨ੍ਹਾਂ ਤੋਂ ਇਲਾਵਾ ਦਸ ਹੋਰ ਵਿਆਹ ਚਾਦਰ ਚੜ੍ਹਾ ਕੇ ਕੀਤੇ ਗਏ ਸਨ, ਜਿਨ੍ਹਾਂ ਵਿਚੋਂ ਸੱਤ ਸਿੱਖ ਅਤੇ ਤਿੰਨ ਹਿੰਦੂ ਔਰਤਾਂ ਸਨ। ਮਹਾਰਾਣੀ ਜਿੰਦਾ ਇਨ੍ਹਾਂ 'ਚੋਂ ਇਕ ਸੀ। ਉਸ ਦੇ ਹਰਮ ਵਿਚ 23 ਹੋਰ ਔਰਤਾਂ ਸਨ ਅਤੇ ਕੁੱਲ ਮਿਲਾ ਕੇ ਇਨ੍ਹਾਂ ਦੀ ਗਿਣਤੀ 43 ਬਣਦੀ ਸੀ।

ਮਹਿਤਾਬ ਕੌਰ ਘਨ੍ਹੱਈਆ ਅਤੇ ਰਾਜ ਕੌਰ ਉਸ ਦੀਆਂ ਮਹਾਰਾਣੀਆਂ ਸਨ। ਰਾਜ ਕੌਰ ਦੀ ਕੁੱਖੋਂ ਖੜਕ ਸਿੰਘ ਦਾ ਜਨਮ ਹੋਇਆ। ਕਾਂਗੜਾ 'ਤੇ ਗੋਰਖਿਆਂ ਦੇ ਹਮਲੇ ਸਮੇਂ ਰਣਜੀਤ ਸਿੰਘ ਨੇ ਕਿਸੇ ਵੇਲੇ ਦੇ ਆਪਣੇ ਦੁਸ਼ਮਣ ਰਾਜਾ ਸੰਸਾਰ ਚੰਦ ਦੀ ਮਦਦ ਕੀਤੀ। ਲੜਾਈ 'ਚ ਗੋਰਖਿਆਂ ਨੂੰ ਹਰਾਉਣ ਤੋਂ ਬਾਅਦ ਰਣਜੀਤ ਸਿੰਘ ਨੇ ਸੰਸਾਰ ਚੰਦ ਦੀਆਂ ਦੋ ਧੀਆਂ ਮਹਿਤਾਬ ਦੇਵੀ, ਜੋ ਗੁੱਡਾਂ ਕਰ ਕੇ ਵੀ ਜਾਣੀ ਜਾਂਦੀ ਹੈ ਅਤੇ ਛੋਟੀ ਰਾਜ ਬੰਸੋ ਨਾਲ ਵਿਆਹ ਕਰਵਾਇਆ। ਰਣਜੀਤ ਸਿੰਘ ਨੇ ਜਿਨ੍ਹਾਂ ਦੋ ਮੁਸਲਮਾਨ ਔਰਤਾਂ ਨਾਲ ਵਿਆਹ ਕਰਵਾਇਆ ਉਨ੍ਹਾਂ 'ਚੋਂ ਇਕ ਮੋਰਾਂ ਸੀ। ਕੁਝ ਸਾਲਾਂ ਬਾਅਦ ਉਸ ਨੇ ਅੰਮ੍ਰਿਤਸਰ ਦੀ ਇਕ ਹੋਰ ਔਰਤ ਗੁਲ ਬਹਾਰ ਨਾਲ ਵਿਆਹ ਕਰਾਇਆ। ਮੋਰਾਂ ਨਾਲ ਰਣਜੀਤ ਸਿੰਘ ਨੂੰ ਸਭ ਤੋਂ ਵਧ ਮੋਹ ਸੀ ਜਿਸ ਦੇ ਨਾਂ 'ਤੇ ਇਕ ਸਿੱਕਾ ਜਾਰੀ ਕੀਤਾ ਗਿਆ ਅਤੇ ਉਸ ਦੀ ਫਰਮਾਇਸ਼ 'ਤੇ ਮਸਜਿਦ ਵੀ ਬਣਵਾਈ ਗਈ, ਜੋ ਲਾਹੌਰ ਦੇ ਮਤੀਦਾਸ ਚੌਕ ਲਾਗੇ ਸਥਿਤ ਹੈ। ਮੋਰਾਂ ਲਾਹੌਰ ਦੇ ਸ਼ਹਿਰੀਆਂ ਵਿਚ 'ਮੋਰਾਂ ਸਰਕਾਰ' ਵਜੋਂ ਪ੍ਰਸਿਧ ਸੀ।

ਰਣਜੀਤ ਸਿੰਘ ਨੂੰ ਨ੍ਰਿਤ ਅਤੇ ਸੰਗੀਤ ਦਾ ਬਹੁਤ ਸ਼ੌਕ ਸੀ ਅਤੇ ਉਸ ਦੇ ਦਰਬਾਰ 'ਚ 150 ਦੇ ਕਰੀਬ ਨ੍ਰਤਕੀਆਂ ਸਨ, ਜਿਨ੍ਹਾਂ 'ਚੋਂ ਜ਼ਿਆਦਾ ਕਸ਼ਮੀਰ ਅਤੇ ਪੰਜਾਬ ਦੇ ਪਹਾੜੀ ਖੇਤਰ ਤੋਂ ਸਨ। ਇਹ ਬਾਰਾਂ ਤੋਂ ਅਠਾਰਾਂ ਸਾਲ ਤੱਕ ਦੀਆਂ ਹੁੰਦੀਆਂ ਸਨ। ਅਠਾਰਾਂ ਸਾਲ ਦੀਆਂ ਹੋਣ 'ਤੇ ਉਨ੍ਹਾਂ ਨੂੰ ਜਾਗੀਰ ਦਿੱਤੀ ਜਾਂਦੀ ਸੀ। ਕੋਲਾਂ ਨੂੰ ਸੱਤ ਪਿੰਡਾਂ ਦੀ ਜਾਗੀਰ ਬਖਸ਼ੀ ਗਈ ਸੀ, ਪਰ ਇੰਨੀ ਸੰਪਤੀ ਮਿਲਣ ਦੇ ਬਾਵਜੂਦ ਕੋਲਾਂ ਸਣੇ ਕਈ ਲੜਕੀਆਂ ਰਣਜੀਤ ਸਿੰਘ ਦੀ ਚਿਖਾ 'ਤੇ ਸਤੀ ਹੋ ਗਈਆਂ ਸਨ। ਰਣਜੀਤ ਸਿੰਘ ਦੇ ਵਿਦੇਸ਼ੀ ਕਮਾਂਡਰ ਜਨਰਲ ਵੈਂਤੂਰਾ ਨੇ ਵੀ 50 ਨ੍ਰਤਕੀਆਂ ਰੱਖੀਆਂ ਹੋਈਆਂ ਸਨ।

ਲਾਹੌਰ ਵਿਚ ਇਕ ਸ਼ਾਨਦਾਰ ਮਹਿਲ ਅਤੇ ਵਜ਼ੀਰਾਬਾਦ ਵਿਚ ਸੰਮਨ ਬੁਰਜ ਬਣਾਉਣ ਤੋਂ ਇਲਾਵਾ ਰਣਜੀਤ ਸਿੰਘ ਨੂੰ ਆਪਣੇ ਰਾਜ ਦੇ ਸ਼ਹਿਰਾਂ ਵਿਚ ਸੁੰਦਰ ਬਾਗ ਬਣਾਉਣ ਦਾ ਬੜਾ ਚਾਅ ਸੀ ਅਤੇ ਉਸ ਨੇ ਆਪਣੇ ਸਾਰੇ ਦਰਬਾਰੀਆਂ ਅਤੇ ਸਰਦਾਰਾਂ ਨੂੰ ਬਾਗ ਬਣਾਉਣ ਲਈ ਉਤਸ਼ਾਹਿਤ ਕੀਤਾ। ਲਾਹੌਰ ਕਿਲ੍ਹੇ ਦੇ ਉਤਰ ਵਲ ਬਦਾਮੀ ਬਾਗ ਨੂੰ ਨਵੀਂ ਦਿੱਖ ਦਿੱਤੀ। ਸ਼ਾਲੀਮਾਰ ਮਾਰਗ 'ਤੇ ਮੋਰੇ ਸ਼ਾਹ ਦੀ ਮਜ਼ਾਰ ਲਾਗੇ ਦੀਵਾਨ ਦੀਨਾ ਨਾਥ ਬਾਗ, ਜੋ ਕਿਸੇ ਵੇਲੇ ਢਹਿੰਦੀ ਕਲਾ ਵਿਚ ਸੀ, ਨੂੰ ਚੋਖਾ ਪੈਸਾ ਖਰਚ ਕੇ ਨਿਖਾਰਿਆ। ਇਸ ਤੋਂ ਇਲਾਵਾ ਅੰਮ੍ਰਿਤਸਰ ਵਿਚ ਰਾਮ ਬਾਗ, ਲਾਹੌਰ ਦਾ ਹਜ਼ੂਰੀ ਬਾਗ, ਗੁੱਜਰਾਂਵਾਲਾ ਵਿਚ ਹਰੀ ਸਿੰਘ ਨਲੂਆ ਬਾਗ ਅਤੇ ਬਟਾਲਾ, ਦੀਨਾਨਗਰ, ਮੁਲਤਾਨ ਤੇ ਪਿੰਡ ਕੋਟ ਦੇ ਬਾਗ ਵੀ ਜ਼ਿਕਰਯੋਗ ਹਨ।

***ਅਨੁਵਾਦ: ਬਿਕਰਮਜੀਤ ਸਿੰਘ***

## ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

(ਸਫਾ 35 ਦੀ ਬਾਕੀ)


ਵੇਲੇ ਜਾਣੀਆਂ ਮੁਸ਼ਕਿਲ ਹੀ ਹਨ, ਸੋ ਅਸੀਂ ਵੀ ਤੁਰ ਕੇ ਗਏ। ਇਸਨੂੰ ਆਜ਼ਮ ਮਾਰਕੀਟ ਕਿਹਾ ਜਾਂਦਾ ਹੈ ਤੇ ਹੈਰਾਨੀ ਤਾਂ ਸਾਡੀ ਉਸ ਵੇਲੇ ਹੋਈ ਜਦੋਂ ਕਾਦਿਰ ਭਾਈ ਨੇ ਦੱਸਿਆ ਕਿ ਇਹ ਏਸ਼ੀਆ ਦੀ ਸਭ ਤੋਂ ਵੱਡੀ ਕੱਪੜਾ ਮਾਰਕਿਟ ਹੈ। ਹੈਰਾਨੀ ਇਸ ਕਰਕੇ ਕਿ ਇਨਾ ਭੀੜਾ ਬਾਜ਼ਾਰ ਜਿਥੇ ਟਰੱਕ ਤਾਂ ਕੀ ਕਾਰ ਦਾ ਜਾਣਾ ਵੀ ਮੁਸ਼ਕਿਲ ਹੈ ਤੇ ਉਤੋਂ ਦੁਕਾਨਾਂ ਨਿੱਕੀਆਂ-ਨਿੱਕੀਆਂ। ਮੈਂ ਉਹਨੂੰ ਪੁੱਛ ਹੀ ਲਿਆ ਕਿ ਲਗਦੀ ਤਾਂ ਹੈ ਨਹੀਂ ਐਡੀ ਵੱਡੀ ਮਾਰਕੀਟ, ਜਿੱਡੀ ਤੂੰ ਦੱਸਦਾਂ। ਉਹ ਸਾਨੂੰ ਇਕ ਦੁਕਾਨ ਅੰਦਰ ਲੈ ਗਿਆ ਜਿਹੜੀ ਦੇਖਣ ਨੂੰ ਤਾਂ ਛੋਟੀ ਜਿਹੀ ਸੀ ਪਰ ਅੰਦਰੋਂ ਉਹਦਾ ਸਟੋਰ ਜਿਹੜਾ ਅੰਡਰਗਰਾਊਂਡ ਸੀ, ਬਹੁਤ ਹੀ ਵੱਡਾ ਸੀ ਤੇ ਕੱਪੜੇ ਦੇ ਢੇਰਾਂ ਦੇ ਢੇਰ ਲੱਗੇ ਹੋਏ ਸਨ। ਇੱਥੇ ਜ਼ਿਆਦਾਤਰ ਉਹ ਸਾਨੂੰ 'ਬੋਸਕੀ' ਖਰੀਦਣ ਲਈ ਕਹਿੰਦੇ ਸਨ। ਉਹ ਦਸਦਾ ਸੀ ਕਿ ਅੰਦਰੋਂ ਸਾਰੀਆਂ ਦੁਕਾਨਾਂ ਐਨੀਆਂ ਹੀ ਵੱਡੀਆਂ ਹਨ ਤੇ ਇੱਥੋਂ ਪਾਕਿਸਤਾਨ ਦੇ ਬਾਕੀ ਸ਼ਹਿਰਾਂ ਤੋਂ ਇਲਾਵਾ ਹੋਰ ਮੁਲਕਾਂ ਨੂੰ ਵੀ ਕੱਪੜਾ ਸਪਲਾਈ ਹੁੰਦਾ ਹੈ।

ਇਸੇ ਬਾਜ਼ਾਰ ਦੇ ਵਿਚ ਹੀ ਅੱਗੇ ਜਾ ਕੇ ਗੁਰਦੁਆਰਾ ਹੈ। ਜਦੋਂ ਅਸੀਂ ਪਹੁੰਚੇ ਤਾਂ ਬਾਹਰੋਂ ਗੇਟ ਨੂੰ ਜਿੰਦਾ ਲੱਗਾ ਹੋਇਆ ਸੀ ਤਾਂ ਕਾਦਿਰ ਭਾਈ ਨੇ ਕਿਸੇ ਨੂੰ ਟੈਲੀਫੋਨ ਕੀਤਾ। ਬੱਸ ਦੋ ਕੁ ਮਿੰਟ ਵਿਚ ਇਕ ਸਿੰਘ ਸਾਹਿਬ ਤੇ ਉਨ੍ਹਾਂ ਨਾਲ ਇਕ ਮੋਨਾ ਮੁੰਡਾ ਆ ਗਏ ਤੇ ਭਾਈ ਸਾਹਿਬ ਫਤਿਹ ਬੁਲਾ ਕੇ, ਗੇਟ ਖੋਲ੍ਹ ਕੇ, ਸਾਨੂੰ ਅੰਦਰ ਲੈ ਗਏ। ਅਸਲ ਵਿਚ ਇਸ ਗੁਰਦੁਆਰੇ ਵਿਚ ਵੀ ਲੰਗਰ ਤੇ ਇਕ ਹੋਰ ਬਿਲਡਿੰਗ ਦੀ ਉਸਾਰੀ ਹੋ ਰਹੀ ਸੀ ਜਿਹੜੀ ਕਿ ਤਰਨਤਾਰਨ ਵਾਲੇ ਸੰਤ ਕਰਵਾ ਰਹੇ ਸਨ। ਇਹ ਭਾਈ ਸਾਹਿਬ ਕਾਰ ਸੇਵਾ ਵਾਲੇ ਹੀ ਸਿੰਘ ਸਨ ਤੇ ਮੋਨਾ ਮੁੰਡਾ ਲਾਂਗਰੀ ਜੋ ਕਿ ਸਵਾਤ ਘਾਟੀ ਤੋਂ ਜਿਹੜੇ ਹਿੰਦੂ ਹਿਜਰਤ ਕਰਕੇ ਆਏ ਹੋਏ ਸਨ, ਉਨ੍ਹਾਂ ਵਿਚੋਂ ਸੀ ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਨਖਾਹ 'ਤੇ ਰੱਖਿਆ ਹੋਇਆ ਸੀ। ਕਾਦਿਰ ਭਾਈ ਨੂੰ ਵੀ ਇਸ ਗੁਰਦੁਆਰੇ ਦੀ ਕਾਰ ਸੇਵਾ ਬਾਰੇ ਕਾਫੀ ਜਾਣਕਾਰੀ ਸੀ। ਉਹਨੇ ਹੀ ਦੱਸਿਆ ਸੀ ਕਿ ਸੰਤ ਅਮਰੀਕ ਸਿੰਘ ਜਿਹੜਾ ਬਾਅਦ 'ਚ ਭਗੌੜਾ ਹੋ ਗਿਆ ਸੀ, ਨੇ ਸ਼ਾਇਦ ਇੱਥੇ ਹੀ ਜ਼ਿਆਦਾ ਹੇਰਾਫੇਰੀ ਕੀਤੀ। ਉਹ ਹੀ ਦਸਦਾ ਸੀ ਕਿ ਜਦੋਂ ਸਰਨਾ ਸੋਨੇ ਦੀ ਪਾਲਕੀ ਲੈ ਕੇ ਆਇਆ ਸੀ ਤਾਂ ਬਾਰਡਰ 'ਤੇ ਪਾਲਕੀ ਲੈਣ ਇਹੋ ਸੰਤ ਅਮਰੀਕ ਸਿੰਘ ਗਿਆ ਸੀ ਤੇ ਜਿਹੜਾ ਲੱਖਾਂ ਦਾ ਚੜ੍ਹਾਵਾ ਪਾਲਕੀ ਦੇ ਦਿੱਲੀ ਤੋਂ ਵਾਹਗਾ ਬਾਰਡਰ ਤੱਕ ਦੇ ਸਫਰ ਦੌਰਾਨ ਹੋਇਆ, ਉਹ ਸ਼ਾਇਦ ਇਹੋ ਬਾਬਾ ਸਾਂਭ ਗਿਆ। ਉਦਾਂ ਕਾਦਿਰ ਭਾਈ ਇਹੋ-ਜਿਹੀ ਗੱਲ ਬੜੀ ਦੱਬਵੀਂ ਜਿਹੀ ਜੀਭ ਨਾਲ ਕਰਦਾ ਸੀ।

(ਬਾਕੀ ਅਗਲੇ ਅੰਕ 'ਚ)

# ਕੋਈ ਵੀ ਨਹੀਂ ਕਰ ਸਕਦਾ ਬਰੂਸ ਲੀ ਦਾ ਮੁਕਾਬਲਾ

ਬਰੂਸ ਲੀ ਦਾ ਨਾਂ ਕੰਨਾਂ ਵਿਚ ਪੈਂਦਿਆਂ ਹੀ ਇਕ ਅਜਿਹੇ ਸ਼ਖਸ ਦੀ ਤਸਵੀਰ ਅੱਖਾਂ ਸਾਹਮਣੇ ਉਤਰ ਆਉਂਦੀ ਹੈ, ਜੋ ਫ਼ਿਲਮੀ ਸਕਰੀਨ 'ਤੇ ਆਪਣੇ ਹੈਰਤਅੰਗੇਜ਼ ਕਾਰਨਾਮਿਆਂ ਨਾਲ ਦਰਸ਼ਕਾਂ ਨੂੰ ਆਨੰਦਿਤ, ਹੈਰਤਜ਼ਦਾ ਅਤੇ ਕਾਇਲ ਕਰ ਦਿੰਦਾ ਸੀ। ਬਰੂਸ ਲੀ ਨੂੰ ਲੋਕ ਆਮ ਤੌਰ 'ਤੇ ਇਕ ਐਕਸ਼ਨ ਹੀਰੋ ਦੇ ਰੂਪ 'ਚ ਹੀ ਜਾਣਦੇ ਹਨ ਪਰ ਐਕਸ਼ਨ ਹੀਰੋ ਹੋਣ ਦੇ ਇਲਾਵਾ ਉਹ ਇਕ ਸਮਰੱਥ ਅਦਾਕਾਰ, ਮਾਹਿਰ ਮਾਰਸ਼ਲ-ਆਰਟ ਉਸਤਾਦ ਅਤੇ ਫਿਲਾਸਫਰ ਵੀ ਸੀ।



ਬਰੂਸ ਲੀ ਦੀ ਮੌਤ 20 ਜੁਲਾਈ, 1973 ਨੂੰ ਮਹਿਜ 32 ਵਰ੍ਹਿਆਂ ਦੀ ਉਮਰ ਵਿਚ ਹੋਈ ਅਤੇ ਰਾਜਕੁਮਾਰੀ ਡਾਇਨਾ ਦੀ ਮੌਤ ਵਾਂਗ ਹੀ ਰਹੱਸਮਈ ਰਹੀ। ਇਹ ਵੀ ਸੱਚ ਹੈ ਕਿ 'ਐਲਵਿਸ ਪੀਸਲੇ' ਦੀ ਤਰ੍ਹਾਂ ਉਸ ਦੀ ਪ੍ਰਸਿਧੀ, ਉਸ ਦੀ ਮੌਤ ਦੇ ਬਾਅਦ ਜ਼ਿਆਦਾ ਫੈਲੀ। ਉਸ ਦੀ ਮੌਤ ਦੇ ਤਿੰਨ ਹਫਤਿਆਂ ਦੇ ਬਾਅਦ ਉਸ ਦੀ ਸਭ ਤੋਂ ਵੱਡੀ ਫ਼ਿਲਮ 'ਐਂਟਰ ਦਾ ਡਰੈਗਨ' ਪ੍ਰਦਰਸ਼ਿਤ ਹੋਈ ਤਾਂ ਉਸ ਦੀ ਹਰਮਨ ਪਿਆਰਤਾ ਐਨੀ ਵਧ ਗਈ ਕਿ ਉਸ ਨੂੰ ਲੈ ਕੇ ਚਾਰ ਲੱਖ ਤੋਂ ਜ਼ਿਆਦਾ ਵੈਬਸਾਈਟਾਂ ਖੁੱਲ੍ਹ ਗਈਆਂ।

ਬਰੂਸ ਲੀ ਦਾ ਜਨਮ ਸੈਨ ਫਰਾਂਸਿਸਕੋ ਵਿਚ 27 ਨਵੰਬਰ 1940 ਨੂੰ ਹੋਇਆ। ਉਸ ਦਾ ਚੀਨੀ ਨਾਂ ਲੀ ਮੁਐਨ ਕੈਮ ਸੀ। ਜਦੋਂ ਉਹ ਸਿਰਫ ਇਕ ਸਾਲ ਦਾ ਸੀ ਤਾਂ ਆਪਣੇ ਚੀਨੀ ਮਾਤਾ-ਪਿਤਾ ਦੇ ਨਾਲ ਹਾਂਗਕਾਂਗ ਚਲਾ ਗਿਆ। ਉਥੇ ਉਹ ਇਕ ਬਾਲ ਅਦਾਕਾਰ ਬਣ ਗਿਆ ਅਤੇ ਬਤੌਰ ਬਾਲ ਅਦਾਕਾਰ ਉਸ ਨੇ ਉਥੋਂ ਦੀਆਂ ਕਈ ਫ਼ਿਲਮਾਂ ਵਿਚ ਕੰਮ ਕੀਤਾ। ਇਸ ਤਰ੍ਹਾਂ 18 ਸਾਲ ਤੱਕ ਉਸ ਨੇ ਤਕਰੀਬਨ 20 ਫ਼ਿਲਮਾਂ ਵਿਚ ਕੰਮ ਕੀਤਾ। ਉਸ ਦੇ ਬਾਅਦ ਆਪਣੀ ਤਾਲੀਮ ਪੂਰੀ ਕਰਨ ਲਈ ਉਹ ਅਮਰੀਕਾ ਆਇਆ ਤੇ ਵਾਸ਼ਿੰਗਟਨ ਯੂਨੀਵਰਸਿਟੀ ਵਿਚ ਦਰਸ਼ਨ-ਸ਼ਾਸਤਰ ਦਾ ਅਧਿਐਨ ਕੀਤਾ। ਜਵਾਨ ਉਮਰੇ ਉਸ ਨੇ ਹਾਂਗਕਾਂਗ ਵਿਚ 'ਵਿੰਗ ਚੂਨ' ਨਾਮੀ ਮਾਰਸ਼ਲ ਆਰਟ ਸਿੱਖੀ ਸੀ।

ਸੰਨ 1964 ਵਿਚ ਬਰੂਸ ਲੀ ਨੇ 'ਲਿੰਡਾ' ਨਾਮੀ ਮੁਟਿਆਰ ਨਾਲ ਵਿਆਹ ਕਰ ਲਿਆ। ਇਕ ਸਾਲ ਬਾਅਦ ਉਸ ਦਾ ਫਰਜ਼ੰਦ 'ਬਰੈਡਨ' ਪੈਦਾ ਹੋਇਆ। ਉਸ ਦੇ ਬਾਅਦ 1969 ਵਿਚ ਬੇਟੀ 'ਸ਼ੈਨਨ' ਪੈਦਾ ਹੋਈ।

60 ਦੇ ਆਖਰੀ ਸਾਲਾਂ 'ਚ ਜਦੋਂ ਪੌਪ ਸੱਭਿਅਤਾ ਦਾ ਵਿਸਥਾਰ ਹੋਇਆ ਤਾਂ ਹਾਲੀਵੁੱਡ ਦੇ ਸਟੀਵ ਮੈਕਕਵੀਨ ਅਤੇ ਜੇਮਸ ਕੋਬਰਨ ਵਰਗੇ ਅਦਾਕਾਰਾਂ ਨੂੰ ਮਾਰਸ਼ਲ ਆਰਟ ਦੀ ਟਰੇਨਿੰਗ ਦੇਣ ਲਈ ਬਰੂਸ ਲੀ ਦੀ ਮੰਗ ਬਹੁਤ ਜ਼ਿਆਦਾ ਵਧ ਗਈ। ਸਿਖਲਾਈ ਦਿੰਦਿਆਂ-ਦਿੰਦਿਆਂ ਬਰੂਸ ਲੀ ਦਾ ਝੁਕਾਅ ਫ਼ਿਲਮਾਂ ਵਲ ਹੋ ਗਿਆ ਅਤੇ ਨਾਲ ਹੀ ਟੈਲੀਵੀਜ਼ਨ ਦੀ ਤਰਫ਼ ਵੀ। ਉਸ ਨੂੰ ਇਨ੍ਹਾਂ 'ਚ ਭੂਮਿਕਾਵਾਂ ਤਾਂ ਮਿਲੀਆਂ ਪਰ ਉਹ ਕੋਈ ਖਾਸ ਨਹੀਂ ਸਨ। ਜਾਂ ਤਾਂ ਉਹ ਫਾਈਟ ਐਡਵਾਈਜ਼ਰ ਦੇ ਤੌਰ 'ਤੇ ਕੰਮ ਕਰਦਾ ਸੀ ਜਾਂ ਫਿਰ ਉਸ ਨੂੰ ਖਲਨਾਇਕ ਦੇ ਸਹਾਇਕ ਦੀ ਕੋਈ ਮਾਮੂਲੀ ਭੂਮਿਕਾ ਮਿਲਦੀ ਸੀ। ਬਰੂਸ ਲੀ ਨੂੰ ਅਮਰੀਕਾ ਵਿਚ ਬਤੌਰ ਅਦਾਕਾਰ ਸਹੀ ਮੌਕੇ ਨਹੀਂ ਮਿਲੇ। ਇਸ ਤੋਂ ਨਿਰਾਸ਼ ਹੋ ਕੇ ਬਰੂਸ ਲੀ ਵਾਪਸ ਹਾਂਗਕਾਂਗ ਪਰਤ ਆਇਆ। ਉਥੇ ਉਸ ਨੇ ਕੁਝ ਐਕਸ਼ਨ ਫ਼ਿਲਮਾਂ ਬਣਾਈਆਂ, ਜੋ ਬਹੁਤ ਹੀ ਮਕਬੂਲ ਹੋਈਆਂ। ਇਨ੍ਹਾਂ ਫ਼ਿਲਮਾਂ ਵਿਚ 'ਫਿਸਟਸ ਆਫ ਫਿਊਰੀ' ਉਰਫ਼ 'ਦਾ ਬਿਗ ਬੌਸ' (1971) ਵੀ ਸੀ, ਜੋ ਏਸ਼ੀਆ ਦੀ ਇਕ ਵੱਡੀ ਹਿੱਟ ਫਿਲਮ ਮੰਨੀ ਗਈ। 'ਵੇ ਆਫ ਦਾ ਡਰੈਗਨ' (1972) ਇਕ ਅਜਿਹੀ ਫ਼ਿਲਮ ਸੀ, ਜਿਸ ਵਿਚ ਬਰੂਸ ਲੀ ਨੇ ਆਪਣੀ ਬਹੁਮੁਖੀ ਕਾਬਲੀਅਤ ਦਾ ਮੁਜ਼ਾਹਰਾ ਕੀਤਾ ਸੀ। ਇਸ ਫ਼ਿਲਮ ਵਿਚ ਉਸ ਨੇ ਬਤੌਰ ਲੇਖਕ-ਨਿਰਦੇਸ਼ਕ, ਅਦਾਕਾਰ ਅਤੇ ਫਾਈਟ ਸੀਨ ਡਾਇਰੈਕਟਰ ਦਾ ਕੰਮ ਕੀਤਾ ਸੀ। ਉਦੋਂ ਉਸ ਨੂੰ ਪਤਾ ਨਹੀਂ ਲੱਗਿਆ ਕਿ 'ਵਾਰਨਰ ਬ੍ਰਦਰਜ਼' ਇਕ ਵੱਡੇ ਬਜਟ ਦੀ ਫ਼ਿਲਮ ਵਿਚ ਉਸ ਨੂੰ ਲੈਣਾ ਚਾਹੁੰਦੇ ਸਨ। ਉਸ ਫ਼ਿਲਮ ਦੇ ਜ਼ਰੀਏ ਉਹ ਮੁੱਖ-ਧਾਰਾ ਦੀਆਂ ਫ਼ਿਲਮਾਂ ਦੇ ਇਕ ਵੱਡੇ ਦਰਸ਼ਕ ਵਰਗ ਤੱਕ ਪਹੁੰਚ ਸਕਦਾ ਸੀ।

ਫ਼ਿਲਮ 'ਐਂਟਰ ਦਾ ਡਰੈਗਨ' (1960) ਵਿਚ ਬਰੂਸ ਲੀ ਨੇ ਕੰਮ ਕੀਤਾ। ਇਹ ਫ਼ਿਲਮ ਗੁਣਵੱਤਾ ਪੱਖੋਂ ਬਿਹਤਰ ਸੀ ਪਰ ਕਹਾਣੀ ਇਸ ਦੀ ਵੀ ਐਕਸ਼ਨ ਫ਼ਿਲਮਾਂ ਵਰਗੀ ਹੀ ਸੀ।

ਬਰੂਸ ਲੀ ਨੇ ਫ਼ਿਲਮਾਂ ਵਿਚ ਬਹੁਤ ਥੋੜ੍ਹੇ ਸਮੇਂ ਤਾਈਂ ਕੰਮ ਕੀਤਾ ਪਰ ਜਿੰਨਾ ਕੰਮ ਕੀਤਾ, ਉਸ ਨਾਲ ਹੀ ਉਹ ਏਸ਼ੀਆ ਦਾ ਸੁਪਰ ਸਟਾਰ ਬਣ ਗਿਆ, ਜਿਸ ਦੀ ਸ਼ੋਹਰਤ ਨੂੰ ਕੋਈ ਮਾਤ ਨਹੀਂ ਦੇ ਸਕਿਆ ਹੈ। ਬਰੂਸ ਲੀ ਦੀ ਜ਼ਿੰਦਗੀ 'ਤੇ ਇਕ ਉਮਦਾ ਫ਼ਿਲਮ ਬਣ ਸਕਦੀ ਹੈ, ਇਹ ਗੱਲ ਕਈ ਨਿਰਮਾਤਾਵਾਂ ਨੇ ਸੋਚੀ। ਉਸ ਦੀ ਮੌਤ ਦੇ ਪੰਜ ਸਾਲ ਬਾਅਦ ਤੱਕ ਕਈ ਨਿਰਮਾਤਾਵਾਂ ਨੇ ਇਸ ਦਿਸ਼ਾ ਵਿਚ ਕੋਸ਼ਿਸ਼ਾਂ ਕੀਤੀਆਂ। ਇਥੋਂ ਤਕ ਕਿ ਵਾਰਨਰ ਬ੍ਰਦਰਜ਼ ਵਰਗੇ ਵੱਡੇ ਫ਼ਿਲਮ ਨਿਰਮਾਤਾਵਾਂ ਨੇ ਵੀ ਖ਼ੂਬ ਪੈਸਾ ਲਗਾਇਆ।

ਸੰਨ 1993 ਵਿਚ ਬਰੂਸ ਲੀ ਦੀ ਮੌਤ ਦੇ 20 ਸਾਲ ਮਗਰੋਂ ਰੋਬ ਮੋਹੇਨ ਨੇ 'ਡਰੈਗਨ ਦਾ ਬਰੂਸ ਲੀ ਸਟੋਰੀ' ਫ਼ਿਲਮ ਬਣਾਈ। ਉਸ ਫ਼ਿਲਮ ਵਿਚ ਬਰੂਸ ਲੀ ਦਾ ਕਿਰਦਾਰ ਹਵਾਈ ਵਿਚ ਪੈਦਾ ਹੋਏ ਜੇਸਨ ਸਕਾਟ ਲੀ ਨੇ ਨਿਭਾਇਆ। ਹਾਲਾਂਕਿ ਫ਼ਿਲਮ ਆਪਣੇ ਮਿਆਰ ਪੱਖੋਂ ਬਹੁਤ ਵਧੀਆ ਸੀ ਅਤੇ ਬਰੂਸ ਲੀ ਦਾ ਰੋਲ ਕਰਨ ਵਾਲਾ ਅਭਿਨੇਤਾ ਜੇਸਨ ਸਕਾਟ ਲੀ ਚੰਗਾ ਅਭਿਨੈ ਕਰਨ ਤੋਂ ਇਲਾਵਾ ਮਾਰਸ਼ਲ ਆਰਟ ਵਿਚ ਨਿਪੁੰਨ ਸੀ ਪਰ ਬਰੂਸ ਲੀ ਦਾ ਮੁਕਾਬਲਾ ਨਹੀਂ ਕਰ ਸਕਿਆ। ਲਿਹਾਜ਼ਾ ਰੋਲ ਕਰਨ ਤੋਂ ਪਹਿਲਾਂ ਉਸ ਨੇ ਬਰੂਸ ਲੀ ਦੇ ਪੁੱਤਰ ਬਰੈਡਨ ਨਾਲ ਮੁਲਾਕਾਤ ਕੀਤੀ। ਇਕ ਤਾਂ ਉਹ ਬਰੈਡਨ ਦੀਆਂ ਸ਼ੁਭ ਕਾਮਨਾਵਾਂ ਲੈਣਾ ਚਾਹੁੰਦਾ ਸੀ, ਦੂਜਾ ਉਸ ਕੋਲੋਂ ਕੋਈ ਅਜਿਹੀ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦਾ ਸੀ, ਜਿਸ ਦੇ ਆਧਾਰ 'ਤੇ ਰੋਲ ਨੂੰ ਚੰਗੀ ਤਰ੍ਹਾਂ ਨਿਭਾਅ ਸਕੇ।

ਇਥੇ ਇਹ ਵੀ ਦੱਸ ਦੇਣਾ ਜ਼ਰੂਰੀ ਹੈ ਕਿ ਅਫ਼ਵਾਹ ਦੇ ਅਨੁਸਾਰ ਬਰੈਡਨ ਨੂੰ ਵੀ ਇਹ ਭੂਮਿਕਾ ਨਿਭਾਉਣ ਦੀ ਪੇਸ਼ਕਸ਼ ਮਿਲੀ ਸੀ ਪਰ ਜੇਸਨ ਨੇ ਇਸ ਅਫਵਾਹ ਦਾ ਖੰਡਨ ਕਰਦਿਆਂ ਹੋਇਆਂ ਕਿਹਾ ਕਿ ਬਰੈਡਨ ਉਹ ਰੋਲ ਕਰਨਾ ਹੀ ਨਹੀਂ ਚਾਹੁੰਦਾ ਸੀ। ਉਹ ਸਿਰਫ ਆਪਣੀਆਂ ਚੀਜ਼ਾਂ ਹੀ ਕਰਨੀਆਂ ਚਾਹੁੰਦਾ ਸੀ ਅਤੇ ਆਪਣਾ ਅਲੱਗ ਵਿਅਕਤੀਤਵ ਕਾਇਮ ਕਰਨਾ ਚਾਹੁੰਦਾ ਸੀ। ਖੈਰ, ਜੇਸਨ ਨੇ ਬਰੂਸ ਲੀ ਦੀ ਭੂਮਿਕਾ ਫ਼ਿਲਮ ਡਰੈਗਨ ਵਿਚ ਨਿਭਾਈ ਅਤੇ ਉਸ ਕਿਰਦਾਰ ਨੂੰ ਚੰਗੀ ਤਰ੍ਹਾਂ ਨਿਭਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਜਿਵੇਂ ਕਿ ਪਹਿਲਾਂ ਹੀ ਦੱਸਿਆ ਜਾ ਚੁੱਕਿਆ ਹੈ, ਉਹ ਬਰੂਸ ਲੀ ਦਾ ਸਥਾਨ ਨਹੀਂ ਲੈ ਸਕਿਆ। ਬਰੂਸ ਲੀ ਦੀ ਪਤਨੀ ਲਿੰਡਾ ਨੇ ਫ਼ਿਲਮ ਰਿਲੀਜ਼ ਹੋਣ 'ਤੇ ਕਿਹਾ, ''ਇਹ ਫ਼ਿਲਮ ਆਪਣੀ ਕਸੌਟੀ 'ਤੇ ਖਰੀ ਨਹੀਂ ਉਤਰੀ।'' ਬਰੂਸ ਲੀ ਦੇ ਜੀਵਨ ਵਿਚ ਸਭ ਤੋਂ ਅਹਿਮ ਚੀਜ਼ ਉਸ ਦਾ ਪਰਿਵਾਰ ਸੀ। ਇਸ ਲਈ ਲਿੰਡਾ ਚਾਹੁੰਦੀ ਸੀ ਕਿ ਇਸ ਗੱਲ ਨੂੰ ਫ਼ਿਲਮ ਵਿਚ ਵਿਖਾਇਆ ਜਾਣਾ ਚਾਹੀਦਾ ਸੀ। ਫ਼ਿਲਮ ਵਿਚ ਇਹ ਗੱਲ ਵੀ ਆਉਣੀ ਚਾਹੀਦੀ ਸੀ ਕਿ ਅੱਜ ਐਨੇ ਵਰ੍ਹਿਆਂ ਦੇ ਬਾਅਦ ਬਰੂਸ ਲੀ ਕਿਵੇਂ ਦੰਦ ਕਥਾ ਬਣੇ ਹੋਏ ਹਨ, ਕਿਉਂ ਲੋਕ ਉਨ੍ਹਾਂ ਉਪਰ ਫ਼ਿਲਮ ਬਣਾਉਣਾ ਚਾਹੁੰਦੇ ਹਨ, ਉਨ੍ਹਾਂ ਵਿਚ ਅਜਿਹਾ ਕੀ ਸੀ, ਜੋ ਲੋਕਾਂ ਨੂੰ ਪ੍ਰੇਰਣਾ ਦਿੰਦਾ ਹੈ।

ਫ਼ਿਲਹਾਲ ਬਰੂਸ ਲੀ ਦੀ ਜ਼ਿੰਦਗੀ 'ਤੇ ਕੋਈ ਬਿਹਤਰੀਨ ਫ਼ਿਲਮ ਕਦੇ ਬਣ ਸਕੇਗੀ ਜਾਂ ਨਹੀਂ, ਇਹ ਤਾਂ ਕਿਹਾ ਨਹੀਂ ਜਾ ਸਕਦਾ ਪਰ ਜੋ ਐਕਸ਼ਨ ਬਰੂਸ ਲੀ ਨੇ ਆਪਣੀਆਂ ਫ਼ਿਲਮਾਂ ਵਿਚ ਜੋ ਐਕਸ਼ਨ ਕੀਤੇ, ਉਨ੍ਹਾਂ ਦੀ ਨਕਲ ਬਹੁਤ ਸਾਰੇ ਹੀਰੋ ਕਰ ਰਹੇ ਹਨ, 'ਵੈਨ ਡੈਮ', 'ਸਟੀਥਨ ਸੀਗਲ', 'ਜੈਕੀ ਚੈਨ' ਅਤੇ 'ਜੇਟਲੀ' ਹੁਰਾਂ ਵਰਗੇ ਮਸ਼ਹੂਰ ਅਦਾਕਾਰ ਵੀ ਲੀ ਦੇ ਹੀ ਨਕਸ਼ੇ ਕਦਮ 'ਤੇ ਚਲਦਿਆਂ ਹੋਇਆਂ ਉਨ੍ਹਾਂ ਦੇ ਵਾਂਗ ਹੀ ਹਰ ਦਿਲ ਅਜ਼ੀਜ਼ ਬਣਨ ਦੀ ਕੋਸ਼ਿਸ਼ ਕਰ ਰਹੇ ਹਨ।

## ਕਮਾਲ ਦਾ ਨੱਚਦੀ ਹੈ ਹੈਲੇਨ



ਹੈਲੇਨ ਦੇ ਨਾਚ ਨੂੰ ਹੁਣ ਤਕ ਸਿਨੇਮਾ ਪ੍ਰੇਮੀ ਭੁੱਲੇ ਨਹੀਂ ਹਨ। ਕਈ ਲੋਕਪ੍ਰਿਯ ਗਾਣਿਆਂ ਵਿਚ ਉਸ ਨੇ ਨਾਚ ਕੀਤਾ। ਸਾਲਾਂ ਬਾਅਦ ਇਕ ਵਾਰ ਫਿਰ ਫ਼ਿਲਮ ਹੈ 'ਡੂ ਯੂ ਨੋ ਵ੍ਹਾਏ...' ਨਾ ਜਾਨੇ ਕਿਉਂ ' ਵਿਚ ਹੈਲੇਨ ਦਾ ਨਾਚ ਦੇਖਣ ਨੂੰ ਮਿਲੇਗਾ। ਇਸ ਫਿਲਮ ਨੂੰ ਨਿਰਦੇਸ਼ਿਤ ਕਰ ਰਹੇ ਹਨ ਸੰਜੇ ਸ਼ਰਮਾ। ਸੰਜੇ ਦੀ ਇੱਛਾ ਸੀ ਕਿ ਹੈਲੇਨ ਉਸ ਦੀ ਫ਼ਿਲਮ ਦੇ ਇਕ ਗਾਣੇ 'ਤੇ ਨਾਚ ਕਰੇ।

ਪਹਿਲਾਂ ਉਹ 'ਡਾਨ' ਦੇ ਗੀਤ 'ਯਹ ਮੇਰਾ ਦਿਲ ਪਰ...' ਹੈਲੇਨ ਦਾ ਨਾਚ ਫਿਲਮਾਉਣ ਵਾਲੇ ਸਨ, ਜਿਸ 'ਤੇ ਬਾਅਦ 'ਚ ਕਰੀਨਾ ਵੀ ਨੱਚ ਚੁੱਕੀ ਹੈ ਪਰ ਰਾਈਟਸ ਨਾ ਮਿਲਣ 'ਤੇ ਸੰਜੇ ਦੀ ਇਹ ਇੱਛਾ ਪੂਰੀ ਨਹੀਂ ਹੋ ਸਕੀ। ਅਖੀਰ ਉਸ ਨੇ ਨਵਾਂ ਗੀਤ ਬਣਵਾਇਆ। ਇਸ ਗੀਤ ਨੂੰ ਹੈਲੇਨ ਅਤੇ ਯੁਵਰਾਜ ਪਰਾਸ਼ਰ 'ਤੇ ਫਿਲਮਾਇਆ ਗਿਆ ਜੋ ਫ਼ਿਲਮ ਵਿਚ ਉਸ ਦੇ ਪੋਤੇ ਬਣੇ ਸਨ। ਯੁਵਰਾਜ ਲਈ ਇਹ ਕਿਸੇ ਸੁਪਨੇ ਦੇ ਸੱਚ ਹੋਣ ਵਾਂਗ ਹੈ। ਉਹ ਕਹਿੰਦਾ ਹੈ ਕਿ ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਮੰਨਦਾ ਹਾਂ ਕਿ ਮੈਨੂੰ ਹੈਲੇਨ ਜਿਹੀ ਸੀਨੀਅਰ ਐਕਟ੍ਰੈਸ ਨਾਲ ਨਾਚ ਕਰਨ ਦਾ ਮੌਕਾ ਮਿਲਿਆ। ਮੈਂ ਤਾਂ ਉਨ੍ਹਾਂ ਦੇ ਨਾਚ ਦਾ ਕਾਇਲ ਹੋ ਗਿਆ ਹਾਂ ਕਿਉਂਕਿ ਇਸ ਉਮਰ ਵਿਚ ਵੀ ਉਹ ਕਮਾਲ ਦਾ ਨਾਚ ਕਰਦੀ ਹੈ।

# ਸੁਪਰ ਹੀਰੋ ਫਿਲਮ ਰਾ ਵਨ ਬਣਾ ਰਿਹੈ ਸ਼ਾਹਰੁਖ

ਆਪਣੀ ਵਿਗਿਆਨ ਆਧਾਰਿਤ ਫ਼ਿਲਮ 'ਰਾ ਵਨ' ਦੀ ਲੰਮੀ ਸ਼ੂਟਿੰਗ ਭਾਰਤ 'ਚ ਕਰਕੇ ਸ਼ਾਹਰੁਖ ਖਾਨ ਨੇ ਇਸ ਦੀ ਬਾਕੀ ਸ਼ੂਟਿਗ ਲੰਦਨ 'ਚ ਕੀਤੀ ਹੈ। ਹਾਲਾਂਕਿ ਇਸ ਫ਼ਿਲਮ ਦਾ ਨਿਰਦੇਸ਼ਕ ਅਨੁਭਵ ਸਿਨਹਾ ਹੈ, ਫਿਰ ਵੀ ਸ਼ਾਹਰੁਖ ਨੇ ਫ਼ਿਲਮ ਦੇ ਕੁਝ ਦ੍ਰਿਸ਼ ਫਿਲਮਾਉਣ ਲਈ ਉਚੇਚੇ ਤੌਰ 'ਤੇ ਮੁੰਬਈ ਤੋਂ ਕਰਨ ਜੌਹਰ ਨੂੰ ਮੰਗਵਾਇਆ। 'ਸੱਦੀ ਹੋਈ ਮਿੱਤਰਾਂ ਦੀ ਪੈਰ ਜੁੱਤੀ ਨਾ ਪਾਵੇ' ਦੀ ਕਹਾਵਤ ਅਨੁਸਾਰ ਸ਼ਾਹਰੁਖ ਦੇ ਸੱਦੇ 'ਤੇ ਕਰਨ ਜੌਹਰ ਤੁਰੰਤ ਲੰਦਨ ਗਿਆ। ਇਸ ਗੱਲ ਤੋਂ ਪੁਸ਼ਟੀ ਹੁੰਦੀ ਹੈ ਕਿ ਸ਼ਾਹਰੁਖ ਦਾ  ਕੰਮ ਕਰਨ ਦਾ ਆਪਣਾ ਹੀ ਢੰਗ ਹੈ।

ਸ਼ਾਹਰੁਖ ਦਾ ਵਜ਼ਨ ਵੀ ਅੱਜਕਲ ਤੇਜ਼ੀ ਨਾਲ ਘੱਟ ਹੋ ਰਿਹਾ ਹੈ। ਇਹ ਸਿਹਤ ਨਾਲ ਜੁੜਿਆ ਮੁੱਦਾ ਨਹੀਂ ਬਲਕਿ ਇਹ ਆਪਣੀ ਇਸੇ ਸਾਇੰਸ ਫ਼ਿਲਮ ਲਈ ਇਕ ਵਿਸ਼ੇਸ਼ ਰੂਪ ਦਾ ਹਿੱਸਾ ਹੈ। ਅੱਠ-ਅੱਠ ਘੰਟੇ ਸ਼ਾਹਰੁਖ ਇਸ ਨਵੇਂ ਮੇਕਅੱਪ 'ਚ ਹੀ ਦਿਸਦਾ ਰਿਹਾ ਹੈ ਤੇ ਉਸ ਦਾ ਪਹਿਰਾਵਾ ਵੀ ਉਹੀ ਰਿਹਾ। ਐਨਾ ਚਿਰ ਉਹ ਕੁਝ ਖਾ-ਪੀ ਵੀ ਨਹੀਂ ਸਕਿਆ। ਇਸੇ ਕਾਰਨ ਸ਼ਾਹਰੁਖ ਦਾ ਭਾਰ ਆਪਣੇ-ਆਪ ਚਾਰ-ਪੰਜ ਕਿਲੋ ਘਟ ਗਿਆ। ਸ਼ਾਹਰੁਖ ਇਸ ਨੂੰ ਸੁਪਰ ਹੀਰੋ ਫ਼ਿਲਮ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਸ਼ਾਹਰੁਖ ਦੀ ਇਹ ਵੀ ਖ਼ੂਬੀ ਹੈ ਕਿ ਉਸ ਦੀ ਹਰ ਫ਼ਿਲਮ ਕਿਸੇ ਨਾ ਕਿਸੇ ਕਾਰਨ ਚਰਚਾ 'ਚ ਰਹਿੰਦੀ ਹੈ। ਪ੍ਰਚਾਰ ਦੇ ਨਵੇਂ-ਨਵੇਂ ਤਰੀਕੇ ਸ਼ਾਹਰੁਖ ਤੋਂ ਇਲਾਵਾ ਹੋਰ ਕੌਣ ਜਾਣ ਸਕਦਾ ਹੈ। ਇਸ ਦੇ ਬਾਵਜੂਦ ਫ਼ਿਲਮ ਨਾ ਚੱਲੇ ਤਾਂ ਫਿਰ ਸ਼ਾਹਰੁਖ ਨਾਲ ਹਮਦਰਦੀ ਹੀ ਹੋ ਸਕਦੀ ਹੈ।

## ਸਮਾਜ ਸੇਵਾ ਲਈ ਹਰ ਸਮੇਂ ਤਿਆਰ ਰਹਿੰਦੀ ਹੈ ਕਰੀਨਾ



ਕਰੀਨਾ ਕਪੂਰ ਅੱਜ ਦੀ ਤਾਰੀਖ 'ਚ ਮੁੰਬਈ ਦੀਆਂ ਸਭ ਤੋਂ ਜ਼ਿਆਦਾ ਬਿਜ਼ੀ ਅਭਿਨੇਤਰੀਆਂ 'ਚੋਂ ਇਕ ਹੈ। ਇਸ ਦੇ ਬਾਵਜੂਦ ਉਹ ਸਮਾਜਿਕ ਸਰੋਕਾਰਾਂ ਲਈ ਜੁੜੇ ਕੰਮਾਂ ਲਈ ਸਮਾਂ ਕੱਢ ਲੈਂਦੀ ਹੈ। ਸ਼ਾਇਦ ਬਹੁਤ ਸਾਰੇ ਪਾਠਕਾਂ ਨੂੰ ਜਾਣਕਾਰੀ ਨਹੀਂ ਹੋਵੇਗੀ ਕਿ ਕਰੀਨਾ ਕਪੂਰ ਨੂੰ ਸਿੱਖਿਆ ਦੇ ਪ੍ਰਸਾਰ 'ਚ ਡੂੰਘੀ ਦਿਲਚਸਪੀ ਹੈ ਅਤੇ ਇਸ ਲਈ ਉਹ ਮੁੰਬਈ ਦੀਆਂ ਸਮਾਜ ਸੇਵੀ ਸੰਸਥਾਵਾਂ ਨੂੰ ਸਮੇਂ-ਸਮੇਂ 'ਤੇ ਕਿਤਾਬਾਂ ਅਤੇ ਸਟੇਸ਼ਨਰੀ ਆਦਿ ਦਾਨ ਕਰਦੀ ਰਹਿੰਦੀ ਹੈ

ਹੁਣੇ ਜਿਹੇ ਕਰੀਨਾ ਕਪੂਰ ਸਿੱਖਿਆ ਦਾ ਪ੍ਰਸਾਰ ਕਰਨ ਵਾਲੀ ਆਈਗੋਲ ਨਾਂ ਦੀ ਸੰਸਥਾ ਦੀ ਭਾਰਤੀ ਅੰਬੈਸਡਰ ਬਣੀ ਹੈ ਅਤੇ ਇਸ ਸੰਸਥਾ ਦੇ ਯਤਨਾਂ 'ਚ ਈਮਾਨਦਾਰੀ ਨਾਲ ਯੋਗਦਾਨ ਦੇ ਰਹੀ ਹੈ।

ਇਨ੍ਹੀਂ ਦਿਨੀਂ ਕਰੀਨਾ ਕਪੂਰ ਮੋਰਾਕੋ 'ਚ ਸੈਫ ਅਲੀ ਖਾਨ ਦੀ ਫ਼ਿਲਮ 'ਏਜੰਟ ਵਿਨੋਦ' ਦੀ ਸ਼ੂਟਿੰਗ ਕਰ ਰਹੀ ਹੈ ਅਤੇ ਇਸ ਸ਼ੂਟਿੰਗ ਤੋਂ ਵੀ ਸਮਾਂ ਕੱਢ ਕੇ ਉਸ ਨੇ ਉਨ੍ਹਾਂ ਸੰਸਥਾਵਾਂ ਦੇ ਲਈ ਕਿਤਾਬਾਂ ਤੇ ਸਟੇਸ਼ਨਰੀ ਆਦਿ ਦੀ ਵਿਵਸਥਾ ਕੀਤੀ।

ਕਰੀਨਾ ਕਪੂਰ ਦੇ ਨੇੜਲੇ ਸੂਤਰ ਦਾ ਕਹਿਣਾ ਹੈ ਕਿ ਭਾਵੇਂ ਕਰੀਨਾ ਪਿਛਲੇ ਦਿਨੀਂ ਮੋਰਾਕੋ 'ਚ ਸੀ, ਇਸ ਦੇ ਬਾਵਜੂਦ ਉਹ ਫੋਨ ਕਰਕੇ ਆਪਣੇ ਲੋਕਾਂ ਨੂੰ ਕਹਿੰਦੀ ਰਹੀ ਕਿ ਉਸ ਵਲੋਂ ਉਸ ਸੰਸਥਾ ਅਤੇ ਅਨਾਥ ਆਸ਼ਰਮ ਆਦਿ ਨੂੰ ਕਿਤਾਬਾਂ ਭੇਜਦੇ ਰਹੋ।

# 'ਉਡਣੇ ਸਿੱਖ' ਦੀ ਜ਼ਿੰਦਗੀ ਨੂੰ ਫਿਲਮੀ ਪਰਦੇ ਤੇ ਲਿਆਵੇਗੀ 'ਭਾਗ ਮਿਲਖਾ ਭਾਗ'

ਪੰਜਾਬੀ ਖਿਡਾਰੀਆਂ ਦੀ ਇਹ ਖੁਸ਼ਕਿਸਮਤੀ ਹੈ ਕਿ ਪਰਮਾਤਮਾ ਨੇ ਇਨ੍ਹਾਂ ਨੂੰ ਮਜ਼ਬੂਤ ਜੁੱਸਾ, ਸਿਰੜੀ ਸੁਭਾਅ ਅਤੇ ਮਿਹਨਤ ਕਰਕੇ ਅੱਗੇ ਵਧਣ ਦਾ ਸੁਭਾਗ ਬਖਸ਼ਿਆ ਹੈ। ਹਰੇਕ ਖੇਡ ਵਿਚ ਮੱਲਾਂ ਮਾਰਨ ਵਾਲੇ ਪੰਜਾਬੀਆਂ 'ਚੋਂ ਇਕ ਸਿਰਕੱਢਵਾਂ ਨਾਂ ਹੈ 'ਮਿਲਖਾ ਸਿੰਘ' ਜੋ ਭਾਰਤ ਦਾ ਇਕ ਨਾਮਵਰ ਦੌੜਾਕ ਰਿਹਾ ਹੈ ਤੇ ਜਿਸ ਨੂੰ ਸਾਰੀ ਦੁਨੀਆਂ 'ਉਡਣਾ ਸਿੱਖ' ਆਖ ਕੇ ਪੁਕਾਰਦੀ ਹੈ।

ਮਿਲਖਾ ਸਿੰਘ ਉਮਰ ਦੇ ਲਗਭਗ 75ਵੇਂ ਵਰ੍ਹੇ ਵਿਚੋਂ ਲੰਘ ਰਿਹਾ ਹੈ ਤੇ ਉਸ ਲਈ ਬੇਹੱਦ ਖੁਸ਼ੀ ਅਤੇ ਸਮੁੱਚੇ ਪੰਜਾਬੀਆਂ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਉਸ ਦੀ ਜ਼ਿੰਦਗੀ 'ਤੇ ਆਧਾਰਤ ਇਕ ਬਹੁਤ ਵੱਡੇ ਪੱਧਰ ਦੀ ਫ਼ਿਲਮ ਬਣਨ ਜਾ ਰਹੀ ਹੈ, ਜਿਸ ਦਾ ਨਾਂ ਹੈ 'ਭਾਗ ਮਿਲਖਾ ਭਾਗ।' ਇਹ ਫ਼ਿਲਮ ਬਾਲੀਵੁੱਡ ਦੇ ਨਾਮਵਰ ਨਿਰਦੇਸ਼ਕ ਰਾਕੇਸ਼ ਓਮ ਪ੍ਰਕਾਸ਼ ਮਹਿਤਾ ਅਤੇ ਉਘੇ ਗੀਤਕਾਰ ਪ੍ਰਸੂਨ ਜੋਸ਼ੀ ਵਲੋਂ ਸਾਂਝੇ ਤੌਰ 'ਤੇ ਬਣਾਈ ਜਾ ਰਹੀ ਹੈ। ਰਾਕੇਸ਼ ਓਮ ਪ੍ਰਕਾਸ਼ ਮਹਿਤਾ ਇਸ ਤੋਂ ਪਹਿਲਾਂ 'ਰੰਗ ਦੇ ਬਸੰਤੀ' ਜਿਹੀ ਸਾਰਥਕ ਫ਼ਿਲਮ ਬਣਾ ਚੁੱਕਾ ਹੈ। ਇਹ ਫ਼ਿਲਮ ਜਿਥੇ ਮਿਲਖਾ ਸਿੰਘ ਦੀਆਂ ਪ੍ਰਾਪਤੀਆਂ ਨਾਲ ਦਰਸ਼ਕਾਂ ਦੀ ਸਾਂਝ ਪੁਆਏਗੀ, ਉਥੇ ਹੀ ਉਸ ਦੀ ਜ਼ਿੰਦਗੀ ਵਿਚਲੀਆਂ ਤੰਗੀਆਂ-ਤੁਰਸ਼ੀਆਂ, ਕੌੜੇ-ਮਿੱਠੇ ਤਜ਼ਰਬਿਆਂ, ਉਸ ਦੀ ਸੋਚ, ਦ੍ਰਿੜ੍ਹਤਾ ਅਤੇ ਬੁਲੰਦ ਹੌਸਲੇ ਦੀ ਬਾਤ ਵੀ ਪਾਏਗੀ। 'ਭਾਗ ਮਿਲਖਾ ਭਾਗ' ਵਿਚ ਦਰਸ਼ਕਾਂ ਨੂੰ ਦੱਸਿਆ ਜਾਵੇਗਾ ਕਿ ਸੰਤਾਲੀ ਵੇਲੇ ਹੋਈ ਮੁਲਕ ਦੀ ਵੰਡ ਸਮੇਂ ਜੋ ਕਤਲੋਗਾਰਤ ਹੋਈ ਸੀ, ਉਸ ਵਿਚ ਮਿਲਖਾ ਸਿੰਘ ਨੂੰ ਆਪਣੇ ਮਾਪੇ ਗੁਆਉਣੇ ਪਏ ਸਨ ਤੇ ਉਹ ਅਨਾਥ ਹੋ ਗਿਆ ਸੀ। ਭਾਰਤ ਵਿਚ ਆ ਕੇ ਅਨੇਕਾਂ ਮੁਸੀਬਤਾਂ ਝੱਲਦਿਆਂ ਹੋਇਆਂ ਵੀ ਉਸ ਨੇ ਹਿੰਮਤ ਅਤੇ ਦ੍ਰਿੜ੍ਹਤਾ ਦੀ ਬਾਂਹ ਨਾ ਛੱਡੀ ਅਤੇ ਨਿੱਤ ਨਵੇਂ ਮੁਕਾਮ ਹਾਸਲ ਕਰਦਾ ਗਿਆ। ਉਸ ਨੇ 1958 ਅਤੇ 1962 ਦੀਆਂ ਏਸ਼ੀਆਈ ਖੇਡਾਂ ਵਿਚ ਸੋਨ ਤਮਗਾ ਹਾਸਲ ਕਰਨ ਦੇ ਨਾਲ ਹੀ ਸੰਨ 1958 ਦੀਆਂ ਕਾਮਨਵੈਲਥ ਖੇਡਾਂ ਵਿਚ ਵੀ ਸੋਨ ਤਮਗਾ ਹਾਸਲ ਕਰਕੇ ਦੇਸ਼ ਦੀ ਸ਼ਾਨ ਨੂੰ ਵਧਾਇਆ। 1960 ਵਿਚ ਇਟਲੀ ਵਿਖੇ ਹੋਈਆਂ ਉਲੰਪਿਕ ਖੇਡਾਂ ਵਿਚ ਕਾਂਸੀ ਦਾ ਤਮਗਾ ਉਸ ਦੇ ਹੱਥ ਆਉਂਦਾ-ਆਉਂਦਾ ਰਹਿ ਗਿਆ ਸੀ।




ਨਿਰਦੇਸ਼ਕ ਰਾਕੇਸ਼ ਮਹਿਤਾ ਦਾ ਕਹਿਣਾ ਹੈ ਕਿ ਉਹ ਇਸ ਫ਼ਿਲਮ ਦੀ ਸ਼ੂਟਿੰਗ ਪੰਜਾਬ, ਦਿੱਲੀ, ਜਾਪਾਨ, ਯੂਰਪ ਅਤੇ ਲਾਹੌਰ ਵਿਖੇ ਕਰਨਗੇ ਅਤੇ ਫ਼ਿਲਮ ਨੂੰ ਬਿਹਤਰੀਨ ਢੰਗ ਨਾਲ ਬਣਾਉਣ ਵਿਚ ਕੋਈ ਕਸਰ ਨਹੀਂ ਛੱਡਣਗੇ। ਉਨ੍ਹਾਂ ਦੀ ਕੋਸ਼ਿਸ਼ ਹੋਵੇਗੀ ਕਿ ਇਸ ਫ਼ਿਲਮ ਰਾਹੀਂ ਮਿਲਖਾ ਸਿੰਘ ਦੀਆਂ ਪ੍ਰਾਪਤੀਆਂ ਦੇ ਨਾਲ-ਨਾਲ ਉਹ ਉਸ ਦੇ ਇਰਾਦਿਆਂ ਦੀ ਪਕਿਆਈ, ਮਿਹਨਤ, ਲਗਨ ਅਤੇ ਹਿੰਮਤ ਨੂੰ ਦਰਸ਼ਕਾਂ ਤੱਕ ਪਹੁੰਚਾਉਣ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਸ ਦੀ ਜ਼ਿੰਦਗੀ ਤੋਂ ਕੋਈ ਸਬਕ ਮਿਲ ਸਕੇ ਤੇ ਉਹ ਵੀ ਜਾਣ ਸਕਣ ਕਿ ਸਫਲਤਾ ਦੀ ਟੀਸੀ ਤੱਕ ਪੁੱਜਣ ਲਈ ਖਿਡਾਰੀਆਂ ਨੂੰ ਕਿੰਨੇ ਜਫ਼ਰ ਜਾਲਣੇ ਪੈਂਦੇ ਹਨ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans
Under One Roof

## Refinance Now

**15 & 30 Yr Fixed Rates Are Getting Better!!!**
**5/1, 7/1 ARM are also attractive**
**Refinance Now At Zero Cost**

**Call Sukhi Gill @ 510-207-9067**

CA DRE Lic.#01180969

# Short Sale Specialist

## We can sell your house in short sale at no cost to you.

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ ‘ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale ‘ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ। *Foreclosure ਦੇ ਮੁਕਾਬਲੇ Short Sale ‘ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ। *ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale ‘ਤੇ ਲਾ ਕੇ ਘਰ ਵੇਚ ਸਕਦੇ ਹਾਂ।

Selling new and old Homes
from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**14434 Tiburon Rd, San Leandro CA 94577**
4 Bedrooms, 2 Full Bath, 2 Car Garage
1464 sq ft




**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft




**111 Nancy Lane San Jose CA 95127**
6 Plex - 2 units each
3Bed/1Bath - 3Bed/1Bath - 3Bed/1Bath




**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft




**1802 Picasso Way Stockton, CA 95206**
3 Bedrooms, 3 Baths, 2 Car Garage




**950 Silver Court Lathrop, CA 95330**
3 Bedrooms, 2.5 Baths, 2 Car Garage.
Living Area 2448 Sq. Ft




**1512 Sonoma Dr Milpitas CA 95035**
4 Bedroom and 3 full bath
Large family room with wet bar & fireplace




**1231 Cracolice Way, Milpitas 95035**
4 Bedrooms, 2.5 Baths, 2 Car Garage.
Area 1868 Sq. Ft - Lot 4893 Sq. Ft.


Enjoy the best Punjabi TV Experience
only on DISH Network
Punjabi Pack $19.99/mo.
jus punjabi
JUS one
punjabi
GPunjab
MH ONE
+
Local Channels $9.99/mo.
abc
CBS
NBC
FOX
THE CW
PBS
where available
for only $29.98/mo.
Five great reasons to get Punjabi Pack on DISH Network
1. Six Punjabi channels including GPunjab news channel
• Watch 'Gurbani' from Golden Temple every day.
• One-stop solution for Punjabi serials, music, movies, news and much more
2. Subscribe to Punjabi Pack with American local channels and you receive
- No equipment to buy
- Free DVR Upgrade
($6.00/mo. DVR Service fee applies)
3. 24/7 customer service
4. State-of-the-art DVR technology
• Never miss your favorite shows with DVR
5. No Social Security? No Credit card? No Problem. Ask us for details.
HD FREE FOR LIFE
Subscribe to America's Top 120 package
just $24.99/mo for 12 months
plus get HD Free for Life!
Requires Agreement and AutoPay with Paperless Billing.
CALL 1-888-242-2276
Digital Home Advantage plan requires 24-month agreement and credit qualification. If service is terminated before the end of agreement, a cancellation fee of $17.50/month remaining applies. Programming credits apply during first 12 months. $10/mo HD add-on fee waived for life of current account; requires 24-month agreement, continuous enrollment in AutoPay with Paperless Billing. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels may not be available in all areas. Offer is subject to the terms of applicable Promotional and Residential Customer agreements. Additional restrictions may apply. First-time DISH Network customers only. Offer ends 9/28/10.
© 2010, DISH Network L.L.C. All rights reserved. HBO® and related channels and service marks are the property of Home Box Office, Inc. SHOWTIME and related marks are registered trademarks of Showtime Networks Inc., a CBS Company.
dish NETWORK
INTERNATIONAL TV

**ਖ਼ੁਸ਼ਖ਼ਬਰੀ!**

ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ।
ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।

**ਖ਼ੁਸ਼ਖ਼ਬਰੀ!**

# ਯੁਨਾਈਟਿਡ ਸਪੋਰਟਸ ਕਲੱਬ ਦੀ ਪੇਸ਼ਕਸ਼ 'ਕਬੱਡੀ ਕੱਪ-2010'

## 25 ਸਤੰਬਰ, 2010

(ਦਿਨ ਸਨਿਚਰਵਾਰ)
ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Carlos Bee Blvd, Hayward, CA-94542 (Cal State Hayward)



ਨੋਟ:ਕਬੱਡੀ ਪ੍ਰੇਮੀਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਇਸ ਵਾਰ ਸਾਰੀਆਂ ਟੀਮਾਂ ਵਿਚ 5-5 ਖਿਡਾਰੀ ਦੁਨੀਆਂ ਦੇ ਕਿਸੇ ਵੀ ਕੋਨੇ (ਅਮਰੀਕਾ ਤੋਂ ਬਾਹਰੋਂ) ਸ਼ਾਮਲ ਕੀਤੇ ਜਾਣਗੇ।

ਇਸ ਟੂਰਨਾਮੈਂਟ ਵਿਚ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਨੂੰ ਪੂਰਾ ਸਨਮਾਨ ਦਿੱਤਾ ਜਾਏਗਾ।

### ਹੋਰ ਜਾਣਕਾਰੀ ਲਈ ਕਾਲ ਕਰੋ:

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਕਬੱਡੀ ਕੋਚ ਯੁਨਾਈਟਿਡ ਕਲੱਬ |
|---|---|---|---|
| ਸ. ਅਮੋਲਕ ਸਿੰਘ ਗਾਖਲ | ਸ. ਬਲਬੀਰ ਸਿੰਘ ਭਾਟੀਆ | ਸ. ਗੁਰਦਾਵਰ ਸਿੰਘ ਮਹੇੜੂ | ਸ. ਪਰਮਜੀਤ ਸਿੰਘ ਸੰਧੂ |
| 831-247-4637 | 510-677-6248 | 510-468-9381 | 510-491-4573 |

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼: ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਪਲਵਿੰਦਰ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ

**ਮੁੱਖ ਮਹਿਮਾਨ**



ਸ. ਸਰਵਣ ਸਿੰਘ ਬੱਲ


**ਵਿਸ਼ੇਸ਼ ਮਹਿਮਾਨ**



ਸ. ਸੁਰਿੰਦਰ ਸਿੰਘ ਸੋਢੀ



ਸ. ਕਸ਼ਮੀਰ ਸਿੰਘ ਸਹੋਤਾ



ਸ. ਸੋਹਣ ਸਿੰਘ



ਸ. ਬਿੱਕਰ ਸਿੰਘ

ਪਹਿਲਾ ਇਨਾਮ ਸ. ਨਰਿੰਦਰ ਸਿੰਘ ਸਹੋਤਾ ਅਤੇ ਸ. ਜੁਗਰਾਜ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵਰਗੀ ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ 7500 ਡਾਲਰ ਦਾ ਹੋਵੇਗਾ।

ਦੂਜਾ ਇਨਾਮ ਸ. ਕੁਲਦੀਪ ਸਿੰਘ ਬੂਟਾ ਅਤੇ ਸ. ਜੋਗਿੰਦਰ ਸਿੰਘ ਸਾਬਕਾ ਚੇਅਰਮੈਨ ਬਲਾਕ ਸਮਿਤੀ (ਕਪੂਰਥਲਾ) ਵਲੋਂ ਆਪਣੇ ਪਿਤਾ ਸਵਰਗੀ ਸੋਹਣ ਸਿੰਘ ਸਿੱਧਵਾਂ ਦੀ ਨਿੱਘੀ ਯਾਦ ਵਿਚ 5500 ਡਾਲਰ ਦਾ ਹੋਵੇਗਾ।

ਸ. ਕੁਲਦੀਪ ਸਿੰਘ ਧਾਲੀਵਾਲ ਆਪਣੇ ਪਿਤਾ ਸਵਰਗੀ ਬਿੱਕਰ ਸਿੰਘ ਦੀ ਯਾਦ ਵਿਚ 5100 ਡਾਲਰ ਨਾਲ ਕਲੱਬ ਦੀ ਮਾਲੀ ਮਦਦ ਕਰਨਗੇ

### ਵਿਸ਼ੇਸ਼ ਸਨਮਾਨ

ਕਬੱਡੀ ਦੇ ਸਾਬਕਾ ਖਿਡਾਰੀਆਂ ਅਜੀਤ ਸਿੰਘ ਬੱਲ, ਮੇਜਰ ਸਿੰਘ ਬੈਂਸ, ਇਕਬਾਲ ਸਿੰਘ ਮਾਨ, ਮੰਦਰ ਅਤੇ ਪਾਲੀ ਮਹੇ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

**ਕੁਮੈਂਟੇਟਰ**
ਸੁਰਜੀਤ ਸਿੰਘ ਕਕਰਾਲੀ, ਰਾਜਵਿੰਦਰ ਸਿੰਘ ਰੰਡਿਆਲਾ, ਪ੍ਰੋ. ਮੱਖਣ ਸਿੰਘ, ਬੀਬੀ ਆਸ਼ਾ ਸ਼ਰਮਾ

**ਮੀਡੀਆ ਸਪਾਂਸਰ**
ਪੰਜਾਬ ਟਾਈਮਜ਼ ਅਤੇ ਰੇਡੀਓ ਗੀਤ-ਸੰਗੀਤ

**ਵੀਡੀਓ ਤੇ ਫੋਟੋਗ੍ਰਾਫੀ**
ਲੌਂਗਮੈਨ ਸਟੂਡੀਓ ਤੇ ਰਾਮਾ ਵੀਡੀਓ, ਫਰੀਮਾਂਟ

### ਕਬੱਡੀ ਦੇ ਸਟਾਰ ਪਲੇਅਰ




# ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।